Reo-Bankowned Properties
From Sanjose to Sacramento
Call Master of Winners in Multiple Offers
510-304-9292
JASSI GILL
Broker/Owner
GOLDEN STATE REALTY




SELLING MOTELS IS OUR ONLY BUSINESS




Jas Randhawa
510.406.5056
Howard Johnson
Louisiana
41 Units, Interior Corridor
I-10 Exit Location
Asking $2,850,000
Seller Financing




Bob Seth
408.807.9784
INDUS VALLEY INVESTMENTS



ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192




ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Tenth Year in Publication | ਕੈਲੇਫੋਰਨੀਆ ਐਡੀਸ਼ਨ | Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 10, Issue 28, July 11, 2009 | 20451 N Plum Grove Rd. Palatine, IL 60074 | Ph:847-359-0746, Fax:847-705-9388


## ਮੁਖਰਜੀ ਵਲੋਂ ਆਮ ਆਦਮੀ ਨੂੰ ਲੁਭਾਉਣ ਵਾਲਾ ਬਜਟ ਪੇਸ਼

**ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਨਵੀਂ ਦਿੱਲੀ:** ਭਾਰਤੀ ਜਮਹੂਰੀਅਤ ਅਖੀਰ ਨੂੰ ਆਮ ਆਦਮੀ ਦਾ ਖਿਆਲ ਰੱਖਣ ਲਈ ਮਜ਼ਬੂਰ ਹੋ ਗਈ। ਸਿਆਸਤਦਾਨ ਸਮਝਣ ਲਗੇ ਹਨ ਕਿ ਦੇਸ਼ ਦੇ ਆਮ ਵਿਅਕਤੀ ਨੂੰ ਖੁਸ਼ ਕੀਤੇ ਬਿਨਾ ਸੱਤਾ ਹਾਸਲ ਨਹੀਂ ਕੀਤੀ ਜਾ ਸਕਦੀ।

ਕੇਂਦਰੀ ਖਜ਼ਾਨਾ ਮੰਤਰੀ ਪ੍ਰਣਬ ਮੁਖਰਜੀ ਵਲੋਂ ਸੋਮਵਾਰ ਨੂੰ ਪੇਸ਼ ਕੀਤੇ ਗਏ ਬਜਟ 'ਤੇ ਉਡਦੀ ਝਾਤ ਮਾਰਿਆਂ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਮੁੱਖ ਰੂਪ ਵਿਚ ਆਮ ਆਦਮੀ ਨੂੰ ਹੀ ਮੁਖ਼ਾਤਿਬ ਹੈ। ਬਜਟ ਤੋਂ ਪਹਿਲਾਂ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿਚ ਕੀਤੇ ਗਏ ਭਾਰੀ ਵਾਧੇ ਤੋਂ ਬਾਅਦ ਲੋਕਾਂ ਦੇ ਮਨਾਂ ਅੰਦਰ ਸਰਕਾਰ ਦੇ ਖ਼ਿਲਾਫ ਭਾਰੀ ਰੰਜਿਸ਼ ਵੀ ਪੈਦਾ ਹੋ ਗਈ ਸੀ। ਤੇਲ ਕੀਮਤਾਂ ਵਿਚ ਕੀਤਾ ਗਿਆ ਵਾਧਾ ਕੈਬਨਿਟ ਵਿਚ ਲਿਜਾਏ ਬਗ਼ੈਰ ਹੀ ਪੈਟਰੋਲੀਅਮ ਮੰਤਰੀ ਮੁਰਲੀ ਦਿਓੜਾ ਨੇ ਸਿਰਫ਼ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਗੱਲ ਕਰਨ ਤੋਂ ਪਿੱਛੋਂ ਐਲਾਨ ਦਿੱਤਾ ਸੀ।

ਲਗਦਾ ਸੀ ਕਿ ਬਜਟ ਪੇਸ਼ ਕਰਨ ਸਮੇਂ ਸਰਕਾਰ ਕੁਝ ਹੋਰ ਸਖ਼ਤ ਫੈਸਲੇ ਲੈ ਸਕਦੀ ਹੈ ਪਰ ਪਹਿਲਾਂ ਕੇਂਦਰੀ ਰੇਲ ਮੰਤਰੀ ਮਮਤਾ ਬੈਨਰਜੀ ਵਲੋਂ ਆਮ ਲੋਕਾਂ ਨੂੰ ਸਹੂਲਤਾਂ ਦੇਣ ਵਾਲਾ ਬਜਟ ਪੇਸ਼ ਕਰਕੇ ਸਰਕਾਰ ਦੇ ਲੋਕ-ਪੱਖੀ ਹੋਣ ਦਾ ਸਬੂਤ ਦਿੱਤਾ ਗਿਆ। ਹੁਣ ਆਮ ਬਜਟ ਨੂੰ ਵੀ ਲੋਕ ਭਲਾਈ ਦਾ ਹਿੱਤੂ ਰੱਖਿਆ ਗਿਆ ਹੈ। ਇਸ ਨਾਲ ਲੋਕਾਂ ਦੇ ਮਨਾਂ 'ਚੋਂ ਭਾਵੇਂ ਤੇਲ ਕੀਮਤਾਂ ਤੇ ਵਾਧੇ ਵਾਲੀ ਗੱਲ ਕੁਝ ਠੰਢੀ ਹੋ ਗਈ ਹੈ, ਪਰ ਤੇਲ ਦੀਆਂ ਵਧੀਆਂ ਕੀਮਤਾਂ ਨੇ ਬਾਕੀ ਚੀਜ਼ਾਂ ਦੀ ਮਹਿੰਗਾਈ 'ਤੇ ਲਾਜ਼ਮੀ ਅਸਰ ਪਾਉਣਾ ਹੈ।



*ਕੇਂਦਰੀ ਮੰਤਰੀ ਸ੍ਰੀ ਪ੍ਰਣਬ ਮੁਖਰਜੀ ਬਜਟ ਪੇਸ਼ ਕਰਨ ਸੰਸਦ ਭਵਨ ਜਾਂਦੇ ਹੋਏ। ਉਨ੍ਹਾਂ ਦੇ ਨਾਲ ਰਾਜ ਮੰਤਰੀ ਐਸ ਐਸ ਪਲਾਨੀਮਨਿਕਮ ਵੀ ਨਜ਼ਰ ਆ ਰਹੇ ਹਨ*

ਉਂਜ ਸ੍ਰੀ ਪ੍ਰਣਬ ਮੁਖਰਜੀ ਵਲੋਂ ਪੇਸ਼ ਕੀਤੇ ਗਏ ਬਜਟ ਨਾਲ ਲੋਕ ਘੜੀ ਦੀ ਘੜੀ ਖੁਸ਼ ਜ਼ਰੂਰ ਹੋ ਜਾਣਗੇ। ਸਿੱਖਿਆ, ਸਿਹਤ, ਖੇਤੀਬਾੜੀ ਅਤੇ ਸਮਾਜਿਕ-ਸੁਰੱਖਿਆ ਦੇ ਖੇਤਰਾਂ ਨੂੰ ਇਸ ਬਜਟ ਵਿਚ ਕਾਫ਼ੀ ਮਹੱਤਤਾ ਦਿੱਤੀ ਗਈ ਹੈ। ਆਈ.ਆਈ.ਟੀਜ਼, ਐਨ.ਆਈ.ਟੀਜ਼ ਅਤੇ ਰਾਜਾਂ ਵਿਚ ਕਾਇਮ ਕੀਤੀਆਂ ਗਈਆਂ ਕੇਂਦਰੀ ਯੂਨੀਵਰਸਿਟੀਆਂ ਨੂੰ ਫੰਡ ਦੀ ਕੋਈ ਕਮੀ ਨਹੀਂ ਰਹੇਗੀ। ਉਚੇਰੀ ਸਿੱਖਿਆ ਲਈ ਧਨ ਦੀ ਵਿਵਸਥਾ ਵਿਚ 2000 ਕਰੋੜ ਰੁਪਏ ਦਾ ਵਾਧਾ ਕਰ ਦਿੱਤਾ ਗਿਆ ਹੈ। ਮਾਨਤਾਪ੍ਰਾਪਤ ਸੰਸਥਾਵਾਂ ਵਿਚ ਉਚੇਰੀ

**(ਬਾਕੀ ਸਫਾ 6 ਉਤੇ)**

## ਖਾਲਸਾ ਪੰਥ ਨੂੰ ਹੁਣ ਕਲਗੀ ਦੀ ਉਲਝਣ

**ਬਿੰਦਰ ਬਸਰਾ**

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਇੰਗਲੈਂਡ ਤੋਂ ਲਿਆਂਦੀ ਗਈ ਕਲਗੀ ਦੀ ਪ੍ਰਮਾਣਿਕਤਾ ਨੂੰ ਲੈ ਕੇ ਸ਼ੁਰੂ ਹੋਇਆ ਵਿਵਾਦ ਹੁਣ ਕਸੂਤੀ ਸਥਿਤੀ 'ਚ ਪਹੁੰਚ ਗਿਆ ਹੈ। ਕਲਗੀ ਦੀ ਪ੍ਰਮਾਣਿਕਤਾ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵਿਚਾਲੇ ਬਖੇੜੇ ਨੇ ਉਦੋਂ ਨਵਾਂ ਰੂਪ ਲੈ ਲਿਆ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਇਕ ਪੰਜ ਮੈਂਬਰੀ ਪੜਤਾਲੀਆ ਸਬ-ਕਮੇਟੀ ਦਾ ਐਲਾਨ ਕਰਕੇ ਪਹਿਲੀ ਕਮੇਟੀ ਨੂੰ ਰੱਦ ਕਰ ਦਿੱਤਾ। ਇਸ ਵਿਵਾਦ ਨੇ ਸਿਰਫ ਸਿੱਖ ਸੰਗਤਾਂ 'ਚ ਭੰਬਲਭੂਸਾ ਹੀ ਪੈਦਾ ਨਹੀਂ ਕੀਤਾ, ਸਗੋਂ ਉਨ੍ਹਾਂ ਦੀ ਆਸਥਾ ਨੂੰ ਵੀ ਡੂੰਘੀ ਸੱਟ ਵੱਜੀ ਹੈ।

ਗੁਰੂ ਗੋਬਿੰਦ ਸਿੰਘ ਦੀ ਆਖੀ ਜਾਂਦੀ ਇਸ ਕਲਗੀ ਦੀ ਪ੍ਰਮਾਣਿਕਤਾ ਨੂੰ ਲੈ ਕੇ ਵਿਵਾਦ ਤਾਂ ਭਾਵੇਂ ਪਹਿਲੇ ਦਿਨ ਹੀ ਸ਼ੁਰੂ ਹੋ ਗਿਆ ਸੀ, ਪਰ ਇਹ ਉਦੋਂ ਹੋਰ ਤਿੱਖਾ ਹੋ ਗਿਆ, ਜਦੋਂ ਇੰਗਲੈਂਡ 'ਚ ਸਥਾਪਤ ਸਿੱਖ ਅਜਾਇਬ ਘਰ 'ਦਿ ਨੈਸ਼ਨਲ ਸਿੱਖ ਹੈਰੀਟੇਜ ਸੈਂਟਰ ਐਂਡ ਹੋਲੋਕਾਸਟ ਮਿਊਜ਼ੀਅਮ' ਅਤੇ ਸਿੱਖ ਇਤਿਹਾਸ ਨਾਲ ਸਬੰਧਤ ਪੁਰਾਤਨ ਵਿਸ਼ਾ ਮਾਹਿਰਾਂ ਨੇ ਦਾਅਵਾ ਕਰ ਦਿੱਤਾ ਕਿ ਭਾਰਤ ਲਿਆਂਦੀ ਗਈ ਕਲਗੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਹੀਂ ਹੈ। ਇਸ ਦਾਅਵੇ ਤੋਂ ਬਾਅਦ ਕਸੂਤੀ ਸਥਿਤੀ 'ਚ ਫਸੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਕਲਗੀ ਦੀ ਪ੍ਰਮਾਣਿਕਤਾ ਬਾਰੇ ਉਠੇ ਵਿਵਾਦ ਨੂੰ ਨਰਮ ਕਰਨ ਲਈ ਇਕ ਪੰਜ ਮੈਂਬਰੀ ਤੱਥ ਖੋਜ ਜਾਂਚ ਸਬ ਕਮੇਟੀ ਦਾ ਗਠਨ ਕੀਤਾ, ਜਿਸ ਵਿਚ ਡਾ. ਕਿਰਪਾਲ ਸਿੰਘ, ਡਾ. ਬਲਵੰਤ ਸਿੰਘ ਢਿੱਲੋਂ, ਦਿਲਮੇਘ ਸਿੰਘ, ਡਾ. ਸੁਖਦਿਆਲ ਸਿੰਘ ਤੇ ਡਾ. ਚਾਵਲਾ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਕਮੇਟੀ ਨੂੰ ਜਲਦੀ ਹੀ ਰਿਪੋਰਟ ਦੇਣ ਲਈ ਕਿਹਾ ਗਿਆ ਹੈ।

ਯਾਦ ਰਹੇ ਲੰਘੀ 30 ਜੂਨ ਨੂੰ ਚੁੱਪ ਚੁਪੀਤੇ ਨਾਟਕੀ ਢੰਗ ਨਾਲ ਇੰਗਲੈਂਡ ਤੋਂ ਕਲਗੀ ਲਿਆਉਣ ਸਮੇਂ ਰਾਜਾਸਾਂਸੀ ਹਵਾਈ ਅੱਡੇ 'ਤੇ ਸ਼੍ਰੋਮਣੀ ਕਮੇਟੀ ਦੇ 50-60 ਮੁਲਾਜ਼ਮ ਹੀ ਪੁੱਜੇ ਸਨ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਵੀ ਇਸ ਕਲਗੀ ਦੇ ਸਵਾਗਤ ਲਈ ਨਾ ਪੁੱਜੇ। ਇਹ ਕਲਗੀ ਇੰਗਲੈਂਡ ਤੋਂ ਤਿੰਨ ਮੈਂਬਰੀ ਕਮੇਟੀ ਲੈ ਕੇ ਆਈ, ਜਿਸ 'ਚ ਪੰਜਾਬ ਪੁਲਿਸ ਦਾ ਇਕ ਆਈ.ਪੀ.ਐਸ. ਅਧਿਕਾਰੀ ਤੇ ਦੋ ਹੋਰ ਅਧਿਕਾਰੀ ਸ਼ਾਮਲ ਸਨ। ਇਸ ਕਲਗੀ ਨੂੰ ਲੈਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਪੁੱਜੇ ਸਨ।

ਇਸ ਕਲਗੀ ਦੀ ਪ੍ਰਮਾਣਿਕਤਾ ਸਬੰਧੀ ਸਭ ਤੋਂ ਪਹਿਲਾਂ ਖੁੱਲ੍ਹੇਆਮ ਸ਼ੱਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਪ੍ਰਗਟ ਕੀਤਾ। ਉਨ੍ਹਾਂ ਦੇ ਇਸ ਸ਼ੱਕ ਦੀ ਪੁਸ਼ਟੀ ਉਦੋਂ ਹੋ ਗਈ, ਜਦੋਂ ਇੰਗਲੈਂਡ ਦੇ 'ਦਿ ਨੈਸ਼ਨਲ ਸਿੱਖ ਹੈਰੀਟੇਜ ਸੈਂਟਰ ਐਂਡ ਹੋਲੋਕਾਸਟ ਮਿਊਜ਼ੀਅਮ' ਦੇ ਚੇਅਰਮੈਨ ਰਾਜਿੰਦਰ ਸਿੰਘ ਪੁਰੇਵਾਲ ਵਲੋਂ ਇਹ ਦਾਅਵਾ ਕਰ ਦਿਤਾ ਗਿਆ ਕਿ ਇੰਗਲੈਂਡ ਦੇ ਸਭ ਤੋਂ ਵੱਡੇ ਆਜਾਇਬ ਘਰ 'ਵਿਕਟੋਰੀਆ ਐਂਡ ਪੈਲਬਰਟ ਮਿਊਜ਼ੀਅਮ' ਲੰਡਨ ਦੇ ਪ੍ਰਬੰਧਕਾਂ ਨੇ ਵੀ ਸਪੱਸ਼ਟ ਕੀਤਾ ਹੈ ਕਿ ਇਸ ਤਰ੍ਹਾਂ ਦੀ ਕੋਈ ਕਲਗੀ ਉਨ੍ਹਾਂ ਵਲੋਂ ਭਾਰਤ ਨਹੀਂ ਭੇਜੀ ਗਈ। ਇਸ ਤੋਂ ਬਾਅਦ ਇਹ ਸਵਾਲ ਖੜ੍ਹਾ ਹੋ ਗਿਆ ਕਿ ਜਿਹੜੀ ਕਲਗੀ ਨੂੰ ਪੰਜਾਬ

**(ਬਾਕੀ ਸਫਾ 6 ਉਤੇ)**


ਕਾਰ, ਘਰ, ਜੀਵਨ ਤੇ ਬਿਜਨਸ
ਵਾਜਬ ਭਾਅ 'ਤੇ ਬੀਮੇ ਦੀਆਂ ਆਪਣੀਆਂ ਸਭ ਲੋੜਾਂ ਲਈ ਕਾਲ ਕਰੋ
Truck Insurance
Liquor Store/Gas Stations
Workers Compensation




Manjit Gill
Prisident
CA Lic#OB23990
Civil Service Employees
CSE Insurance Group
Gill Financial & Insurance Services
510-415-2368
209-524-4008
www.gillfinancial.com



ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE
1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com



Law Offices Of
Manpreet S. Gahra
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ




Manpreet S. Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਜਲਾਲਾਬਾਦ ਜ਼ਿਮਨੀ ਚੋਣ:ਬਾਦਲ ਪਰਿਵਾਰ ਤੇ ਕਾਂਗਰਸ ਵਲੋਂ ਤਿਆਰੀਆਂ

**ਚੰਡੀਗੜ੍ਹ:**ਲੋਕ ਸਭਾ ਚੋਣਾਂ ਵਿਚ ਬਠਿੰਡਾ ਹਲਕੇ ਤੋਂ ਬਾਅਦ ਹੁਣ ਜਲਾਲਾਬਾਦ ਵਿਧਾਨ ਸਭਾ ਹਲਕੇ ਦੀ ਹੋ ਰਹੀ ਜ਼ਿਮਨੀ ਚੋਣ ਬਾਦਲ ਪਰਿਵਾਰ ਲਈ ਵੱਕਾਰ ਦਾ ਸਵਾਲ ਬਣ ਗਈ ਹੈ। ਇਥੋਂ ਸੰਭਾਵਤ ਤੌਰ 'ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਚੋਣ ਲੜ ਰਹੇ ਹਨ। ਪੂਰਾ ਬਾਦਲ ਪਰਿਵਾਰ ਬਠਿੰਡੇ ਤੋਂ ਬਾਅਦ ਇਸ ਹਲਕੇ ਵਿਚ ਜੁਟ ਗਿਆ ਹੈ। ਬਠਿੰਡਾ ਸੀਟ 'ਤੇ ਕਾਫੀ ਜ਼ਿਆਦਾ ਜ਼ੋਰ ਲਗ ਗਿਆ ਸੀ। ਜਲਾਲਾਬਾਦ ਦੇ ਨਾਲ ਦੋ ਹੋਰ ਵਿਧਾਨ ਸਭਾ ਹਲਕਿਆਂ ਬਨੂੜ ਅਤੇ ਕਾਹਨੂੰਵਾਨ ਦੀ ਜ਼ਿਮਨੀ ਚੋਣ ਵੀ ਹੋਣੀ ਹੈ।

ਜਲਾਲਾਬਾਦ ਹਲਕੇ ਵਿਚ ਭਾਵੇਂ ਪੰਜਾਬ ਸਰਕਾਰ ਦੇ ਮੰਤਰੀ, ਵਿਧਾਇਕ ਅਤੇ ਅਕਾਲੀ ਆਗੂ ਪ੍ਰਚਾਰ ਤਾਂ ਕਰ ਰਹੇ ਹਨ, ਪਰ ਉਮੀਦਵਾਰ ਕੌਣ ਹੈ, ਹਾਲੇ ਤਕ ਇਸ ਦਾ ਰਸਮੀ ਐਲਾਨ ਨਹੀਂ ਹੋਇਆ। ਬਾਕੀ ਦੋ ਹਲਕਿਆਂ ਵਿਚ ਜਲਾਲਾਬਾਦ ਦੇ ਮੁਕਾਬਲੇ ਫ਼ਿਲਹਾਲ ਚੋਣ ਸਰਗਰਮੀਆਂ ਬਹੁਤ ਘੱਟ ਹਨ। ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਬਾਰੇ ਆਮ ਤੌਰ 'ਤੇ ਇਹ ਪ੍ਰਭਾਵ ਮੰਨਿਆ ਜਾਂਦਾ ਹੈ ਕਿ ਕਿਸੇ ਵੀ ਸੰਸਥਾ ਦੇ ਉਮੀਦਵਾਰ ਜਾਂ ਨਾਮਜ਼ਦਗੀ ਬਾਰੇ ਉਹ ਅਪਣਾ ਲਿਫ਼ਾਫ਼ਾ ਤੇ ਮੂੰਹ ਐਨ ਮੌਕੇ 'ਤੇ ਖੋਲ੍ਹਦੇ ਹਨ ਕਿ ਸਾਰੀਆਂ ਕਿਆਸ ਆਰਾਈਆਂ ਅਤੇ ਅੰਦਾਜ਼ੇ ਧਰੇ-ਧਰਾਏ ਰਹਿ ਜਾਂਦੇ ਹਨ।

ਸਿੰਜਾਈ ਮੰਤਰੀ ਜਨਮੇਜਾ ਸਿੰਘ ਸੇਖੋਂ ਫ਼ਿਰੋਜ਼ਪੁਰ ਦੇ ਹੀ ਹਨ, ਉਹ ਵੀ ਚੋਣਾਂ ਵਾਲੇ ਖੇਤਰ ਵਿਚ ਸੰਪਰਕ ਰੱਖ ਰਹੇ ਹਨ। ਬਿਨਾਂ ਸ਼ੱਕ ਸਾਬਕਾ ਮੰਤਰੀ ਅਤੇ ਸੁਖਬੀਰ ਬਾਦਲ ਦੇ ਕਰੀਬੀ ਰਿਸ਼ਤੇਦਾਰ ਬਿਕਰਮ ਸਿੰਘ ਮਜੀਠੀਆ ਵੀ ਵਿਸ਼ੇਸ਼ ਡਿਊਟੀ 'ਤੇ ਆਉਣ ਲਈ ਤਿਆਰ ਹੋ ਰਹੇ ਹਨ। ਸੂਤਰਾਂ ਅਨੁਸਾਰ ਮਾਮਲਾ ਕੇਵਲ ਜਲਾਲਾਬਾਦ ਹਲਕੇ ਵਿਚੋਂ ਵੋਟਾਂ ਲੈਣ ਦਾ ਹੀ ਨਹੀਂ ਹੈ, ਸਗੋਂ ਇਸ ਖੇਤਰ ਵਿਚ ਜੱਟ ਸਿੱਖਾਂ ਅਤੇ ਰਾਏ ਸਿੱਖਾਂ ਵਿਚ ਫੁੱਟ ਪਾ ਕੇ ਰੱਖਣ ਵਾਲੇ ਕੁਝ ਲੋਕਾਂ ਨੂੰ ਕਾਬੂ ਕਰਨ ਦਾ ਵੀ ਹੈ। ਗੱਲ ਇਹ ਵੀ ਹੈ ਕਿ ਕਾਹਨੂੰਵਾਨ ਅਤੇ ਬਨੂੜ ਦੀਆਂ ਅਕਾਲੀ ਟਿਕਟਾਂ ਤੋਂ ਲੜਨ ਦੇ ਚਾਹਵਾਨ ਭਾਵੇਂ ਇਕ ਤੋਂ ਵਧ ਹਨ, ਪਰ ਜਲਾਲਾਬਾਦ ਤੋਂ ਟਿਕਟ ਲੈਣ ਲਈ ਕਿਸੇ ਵੀ ਅਕਾਲੀ ਨੇ ਹਾਲੇ ਤੱਕ ਮੂੰਹ ਨਹੀਂ ਖੋਲ੍ਹਿਆ।

ਇਹ ਸਥਿਤੀ ਇਕੱਲੇ ਅਕਾਲੀ ਦਲ ਵਿਚ ਨਹੀਂ ਹੈ, ਸਗੋਂ ਕਿਸੇ ਤਕੜੀ ਸੰਭਾਵਨਾ ਦੇ ਮੱਦੇਨਜ਼ਰ ਦਹਾੜਾਂ ਮਾਰਨ ਵਾਲੇ ਕਾਂਗਰਸੀ ਵੀ ਜਲਾਲਾਬਾਦ ਤੋਂ ਟਿਕਟ ਮੰਗਣ ਦੀ ਨਾ ਤਾਂ ਹਿੰਮਤ ਵਿਖਾ ਰਹੇ ਹਨ ਅਤੇ ਨਾ ਹੀ ਕੋਈ ਬਿਆਨ ਦਾਗ ਰਹੇ ਹਨ। ਜਲਾਲਾਬਾਦ ਤੋਂ ਕਾਂਗਰਸ ਦੇ ਚੋਣ ਪ੍ਰਚਾਰ ਦੀ ਕਮਾਨ ਖ਼ੁਦ ਪ੍ਰਦੇਸ਼ ਕਾਂਗਰਸ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਨੇ ਲੈ ਲਈ ਹੈ, ਪਰ ਸਥਿਤੀ ਇਹ ਹੈ ਕਿ ਕੇਵਲ ਅਕਾਲੀ ਆਗੂ



ਅਤੇ ਵਰਕਰ ਹੀ ਪ੍ਰਚਾਰ ਵਿਚ ਜੁੱਟੇ ਹੋਏ ਹਨ। ਅਕਾਲੀ ਦਲ ਵਲੋਂ ਸੁਖਬੀਰ ਸਿੰਘ ਬਾਦਲ ਦਾ ਨਾਂ ਜ਼ੋਰ-ਸ਼ੋਰ ਨਾਲ ਲਿਆ ਜਾ ਰਿਹਾ ਹੈ, ਪਰ ਸੁਖਬੀਰ ਬਾਦਲ, ਮੁੱਖ ਮੰਤਰੀ ਵੱਡੇ ਬਾਦਲ ਜਾਂ ਕਿਸੇ ਹੋਰ ਸੀਨੀਅਰ ਅਕਾਲੀ ਆਗੂ ਨੇ ਹਾਲੇ ਤਕ ਸੁਖਬੀਰ ਬਾਦਲ ਦੀ ਉਮੀਦਵਾਰੀ ਬਾਰੇ ਗ਼ੈਰ-ਰਸਮੀ ਤੌਰ 'ਤੇ ਜਾਂ ਮਜ਼ਾਕੀਆ ਲਹਿਜ਼ੇ ਵਿਚ ਵੀ ਮੂੰਹ ਨਹੀਂ ਖੋਲ੍ਹਿਆ ਹੈ, ਪਰ ਹੋਰਾਂ ਹਲਕਿਆਂ ਦੇ ਮੁਕਾਬਲੇ ਫ਼ਿਰੋਜ਼ਪੁਰ ਜ਼ਿਲ੍ਹੇ ਵਿਚ ਰਾਏ ਸਿੱਖਾਂ ਦੀ ਵੱਡੀ ਗਿਣਤੀ ਵਾਲੇ ਇਸ ਹਲਕੇ ਵਿਚ ਮੁੱਖ ਮੰਤਰੀ ਵਾਰ-ਵਾਰ ਦੌਰੇ ਕਰ ਚੁਕੇ ਹਨ।

ਜਲਾਲਾਬਾਦ ਹਲਕੇ ਵਿਚ ਰਾਏ ਸਿੱਖਾਂ ਤੋਂ ਬਾਅਦ ਕੰਬੋਜ ਭਾਈਚਾਰਾ ਵੀ ਬਹੁਗਿਣਤੀ ਵਿਚ ਹੈ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਭਾਵੇਂ ਅਕਾਲੀ ਦਲ ਵਲੋਂ ਅਪਣੇ ਮੰਤਰੀਆਂ, ਵਿਧਾਇਕਾਂ, ਆਗੂਆਂ ਅਤੇ ਵਰਕਰਾਂ ਦੀਆਂ ਡਿਊਟੀਆਂ ਦੀ ਵੰਡ ਆਉਣ ਵਾਲੇ ਹਫ਼ਤੇ ਵਿਚ ਕੀਤੀ ਜਾਣੀ ਹੈ, ਪਰ ਫਿਰ ਵੀ ਪੰਜਾਬ ਦੇ ਤਿੰਨੇ ਵਿਧਾਨ ਸਭਾ ਹਲਕਿਆਂ ਲਈ ਗ਼ੈਰ-ਰਸਮੀ ਤੌਰ 'ਤੇ ਡਿਊਟੀਆਂ ਦੇ ਸੰਕੇਤ ਕਰ ਦਿਤੇ ਗਏ ਹਨ। ਇਸ ਦੇ ਬਾਵਜੂਦ ਹੋਰਾਂ ਹਲਕਿਆਂ ਵਿਚ ਮੰਤਰੀਆਂ ਆਦਿ ਦੀ ਸਰਗਰਮੀ ਹਾਲੇ ਨਾਮਾਤਰ ਹੈ, ਜਦਕਿ ਜਲਾਲਾਬਾਦ ਵਿਚ ਫੇਰਾ ਪਾਉਣ ਲਈ ਅਕਾਲੀ ਆਗੂ ਕਾਹਲੇ ਹੋ ਰਹੇ ਹਨ।

ਕੰਬੋਜ ਭਾਈਚਾਰੇ ਨਾਲ ਸਬੰਧਤ ਸਿਖਿਆ ਮੰਤਰੀ ਬੀਬੀ ਉਪਿੰਦਰਜੀਤ ਕੌਰ ਨੇ ਕੰਬੋਜਾਂ ਨੂੰ ਭਰਮਾਉਣ ਲਈ ਚਾਰ ਦਿਨ ਪਹਿਲਾਂ ਭਲਵਾਨੀ ਗੇੜਾ ਲਾ ਲਿਆ ਹੈ। ਪੰਜਾਬ ਦੇ ਤਿੰਨੇ ਅਸੈਂਬਲੀ ਹਲਕਿਆਂ ਦੀ ਉਪ ਚੋਣ ਲਈ ਉਮੀਦਵਾਰਾਂ ਦਾ ਐਲਾਨ ਨਾਮਜ਼ਦਗੀ ਪੱਤਰ ਭਰਨ ਦੀ ਮਿਤੀ 9 ਜੁਲਾਈ ਦੇ ਆਲੇ-ਦੁਆਲੇ ਹੋ ਜਾਵੇਗਾ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਲ ਪੰਜਾਬ ਪਹੁੰਚ ਜਾਣਗੇ। ਦੂਜੇ ਪਾਸੇ ਜਲਾਲਾਬਾਦ ਹਲਕੇ ਨੂੰ 'ਹਾਟ ਸੀਟ' ਮੰਨਦਿਆਂ ਮੰਗਾਂ ਲਈ ਪ੍ਰਦਰਸ਼ਨ ਕਰਦੇ ਆ ਰਹੇ ਬੇਰੁਜ਼ਗਾਰ ਸੰਗਠਨਾਂ, ਜਥੇਬੰਦੀਆਂ ਨੇ ਜਲਾਲਾਬਾਦ ਵਲ ਨੂੰ ਕੂਚ ਕਰਨ ਦੇ ਪ੍ਰੋਗਰਾਮ ਤੈਅ ਕਰਨੇ ਸ਼ੁਰੂ ਕਰ ਦਿਤੇ ਹਨ।

ਉਧਰ ਕਾਂਗਰਸ ਪਾਰਟੀ ਨੇ ਪੰਜਾਬ ਦੀਆਂ ਤਿੰਨ ਜ਼ਿਮਨੀ ਚੋਣਾਂ ਵਿਚ ਪ੍ਰਚਾਰ ਲਈ ਡਿਊਟੀਆਂ ਲਾਉਣ ਦਾ ਸਿਲਸਿਲਾ ਸ਼ੁਰੂ ਕਰ ਦਿਤਾ ਹੈ। ਬਨੂੜ ਹਲਕੇ ਵਿਚ ਚੋਣ ਪ੍ਰਚਾਰ ਦੀ ਕਮਾਨ ਸ੍ਰੀਮਤੀ ਰਾਜਿੰਦਰ ਕੌਰ ਭੱਠਲ, ਕਾਹਨੂੰਵਾਨ ਦੀ ਕਮਾਨ ਕੈਪਟਨ ਅਮਰਿੰਦਰ ਸਿੰਘ ਅਤੇ ਜਲਾਲਾਬਾਦ ਹਲਕੇ ਦੀ ਕਮਾਨ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਨੂੰ ਸੰਭਾਲੀ ਗਈ ਹੈ।

ਪੰਜਾਬ ਕਾਂਗਰਸ ਵਿਧਾਇਕ ਦਲ ਦੀ ਆਗੂ ਬੀਬੀ ਰਾਜਿੰਦਰ ਕੌਰ ਭੱਠਲ ਨੇ ਵਿਸ਼ੇਸ਼ ਮੁਲਾਕਾਤ ਦੌਰਾਨ ਦੱਸਿਆ ਕਿ ਜ਼ਿਮਨੀ ਚੋਣ ਲਈ ਉਮੀਦਵਾਰਾਂ ਦੇ ਨਾਵਾਂ ਦਾ ਪ੍ਰਸਤਾਵ ਦੇਣ ਲਈ ਸੀਨੀਅਰ ਕਾਂਗਰਸੀਆਂ ਦਾ ਇਕ ਵਫ਼ਦ 2 ਜੁਲਾਈ ਨੂੰ ਦਿੱਲੀ ਗਿਆ ਸੀ, ਜਿਥੇ ਪੰਜਾਬ ਮਾਮਲਿਆਂ ਦੀ ਇੰਚਾਰਜ ਮੋਹਸਿਨਾ ਕਿਦਵਈ ਨਾਲ ਮੀਟਿੰਗ ਕੀਤੀ ਸੀ। ਜਿਸ ਵਿਚ ਪੰਜਾਬ ਕਾਂਗਰਸ ਨੇ ਅਪਣੇ ਪ੍ਰਸਤਾਵ ਬਾਰੇ ਜਾਣੂ ਕਰਵਾ ਦਿਤਾ ਸੀ। ਉਨ੍ਹਾਂ ਦਸਿਆ ਕਿ ਉਮੀਦਵਾਰਾਂ ਬਾਰੇ ਪਾਰਟੀ ਹਾਈ ਕਮਾਨ ਤਿੰਨ ਚਾਰ ਦਿਨ ਵਿਚ ਫ਼ੈਸਲਾ ਕਰ ਲਵੇਗੀ।

ਬਨੂੜ ਹਲਕੇ ਤੋਂ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਪ੍ਰਨੀਤ ਕੌਰ ਵਲੋਂ ਵੱਖ-ਵੱਖ ਉਮੀਦਵਾਰਾਂ ਦੀ ਹਮਾਇਤ ਨੂੰ ਲੈ ਕੇ ਤਕਰਾਰ ਬਾਰੇ ਜ਼ਿਆਦਾ ਕੁਝ ਨਾ ਬੋਲਦਿਆਂ ਉਨ੍ਹਾਂ ਕਿਹਾ ਕਿ ਉਹ ਕੈਪਟਨ ਅਤੇ ਪ੍ਰਨੀਤ ਕੌਰ ਦੋਹਾਂ ਦੇ ਹੀ ਉਮੀਦਵਾਰਾਂ ਦਾ ਸਮਰਥਨ ਕਰਦੇ ਹਨ। ਉਨ੍ਹਾਂ ਦੱਸਿਆ ਕਿ ਕਾਂਗਰਸ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਤਿੰਨੇ ਸੀਟਾਂ ਜਿੱਤੇਗੀ। ਉਨ੍ਹਾਂ ਕਿਹਾ ਕਿ ਕੈਪਟਨ, ਕੇ.ਪੀ. ਅਤੇ ਉਨ੍ਹਾਂ ਵਲੋਂ ਤਿੰਨੇ ਵਿਧਾਨ ਸਭਾ ਹਲਕਿਆਂ ਦੀ ਚੋਣ ਪ੍ਰਚਾਰ ਦਾ ਕੰਮ ਸੰਭਾਲ ਲਿਆ ਗਿਆ ਹੈ ਅਤੇ ਛੇਤੀ ਹੀ ਇਕ ਮੀਟਿੰਗ ਕਰਕੇ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਵੀ ਕੰਮ ਸੰਭਾਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਕ-ਇਕ ਹਲਕੇ ਦੀ ਕੁਝ ਜ਼ੋਨਾਂ ਵਿਚ ਵੰਡ ਕਰਕੇ ਆਗੂਆਂ ਤੇ ਵਰਕਰਾਂ ਦੀਆਂ ਡਿਊਟੀਆਂ ਲਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਕਾਂਗਰਸ ਇਕਜੁੱਟ ਹੈ ਅਤੇ ਸੂਬੇ ਦੇ ਲੋਕ ਸੱਤਾਧਾਰੀ ਪਾਰਟੀ ਅਕਾਲੀ ਦਲ ਨੂੰ ਸਬਕ ਸਿਖਾਉਣ ਦੇ ਰੌਂ ਵਿਚ ਹਨ।

ਇਸ ਦੌਰਾਨ ਭਾਰਤੀ ਕਮਿਊਨਿਸਟ ਪਾਰਟੀ ਨੇ ਵੀ ਜਲਾਲਾਬਾਦ ਦੀ ਜ਼ਿਮਨੀ ਚੋਣ ਲੜਨ ਦਾ ਐਲਾਨ ਕੀਤਾ। ਇਹ ਫੈਸਲਾ ਲੰਘੀ 3 ਜੁਲਾਈ ਨੂੰ ਇੱਥੇ ਸਾਥੀ ਦਰਸ਼ਨ ਲਾਲ ਲਾਧੂਕਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਵਿਚ ਲਿਆ ਗਿਆ। ਮੀਟਿੰਗ ਵਿਚ ਸੀ.ਪੀ.ਆਈ. ਦੇ ਸੂਬਾਈ ਆਗੂ ਸਾਥੀ ਜਗਰੂਪ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀ.ਪੀ.ਆਈ. ਦੇ ਜ਼ਿਲ੍ਹਾ ਸਕੱਤਰ ਹੰਸ ਰਾਜ ਗੋਲਡਨ ਨੇ ਦੱਸਿਆ ਕਿ ਮੀਟਿੰਗ ਦੌਰਾਨ ਪਾਰਟੀ ਆਗੂਆਂ ਵਲੋਂ ਕੀਤੀ ਵਿਚਾਰ ਚਰਚਾ ਤੋਂ ਬਾਅਦ ਸਰਬਸੰਮਤੀ ਨਾਲ ਜਲਾਲਾਬਾਦ ਹਲਕੇ ਤੋਂ ਜ਼ਿਮਨੀ ਚੋਣ ਲੜਨ ਦਾ ਮਤਾ ਪਾਸ ਕੀਤਾ ਗਿਆ, ਜਿਸ ਦੀ ਸਿਫਾਰਸ਼ ਸੂਬਾ ਹੈਡ ਕੁਆਰਟਰ ਨੂੰ ਕਰ ਦਿੱਤੀ ਗਈ ਹੈ।

## ਬਾਦਲ ਦਲ ਵਲੋਂ ਮੈਂਬਰਸ਼ਿਪ ਸ਼ੁਰੂ

**ਟਰਲਕ, ਕੈਲੀਫੋਰਨੀਆ:**ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਕੈਲੀਫੋਰਨੀਆ ਸਟੇਟ ਦੇ ਆਗੂਆਂ ਦੀ ਇਕ ਮੀਟਿੰਗ ਐਤਵਾਰ ਨੂੰ ਇਥੇ ਹੋਈ ਜਿਸ ਵਿਚ ਪੰਜਾਬ ਦੀਆਂ ਤਿੰਨ ਅਸੰਬਲੀ ਚੋਣਾਂ ਵਾਸਤੇ ਰਣਨੀਤੀ ਉਤੇ ਵਿਚਾਰ-ਵਟਾਂਦਰਾ ਹੋਇਆ ਅਤੇ ਨਵੀਂ ਮੈਂਬਰਸ਼ਿਪ ਭਰਤੀ ਕਰਨ ਦਾ ਕੰਮ ਪੂਰੇ ਜ਼ੋਰ ਤੇ ਜੋਸ਼ ਨਾਲ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿਚ ਅਮਰੀਕਾ ਦੇ ਭਾਰਤੀ ਵਸੋਂ ਵਾਸੇ ਹਰ ਸ਼ਹਿਰ ਵਿਚ ਪਾਰਟੀ ਦੀ ਇਕਾਈ ਕਾਇਮ ਕਰਨ ਦਾ ਵੀ ਫੈਸਲਾ ਕੀਤਾ ਗਿਆ।

ਇਥੇ ਇਹ ਜਾਣਕਾਰੀ ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਦੇ ਜਨਰਲ ਸਕੱਤਰ ਹਰਿੰਦਰ ਸਿੰਘ ਹੁੰਦਲ ਨੇ ਦਿੰਦਿਆਂ ਦੱਸਿਆ ਕਿ ਐਨ.ਆਰ.ਅਈ. ਵਿੰਗ ਦੇ ਪ੍ਰਧਾਨ ਸ. ਸੁਰਜੀਤ ਸਿੰਘ ਰੱਖੜਾ ਦੀਆਂ ਹਦਾਇਤਾਂ ਉਤੇ ਹੋਈ ਇਸ ਮੀਟਿੰਗ ਵਿਚ ਪਾਰਟੀ ਦੇ ਕਾਨੂੰਨੀ ਸਲਾਹਕਾਰ ਜਸਪ੍ਰੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਕੁਲਵੰਤ ਸਿੰਘ ਖਹਿਰਾ ਤੋਂ ਇਲਾਵਾ ਨਰਿੰਦਰਪਾਲ ਸਿੰਘ ਹੁੰਦਾਲ, ਦਵਿੰਦਰ ਸਿੰਘ ਰਣੀਆ, ਇਕਬਾਲ ਸਿੰਘ ਸਮਰਾ, ਗੁਰਸ਼ਰਨ ਸਿੰਘ ਨੱਤ, ਸਾਹਿਬ ਸਿੰਘ ਭੁੱਲਰ, ਬਚਿੱਤਰ ਸਿੰਘ ਟਰਲਕ, ਜਰਨੈਲ ਸਿੰਘ ਸੰਧੂ ਸੀਰੀਜ਼ ਸ਼ਾਮਲ ਹੋਏ।

## ਡਾਇਰੈਕਟਰਾਂ ਦੇ ਅਤੇ-ਪਤੇ ਦੱਸਣ ਬਾਰੇ ਪੰਮੇ ਦੀ ਅਰਜੀ ਅਦਾਲਤ 'ਚ ਪ੍ਰਵਾਨ

**ਯੂਬਾ ਸਿਟੀ:**ਸਟਰ ਕਾਉਂਟੀ ਸੁਪੀਰੀਅਰ ਕੋਰਟ ਜੱਜ ਨੇ ਫੈਸਲਾ ਦਿੱਤਾ ਹੈ ਕਿ ਗੁਰਦੁਆਰਾ ਟਾਇਰਾ ਬਿਊਨਾ ਕਮੇਟੀ ਦੀ ਅਗਲੀ ਮੀਟਿੰਗ ਡਾਇਰੈਕਟਰਾਂ ਦੇ ਅਤੇ-ਪਤੇ, ਫੋਨ ਨੰਬਰ ਅਤੇ ਈਮੇਲ ਪਤੇ ਦੇਣ ਦੇ ਤਿੰਨ ਹਫਤੇ ਬਾਅਦ ਹੀ ਹੋ ਸਕੇਗੀ। ਇਹ ਫੈਸਲਾ ਜੱਜ ਬਰੈਨ ਐਰੋਨਸਨ ਨੇ ਗੁਰਦੁਆਰਾ ਸਾਹਿਬ ਦੇ ਇਕ ਡਾਇਰੈਕਟਰ ਸੁਖਰਾਜ ਸਿੰਘ ਪੰਮਾ ਵਲੋਂ ਦਾਇਰ ਕੀਤੀ ਗਈ ਅਰਜੀ ਉਤੇ ਫੈਸਲਾ ਸੁਣਾਉਂਦਿਆਂ ਦਿਤਾ ਜਿਸ ਨੇ ਕਿ ਦੂਜੇ ਡਾਇਰੈਕਟਰਾਂ ਦੇ ਅਤੇ-ਪਤੇ ਦੱਸੇ ਜਾਣ ਦੀ ਮੰਗ ਕੀਤੀ ਸੀ।

ਸ੍ਰੀ ਪੰਮਾ ਦੇ ਵਕੀਲ ਨੇ ਦਲੀਲ ਦਿੱਤੀ ਸੀ ਕਿ ਗੁਰਦੁਆਰਾ ਸਾਹਿਬ ਦੇ ਡਾਇਰੈਕਟਰਾਂ ਨੇ ਇਕ ਜਨਤਕ ਅਹੁਦੇ ਲਈ ਚੋਣ ਲੜੀ ਸੀ ਅਤੇ ਉਨ੍ਹਾਂ ਨੂੰ ਆਪਣੇ ਚੁਣਨ ਵਾਲੇ ਵੋਟਰਾਂ ਪ੍ਰਤੀ ਜਵਾਬਦੇਹ ਹੋਣਾ ਪਵੇਗਾ। ਇਥੇ ਜ਼ਿਕਰਯੋਗ ਹੈ ਕਿ ਪਿਛਲੇ ਸਾਲ ਹੋਈ ਚੋਣ ਤੋਂ ਬਾਅਦ ਨਵੇਂ ਡਾਇਰੈਕਟਰਾਂ ਨੇ ਅਤੇ-ਪਤੇ ਦੇਣ ਦੀ ਮੰਗ ਬਾਰੇ ਆਖਿਆ ਸੀ ਕਿ ਇਸ ਨਾਲ ਪ੍ਰਾਈਵੇਸੀ ਕਾਨੂੰਨ ਦੀ ਉਲੰਘਣਾ ਹੁੰਦੀ ਹੈ। ਜੱਜ ਨੇ ਆਪਣੇ ਫੈਸਲੇ ਵਿਚ ਆਖਿਆ ਹੈ ਕਿ ਸੁਖਰਾਜ ਪੰਮਾ ਨੇ ਇਹ ਜਾਣਕਾਰੀ ਕੋਈ ਆਮ ਫਹਿਮ ਲੋਕਾਂ ਨੂੰ ਨਹੀਂ ਦੱਸਣੀ ਸਗੋਂ ਆਪਣੇ ਵਕੀਲ ਅਤੇ ਗੁਰਦੁਆਰੇ ਦੇ ਦੂਜੇ ਡਾਇਰੈਕਟਰਾਂ ਲਈ ਹੀ ਮੰਗੀ ਹੈ।

## ਭਾਜਪਾ ਨੇ ਉਪ ਮੁੱਖ ਮੰਤਰੀ ਦੇ ਅਹੁਦੇ ਬਾਰੇ ਹਾਲ ਦੀ ਘੜੀ ਘੇਸਲ ਵੱਟੀ

**ਚੰਡੀਗੜ੍ਹ :** ਲੋਕ ਸਭਾ ਚੋਣਾਂ ਵਿਚ ਮਿਲੀ ਹਾਰ ਤੋਂ ਬਾਅਦ ਇੰਝ ਲਗਦਾ ਹੈ ਕਿ ਭਾਜਪਾ ਨੇ ਪੰਜਾਬ ਵਿਚ ਉਪ ਮੁੱਖ ਮੰਤਰੀ ਦੀ ਮੰਗ 'ਤੇ ਚੁੱਪ ਧਾਰ ਲਈ ਹੈ। ਇਸ ਤੋਂ ਇਲਾਵਾ ਭਾਜਪਾ ਵਿਚ ਉਪ ਮੁੱਖ ਮੰਤਰੀ ਦੀ ਕੁਰਸੀ ਦੇ ਮੁੱਦੇ ਨੂੰ ਲੈ ਕੇ ਆਮ ਸਹਿਮਤੀ ਨਹੀਂ ਹੈ ਅਤੇ ਨਾ ਹੀ ਇਸ ਮੰਗ ਨੂੰ ਪਾਰਟੀ ਹਾਈ ਕਮਾਂਡ ਦਾ ਸਮਰਥਨ ਮਿਲ ਰਿਹਾ ਹੈ। ਮੌਜੂਦਾ ਹਾਲਾਤ ਵਿਚ ਭਾਜਪਾ ਰਾਜ ਵਿਚ ਆਪਣੇ ਗਠਜੋੜ ਵਿਚ ਆਈ ਖਟਾਸ ਨੂੰ ਦੂਰ ਕਰਨ ਅਤੇ ਲੋਕਾਂ ਵਿਚ ਆਪਣਾ ਜਨ ਆਧਾਰ ਵਧਾਉਣ ਵਿਚ ਲੱਗੀ ਹੋਈ ਹੈ। ਭਾਜਪਾ ਲੰਮੇ ਸਮੇਂ ਤੋਂ ਆਪਣੀ ਪਾਰਟੀ ਦਾ ਉਪ ਮੁੱਖ ਮੰਤਰੀ ਬਣਾਉਣ ਦੀ ਮੰਗ ਕਰਦੀ ਆ ਰਹੀ ਸੀ, ਪਰ ਭਾਜਪਾ ਦੀ ਇਸ ਮੰਗ ਦੀ ਅਣਦੇਖੀ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਰਾਜ ਦਾ ਜਨਵਰੀ 2009 ਵਿਚ ਉਪ ਮੁੱਖ ਮੰਤਰੀ ਬਣਾਇਆ ਗਿਆ ਸੀ। ਪਰ ਹਾਲ ਹੀ ਵਿਚ ਵਿਧਾਇਕ ਨਾ ਬਣ ਸਕਣ ਕਾਰਨ ਸੁਖਬੀਰ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ।

ਉਪ ਮੁੱਖ ਮੰਤਰੀ ਦੀ ਕੁਰਸੀ ਖਾਲੀ ਹੈ, ਬੀਤੇ ਦਿਨੀਂ ਮੁੱਖ ਮੰਤਰੀ ਬਾਦਲ ਵੀ ਇਸ ਪ੍ਰਸ਼ਨ ਨੂੰ ਟਾਲ ਗਏ ਸਨ, ਕਿ ਉਪ ਚੋਣਾਂ ਮੁਕੰਮਲ ਹੋਣ ਤੱਕ ਕੀ ਉਪ ਮੁੱਖ ਮੰਤਰੀ ਦੇ ਅਹੁਦੇ ਨੂੰ ਖਾਲੀ ਰੱਖਿਆ ਜਾਵੇਗਾ? ਇਸ ਦੇ ਜੁਆਬ ਵਿਚ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਸੀ ਕਿ ਹਰ ਗੱਲ ਪ੍ਰੈਸ ਨੂੰ ਨਹੀਂ ਦੱਸੀ ਜਾ ਸਕਦੀ। ਵੇਖੋ ਅਤੇ ਇੰਤਜ਼ਾਰ ਕਰੋ।

ਦੂਜੇ ਪਾਸੇ ਭਾਜਪਾ ਦੇ ਪ੍ਰਧਾਨ ਰਾਜਿੰਦਰ ਭੰਡਾਰੀ ਨੇ ਵੀ ਕਿਹਾ ਕਿ ਉਪ ਮੁੱਖ ਮੰਤਰੀ ਦੇ ਅਹੁਦੇ ਲਈ ਦਾਅਵਾ ਭਾਜਪਾ ਦੇ ਵਿਚਾਰ ਅਧੀਨ ਨਹੀਂ ਹੈ। ਇਸ ਸੁਆਲ ਦੇ ਜਵਾਬ ਵਿਚ ਕਿ ਭਾਜਪਾ ਨੇਤਾ ਬਲਰਾਮਜੀ ਦਾਸ ਟੰਡਨ ਨੇ ਭਾਜਪਾ ਲਈ ਉਪ ਮੁੱਖ ਮੰਤਰੀ ਦੇ ਅਹੁਦੇ ਦੀ ਮੰਗ ਕੀਤੀ ਹੈ ਤਾਂ ਸ੍ਰੀ ਭੰਡਾਰੀ ਨੇ ਕਿਹਾ ਕਿ ਉਹ ਜਲਦਬਾਜ਼ੀ ਵਿਚ ਕੁਝ ਨਹੀਂ ਕਹਿਣਾ ਚਾਹੁੰਦੇ।

ਇਸ ਦੌਰਾਨ ਪਤਾ ਲਗਾ ਹੈ ਕਿ ਸੰਗਰੂਰ ਜ਼ਿਲ੍ਹੇ ਦੀ ਭਾਜਪਾ ਇਕਾਈ ਅੰਦਰ ਪਿਛਲੇ ਲੰਬੇ ਸਮੇਂ ਤੋਂ ਚਲ ਰਿਹਾ ਵਿਰੋਧ ਉਸ ਸਮੇਂ ਉਭਰ ਕੇ ਸਾਹਮਣੇ ਆਇਆ, ਜਦੋਂ ਬੀਤੇ ਦਿਨ ਸੰਗਰੂਰ ਭਾਜਪਾ ਆਗੂ ਕੇ.ਕੇ. ਮੋਦਗਿਲ ਵਲੋਂ ਨਗਰ ਸੁਧਾਰ ਟਰੱਸਟ ਦੀ ਚੇਅਰਮੈਨੀ ਦਾ ਅਹੁਦਾ ਸੰਭਾਲਣ ਮੌਕੇ ਜ਼ਿਲਾ ਭਾਜਪਾ ਪ੍ਰਧਾਨ ਜਤਿੰਦਰ ਕਾਲੜਾ ਦਾ ਗਰੁੱਪ ਪੂਰੀ ਤਰ੍ਹਾਂ ਗੈਰ ਹਾਜ਼ਰ ਰਿਹਾ।

ਪਤਾ ਲੱਗਾ ਹੈ ਕਿ ਸ੍ਰੀ ਕਾਲੜਾ ਦਾ ਇਹ ਗਰੁੱਪ ਸ੍ਰੀ ਮੋਦਗਿਲ ਨੂੰ ਚੇਅਰਮੈਨ ਬਣਾਏ ਜਾਣ 'ਤੇ ਇੰਨਾ ਜ਼ਿਆਦਾ ਖਫਾ ਹੈ ਕਿ ਹੁਣ ਇਹ ਧੜਾ ਪਾਰਟੀ ਹਾਈ ਕਮਾਨ ਉਤੇ ਇਹ ਦਬਾਅ ਪਾਉਣ ਦੇ ਲਗਾਤਾਰ ਯਤਨ ਕਰ ਰਿਹਾ ਹੈ ਕਿ ਟਰੱਸਟ ਦੇ ਚੇਅਰਮੈਨ ਦੇ ਨਾਮ ਦੀ ਤਬਦੀਲੀ ਕੀਤੀ ਜਾਵੇ।

ਦੂਜੇ ਪਾਸੇ ਮੋਦਗਿਲ ਧੜਾ ਉਨ੍ਹਾਂ ਨੂੰ ਚੇਅਰਮੈਨ ਬਣਾਏ ਜਾਣ ਉਤੇ ਇਸ ਨੂੰ ਆਮ ਪਾਰਟੀ ਵਰਕਰਾਂ ਦਾ ਮਾਣ ਸਨਮਾਨ ਦੱਸ ਰਿਹਾ ਹੈ। ਸ੍ਰੀ ਮੋਦਗਿਲ ਦੀ ਚੇਅਰਮੈਨੀ ਵਜੋਂ ਵਿਰੋਧਤਾ ਕਰਦਿਆਂ ਪਾਰਟੀ ਦੇ ਕੁਝ ਸੀਨੀਅਰ ਨੇਤਾਵਾਂ ਨੇ ਕੁਝ ਦਿਨ ਪਹਿਲਾਂ ਹਾਈ ਕਮਾਨ ਨੂੰ ਪੱਤਰ ਵੀ ਲਿਖਿਆ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਸ੍ਰੀ ਮੋਦਗਿਲ ਦੇ ਪ੍ਰਧਾਨ ਬਣਨ ਨਾਲ ਭਵਿੱਖ ਵਿਚ ਪਾਰਟੀ ਨੂੰ ਨੁਕਸਾਨ ਹੋ ਸਕਦਾ ਹੈ। ਭਾਵੇਂ ਕਿ ਸ੍ਰੀ ਮੋਦਗਿਲ ਨੇ ਆਪਣੇ ਉਤੇ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ਾਂ ਨੂੰ ਮੂਲੋਂ ਹੀ ਨਕਾਰਦਿਆਂ ਕਿਹਾ ਹੈ ਕਿ ਉਨ੍ਹਾਂ ਨੂੰ ਕੋਈ ਵੀ ਕਾਰਨ ਦੱਸੋ ਨੋਟਿਸ ਜਾਰੀ ਨਹੀਂ ਕੀਤਾ ਗਿਆ। ਸ੍ਰੀ ਮੋਦਗਿਲ ਨੇ ਕਿਹਾ ਕਿ ਪਾਰਟੀ ਹਾਈ ਕਮਾਂਡ ਨੇ ਉਨ੍ਹਾਂ ਨੂੰ ਇੰਪਰੂਵਮੈਂਟ ਟਰੱਸਟ ਸੰਗਰੂਰ ਦਾ ਚੇਅਰਮੈਨ ਬਣਾ ਕੇ ਪਾਰਟੀ ਵਰਕਰਾਂ ਦਾ ਮਨੋਬਲ ਕਾਫੀ ਉੱਚਾ ਕੀਤਾ ਹੈ।

ਉਪ੍ਰੋਕਤ ਦੋਵੇਂ ਵਿਰੋਧੀ ਧੜਿਆਂ ਤੋਂ ਇਲਾਵਾ ਜ਼ਿਲਾ ਭਾਜਪਾ ਸੰਗਰੂਰ ਵਿਚ ਇਕ ਹੋਰ ਆਮ ਅਜਿਹਾ ਧੜਾ ਵੀ ਹੈ, ਜਿਹੜਾ ਬਿਲਕੁਲ ਸ਼ਾਂਤ ਬੈਠਾ ਹੈ, ਦੋਵਾਂ ਧੜਿਆ ਵਿਚਾਲੇ ਮਤਭੇਦਾਂ ਨੂੰ ਪਾਰਟੀ ਲਈ ਘਾਤਕ ਮੰਨ ਰਿਹਾ ਹੈ।

## ਸੁਖਬੀਰ ਦਾ ਅਹੁਦੇ ਤੋਂ ਅਸਤੀਫਾ

**ਚੰਡੀਗੜ੍ਹ :** ਪੰਜਾਬ ਦੇ ਉਪ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲੰਘੀ 1 ਜੁਲਾਈ ਨੂੰ ਉਪ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਨੇ ਆਪਣਾ ਅਸਤੀਫ਼ਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਭੇਜਿਆ ਸੀ। ਮੁੱਖ ਮੰਤਰੀ ਨੇ ਅਸਤੀਫ਼ਾ ਮਨਜ਼ੂਰ ਕਰਨ ਲਈ ਸਿਫ਼ਾਰਸ਼ ਕਰਕੇ ਅਸਤੀਫ਼ਾ ਰਾਜਪਾਲ ਨੂੰ ਭੇਜ ਦਿੱਤਾ ਸੀ ਅਤੇ ਉਨ੍ਹਾਂ ਵਲੋਂ ਇਹ ਅਸਤੀਫਾ ਮਨਜ਼ੂਰ ਕਰ ਲਿਆ ਗਿਆ।




ਸੁਖਬੀਰ ਨੇ ਇਸ ਸਾਲ 21 ਜਨਵਰੀ ਨੂੰ ਉਪ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਸੀ ਅਤੇ ਉਨ੍ਹਾਂ ਲਈ ਇਸ ਸਾਲ 20 ਜੁਲਾਈ ਤਕ ਵਿਧਾਇਕ ਬਣਨਾ ਕਾਨੂੰਨੀ ਪੱਖੋਂ ਜ਼ਰੂਰੀ ਸੀ। ਪ੍ਰੰਤੂ 3 ਹਲਕਿਆਂ ਦੀਆਂ ਖਾਲੀ ਸੀਟਾਂ 'ਤੇ ਉਪ ਚੋਣਾਂ ਅਗਸਤ 'ਚ ਹੋਣ ਜਾ ਰਹੀਆਂ ਹਨ। ਜਿਸ ਕਾਰਨ ਉਨ੍ਹਾਂ ਨੂੰ ਮਜ਼ਬੂਰੀ ਵੱਸ ਅਸਤੀਫਾ ਦੇਣਾ ਪਿਆ ਹੈ। ਸੰਭਾਵਨਾ ਅਨੁਸਾਰ ਸੁਖਬੀਰ ਹੁਣ ਜਲਾਲਾਬਾਦ ਹਲਕੇ ਤੋਂ ਸ਼ੇਰ ਸਿੰਘ ਘੁਬਾਇਆ ਦੇ ਸਾਂਸਦ ਚੁਣੇ ਜਾਣ ਉਪਰੰਤ ਵਿਹਲੀ ਹੋਈ ਵਿਧਾਨ ਸਭਾ ਸੀਟ ਉਪਰ ਚੋਣ ਲੜਣ ਜਾ ਰਹੇ ਹਨ। ਇਸ ਬਾਰੇ ਐਲਾਨ ਜਲਦ ਹੀ ਹੋਣ ਦੀ ਸੰਭਾਵਨਾ ਹੈ।

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440

# ਮਰਵਾਹਾ ਨੂੰ ਹਟਾਏ ਜਾਣ ‘ਤੇ ਪੈਲਾਟਾਈਨ ਗੁਰੂ ਘਰ ‘ਚ ਸਥਿਤੀ ਵਿਗੜੀ

**ਸ਼ਿਕਾਗੋ:** ਮਿਡਵੈਸਟ ਦੇ ਸਭ ਤੋਂ ਪੁਰਾਣੇ ਅਤੇ ਸਭ ਤੋਂ ਵੱਡੇ ਗੁਰੂ ਘਰ ਗੁਰਦੁਆਰਾ ਪੈਲਾਟਾਈਨ ਦੇ ਹੈਡ ਗ੍ਰੰਥੀ ਭਾਈ ਮਹਿੰਦਰ ਸਿੰਘ ਦੀ ਸੇਵਾਮੁਕਤੀ ਤੋਂ ਬਾਅਦ ਧਾਰਮਿਕ ਸਕੱਤਰ ਨਰਿੰਦਰਪਾਲ ਸਿੰਘ ਮਰਵਾਹਾ ਨੂੰ ਹਟਾਏ ਜਾਣ ‘ਤੇ ਪਹੁੰਚੀ ਸਥਿਤੀ ਉਸ ਸਮੇਂ ਬਦ ਤੋਂ ਬਦਤਰ ਹੋ ਗਈ ਜਦੋਂ ਲੰਘੇ ਐਤਵਾਰ ਸ੍ਰੀ ਮਰਵਾਹਾ ਨੇ ਆਪਣੇ ਹਮਾਇਤੀਆਂ ਦੇ ਜ਼ੋਰ ‘ਤੇ ਜਬਰੀ ਸਟੇਜ ਸਕੱਤਰ ਦੀ ਸੇਵਾ ਨਿਭਾਉਣ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਨੂੰ ਹਟਾਉਣ ਵਾਲੇ ਬਹੁਸੰਮਤੀ ਬੋਰਡ ਮੈਂਬਰਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਹਟਾਉਣ ਦੀ। ਫਿਰ ਨਾ ਕਿਸੇ ਨੂੰ ਗੁਰੂ ਦਾ ਸਤਿਕਾਰ ਰਿਹਾ ਅਤੇ ਨਾ ਕਿਸੇ ਨੂੰ ਇਹ ਚੇਤਾ ਰਿਹਾ ਕਿ ਉਹ ਗੁਰੂ ਦਰਬਾਰ ਵਿਚ ਬੈਠੇ ਹਨ।

ਜਿਉਂ ਹੀ ਸਵੇਰ ਦੇ ਦੀਵਾਨ ਤੋਂ ਬਾਅਦ ਗੁਰੂ ਦੀ ਤਾਬਿਆ ਬੈਠੇ ਗ੍ਰੰਥੀ ਭਾਈ ਗੁਰਜੰਟ ਸਿੰਘ ਨੇ ਹੁਕਮਨਾਮੇ ਤੋਂ ਬਾਅਦ ਪ੍ਰਬੰਧਕਾਂ ਦੇ ਇਸ਼ਾਰੇ ਉਤੇ ਸਹਿਜ ਪਾਠ ਦਾ ਅਰੰਭ ਸ਼ੁਰੂ ਕਰ ਦਿਤਾ ਸੰਗਤ ਵਿਚ ਘੁਸਰ ਮੁਸਰ ਹੋਣੀ ਸ਼ੁਰੂ ਹੋ ਗਈ। ਜਦੋਂ ਉਨ੍ਹਾਂ ਨੇ ਜਪੁਜੀ ਸਾਹਿਬ ਦੇ ਪਾਠ ਤੋਂ ਬਾਅਦ ਸੋ ਦਰੁ ਦਾ ਪਾਠ ਅਰੰਭ ਦਿੱਤਾ ਤਾਂ ਸੰਗਤ ਵਿਚੋਂ ਕੁਝ ਬੀਬੀਆਂ ਨੇ ਉਨ੍ਹਾਂ ਨੂੰ ਟੋਕਿਆ ਕਿ ਅਸੀਂ ਪਾਠ ਨਹੀਂ ਕੀਰਤਨ ਸੁਣਨ ਆਏ ਹਾਂ। ਉਧਰ ਸ. ਮਰਵਾਹਾ ਨੇ ਮਾਈਕ ਸੰਭਾਲਣ ਦੀ ਕੋਸ਼ਿਸ਼ ਕੀਤੀ। ਇਸ ਪਿਛੋਂ ਇਕ ਦੂਜੇ ਨੂੰ ਟੋਕਾ ਟਾਕੀ ਸ਼ੁਰੂ ਹੋ ਗਈ ਅਤੇ ਨੌਬਤ ਹੱਥੋਪਾਈ ਤੱਕ ਵੀ ਪਹੁੰਚ ਗਈ। ਇਉਂ ਜਾਪਦਾ ਸੀ ਜਿਵੇਂ ਦੋਹੇਂ ਧਿਰਾਂ ਅੱਜ ਜੋਰ ਅਜ਼ਮਾਈ ਲਈ ਤਿਆਰ ਸਨ। ਜੇ ਮਰਵਾਹਾ ਦੇ ਹਮਾਇਤੀ ਕੈਮਰਿਆਂ ਨਾਲ ਲੈਸ ਹੋ ਕੇ ਸਟੇਜ ਦੇ ਦੁਆਲੇ ਬੈਠੇ ਸਨ ਤਾਂ ਪ੍ਰਬੰਧਕਾਂ ਦੇ ਹਮਾਇਤੀ ਵੀ ਸ. ਮਰਵਾਹਾ ਨੂੰ ਰੋਕਣ ਲਈ ਮੌਜੂਦ ਸਨ। ਇਹ ਵੀ ਪਤਾ ਲੱਗਾ ਹੈ ਕਿ ਸ. ਮਰਵਾਹਾ ਦੇ ਹਮਾਇਤੀਆਂ ਦੀ ਯੋਜਨਾ ਸਟੇਜ ਦੀ ਵਰਤੋਂ ਆਪਣੀ ਹਵਾੜ ਕੱਢਣ ਲਈ ਕੀਤੇ ਜਾਣ ਦੀ ਸੀ।

ਇਥੇ ਜ਼ਿਕਰਯੋਗ ਹੈ ਕਿ ਸ. ਮਰਵਾਹਾ ਨੇ ਭਾਈ ਮਹਿੰਦਰ ਸਿੰਘ ਦੀ ਸੇਵਾਮੁਕਤੀ ਦਾ ਵਿਰੋਧ ਕੀਤਾ ਸੀ ਅਤੇ ਇਸ ਸੇਵਾਮੁਕਤੀ ਤੋਂ ਬਾਅਦ ਉਨ੍ਹਾਂ ਦੀ ਬੋਰਡ ਦੇ ਪ੍ਰਧਾਨ ਜਸਪ੍ਰੀਤ ਸਿੰਘ ਦੀ ਅਗਵਾਈ ਹੇਠਲੇ ਬਹੁਸੰਮਤੀ ਧੜੇ ਨਾਲ ਲਗਾਤਾਰ ਖੜਕਦੀ ਆ ਰਹੀ ਹੈ। ਪਿਛਲੇ ਹਫਤੇ ਬੋਰਡ ਦੀ ਇਕ ਮੀਟਿੰਗ ਵਿਚ ਸ੍ਰੀ ਮਰਵਾਹਾ ਦੀ ਥਾਂ ‘ਤੇ ਸ. ਸੋਖੀ ਸਿੰਘ ਨੂੰ ਧਾਰਮਿਕ ਸਕੱਤਰ ਨਿਯੁਕਤ ਕਰ ਦਿਤਾ ਗਿਆ ਸੀ ਪਰ ਸ. ਮਰਵਾਹਾ ਅਤੇ ਉਨ੍ਹਾਂ ਦੇ ਹਮਾਇਤੀ ਇਸ ਕਾਰਵਾਈ ਨੂੰ ਗੈਰ ਵਿਧਾਨਿਕ ਕਰਾਰ ਦਿੰਦਿਆਂ ਮੰਨਣ ਤੋਂ ਇਨਕਾਰੀ ਹਨ। ਸ. ਮਰਵਾਹਾ ਨੇ ਆਪਣੇ ਵਕੀਲ ਪਾਸੋਂ ਇਸ ਫੈਸਲੇ ਵਿਰੁੱਧ ਚਿਠੀ ਵੀ ਲਿਖਵਾਈ ਹੈ ਜਿਸ ਦਾ ਜਵਾਬ ਬੋਰਡ ਦੇ ਵਕੀਲ ਨੇ ਦਿੱਤਾ ਹੈ।

ਸ. ਮਰਵਾਹਾ ਅਤੇ ਉਨ੍ਹਾਂ ਦੇ ਸਾਥੀਆਂ ਦਾ ਕਹਿਣਾ ਹੈ ਕਿ ਸੰਵਿਧਾਨ ਵਿਚ ਪ੍ਰਧਾਨ, ਕਾਰਜਕਾਰੀ ਸਕੱਤਰ, ਖਜ਼ਾਨਚੀ ਤੇ ਧਾਰਮਿਕ ਸਕੱਤਰ ਦੀ ਨਿਯੁਕਤੀ ਦੋ ਸਾਲਾਂ ਲਈ ਹੁੰਦੀ ਹੈ ਅਤੇ ਉਨ੍ਹਾਂ ਨੂੰ ਹਟਾਉਣ ਦਾ ਕੋਈ ਵਿਧੀ ਵਿਧਾਨ ਨਹੀਂ ਹੈ। ਦੂਜੇ ਪਾਸੇ ਬੋਰਡ ਨੇ ਆਪਣੇ ਫੈਸਲੇ ਨੂੰ ਬਹੁਸੰਮਤੀ ਦਾ ਸੰਵਿਧਾਨਕ ਤੌਰ ‘ਤੇ ਸਹੀ ਫੈਸਲਾ ਕਰਾਰ ਦਿੰਦਿਆਂ ਆਖਿਆ ਹੈ ਕਿ ਅਜਿਹੇ ਵਿਧੀ ਵਿਧਾਨ ਦੀ ਗੈਰ ਮੌਜੂਦਗੀ ਵਿਚ ਇਲੀਨਾਏ ਕਾਰਪੋਰੇਸ਼ਨ ਬਿਜਨਸ ਐਕਟ 1983 ਦੀ ਧਾਰਾ 8.55 ਲਾਗੂ ਹੁੰਦੀ ਹੈ ਜਿਸ ਤਹਿਤ ਬੋਰਡ ਆਫ ਡਾਇਰੈਕਟਰ ਕਾਰਪੋਰੇਸ਼ਨ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਕਿਸੇ ਵੀ ਅਫਸਰ ਜਾਂ ਏਜੰਟ ਨੂੰ ਹਟਾ ਸਕਦਾ ਹੈ ਬਸ਼ਰਤੇ ਕਿ ਅਜਿਹੀ ਬਰਖਾਸਤਗੀ ਕੰਟਰੈਕਟ ਹਿੱਤਾਂ ਦੀ ਉਲੰਘਣਾ ਨਾ ਕਰਦੀ ਹੋਵੇ। ਇਸ ਧਾਰਾ ਵਿਚ ਇਹ ਵੀ ਲਿਖਿਆ ਹੈ ਕਿ ਕਿਸੇ ਅਫਸਰ ਜਾਂ ਏਜੰਟ ਦੀ ਚੋਣ ਜਾਂ ਨਿਯੁਕਤੀ ਉਸ ਨੂੰ ਆਪਣੇ ਆਪ ਵਿਚ ਕੰਟਰੈਕਟ ਦੇ ਕੋਈ ਅਧਿਕਾਰ ਨਹੀਂ ਦਿੰਦੀ।

ਇਥੇ ਜਾਰੀ ਇਕ ਬਿਆਨ ਵਿਚ ਸਿੱਖ ਰਿਲੀਜੀਅਸ ਸੁਸਾਇਟੀ ਦੇ ਕਾਰਜਕਾਰੀ ਸਕੱਤਰ ਸ. ਜਤਿੰਦਰ ਸਿੰਘ ਗਰੇਵਾਲ ਨੇ ਐਤਵਾਰ ਦੀਆਂ ਘਟਨਾਵਾਂ ਨੂੰ ਮੰਦਭਾਗੀਆਂ ਕਰਾਰ ਦਿੰਦਿਆਂ ਆਖਿਆ ਹੈ ਕਿ ਸੁਸਾਇਟੀ ਦੇ ਸੰਵਿਧਾਨ ਵਿਚ ਇਹ ਵੀ ਲਿਖਿਆ ਹੈ ਕਿ ਧਾਰਮਿਕ ਸਮਾਗਮਾਂ ਦੇ ਪ੍ਰਬੰਧ ਵਿਚ ਧਾਰਮਿਕ ਸਕੱਤਰ, ਪ੍ਰਧਾਨ ਅਤੇ ਹੋਰ ਸਕੱਤਰਾਂ ਨਾਲ ਮਿਲ ਕੇ ਕੰਮ ਕਰੇਗਾ। ਕਿਸੇ ਤੋਂ ਵੀ ਇਹ ਗੱਲ ਗੁੱਝੀ ਨਹੀਂ ਕਿ ਮਰਵਾਹਾ ਸਾਹਿਬ ਪ੍ਰਧਾਨ ਜਾਂ ਕਾਰਜਕਾਰੀ ਸਕੱਤਰ ਨਾਲ ਕਿੰਨੀ ਕੁ ਮਿਲਵਰਤੋਂ ਨਾਲ ਚਲਦੇ ਸਨ। ਉਨ੍ਹਾਂ ਇਹ ਵੀ ਆਖਿਆ ਕਿ ਇਕ ਪਾਸੇ ਸ. ਮਰਵਾਹਾ ਫੈਸਲੇ ਨੂੰ ਗਲਤ ਦੱਸ ਰਹੇ ਹਨ ਅਤੇ ਵਕੀਲਾਂ ਅਤੇ ਅਦਾਲਤਾਂ ਦੀ ਧਮਕੀ ਦੇ ਰਹੇ ਹਨ ਅਤੇ ਦੂਜੇ ਪਾਸੇ ਅਜੇ ਵੀ ਧਾਰਮਿਕ ਸਕੱਤਰ ਹੋਣ ਦਾ ਦਾਅਵਾ ਕਰ ਰਹੇ ਹਨ।

ਐਤਵਾਰ ਜਿਹੀ ਸਥਿਤੀ ਪੈਦਾ ਹੋਣ ਬਾਰੇ ਪਿਛਲੇ ਕਿੰਨੇ ਹੀ ਚਿਰ ਤੋਂ ਖਦਸ਼ਾ ਜਾਹਰ ਕੀਤਾ ਜਾ ਰਿਹਾ ਸੀ। ਅਜਿਹੀ ਸਥਿਤੀ ਦੋ ਵਾਰ ਉਦੋਂ ਪੈਦਾ ਹੋਣ ਦੀ ਸੰਭਾਵਨਾ ਬਣੀ ਵੀ ਸੀ ਜਦੋਂ ਭਾਈ ਮਹਿੰਦਰ ਸਿੰਘ ਨੇ ਬੋਰਡ ਦੀ ਹਦਾਇਤ ਦੀ ਉਲੰਘਣਾ ਕਰਕੇ ਸੇਵਾਮੁਕਤੀ ਤੋਂ ਬਾਅਦ ਦੋ ਵਾਰ ਅਨੰਦ ਕਾਰਜਾਂ ਦੀ ਰਸਮ ਨਿਭਾਈ ਸੀ। ਪਰ ਉਦੋਂ ਬਚਾਅ ਹੋ ਗਿਆ ਸੀ।

ਇਸੇ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਸ. ਮਰਵਾਹਾ ਵਲੋਂ ਸਟੇਜ ਸਕੱਤਰ ਹੋਣ ਦੇ ਦਾਅਵੇ ਤੋਂ ਪੈਦਾ ਹੋਈ ਸਥਿਤੀ ਤੋਂ ਬਚਣ ਲਈ ਕੁਝ ਸੱਜਣਾਂ ਨੇ ਕੋਸ਼ਿਸ਼ਾਂ ਵੀ ਕੀਤੀਆਂ ਅਤੇ ਇਕ ਸਟੇਜ ‘ਤੇ ਕਰੀਬ ਕਰੀਬ ਇਹ ਫੈਸਲਾ ਹੋ ਵੀ ਗਿਆ ਸੀ ਕਿ ਹਾਲ ਦੀ ਘੜੀ ਸ. ਮਰਵਾਹਾ ਜਾਂ ਸ. ਸੋਖੀ ਸਿੰਘ ਵਲੋਂ ਕੋਈ ਵੀ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨਾ ਨਿਭਾਵੇ। ਸਵੇਰ ਦੇ ਦੀਵਾਨ ਬਾਅਦ ਤੁਰਤ ਸਹਿਜ ਪਾਠ ਦਾ ਆਰੰਭ ਕਰਨ ਦਾ ਮਕਸਦ ਵੀ ਇਹ ਦੱਸਿਆ ਗਿਆ ਹੈ ਕਿ ਤਿੱਖੇ ਹੋਏ ਤੇਵਰ ਜ਼ਰਾ ਠੰਡੇ ਹੋ ਜਾਣ। ਇਸੇ ਹੀ ਸਮੇਂ ਸੀ.ਆਈ.ਸੀ. ਮੈਂਬਰ ਸ. ਹਰਜਿੰਦਰ ਸਿੰਘ ਸੰਧੂ ਨੇ ਵੀ ਸ. ਮਰਵਾਹਾ ਨੂੰ ਸਟੇਜ ਨਾ ਸੰਭਾਲਣ ਲਈ ਕਹਿੰਦਿਆਂ ਆਖਿਆ ਸੀ ਕਿ ਉਹ ਖੁਦ ਇਸ ਸਥਿਤੀ ਨੂੰ ਸੁਲਝਾਉਣ ਬਾਰੇ ਕੁਝ ਐਲਾਨ ਕਰਨਗੇ ਪਰ ਉਸ ਤੋਂ ਪਹਿਲਾਂ ਹੀ ਮਾਮਲਾ ਵਿਗੜ ਗਿਆ।

## Matrimonials

Brother invites correspondence for Punjabi Hindu, 32, 5’11”, well settled, down to earth, small educated family. Caste no bar. Issueless divorcee can also contact. Repond to 414-803-7420 or unitedlending@gmail.com

Executive Khatri Sikh parents want a suitable match for a beautiful 27 year old Canadian born daughter, UBC graduate LLB honors from UK. Please call 604-261-9555 or e-mail: dalipmehta@hotmail.com

Looking for a amritdhari or willing to be amritdhari girl far a amritdhari Chadda Sikh, 24, 5’11”, pursuing PGDCA in computers. Highly respected and well established gursikh family from Patiala with a lot of city property. Contact: 702-236-5472


PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ



ਇੰਮੀਗ੍ਰੇਸ਼ਨ ਲਾਅ
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼

ਡੀਪੋਰਟੇਸ਼ਨ ਕੇਸਿਜ਼
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ

NEW YORK
T 718.672.8000
JACKSON HEIGHTS, NY 11370
• ADMITTED IN THE STATE OF NEW YORK ONLY

CALIFORNIA
T 510.796.9000
39300 CIVIC CENTER DR.
SUITE 170 FREMONT, CA 94538
FREMONT, CA 94538



# Real Estate and Home Loans

## For buying or selling your home

## Call Aman Hundal at: 209-918-6464

Selling Bank Owned/ Foreclosed homes in entire northern California-Bay Area, Tracy, Modesto, Stockton, Manteca, Lathrop, Tracy, Lodi, Ceres, Riverbank, Patterson, Turlock, Delhi, Livingston, Ripon.

ਓਬਾਮਾ ਪ੍ਰਸ਼ਾਸਨ ਵਲੋਂ ਐਲਾਨੇ ਗਏ ਲੋਨ ਮੋਡੀਫਿਕੇਸ਼ਨ ਅਤੇ ਰੀਫਾਇਨਾਂਸ ਪ੍ਰੋਗਰਾਮ ਦਾ ਲਾਭ ਉਠਾਓ

ਵੱਧ ਜਾਣਕਾਰੀ ਲਈ ਕਾਲ ਕਰੋ

ਟਰੇਸੀ, ਲੈਥਰੌਪ, ਮਾਡੈਸਟੋ, ਸੈਰੀਜ਼ ਅਤੇ ਟਰਲਕ ਏਰੀਏ ਵਿਚ ਤੁਸੀਂ 1.20 ਲੱਖ ਡਾਲਰ ਤੋਂ ਦੋ ਲੱਖ ਡਾਲਰ ਤੱਕ ਦੀ ਕੀਮਤ ਵਿਚ ਚੰਗਾ ਖਾਸਾ ਘਰ ਲੈ ਸਕਦੇ ਹੋ। ਸੈਂਕੜੇ ਘਰ ਵਿਕਾਊ ਹਨ, ਜੇ ਤੁਸੀਂ 700 ਡਾਲਰ ਕਿਰਾਇਆ ਦੇ ਰਹੇ ਹੋ ਤਾਂ ਤੁਹਾਡੇ ਲਈ ਆਪਣਾ ਘਰ ਖਰੀਦਣਾ ਵੱਡਾ ਲਾਹੇਵੰਦ ਰਹੇਗਾ। ਵੇਰਵੇ ਲਈ ਕਾਲ ਕਰੋ:



ਅਮਨਜੋਤ ਸਿੰਘ ਹੁੰਦਲ

Century 21
M&M and Associates

ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਐਲਾਨੇ ਗਏ 8 ਹਜ਼ਾਰ ਡਾਲਰ ਦੇ ਕਰੈਡਿਟ ਦਾ ਜ਼ਰੂਰ ਲਾਭ ਉਠਾਓ।

Aman Hundal
Broker Associate/ Realtor
MBA Marketing
License No. : 01839828
Century 21 M&M and Associates
605 Standiford Ave Ste D
Modesto, CA 95350
Cell: 209-918-6464, Fax: 209-552-7285
ahundal@c21mm.com



# ਫਾਰਮਰਜ਼ ਇੰਸ਼ੋਰੈਂਸ

*Auto*Home*Life*Business
*Workers Comp.

Farmers offers more discounts than anybody else.

Call me today to insure that your assets are protected.

*ਆਟੋ *ਹੋਮ
*ਬਿਜਨਸ
*ਲਾਈਫ
*ਵਰਕਰਜ਼ ਕੌਂਪ.

ਇੰਸ਼ੋਰੈਂਸ ਦੇ ਬਿਹਤਰੀਨ ਰੇਟ ਲੈਣ ਲਈ ਕਾਲ ਕਰੋ।

Kiran Hundal
(209)345-0183
khundal@farmersagent.com
CA insurance License # 0F96503

1900 Standiford Ave.
Modesto, Ca 95350

FARMERS INSURANCE GROUP
Symbol of Superior Service
FARMERS

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ ਜੋ ਦਫਤਰ ਵਲੋਂ ਮਨਜੂਰਸ਼ੁਦਾ ਹੈ।





ਟਰੱਕ ਇੰਸ਼ੋਰੈਂਸ ਬਹੁਤ ਹੀ ਸਸਤੀ

Truck Insurance at very competitive rates.

ਅਸੀ ਤੁਹਾਨੂੰ ਵਧੀਆ ਰੇਟ ਦਿਵਾਵਾਂਗੇ ਪਰ ਤੁਹਾਡੀ ਕਵਰੇਜ ਘੱਟ ਕਰਕੇ ਨਹੀਂ

# ਕੈਨੇਡਾ ਦੇ ਸਿੱਖਾਂ ਨੇ 'ਕਲਗੀ' ਦੀ ਪ੍ਰਮਾਣਿਕਤਾ ਬਾਰੇ ਗੰਭੀਰ ਸਵਾਲ ਉਠਾਏ

**ਵੈਨਕੂਵਰ :** ਕੈਨੇਡਾ ਵਸਦੇ ਸਿੱਖ ਭਾਈਚਾਰੇ ਅੰਦਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 'ਕਲਗੀ' ਦੀ ਇਤਿਹਾਸਕ ਪ੍ਰਮਾਣਿਕਤਾ ਬਾਰੇ ਉਸ ਸਮੇਂ ਕਈ ਸਵਾਲ ਖੜ੍ਹੇ ਹੋ ਗਏ, ਜਦੋਂ ਬੀਤੇ ਵਰ੍ਹੇ ਤੱਕ ਕੈਨੇਡਾ ਵਿਚ 'ਗੁਪਤ ਸਾਂਭੀ' ਦੱਸੀ ਜਾਣ ਵਾਲੀ ਕਲਗੀ, ਅਚਾਨਕ ਇੰਗਲੈਂਡ ਪ੍ਰਗਟ ਹੋ ਕੇ ਅੰਮ੍ਰਿਤਸਰ ਜਾ ਪਹੁੰਚੀ।

ਦਸਮੇਸ਼ ਪਾਤਸ਼ਾਹ ਵਲੋਂ ਭਾਈ ਸਾਹਿਬ ਸ਼ਹੀਦ ਸੰਗਤ ਸਿੰਘ ਜੀ ਨੂੰ ਬਖ਼ਸ਼ੀ 'ਕਲਗੀ' ਕਹੀ ਜਾਣ ਵਾਲੀ, ਉਕਤ ਇਤਿਹਾਸਕ ਨਿਸ਼ਾਨੀ ਦੇ 'ਖੋਜੀ' ਸ. ਕੰਵਲਜੀਤ ਸਿੰਘ ਬੋਪਾਰਾਏ ਵਲੋਂ ਬੀਤੇ ਸਮੇਂ ਇਸ ਪੱਤਰਕਾਰ ਨਾਲ ਗੱਲਬਾਤ ਦੌਰਾਨ ਇਹ ਦਾਅਵਾ ਕੀਤਾ ਗਿਆ ਸੀ ਕਿ ਸੰਨ 1999 ਵਿਚ ਸਿਜਾ ਕਲਗੀ ਹੈਲੀਫੈਕਸ ਵਿਚ ਸੀ ਅਤੇ ਚਾਰ ਵਰ੍ਹੇ ਬਾਅਦ ਕੈਨੇਡਾ ਦੇ ਸੂਬੇ ਉਂਟਾਰਿਉ ਵਿਚ ਕਿਸੇ 'ਗੁਪਤ' ਥਾਂ 'ਤੇ ਟਿਕਾ ਦਿੱਤੀ ਗਈ ਸੀ ਤੇ ਉਸ ਵੇਲੇ ਤੋਂ ਹੀ ਕਲਗੀ ਕੈਨੇਡਾ ਵਿਚ ਹੋਣ ਦੇ ਦਾਅਵੇ ਕੀਤੇ ਜਾ ਰਹੇ ਸਨ। ਕੁਝ ਸਮਾਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਤੇ ਉਨ੍ਹਾਂ ਦੇ ਨਿੱਜੀ ਸਹਾਇਕ ਭਾਈ ਪ੍ਰਿਥੀਪਾਲ ਸਿੰਘ ਸੰਧੂ ਦੀ ਵੈਨਕੂਵਰ ਫੇਰੀ ਮੌਕੇ ਵੀ ਅਜਿਹੇ ਸਵਾਲ ਉਠੇ ਸਨ।

ਇਸ ਦੌਰਾਨ ਕੈਨੇਡਾ ਤੋਂ ਕਲਗੀ ਲੈਣ ਵਾਸਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਪੱਤਰ 'ਤੇ ਅੰਕਿਤ ਨਾਵਾਂ ਵਾਲੇ ਵਫ਼ਦ ਵਿਚ ਭਾਈ ਪ੍ਰਿਥੀਪਾਲ ਸਿੰਘ ਸੰਧੂ ਅਤੇ ਸ. ਕੰਵਲਜੀਤ ਸਿੰਘ ਬੋਪਾਰਾਏ ਦੇ ਸਮੇਤ ਪਰਿਵਾਰ ਆਉਣ ਦੇ ਚਰਚੇ ਸਨ, ਪ੍ਰੰਤੂ ਐਨ ਆਖਰੀ ਮੌਕੇ ਮੀਡੀਏ ਵਿਚ ਕੈਨੇਡਾ ਆ ਰਹੇ ਵਫਦ ਸਬੰਧੀ ਵਿਵਾਦ ਉਠਣ ਮਗਰੋਂ ਇਹ ਦੌਰਾ ਰੱਦ ਕਰ ਦਿੱਤਾ ਗਿਆ ਸੀ।

ਤਾਜ਼ਾ ਸਥਿਤੀ ਵਿਚ ਇਤਿਹਾਸਕ 'ਕਲਗੀ' ਦੇ ਇੰਗਲੈਂਡ ਤੋਂ ਪੰਜਾਬ ਪੁੱਜਣ 'ਤੇ ਹੈਰਾਨੀ ਪ੍ਰਗਟਾਉਂਦਿਆਂ, ਕੈਨੇਡਾ ਦੇ ਸਿੱਖਾਂ ਨੇ ਸ੍ਰੀ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਤੋਂ ਇਸ ਸਾਰੇ ਘਟਨਾ ਚੱਕਰ ਬਾਰੇ ਸ਼ੰਕੇ ਨਿਵਾਰਨ ਦੀ ਮੰਗ ਕੀਤੀ ਹੈ। ਵੈਨਕੂਵਰ ਇਲਾਕੇ ਵਿਚ ਸਥਿਤ ਗੁਰਦੁਆਰਾ ਸੁਸਾਇਟੀਆਂ ਨੇ ਸਾਂਝੇ ਤੌਰ 'ਤੇ ਅਪੀਲ ਕੀਤੀ ਹੈ ਕਿ 'ਕਲਗੀ' ਲਿਆਉਣ ਵਾਲੇ ਸੱਜਣਾਂ ਦੇ ਵਫਦ ਤੋਂ ਜਵਾਬ ਤਲਬੀ ਕੀਤੀ ਜਾਵੇ ਕਿ ਉਨ੍ਹਾਂ ਇਹ ਨਿਸ਼ਾਨੀ, ਕੈਨੇਡਾ ਤੋਂ ਇੰਗਲੈਂਡ ਕਿਵੇਂ ਅਤੇ ਕਦੋਂ ਲਿਆਂਦੀ।

ਇਸ ਤੋਂ ਇਲਾਵਾ ਇਹ ਵੀ ਦੱਸਿਆ ਜਾਵੇ ਕਿ ਜੇਕਰ 'ਖੋਜੀ' ਕੰਵਲਜੀਤ ਸਿੰਘ ਬੋਪਾਰਾਏ ਇਹ ਜਾਣਦੇ ਸਨ ਕਿ ਕਲਗੀ ਕੈਨੇਡਾ ਵਿਚ 'ਭੇਦਭਰੇ' ਰੂਪ ਵਿਚ ਸਾਂਭੀ ਹੋਈ ਹੈ, ਤਾਂ ਉਨ੍ਹਾਂ ਸਿੱਧੀ ਕੈਨੇਡਾ ਤੋਂ ਹੀ ਇਹ ਸ੍ਰੀ ਅਕਾਲ ਤਖ਼ਤ 'ਤੇ ਪੇਸ਼ ਕਿਉਂ ਨਾ ਕੀਤੀ।

ਉਧਰ ਸ. ਬੋਪਾਰਾਏ ਨੇ ਸ਼ੇਰੇ ਪੰਜਾਬ ਰੇਡੀਓ 'ਤੇ ਖੁੱਲ੍ਹੀ ਗੱਲਬਾਤ ਵਿਚ ਇਥੋਂ ਤੱਕ ਕਹਿ ਦਿੱਤਾ ਸੀ ਕਿ ਕੈਨੇਡਾ ਦੇ ਸੂਬੇ ਉਂਟਾਰੀਓ ਵਿਚ ਜਿਥੇ ਕਲਗੀ ਰੱਖੀ ਗਈ, ਉਥੋਂ ਦੇ ਸਿੱਖ ਦਾ ਨਾਂਅ ਉਹ ਜ਼ਾਹਰ ਨਹੀਂ ਕਰ ਸਕਦੇ। ਇਸ ਦੌਰਾਨ ਸਥਾਨਕ ਯੂਨੀਵਰਸਿਟੀ ਦੇ ਖੋਜਾਰਥੀ ਪ੍ਰਭਸ਼ਰਨਵੀਰ ਸਿੰਘ ਨੇ ਇਹ ਜਾਣਨ ਦੀ ਮੰਗ ਕੀਤੀ ਹੈ ਕਿ ਕੀ 1976 ਵਿਚ ਇੰਗਲੈਂਡ ਦੇ ਐਲਬਰਟ ਮਿਊਜ਼ੀਅਮ ਤੋਂ 'ਚੋਰੀ ਹੋਈ' ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ, ਵਾਕਿਆ ਹੀ ਸ੍ਰੀ ਦਰਬਾਰ ਸਾਹਿਬ ਪੁੱਜੀ ਕਲਗੀ ਹੈ। ਜੇਕਰ ਇਹ ਸੱਚ ਹੈ ਤਾਂ ਚੋਰੀ ਦਾ ਮਾਮਲਾ ਸੰਗੀਨ ਤੇ ਨਮੋਸ਼ੀਜਨਕ ਸਾਬਤ ਹੋਵੇਗਾ ਅਤੇ ਜੇਕਰ ਇਹ ਸੱਚ ਨਹੀਂ ਹੈ ਤਾਂ ਉਕਤ 'ਨਵੀਂ ਕਲਗੀ' ਕਿਥੋਂ ਆ ਗਈ।

ਇਸ ਮਾਮਲੇ ਦੀ ਅਸਲੀਅਤ ਸਾਹਮਣੇ ਲਿਆਉਣੀ ਜ਼ਰੂਰੀ ਹੈ। ਕੈਨੇਡਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਹੋਣ ਦੇ ਮਾਮਲੇ ਵਿਚ ਇਹ ਹੋਰ ਤੱਥ ਸਾਹਮਣੇ ਆਇਆ ਹੈ ਕਿ ਸੰਨ 1999 ਵਿਚ ਖਾਲਸਾ ਪੰਥ ਦੇ 300 ਸਾਲਾ ਸਾਜਨਾ ਦਿਹਾੜੇ ਮੌਕੇ ਭਾਈ ਚੰਣਨ ਸਿੰਘ 'ਚੰਨ' ਇੰਗਲੈਂਡ ਤੋਂ ਦਸਮ ਪਾਤਸ਼ਾਹ ਦੀਆਂ ਨਿਸ਼ਾਨੀਆਂ, ਗੁਰਦੁਆਰਾ ਦਸਮੇਸ਼ ਦਰਬਾਰ ਸਰੀ ਲੈ ਕੇ ਆਏ ਸਨ ਤੇ ਉਨ੍ਹਾਂ ਵਿਚ ਭਾਈ ਸੰਗਤ ਸਿੰਘ ਜੀ ਵਾਲੀ 'ਕਲਗੀ' ਵੀ ਸ਼ਾਮਲ ਸੀ। ਵੈਨਕੂਵਰ ਦੇ ਬਜ਼ੁਰਗ ਆਗੂ ਬਾਬਾ ਗੁਰਦੇਵ ਸਿੰਘ ਜੌਹਲ ਨੇ ਇਸ ਗੱਲ ਦੀ ਜਾਂਚ ਦੀ ਮੰਗ ਉਠਾਈ ਹੈ ਕਿ ਕੀ ਸ. ਚੰਨ ਵਲੋਂ ਜਿਸ ਕਲਗੀ ਦੇ ਦਰਸ਼ਨ ਸਰੀ ਵਿਚ ਕਰਵਾਏ ਗਏ ਸਨ, ਕੀ ਸ੍ਰੀ ਅਕਾਲ ਤਖ਼ਤ 'ਤੇ ਪੁੱਜਣ ਵਾਲੀ ਕਲਗੀ ਉਹੀ ਹੈ?

ਸਰੀ ਨਿਵਾਸੀ ਸ. ਮਨਜੀਤ ਸਿੰਘ ਗਿੱਲ ਨੇ ਕਿਹਾ ਹੈ ਕਿ ਤਿੰਨ ਸੌ ਸਾਲ ਪੁਰਾਣੀ ਕਲਗੀ ਦੱਸੀ ਜਾਣ ਵਾਲੀ ਨਿਸ਼ਾਨੀ ਦੀ ਵਿਗਿਆਨਕ ਢੰਗ ਨਾਲ ਕੈਮੀਕਲ ਜਾਂਚ ਕਰਵਾਈ ਜਾਵੇ, ਤਾਂ ਕਿ ਕੋਈ ਸਿੱਖਾਂ ਦੀ ਸ਼ਰਧਾ ਦਾ ਨਾਜਾਇਜ਼ ਫਾਇਦਾ ਨਾ ਉਠਾ ਸਕੇ।

ਕੈਨੇਡਾ ਦੇ ਸਿੱਖਾਂ ਨੇ ਪੰਥਕ ਵਿਦਵਾਨਾਂ ਤੇ ਇਤਿਹਾਸਕਾਰਾਂ ਨੂੰ ਅਪੀਲ ਕੀਤੀ ਹੈ ਕਿ 'ਕਲਗੀ' ਦੇ ਮਾਮਲੇ ਵਿਚ ਉਹ ਚੁੱਪ ਤੋੜਨ ਅਤੇ ਸੱਚਾਈ ਸਾਹਮਣੇ ਲਿਆਉਣ।

# ਕਲਗੀ ਵਿਵਾਦ ਨੂੰ ਲੈ ਕੇ ਜਥੇਦਾਰ ਤੇ ਮੱਕੜ ਆਹਮੋ ਸਾਹਮਣੇ ਡਟੇ

## ਕਲਗੀ ਦੀ ਰਸਾਇਣਕ ਜਾਂਚ ਤੋਂ ਮੁਕਰ ਰਹੇ ਹਨ ਕਲਗੀ ਲਿਆਉਣ ਵਾਲੇ

**ਅੰਮ੍ਰਿਤਸਰ :** ਬੀਤੇ ਦਿਨੀਂ ਵਿਦੇਸ਼ ਤੋਂ ਭਾਰਤ ਵਾਪਸ ਪ੍ਰਤਾਈ ਗਈ ਕਹੀ ਜਾਂਦੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਸਬੰਧੀ ਸਿੱਖ ਭਾਈਚਾਰੇ ਵਿਚ ਵਿਵਾਦ ਗਹਿਰਾ ਹੁੰਦਾ ਵਿਖਾਈ ਦੇ ਰਿਹਾ ਹੈ। ਯਾਦ ਰਹੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਮੱਕੜ ਨੇ ਵਿਵਾਦਗ੍ਰਸਤ ਕਲਗੀ ਸਬੰਧੀ ਇਕ ਪੰਜ ਮੈਂਬਰੀ ਕਮੇਟੀ ਗਠਤ ਕੀਤੀ ਹੈ ਜਦਕਿ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਕਮੇਟੀ ਦੇ ਗਠਨ 'ਤੇ ਹੀ ਅਪਣਾ ਸ਼ਿਕਵਾ ਜ਼ਾਹਰ ਕੀਤਾ। ਜਥੇਦਾਰ ਅਨੁਸਾਰ ਜੇ ਕਿਸੇ ਨੂੰ ਕਲਗੀ ਦੀ ਪ੍ਰਮਾਣਿਕਤਾ 'ਤੇ ਕੋਈ ਸ਼ੱਕ ਹੈ ਤਾਂ ਉਹ ਵਿਦੇਸ਼ ਤੋਂ ਆਏ ਦਸਤਾਵੇਜ਼ਾਂ ਦੀ ਘੋਖ ਕਰ ਸਕਦਾ ਹੈ।

ਯਾਦ ਰਹੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਸਿੱਖ ਭਾਵਨਾਵਾਂ ਨਾਲ ਜੁੜੇ ਹੋਏ ਇਸ ਸੰਵੇਦਨਸ਼ੀਲ ਮੁੱਦੇ 'ਤੇ ਇਕ ਕਮੇਟੀ ਗਠਿਤ ਕਰਨ ਦਾ ਐਲਾਨ ਕੀਤਾ ਸੀ, ਜਿਸ ਵਿਚ ਡਾ. ਕ੍ਰਿਪਾਲ ਸਿੰਘ (ਚੰਡੀਗੜ੍ਹ), ਡਾ. ਬਲਵੰਤ ਸਿੰਘ ਢਿੱਲੋਂ (ਅੰਮ੍ਰਿਤਸਰ), ਡਾ. ਸੁਖਦਿਆਲ ਸਿੰਘ (ਪਟਿਆਲਾ) ਸਮੇਤ ਦਿੱਲੀ ਤੋਂ ਇਕ ਮੈਂਬਰ ਦੇ ਨਾਲ ਸ਼੍ਰੋਮਣੀ ਕਮੇਟੀ ਸਕੱਤਰ ਦਿਲਮੇਘ ਸਿੰਘ ਨੂੰ ਵੀ ਸ਼ਾਮਲ ਕਰਨ ਦੀ ਗੱਲ ਆਖੀ ਸੀ।

ਦੱਸਣਯੋਗ ਹੈ ਕਿ ਇਹ ਵਿਵਾਦਗ੍ਰਸਤ ਕਲਗੀ 30 ਜੂਨ ਨੂੰ ਅਚਾਨਕ ਹੀ ਬਿਨਾ ਕਿਸੇ ਅਗਾਊਂ ਸੂਚਨਾ ਦੇ ਦਿੱਲੀ ਤਕ ਅਤੇ ਉਸ ਤੋਂ ਬਾਅਦ ਦਿੱਲੀ ਤੋਂ ਇਕ ਵਿਸ਼ੇਸ਼ ਜਹਾਜ਼ ਰਾਹੀਂ ਅੰਮ੍ਰਿਤਸਰ ਲਿਆਂਦੀ ਗਈ ਸੀ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਵਿਵਾਦਗ੍ਰਸਤ ਕਲਗੀ ਦੀ ਪ੍ਰਮਾਣਿਕਤਾ ਨੂੰ ਪਰਖਣ ਲਈ 14 ਨਵੰਬਰ 2007 ਨੂੰ ਅਕਾਲ ਤਖ਼ਤ ਦੇ ਉਸ ਵੇਲੇ ਦੇ ਮੁੱਖ ਸੇਵਾਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਸੀ। ਇਸ ਕਮੇਟੀ ਵਿਚ ਡਾ. ਕ੍ਰਿਪਾਲ ਸਿੰਘ, ਡਾ. ਗੁਰਬਖ਼ਸ਼ ਸਿੰਘ, ਡਾ. ਖੜਕ ਸਿੰਘ, ਪ੍ਰਿੰ. ਸੁਰਜੀਤ ਸਿੰਘ ਗਾਂਧੀ, ਵਰਿਆਮ ਸਿੰਘ ਸਕੱਤਰ ਧਰਮ ਪ੍ਰਚਾਰ ਕਮੇਟੀ ਆਦਿ ਨੂੰ ਸ਼ਾਮਲ ਕੀਤਾ ਗਿਆ ਸੀ। ਪੁਰਾਣੀ ਕਮੇਟੀ ਦੀ ਰਿਪੋਰਟ ਬਾਰੇ ਪੰਥ ਨੂੰ ਪੂਰੀ ਤਰ੍ਹਾਂ ਹਨੇਰੇ 'ਚ ਰੱਖਿਆ ਗਿਆ ਅਤੇ ਹੁਣ ਨਵੀਂ




ਅਵਤਾਰ ਸਿੰਘ ਮੱਕੜ

ਕਮੇਟੀ ਸਾਹਮਣੇ ਆ ਗਈ ਹੈ।

ਦਿਲਚਸਪ ਗੱਲ ਇਹ ਵੀ ਹੈ ਕਿ ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਕਮੇਟੀ ਦੇ ਗਠਨ ਬਾਰੇ ਜਾਣਕਾਰੀ ਹੋਣ ਤੋਂ ਹੀ ਇਨਕਾਰ ਕਰਦਿਆਂ ਕਿਹਾ ਕਿ ਮੈਨੂੰ ਜੋ ਰਿਕਾਰਡ ਕਮਲਜੀਤ ਸਿੰਘ ਬੋਪਾਰਾਏ ਅਤੇ ਹਰਪ੍ਰੀਤ ਸਿੰਘ ਸੰਧੂ ਨੇ ਦਿਤਾ ਸੀ, ਉਸ ਤੋਂ ਮੈਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ। ਉਨ੍ਹਾਂ ਕਿਹਾ ਕਿ ਇਹ ਕਲਗੀ ਇਤਿਹਾਸਕ ਹੈ ਅਤੇ ਪਿਛਲੀ ਕਮੇਟੀ ਦੀ ਰਿਪੋਰਟ ਤੋਂ ਉਹ ਪੂਰੀ ਤਰ੍ਹਾਂ ਸੰਤੁਸ਼ਟ ਹਨ। ਨਵੀਂ ਕਮੇਟੀ ਬਾਰੇ ਤਾਂ ਪ੍ਰਧਾਨ ਹੀ ਦੱਸ ਸਕਦਾ ਹੈ। ਦੂਜੇ ਪਾਸੇ ਅਵਤਾਰ ਸਿੰਘ ਮੱਕੜ ਨੇ ਦੱਸਿਆ ਕਿ ਕਲਗੀ ਨਾਲ ਕਰੋੜਾਂ ਲੋਕਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ ਅਤੇ ਇਸ ਦੀ ਪ੍ਰਮਾਣਿਕਤਾ ਬਾਰੇ ਜਾਂਚ ਕਰਵਾਉਣ ਦੀ ਲੋੜ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਦਿਲਮੇਘ ਸਿੰਘ ਨੇ ਦੱਸਿਆ ਕਿ ਕਮੇਟੀ ਛੇਤੀ ਹੀ ਅਪਣੀ ਰਿਪੋਰਟ ਪੇਸ਼ ਕਰੇਗੀ। ਯਾਦ ਰਹੇ 1999 ਅਤੇ 2004 ਵਿਚ ਰਾਏ ਅਜ਼ੀਜ਼ ਉੱਲਾ ਖ਼ਾਨ ਵਲੋਂ ਗੰਗਾ ਸਾਗਰ ਪੰਜਾਬ ਵਿਚ ਲਿਆਂਦਾ ਗਿਆ ਸੀ ਅਤੇ ਸਿੱਖਾਂ ਵਲੋਂ ਉਸ ਗੰਗਾ ਸਾਗਰ ਨੂੰ ਬੇਅੰਤ ਮਾਇਆ ਭੇਂਟ ਕੀਤੀ ਗਈ ਸੀ। ਉਸੇ ਤਰਜ਼ ਉਤੇ ਹੁਣ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਵੀ ਇੰਗਲੈਂਡ ਦੇ ਅਲਬਰਟ ਮਿਊਜ਼ੀਅਮ ਤੋਂ ਲਿਆਂਦੀ ਗਈ ਕਲਗੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੁਸ਼ੋਭਿਤ ਕਰ ਦਿਤਾ ਹੈ।

ਕਲਗੀ ਸਬੰਧੀ ਅਜੇ ਤਕ ਵਿਦਵਾਨਾਂ ਵਲੋਂ ਫ਼ੈਸਲਾ ਨਹੀਂ ਲਿਆ ਜਾ ਸਕਿਆ ਕਿ ਇਹ ਕਲਗੀ ਵਾਕਿਆ ਹੀ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਜਾਂ ਨਹੀਂ? ਬਹੁਤੇ ਵਿਦਵਾਨ ਕੇਵਲ ਕਮਲਜੀਤ ਸਿੰਘ ਬੋਪਾਰਾਏ ਅਤੇ ਸ. ਹਰਪ੍ਰੀਤ ਸਿੰਘ ਸਿੱਧੂ ਆਈ.ਪੀ.ਐਸ. ਵਲੋਂ ਪੇਸ਼ ਕੀਤੇ ਗਏ ਤੱਥਾਂ ਨੂੰ ਹੀ ਸਹੀ ਮੰਨ ਰਹੇ ਹਨ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਵਲੋਂ ਇਹ ਦਾਅਵਾ ਕੀਤਾ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨਗੀ ਕਾਰਜਕਾਲ ਸਮੇਂ ਉਨ੍ਹਾਂ ਨੇ ਇੰਗਲੈਂਡ ਤੋਂ ਇਹ ਕਲਗੀ ਮੰਗਵਾਉਣ ਲਈ ਭਾਰਤ ਸਰਕਾਰ ਨਾਲ ਰਾਬਤਾ ਕਾਇਮ ਕਰ ਕੇ ਕਾਰਵਾਈ ਕੀਤੀ ਸੀ। ਮਗਰੋਂ ਮੌਜੂਦਾ ਪ੍ਰਧਾਨ ਨੇ ਇਸ ਸਬੰਧੀ ਇਕ ਕਮੇਟੀ ਦਾ ਗਠਨ ਵੀ ਕੀਤਾ ਸੀ, ਜੋ ਇੰਗਲੈਂਡ



ਗਿਆਨੀ ਗੁਰਬਚਨ ਸਿੰਘ

ਦਾ ਦੌਰਾ ਕਰ ਕੇ ਆਈ ਸੀ। ਇਸ ਕਮੇਟੀ 'ਚ ਮਰਹੂਮ ਡਾ. ਖੜਕ ਸਿੰਘ, ਸ. ਕ੍ਰਿਪਾਲ ਸਿੰਘ, ਸ. ਸੁਰਜੀਤ ਸਿੰਘ ਗਾਂਧੀ, ਡਾ. ਮਹਿੰਦਰ ਸਿੰਘ, ਵਰਿਆਮ ਸਿੰਘ ਸਕੱਤਰ, ਸਿਮਰਜੀਤ ਸਿੰਘ ਕੰਗ ਆਦਿ ਵਿਦਵਾਨ ਪਾਏ ਗਏ ਸਨ। ਬਹੁਤੇ ਵਿਦਵਾਨਾਂ ਨੇ ਇਸ ਸਬੰਧੀ ਕੁਝ ਵੀ ਕਹਿਣਾ ਮੁਨਾਸਬ ਨਹੀਂ ਸਮਝਿਆ। ਚੇਤੇ ਰਹੇ ਕਿ ਪ੍ਰੋ. ਬਡੂੰਗਰ ਨੇ ਪਹਿਲਾਂ ਕਿਹਾ ਸੀ ਕਿ ਇਹ ਕਲਗੀ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਹੈ ਤੇ ਬਾਅਦ ਵਿਚ ਉਨ੍ਹਾਂ ਨੇ ਇਸ ਸਬੰਧੀ ਆਪਣਾ ਬਿਆਨ ਸਪੱਸ਼ਟ ਕਰਦਿਆਂ ਆਖਿਆ ਕਿ ਕਲਗੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਹੈ।

ਇਸ ਨੂੰ 1849 ਦੌਰਾਨ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਜਦੋਂ ਮਹਾਰਾਜਾ ਦਲੀਪ ਸਿੰਘ 5 ਸਾਲ ਗਿਆਰਾਂ ਮਹੀਨੇ ਦੇ ਸਨ, ਤਾਂ ਪੰਜਾਬ ਉਪਰ ਅੰਗਰੇਜ਼ ਸਰਕਾਰ ਵਲੋਂ ਸਿੱਖ ਰਾਜ ਉਪਰ ਪਾਏ ਗਏ ਹਰਜਾਨੇ ਵਜੋਂ ਸ਼ਾਹੀ ਤੋਸ਼ੇਖ਼ਾਨੇ ਨੂੰ ਜ਼ਬਤ ਕਰ ਲੈਣ ਦੀ ਕਾਰਵਾਈ ਦੌਰਾਨ ਲਾਰਡ ਡਲਹੌਜ਼ੀ ਇਸ ਨੂੰ ਅਪਣੇ ਨਾਲ ਇੰਗਲੈਂਡ ਲੈ ਗਿਆ ਸੀ। ਪ੍ਰੋ. ਬਡੂੰਗਰ ਨੇ ਦਾਅਵਾ ਕੀਤਾ ਕਿ ਚਮਕੌਰ ਗੜ੍ਹੀ ਦੀ ਜੰਗ ਦੌਰਾਨ 1704 ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਅਪਣੇ ਸ਼ਸਤਰ ਅਤੇ 'ਜਿਗਾ ਕਲਗੀ' ਭਾਈ ਸੰਗਤ ਸਿੰਘ ਦੇ ਸੀਸ 'ਤੇ ਸਜਾ ਦਿਤੀ ਸੀ, ਜਿਨ੍ਹਾਂ ਨੂੰ ਸ਼ਹੀਦ ਕਰਨ ਮਗਰੋਂ ਸੂਬਾ ਸਰਹੰਦ ਵਜ਼ੀਰ ਖ਼ਾਨ ਦੀਆਂ ਫ਼ੌਜਾਂ ਨੇ ਉਨ੍ਹਾਂ ਦਾ ਸਿਰ ਕਲਮ ਕਰ ਕੇ ਸੂਬੇ ਦੇ ਦਰਬਾਰ 'ਚ ਪੇਸ਼ ਕੀਤਾ ਸੀ ਅਤੇ ਉਸ ਸੀਸ ਉਪਰ ਲੱਗੀ ਕਲਗੀ ਨੂੰ ਵਜ਼ੀਰ ਨੇ ਲਾਹੌਰ ਦਰਬਾਰ 'ਚ ਪੇਸ਼ ਕਰ ਦਿਤਾ ਸੀ। ਇਸ ਤੋਂ ਬਾਅਦ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਫ਼ਤਿਹ ਕੀਤਾ ਤਾਂ ਇਹ ਕਲਗੀ ਉਨ੍ਹਾਂ ਆਪਣੇ ਤੋਸ਼ੇਖ਼ਾਨੇ 'ਚ ਰੱਖ ਲਈ ਜੋ ਲਾਰਡ ਡਲਹੌਜ਼ੀ ਰਾਹੀਂ ਇੰਗਲੈਂਡ ਦੇ ਅਲਬਰਟ ਮਿਊਜ਼ੀਅਮ 'ਚ ਚਲੀ ਗਈ।

ਬੀਤੇ ਦਿਨ ਸ੍ਰੀ ਅੰਮ੍ਰਿਤਸਰ ਲਿਆਂਦੀ ਗਈ ਕਲਗੀ ਬਾਰੇ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਮੁੱਖ ਸੇਵਾਦਾਰ ਰਣਜੀਤ ਸਿੰਘ ਨੇ ਵੀ ਪਹਿਲਾਂ ਸਵਾਲ ਉਠਾਏ ਸਨ ਕਿ ਇਸ ਦੇ ਅਸਲ ਹੋਣ ਬਾਰੇ ਅਸਪੱਸ਼ਟਤਾ ਦੂਰ ਕਰ ਲਈ ਜਾਵੇ।

# ਬਾਬਾ ਬਲਬੀਰ ਸਿੰਘ ਪੰਜੂਆਣਾ ਨੂੰ ਸਾਥੀਆਂ ਸਮੇਤ ਜੇਲ੍ਹ ਭੇਜਿਆ

**ਜਗਰਾਉਂ :** ਚਾਰ ਕਿਲੋ ਵਿਸਫੋਟਕ ਸਮੱਗਰੀ ਨਾਲ ਗ੍ਰਿਫਤਾਰ ਕੀਤੇ ਗੁਰਦੁਆਰਾ ਪੰਜੂਆਣਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਬਲਬੀਰ ਸਿੰਘ ਨੂੰ ਅਦਾਲਤ ਨੇ ਲੰਘੀ 6 ਜੁਲਾਈ ਨੂੰ ਪੇਸ਼ੀ ਦੌਰਾਨ ਜੁਡੀਸ਼ਲ ਹਿਰਾਸਤ 'ਚ ਭੇਜਣ ਦੇ ਹੁਕਮ ਸੁਣਾਏ। ਜਿਸ ਉਪਰੰਤ ਉਨ੍ਹਾਂ ਨੂੰ ਦੋ ਹੋਰਨਾਂ ਸਾਥੀਆਂ ਸਮੇਤ ਨਾਭਾ ਜੇਲ੍ਹ ਭੇਜ ਦਿੱਤਾ ਗਿਆ। ਪੁਲਿਸ ਨੇ ਪੇਸ਼ੀ ਮੌਕੇ ਅਦਾਲਤੀ ਕੰਪਲੈਕਸ 'ਚ ਸੁਰੱਖਿਆ ਦੇ ਕਰੜੇ ਪ੍ਰਬੰਧ ਕੀਤੇ ਹੋਏ ਸਨ। ਬਾਬੇ ਦੇ ਹਮਾਇਤੀਆਂ ਨੂੰ ਨੇੜੇ ਵੀ ਨਹੀਂ ਢੁੱਕਣ ਦਿੱਤਾ ਗਿਆ। ਇਥੋਂ ਤੱਕ ਕਿ ਪੱਤਰਕਾਰਾਂ ਨੂੰ ਵੀ ਫੋਟੋ ਲੈਣ 'ਚ ਦਿੱਕਤਾਂ ਪੇਸ਼ ਆਈਆਂ। ਪੁਲਿਸ ਬਾਬਾ ਬਲਬੀਰ ਸਿੰਘ, ਕੁਲਜੀਤ ਸਿੰਘ ਕਾਂਤਾ ਅਤੇ ਭਾਗ ਸਿੰਘ ਨੂੰ ਇਕ ਵਜੇ ਦੇ ਕਰੀਬ ਸਬ ਡਿਵੀਜ਼ਨਲ ਜੁਡੀਸ਼ਲ ਮੈਜਿਸਟਰੇਟ ਸ੍ਰੀਮਤੀ ਮਨਦੀਪ ਕੌਰ ਬੇਦੀ ਦੀ ਅਦਾਲਤ 'ਚ ਲੈ ਕੇ ਆਈ। ਪੇਸ਼ੀ ਸਮੇਂ ਆਮ ਲੋਕਾਂ ਅਤੇ ਬਾਬੇ ਦੇ ਹਮਾਇਤੀਆਂ ਨੂੰ ਪੁਲਿਸ ਨੇ ਘੇਰਾ ਬਣਾ ਕੇ ਦੂਰ ਹੀ ਰੱਖਿਆ। ਸਰਕਾਰੀ ਵਕੀਲ ਨੇ ਮੁਲਜ਼ਮਾਂ ਦੇ ਹੋਰ ਪੁਲਿਸ ਰਿਮਾਂਡ ਦੀ ਮੰਗ ਕੀਤੀ, ਜਿਸ ਦਾ ਬਚਾਅ ਪੱਖ ਦੇ ਵਕੀਲ ਨੇ ਵਿਰੋਧ ਕੀਤਾ। ਬਚਾਅ ਪੱਖ ਦੇ ਵਕੀਲ ਨੇ ਦਲੀਲ ਦਿੱਤੀ ਕਿ ਪੁਲਿਸ ਪਹਿਲਾਂ ਹੀ ਦੋ ਵਾਰ ਕ੍ਰਮਵਾਰ ਚਾਰ ਦਿਨ ਅਤੇ ਦੋ ਦਿਨ ਦਾ ਪੁਲਿਸ ਰਿਮਾਂਡ ਲੈ ਕੇ ਕੁਝ ਵੀ ਨਵਾਂ ਹਾਸਲ ਨਹੀਂ ਕਰ ਸਕੀ, ਇਸ ਲਈ ਹੋਰ ਪੁਲਿਸ ਰਿਮਾਂਡ ਦੀ ਹੁਣ ਜ਼ਰੂਰਤ ਨਹੀਂ। ਇਸ 'ਤੇ ਮੈਜਿਸਟਰੇਟ ਸ੍ਰੀਮਤੀ ਬੇਦੀ ਨੇ ਬਾਬੇ ਤੇ ਉਸ ਦੇ ਦੋਹਾਂ ਸਾਥੀਆਂ ਨੂੰ 20 ਜੁਲਾਈ ਤੱਕ ਅਦਾਲਤੀ ਹਿਰਾਸਤ 'ਚ ਸਖ਼ਤ ਸੁਰੱਖਿਆ ਵਾਲੀ ਨਾਭਾ ਜੇਲ੍ਹ 'ਚ ਭੇਜ ਦਿੱਤਾ।

ਦੂਜੇ ਪਾਸੇ ਉਪਰੋਕਤ ਤਿੰਨਾਂ ਮੁਲਜ਼ਮਾਂ ਤੋਂ ਬਾਅਦ ਵਿਸਫੋਟਕ ਸਮੱਗਰੀ ਮਾਮਲੇ 'ਚ ਹੀ ਗ੍ਰਿਫਤਾਰ ਕੀਤੇ ਹਰਜਿੰਦਰ ਸਿੰਘ ਉਰਫ਼ ਸੁਖਜਿੰਦਰ ਸਿੰਘ ਉਰਫ਼ ਬਿੱਲੂ ਦਾ ਪੁਲਿਸ ਨੇ 8 ਜੁਲਾਈ ਤੱਕ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਹੈ। ਯਾਦ ਰਹੇ ਲੰਘੀ 4 ਜੁਲਾਈ ਨੂੰ ਸੁਖਜਿੰਦਰ ਸਿੰਘ ਪੁੱਤਰ ਧੰਨਾ ਸਿੰਘ ਵਾਸੀ ਪਿੰਡ ਲੰਮੇ ਨੂੰ ਵੀ ਇਸ ਮਾਮਲੇ ਵਿਚ ਗ੍ਰਿਫਤਾਰ ਕਰ ਲਿਆ ਗਿਆ ਸੀ। ਪੁਲਿਸ ਵਲੋਂ ਪਹਿਲਾ ਰਿਮਾਂਡ ਸਮਾਪਤ ਹੋਣ ਤੋਂ ਬਾਅਦ ਪਹਿਲੇ ਤਿੰਨ ਨੂੰ ਮਾਣਯੋਗ ਅਦਾਲਤ ਵਿਚ ਇਹ ਕਹਿ ਕੇ ਰਿਮਾਂਡ ਦੀ ਮੰਗ ਕੀਤੀ ਗਈ ਸੀ ਕਿ ਹੁਣ ਤੱਕ ਦੀ ਪੜਤਾਲ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਬਾਬੇ ਵਲੋਂ ਇਕ ਮਹੀਨਾ ਪਹਿਲਾਂ ਵੀ ਇਸੇ ਤਰ੍ਹਾਂ ਦੀ ਖੇਪ ਕਿਸੇ ਵਿਅਕਤੀ ਨੂੰ ਦਿੱਤੀ ਗਈ ਸੀ, ਜੋ ਕਿ ਕਾਰ 'ਤੇ ਆ ਕੇ ਬਾਬੇ ਤੋਂ ਲੈ ਕੇ ਗਿਆ।

ਪੁਲਿਸ ਵਲੋਂ ਦਿੱਤੀਆਂ ਗਈਆਂ ਦਲੀਲਾਂ ਦਾ ਬਾਬੇ ਦੇ ਵਕੀਲਾਂ ਅਸ਼ੋਕ ਭੰਡਾਰੀ ਅਤੇ ਪ੍ਰੀਤ ਇੰਦਰ ਕੋਛੜ ਵਲੋਂ ਜ਼ਬਰਦਸਤ ਵਿਰੋਧ ਕਰਦੇ ਹੋਏ ਅਦਾਲਤ ਵਿਚ ਕਿਹਾ ਗਿਆ ਕਿ ਬਾਬੇ ਦੀ ਗ੍ਰਿਫ਼ਤਾਰੀ ਰਾਜਨੀਤੀ ਤੋਂ ਪ੍ਰੇਰਿਤ ਹੈ।

ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਬਾਬੇ ਵਲੋਂ ਵੱਡੀ ਸਰਗਰਮੀ ਸਰਕਾਰ ਵਿਰੋਧੀ ਧੜੇ ਨਾਲ ਮਿਲ ਕੇ ਕੀਤੀ ਜਾਣੀ ਸੀ ਅਤੇ ਬਾਬੇ ਵਲੋਂ ਖੁਦ ਵੀ ਸ਼੍ਰੋਮਣੀ ਕਮੇਟੀ ਦੀ ਚੋਣ ਲੜੀ ਜਾਣੀ ਸੀ, ਜਿਸ ਤੋਂ ਘਬਰਾ ਕੇ ਸਰਕਾਰ ਵਲੋਂ ਇਸ ਕੇਸ ਵਿਚ ਨਾਮਜ਼ਦ ਕਰਕੇ ਬਾਬੇ ਨੂੰ ਜੇਲ੍ਹ ਭੇਜਣ ਬਾਰੇ ਇਸ ਮਾਮਲੇ ਵਿਚ ਫਸਾਇਆ ਗਿਆ ਹੈ। ਇਸ ਤੋਂ ਪਹਿਲਾਂ ਵੀ ਪੁਲਿਸ ਵਲੋਂ ਇਸੇ ਤਰ੍ਹਾਂ ਦੀਆਂ ਦਲੀਲਾਂ ਦੇ ਕੇ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਸੀ, ਪਰ ਚਾਰ ਦਿਨ ਦੇ ਪੁਲਿਸ ਰਿਮਾਂਡ ਦੌਰਾਨ ਪੁਲਸ ਕੁਝ ਵੀ ਹਾਸਲ ਨਹੀਂ ਕਰ ਸਕੀ। ਦੋਵੇਂ ਪੱਖਾਂ ਦੀਆਂ ਦਲੀਲਾਂ ਸੁਣਨ ਉਪਰੰਤ ਮਾਣਯੋਗ ਅਦਾਲਤ ਵਲੋਂ ਬਾਬੇ ਸਮੇਤ ਤਿੰਨਾਂ ਨੂੰ 6 ਜੁਲਾਈ ਤੱਕ ਪੁਲਿਸ ਰਿਮਾਂਡ ਦੇ ਕੇ ਹੋਰ ਪੁੱਛਗਿੱਛ ਕਰਨ ਦੀ ਇਜਾਜ਼ਤ ਦੇ ਦਿੱਤੀ ਗਈ।

ਸਫਾਈ ਪੱਖ ਦੇ ਵਕੀਲਾਂ ਵਲੋਂ ਬਾਬੇ ਨੂੰ ਸਰਕਾਰ ਦੇ ਇਸ਼ਾਰੇ 'ਤੇ ਫਸਾਉਣ ਦੀ ਦਿੱਤੀ ਦਲੀਲ ਸਬੰਧੀ ਐਸ.ਐਸ.ਪੀ. ਗੁਰਪ੍ਰੀਤ ਸਿੰਘ ਭੁੱਲਰ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਬਾਬੇ ਅਤੇ ਹੋਰਨਾਂ ਨੂੰ ਬਾਕਾਇਦਾ ਤੱਥਾਂ ਅਤੇ ਸਬੂਤਾਂ ਦੇ ਆਧਾਰ 'ਤੇ ਭਾਰੀ ਮਾਤਰਾ ਵਿਚ ਵਿਸਫੋਟਕ ਸਮੱਗਰੀ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਹੁਣ ਇਹ ਮਾਮਲਾ ਮਾਣਯੋਗ ਅਦਾਲਤ ਵਿਚ ਵਿਚਾਰ ਅਧੀਨ ਹੈ, ਇਸ ਲਈ ਉਹ ਬਹੁਤ ਕੁਝ ਨਹੀਂ ਕਹਿਣਾ ਚਾਹੁੰਦੇ, ਪਰ ਜੋ ਵੀ ਸਾਰੀ ਅਸਲੀਅਤ ਹੈ, ਉਹ ਸਭ ਦੇ ਸਾਹਮਣੇ ਆ ਜਾਵੇਗੀ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਅਤੇ ਕੌਮਾਂਤਰੀ ਮਨੁੱਖੀ ਅਧਿਕਾਰ ਸੰਗਠਨ ਦੇ ਆਗੂਆਂ ਨੇ ਕਿਹਾ ਕਿ ਬਾਬੇ ਸਿਰ ਪਾਇਆ ਗਿਆ ਕੇਸ ਝੂਠਾ ਹੈ।

### ਮੁਲਜ਼ਮਾਂ ਨੂੰ ਸਰਕਾਰੀ ਸਰਪ੍ਰਸਤੀ ਹਾਸਲ-ਮਾਨ

**ਜਗਰਾਉਂ :** ਸ਼੍ਰੋਮਣੀ ਅਕਾਲੀ ਦਲ (ਅ) ਦੇ ਆਗੂ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਸਿੱਖ ਕੌਮ 'ਤੇ ਜ਼ੁਲਮ ਹੋ ਰਹੇ ਹਨ ਅਤੇ ਜ਼ੁਲਮ ਕਰਨ ਵਾਲਿਆਂ ਨੂੰ ਸਰਕਾਰੀ ਸਰਪ੍ਰਸਤੀ ਹਾਸਲ ਹੈ। ਉਨ੍ਹਾਂ ਕਿਹਾ ਕਿ ਇਸ ਦੁਰਦਸ਼ਾ ਲਈ ਜਿਥੇ ਕੇਂਦਰ ਤੇ ਸੂਬਾ ਸਰਕਾਰਾਂ ਜ਼ਿੰਮੇਵਾਰ ਹਨ, ਉਥੇ ਖੁਦ ਕੌਮ ਵੀ ਜ਼ਿੰਮੇਵਾਰ ਹੈ, ਜਿਸ ਨੇ ਭਾਜਪਾ ਅਤੇ ਕਾਂਗਰਸ ਵਰਗੀਆਂ ਸਿੱਖ ਵਿਰੋਧੀ ਪਾਰਟੀਆਂ ਨੂੰ ਵੋਟਾਂ ਪਾਈਆਂ।

ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਵੀ ਇਸ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ, ਕਿਉਂਕਿ ਸਿੱਖਾਂ ਦੀ ਪਾਰਟੀ ਅਖਵਾਉਣ ਵਾਲਾ ਬਾਦਲ ਦਲ ਵੀ ਭਾਜਪਾ ਦਾ ਹੀ ਇਕ ਹਿੱਸਾ ਹੈ। ਉਹ ਬਾਬਾ ਬਲਬੀਰ ਸਿੰਘ ਨਾਲ ਮੁਲਾਕਾਤ ਕਰਨ ਲਈ ਆਏ ਸਨ।

# ਗੁਰਦੁਆਰਾ ਮਸਤੂਆਣਾ ਸਾਹਿਬ ਦੀ ਗੋਲਕ ਦੇ ਮਾਮਲੇ 'ਚ ਦੋ ਧਿਰਾਂ ਵਿਚਕਾਰ ਖਿੱਚੋਤਾਣ

**ਸੰਗਰੂਰ :** ਮਸਤੂਆਣਾ ਸਾਹਿਬ ਵਿਖੇ ਨਿੱਤ ਨਵਾਂ ਵਿਵਾਦ ਪੈਦਾ ਹੋ ਰਿਹਾ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਬਣ ਰਹੇ ਗੁਰਦੁਆਰਾ ਸਾਹਿਬ ਨਾਲ ਸਬੰਧਤ ਮਾਮਲੇ ਬਾਰੇ ਲੰਘੀ 1 ਜੁਲਾਈ ਨੂੰ ਗੁਰਦੁਆਰਾ ਸੱਚਖੰਡ ਅੰਗੀਠਾ ਸਾਹਿਬ ਵਿਖੇ ਸਥਿਤੀ ਉਸ ਸਮੇਂ ਤਣਾਅਪੂਰਨ ਬਣ ਗਈ, ਜਦੋਂ ਗੁਰੂ ਦੀ ਗੋਲਕ ਖੋਲ੍ਹ ਕੇ ਮਾਇਆ ਦੀ ਗਿਣਤੀ ਕਰਨ ਦੇ ਮਾਮਲੇ 'ਤੇ ਪ੍ਰਧਾਨ ਅਤੇ ਮੀਤ ਪ੍ਰਧਾਨ ਨਾਲ ਸਬੰਧਤ ਦੋਵੇਂ ਧਿਰਾਂ ਆਹਮੋ-ਸਾਹਮਣੇ ਹੋ ਗਈਆਂ।

ਮੀਤ ਪ੍ਰਧਾਨ ਬਾਬਾ ਸੁਰਜੀਤ ਸਿੰਘ ਦੁੱਗਾਂ ਨਾਲ ਸਬੰਧਤ ਪੰਚ-ਸਰਪੰਚ ਅਤੇ ਹੋਰ ਲੋਕ ਮਸਤੂਆਣਾ ਸਾਹਿਬ ਵਿਖੇ ਪੁੱਜੇ, ਜਿਨ੍ਹਾਂ ਨੇ ਗੁਰਦੁਆਰਾ ਸੱਚਖੰਡ ਅੰਗੀਠਾ ਸਾਹਿਬ ਅਤੇ ਬਣ ਰਹੇ ਗੁਰਦੁਆਰਾ ਸਾਹਿਬ ਦੀਆਂ ਗੋਲਕਾਂ ਖੋਲ੍ਹਣ ਅਤੇ ਮਾਇਆ ਦੀ ਗਿਣਤੀ ਕਰਕੇ ਸਾਰੀ ਰਕਮ ਬੈਂਕ ਵਿਚ ਜਮ੍ਹਾਂ ਕਰਵਾਉਣ ਦੀ ਮੰਗ ਕੀਤੀ, ਜਦੋਂਕਿ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਬਾਬਾ ਸਾਧੂ ਸਿੰਘ ਨਾਲ ਸਬੰਧਤ ਧਿਰ ਦਾ ਕਹਿਣਾ ਹੈ ਕਿ ਗੁਰਦੁਆਰਾ ਸਾਹਿਬ ਦੀਆਂ ਗੋਲਕਾਂ 15 ਜੂਨ ਨੂੰ ਖੋਲ੍ਹੀਆਂ ਗਈਆਂ ਸਨ ਅਤੇ ਇਕ ਮਹੀਨੇ ਬਾਅਦ 15 ਜੁਲਾਈ ਨੂੰ ਹੀ ਖੋਲ੍ਹੀਆਂ ਜਾਣਗੀਆਂ। ਇਸ ਮਾਮਲੇ 'ਤੇ ਸਥਿਤੀ ਤਣਾਅਪੂਰਨ ਬਣ ਗਈ।

ਇਸ ਤੋਂ ਪਹਿਲਾਂ ਕਿ ਕੋਈ ਅਣਸੁਖਾਵੀਂ ਘਟਨਾ ਵਾਪਰਦੀ, ਡੀ.ਐਸ.ਪੀ. ਕੁਲਦੀਪ ਸ਼ਰਮਾ ਅਤੇ ਐਸ.ਐਚ.ਓ. ਦਵਿੰਦਰ ਸਿੰਘ ਸਮੇਤ ਪੁਲਿਸ ਫੋਰਸ ਮੌਕੇ 'ਤੇ ਪੁੱਜੀ ਅਤੇ ਦੋਵਾਂ ਧਿਰਾਂ ਨਾਲ ਗੱਲਬਾਤ ਕਰਕੇ ਮਾਹੌਲ ਨੂੰ ਵਿਗੜਨ ਤੋਂ ਬਚਾਇਆ। ਫੈਸਲਾ ਹੋਇਆ ਕਿ ਦੋਵੇਂ ਧਿਰਾਂ ਦੇ 5-5 ਮੈਂਬਰਾਂ ਦੀ ਹਾਜ਼ਰੀ ਵਿਚ 10 ਜੁਲਾਈ ਨੂੰ ਗੁਰਦੁਆਰਾ ਸਾਹਿਬ ਦੀਆਂ ਗੋਲਕਾਂ ਖੋਲ੍ਹੀਆਂ ਜਾਣਗੀਆਂ।

ਮੀਤ ਪ੍ਰਧਾਨ ਬਾਬਾ ਸੁਰਜੀਤ ਸਿੰਘ ਦੁੱਗਾਂ ਨਾਲ ਸਬੰਧਤ ਧਿਰ ਵਲੋਂ ਇਕ ਇਕੱਤਰਤਾ ਕਰਕੇ ਕਈ ਮਤੇ ਪਾਸ ਕੀਤੇ



ਗਏ। ਇਕ ਮਤੇ 'ਚ ਕਿਹਾ ਗਿਆ ਕਿ ਪ੍ਰਧਾਨ ਸੰਤ ਬਾਬਾ ਸਾਧੂ ਸਿੰਘ ਦੇ ਬਿਮਾਰ ਹੋਣ ਦਾ ਨਾਜ਼ਾਇਜ ਫਾਇਦਾ ਉਠਾ ਕੇ ਕੁਝ ਸੁਆਰਥੀ ਲੋਕ ਗੁਰੂ ਘਰ ਦੀ ਮਾਇਆ ਦੀ ਦੁਰਵਰਤੋਂ ਕਰ ਰਹੇ ਹਨ, ਜਿਸ ਕਰਕੇ ਗੁਰੂ ਦੀ ਗੋਲਕ ਦੀ ਮਾਇਆ ਦੀ ਗਿਣਤੀ ਕਰਕੇ ਪੈਸਾ ਬੈਂਕ 'ਚ ਜਮ੍ਹਾਂ ਕਰਵਾਉਣਾ ਜ਼ਰੂਰੀ ਹੋ ਗਿਆ ਹੈ।

ਦੂਜੇ ਮਤੇ ਵਿਚ ਕਿਹਾ ਗਿਆ ਕਿ ਇਸ ਅਸਥਾਨ ਦਾ ਕੋਈ ਵੀ ਜਨਰਲ ਸਕੱਤਰ ਨਹੀਂ ਹੈ, ਸਿਰਫ ਦੋਵੇਂ ਅਹੁਦੇਦਾਰ ਪ੍ਰਧਾਨ ਅਤੇ ਮੀਤ ਪ੍ਰਧਾਨ ਖੁਦਮੁਖਤਿਆਰ ਹੋਣਗੇ। ਗੁਰੂ ਘਰ ਦੀ ਮਾਇਆ ਦੀ ਦੁਰਵਰਤੋਂ ਰੋਕਣ ਲਈ ਗੁਰੂ ਦੀਆਂ ਗੋਲਕਾਂ ਇਲਾਕੇ ਦੀਆਂ ਪੰਚਾਇਤਾਂ ਦੀ ਹਾਜ਼ਰੀ ਵਿਚ ਖੋਲ੍ਹੀਆਂ ਜਾਣ। ਦੂਜੇ ਪਾਸੇ ਪ੍ਰਧਾਨ ਬਾਬਾ ਸਾਧੂ ਸਿੰਘ ਦੀ ਧਿਰ ਨਾਲ ਸਬੰਧਤ ਜਗਜੀਤ ਸਿੰਘ ਚੰਗਾਲ ਨੇ ਕਿਹਾ ਕਿ ਉਨ੍ਹਾਂ ਨੂੰ ਇਲਾਕੇ ਦੀ ਸੰਗਤ ਨੇ ਮਿਤੀ 27 ਮਈ ਨੂੰ ਇਕ ਮਤਾ ਪਾਸ ਕਰਕੇ ਇਸ ਅਸਥਾਨ ਦਾ ਜਨਰਲ ਸਕੱਤਰ ਬਣਾਇਆ ਹੋਇਆ ਹੈ ਅਤੇ ਉਹ ਬਤੌਰ ਜਨਰਲ ਸਕੱਤਰ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਲਾਕੇ ਦੀ ਸੰਗਤ ਨੇ 20 ਜੂਨ ਨੂੰ ਇਕ ਮਤੇ ਰਾਹੀਂ ਬਾਬਾ ਸੁਰਜੀਤ ਸਿੰਘ ਦੁੱਗਾਂ ਨੂੰ ਮੀਤ ਪ੍ਰਧਾਨਗੀ ਦੇ ਅਹੁਦੇ ਤੋਂ ਫਾਰਗ ਕਰ ਦਿੱਤਾ ਹੈ।

ਮਸਤੂਆਣਾ ਸਾਹਿਬ ਵਿਖੇ ਪੈਦਾ ਹੋਈ ਅਜੀਬ ਸਥਿਤੀ ਬਾਰੇ ਇਲਾਕੇ ਦੀ ਸੰਗਤ ਭੰਬਲਭੂਸੇ 'ਚ ਹੈ, ਕਿਉਂਕਿ ਦੋਵੇਂ ਧਿਰਾਂ ਮਤੇ ਪਾ ਪਾ ਕੇ ਇਕ ਦੂਜੇ ਨੂੰ ਅਹੁਦੇ ਤੋਂ ਲਾਂਭੇ ਕਰ ਰਹੀਆਂ ਹਨ ਅਤੇ ਗੁਰਦੁਆਰਾ ਸੱਚਖੰਡ ਅੰਗੀਠਾ ਸਾਹਿਬ 'ਤੇ ਕਥਿਤ ਰੂਪ 'ਚ ਆਪੋ ਆਪਣਾ ਕਬਜ਼ਾ ਬਹਾਲ ਰੱਖਣ ਲਈ ਜ਼ੋਰ ਲਾ ਰਹੀਆਂ ਸਨ।

ਇਸ ਸਮੁੱਚੇ ਮਾਮਲੇ 'ਤੇ ਤੀਜੀ ਧਿਰ ਅਤੇ ਕਰੀਬ ਦਰਜ਼ਨਾਂ ਵਿਦਿਅਕ ਸੰਸਥਾਵਾਂ ਦਾ ਪ੍ਰਬੰਧ ਚਲਾ ਰਹੀ ਅਕਾਲ ਕਾਲਜ ਕੌਂਸਲ ਨੇ ਅੱਖ ਰੱਖੀ ਹੋਈ ਹੈ, ਕਿਉਂਕਿ ਕੌਂਸਲ ਦਾ ਦਾਅਵਾ ਹੈ ਕਿ ਜ਼ਿਲ੍ਹੇ ਦੀਆਂ ਸੈਂਕੜੇ ਪੰਚਾਇਤਾਂ ਦੀ ਮੰਗ ਹੈ ਕਿ ਗੁਰਦੁਆਰਾ ਸੱਚਖੰਡ ਅੰਗੀਠਾ ਸਾਹਿਬ ਦੇ ਪ੍ਰਬੰਧਾਂ ਦੀ ਜ਼ਿੰਮੇਵਾਰੀ ਅਕਾਲ ਕਾਲਜ ਕੌਂਸਲ ਨੂੰ ਸੌਂਪੀ ਜਾਵੇ।

## ਮਜੀਠੀਆ ਛੇਤੀ ਹੀ ਬਣਨਗੇ ਕੈਬਨਿਟ ਮੰਤਰੀ

**ਲੁਧਿਆਣਾ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਜ਼ਦੀਕੀ ਰਿਸ਼ਤੇਦਾਰ ਸ. ਬਿਕਰਮ ਸਿੰਘ ਮਜੀਠੀਆ ਵਿਦੇਸ਼ ਤੋਂ ਪਰਤ ਆਏ ਹਨ। ਮਿਲੀ ਸੂਚਨਾ ਅਨੁਸਾਰ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਵਲੋਂ ਵੀ ਅਸਤੀਫਾ ਦੇ ਦਿੱਤਾ ਗਿਆ ਹੈ। ਹੁਣ ਬਿਕਰਮ ਸਿੰਘ ਮਜੀਠੀਆ ਨੂੰ ਛੇਤੀ ਹੀ ਮੰਤਰੀ ਮੰਡਲ 'ਚ ਕੈਬਨਿਟ ਮੰਤਰੀ ਦੀ ਸਹੁੰ ਚੁਕਾਈ ਜਾਵੇਗੀ। ਇਹ ਕਾਰਜ ਕਿਸੇ ਵੇਲੇ ਵੀ ਹੋਣਾ ਸੰਭਵ ਹੈ। ਸੂਤਰਾਂ ਨੇ ਦੱਸਿਆ ਕਿ ਸ. ਮਜੀਠੀਆ ਦੇ ਕੈਬਨਿਟ ਮੰਤਰੀ ਬਣਨ 'ਤੇ ਉਨ੍ਹਾਂ ਨੂੰ ਸਹਿਕਾਰਤਾ ਵਿਭਾਗ ਦਾ ਮਹਿਕਮਾ ਦਿੱਤਾ ਜਾਵੇਗਾ। ਇਹ ਵਿਭਾਗ ਕੈਪਟਨ ਕੰਵਲਜੀਤ ਸਿੰਘ ਦੀ ਮੌਤ ਤੋਂ ਬਾਅਦ ਖਾਲੀ ਹੋਇਆ ਸੀ।



ਸੁਖਬੀਰ ਸਿੰਘ ਬਾਦਲ ਨੂੰ ਉਪ ਮੁੱਖ ਮੰਤਰੀ ਦੇ ਤੌਰ 'ਤੇ ਮਿਲੇ ਹੋਏ ਮਹਿਕਮੇ ਫਿਲਹਾਲ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਕੋਲ ਹੀ ਰਹਿਣਗੇ। ਸੂਤਰਾਂ ਨੇ ਦੱਸਿਆ ਕਿ ਅੰਮ੍ਰਿਤਸਰ ਜ਼ਿਲੇ ਨਾਲ ਸਬੰਧਤ ਮਜੀਠੀਆ ਦਾ ਹਲਕਾ ਪੰਜਾਬ ਦੇ ਚਾਰ ਜ਼ਿਲਿਆਂ 'ਚ ਲੱਗੇ ਚੋਣ ਜ਼ਾਬਤੇ ਤੋਂ ਬਾਹਰ ਹੈ। ਇਸ ਲਈ ਬਿਕਰਮ ਸਿੰਘ ਮਜੀਠੀਆ ਨੂੰ ਕੈਬਨਿਟ ਮੰਤਰੀ ਬਣਾਉਣ 'ਚ ਕੋਈ ਅੜਚਨ ਨਹੀਂ ਹੈ।

## ਮਸ਼ਹੂਰ ਸਾਹਿਤਕਾਰ ਭੂਸ਼ਨ ਧਿਆਨਪੁਰੀ ਨਹੀਂ ਰਹੇ

**ਚੰਡੀਗੜ੍ਹ :** ਪੰਜਾਬੀ ਦੇ ਸਿਰਮੌਰ ਵਿਅੰਗਕਾਰ, ਚਿੰਤਕ ਅਤੇ ਕਵੀ ਪ੍ਰੋ. ਭੂਸ਼ਨ ਧਿਆਨਪੁਰੀ ਦਾ ਦੇਹਾਂਤ ਹੋ ਗਿਆ। 6 ਮਾਰਚ 1944 ਨੂੰ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਧਿਆਨਪੁਰ ਵਿਖੇ ਜਨਮੇ ਭੂਸ਼ਨ ਧਿਆਨਪੁਰੀ ਦੇ ਪ੍ਰਸ਼ੰਸਕਾਂ ਦੀ ਗਿਣਤੀ ਕਾਫੀ ਜ਼ਿਆਦਾ ਹੈ। ਭੂਸ਼ਣ ਧਿਆਨਪੁਰੀ, ਜੋ ਆਪਣੀਆਂ ਲਿਖਤਾਂ ਰਾਹੀਂ ਸਾਹਿਤਕਾਰਾਂ ਅਤੇ ਆਮ ਪਾਠਕਾਂ ਤੱਕ ਪਹੁੰਚਿਆ ਹੈ, ਉਸ ਤੋਂ ਕਿਤੇ ਵਧ ਉਹ ਆਪਣੀਆਂ ਮੌਖਿਕ, ਸਾਹਿਤਕ ਟਿੱਪਣੀਆਂ ਅਤੇ ਟਿੱਚਰਾਂ ਰਾਹੀਂ ਸਾਹਿਤਕ ਹਲਕਿਆਂ ਵਿਚ ਮਕਬੂਲ ਹੋਇਆ। ਵਿਅੰਗ 'ਤੇ ਵਿਅੰਗ ਕਰਨ ਦੇ ਹੁਨਰ ਦਾ ਬਲ ਉਸ ਨੂੰ ਬਾਖ਼ੂਬੀ ਆਉਂਦਾ ਸੀ।



**ਪ੍ਰੋ. ਭੂਸ਼ਨ ਧਿਆਨਪੁਰੀ**

ਉਨ੍ਹਾਂ ਦਾ ਪਹਿਲਾ ਕਾਵਿ ਸੰਗ੍ਰਹਿ 'ਇਕ ਮਸੀਹਾ ਹੋਰ', ਫਿਰ ਚਿੰਤਨ ਦੇ ਖੇਤਰ ਦੀ ਪੁਸਤਕ, 'ਸਿਰਜਣਹਾਰਾ' ਅਤੇ ਉਸ ਤੋਂ ਬਾਅਦ ਵਿਅੰਗ-ਕਾਵਿ ਸੰਗ੍ਰਹਿ 'ਜਾਂਦੀ ਵਾਰ ਦਾ ਸੱਚ' ਆਪਣੇ ਵਕਤ ਦੀਆਂ ਬਹੁ-ਚਰਚਿਤ ਪੁਸਤਕਾਂ ਰਹੀਆਂ ਹਨ। ਇਸ ਸੋਗ ਦੀ ਘੜੀ ਵਿਚ ਪ੍ਰਮੁੱਖ ਕਹਾਣੀਕਾਰ ਮੋਹਨ ਭੰਡਾਰੀ ਦਾ ਕਹਿਣਾ ਹੈ ਕਿ "ਉਹ ਮੇਰਾ ਜਿਗਰੀ ਯਾਰ ਤੇ ਜ਼ਹੀਨ ਲੇਖਕ ਸੀ। ਜਿਸ ਆਤਮ ਬਲ, ਦ੍ਰਿੜਤਾ ਅਤੇ ਧੀਰਜ ਨਾਲ ਉਹ ਤਸੀਹੇ (ਕੈਂਸਰ ਦੀ ਬਿਮਾਰੀ ਨਾਲ ਪੀੜਤ) ਝੱਲ ਰਿਹਾ ਸੀ, ਲਗਦਾ ਸੀ ਕਿ ਜਿੱਤ ਭੂਸ਼ਨ ਦੀ ਹੀ ਹੋਵੇਗੀ। ਪਰ ਕਾਸ਼! ਅਜਿਹਾ ਵਾਪਰ ਜਾਂਦਾ।" ਇਨਾ ਕਹਿ ਕੇ ਸ੍ਰੀ ਭੰਡਾਰੀ ਦਿਲ ਦੀ ਗਹਿਰਾਈ ਤੋਂ ਗ਼ਮਗੀਨ ਹੋ ਗਏ।

ਭੂਸ਼ਨ ਧਿਆਨਪੁਰੀ ਦੀ ਮੌਤ 'ਤੇ ਵੱਖ ਵੱਖ ਸਾਹਿਤਕ ਸੰਸਥਾਵਾਂ ਵਲੋਂ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਗਈ ਹੈ। ਇਨ੍ਹਾਂ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਪ੍ਰੋ. ਅਨੂਪ ਸਿੰਘ ਵਿਰਕ, ਜਨਰਲ ਸਕੱਤਰ ਡਾ. ਸਰਬਜੀਤ ਸਿੰਘ, ਕਾਇਨਾਤ ਆਰਟਸ ਦੇ ਗੌਵਰਧਨ ਗੱਬੀ, ਰਾਈਟਰਜ਼ ਕਲੱਬ ਦੇ ਦੇਵ ਭਾਰਦਵਾਜ ਅਤੇ ਪ੍ਰੋ. ਸ਼ਾਮ ਸਿੰਘ, ਪੰਜਾਬੀ ਲੇਖਕ ਸਭਾ ਚੰਡੀਗੜ੍ਹ ਦੇ ਡਾ. ਲਾਭ ਸਿੰਘ ਖੀਵਾ, ਸਾਹਿਤ ਚਿੰਤਨ ਦੇ ਸਰਦਾਰਾ ਸਿੰਘ ਚੀਮਾ, ਕਵਿਤਾ ਕੇਂਦਰ ਦੇ ਕਰਮ ਸਿੰਘ ਵਕੀਲ, ਸਾਹਿਤ ਸਭਾ ਮੋਹਾਲੀ ਦੇ ਮਨਮੋਹਨ ਸਿੰਘ ਦਾਊਂ,ਪੰਜਾਬੀ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਪ੍ਰੋ. ਸੁਖਦੇਵ ਸਿੰਘ, ਵਿਰਾਸਤ ਦੇ ਗੁਲ ਚੌਹਾਨ, ਕਹਾਣੀਕਾਰ ਕਸ਼ਮੀਰ ਸਿੰਘ ਪਨੂੰ, ਪ੍ਰੇਮ ਗੋਰਖੀ ਅਤੇ ਹੋਰ ਬਹੁਤ ਸਾਰੇ ਅਦਾਰੇ ਤੇ ਲੇਖਕ ਸ਼ਾਮਲ ਹਨ।

ਪੱਤਰਕਾਰ ਤੇ ਲੇਖਕ ਸਿੱਧੂ ਦਮਦਮੀ ਦੇ ਉਦਮ ਨਾਲ ਉਨ੍ਹਾਂ ਦੀਆਂ ਰਚਨਾਵਾਂ ਦਾ ਵੱਡ-ਆਕਾਰੀ ਸੰਗ੍ਰਹਿ 'ਮੇਰੀ ਕਿਤਾਬ' ਜਲਦੀ ਪ੍ਰਕਾਸ਼ਤ ਹੋ ਰਿਹਾ ਹੈ। ਭੂਸ਼ਨ ਧਿਆਨਪੁਰੀ ਆਪਣੇ ਪਿੱਛੇ ਦੋ ਬੇਟੇ ਅੰਸ਼ਮਾਨ ਤੇ ਅਲੀ ਅਤੇ ਪਤਨੀ ਸੁਰਿੰਦਰ ਕੌਰ ਛੱਡ ਗਏ ਹਨ।

## ਇੰਦਰਜੀਤ ਸਿੰਘ ਗਿੱਲ ਬਣੇ ਮਹਿਲਾ ਹਾਕੀ ਟੀਮ ਦੇ ਕੋਚ

**ਪਟਿਆਲਾ :** ਐਨ.ਆਈ.ਐਸ. ਦੇ ਸਾਈ ਸੈਂਟਰ ਵਿਚ ਲੰਬੇ ਸਮੇਂ ਤੋਂ ਦੇਸ਼ ਲਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਹਾਕੀ ਖਿਡਾਰੀ ਦੇਣ ਵਾਲੇ ਨਾਮਵਰ ਕੋਚ ਇੰਦਰਜੀਤ ਸਿੰਘ ਗਿੱਲ ਨੂੰ ਭਾਰਤ ਦੀ ਮਹਿਲਾ ਹਾਕੀ ਟੀਮ ਦਾ ਕੋਚ ਨਿਯੁਕਤ ਕਰ ਦਿੱਤਾ ਗਿਆ ਹੈ। 'ਹਾਕੀ ਇੰਡੀਆ' ਬੈਨਰ ਹੇਠ ਪਹਿਲੀ ਵਾਰ ਚੁਣੀ ਗਈ ਮਹਿਲਾ ਹਾਕੀ ਟੀਮ ਜਿਸ ਨੇ ਚੀਨ ਵਿਚ ਏਸ਼ੀਆਈ ਹਾਕੀ ਕੱਪ-ਅੰਡਰ 18 ਖੇਡਣਾ ਹੈ, ਲਈ ਇਹ ਕੋਚ ਹੁਣ ਭਾਰਤੀ ਟੀਮ ਨਾਲ ਚੀਨ ਰਵਾਨਾ ਹੋਣਗੇ। ਟੀਮ ਦੀ ਬਾਕਾਇਦਾ ਚੋਣ ਹੋ ਚੁੱਕੀ ਹੈ ਤੇ ਇਹ ਟੀਮ 12 ਜੁਲਾਈ ਦੇ ਨੇੜੇ ਚੀਨ ਲਈ ਰਵਾਨਾ ਹੋਵੇਗੀ। ਸ. ਇੰਦਰਜੀਤ ਸਿੰਘ ਗਿੱਲ ਨੂੰ ਭਾਰਤ ਦੇ ਕਈ ਨਾਮੀ ਅੰਤਰਰਾਸ਼ਟਰੀ ਹਾਕੀ ਖਿਡਾਰੀ ਤਿਆਰ ਕਰਨ ਦਾ ਸਿਹਰਾ ਪ੍ਰਾਪਤ ਹੈ। ਮੌਜੂਦਾ ਭਾਰਤੀ ਪੁਰਸ਼ ਹਾਕੀ ਟੀਮ ਦੇ ਕਪਤਾਨ ਸੰਦੀਪ ਸਿੰਘ ਉਨ੍ਹਾਂ ਦੀ ਛਤਰ ਛਾਇਆ ਹੇਠ ਹੀ ਸਿਖਲਾਈ ਲੈ ਕੇ ਇਥੇ ਤੱਕ ਪਹੁੰਚੇ। ਇਸ ਤੋਂ ਇਲਾਵਾ ਓਲੰਪੀਅਨ ਦੀਪਕ ਠਾਕੁਰ ਸਮੇਤ ਕਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਖਿਡਾਰੀ ਇਨ੍ਹਾਂ ਤੋਂ ਸਿਖਲਾਈ ਪ੍ਰਾਪਤ ਕਰ ਕੇ ਦੇਸ਼ ਦਾ ਨਾਂ ਚਮਕਾ ਚੁੱਕੇ ਹਨ।







**Punjab Times**
Established in 2000
10th Year of Publication

Published every Saturday
by A B Publication Inc.
20451 N Plum Grove Rd.
Palatine, IL 60074-2018

Ph:847-359-0746
Fax:847-705-9388

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**California Bureau:**
Ashok Bhaura
(Bureau Chief)
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664

**Honorary Directors Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 75 ਡਾਲਰ,
ਪੰਜ ਸਾਲ ਲਈ: 350 ਡਾਲਰ

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮੁਖਰਜੀ ਵਲੋਂ ਆਮ ਆਦਮੀ ਨੂੰ ਲੁਭਾਉਣ ਵਾਲਾ ਬਜਟ ਪੇਸ਼

ਪੜ੍ਹਾਈ ਕਰਨ ਵਾਲੇ ਕਰੀਬ ਪੰਜ ਲੱਖ ਵਿਦਿਆਰਥੀਆਂ ਲਈ ਸਬਸਿਡੀ ਦਾ ਇੰਤਜ਼ਾਮ ਕੀਤਾ ਗਿਆ ਹੈ, ਖਾਸ ਕਰਕੇ ਘੱਟ ਗਿਣਤੀਆਂ ਅਤੇ ਅਨੁਸੂਚਿਤ ਜਾਤੀ ਨਾਲ ਸਬੰਧਤ ਔਰਤਾਂ ਨੂੰ ਸਿੱਖਿਆ ਦੇਣ ਲਈ ਕੌਮੀ ਪ੍ਰੋਗਰਾਮ ਉਲੀਕਿਆ ਗਿਆ ਹੈ। ਗ਼ੈਰ-ਸੰਗਠਿਤ ਖੇਤਰ ਨੂੰ ਸਮਾਜਿਕ ਸੁਰੱਖਿਆ ਦਿੱਤੇ ਜਾਣ ਦੀ ਸਭ ਤੋਂ ਵੱਧ ਜ਼ਰੂਰਤ ਸੀ, ਉਸ ਦੇ ਲਈ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਫੌਜੀ ਜਵਾਨਾਂ ਨੂੰ ਪੈਨਸ਼ਨ ਦਾ ਲਾਭ ਮਿਲੇਗਾ ਅਤੇ ਸਾਬਕਾ ਫੌਜੀਆਂ ਲਈ ਇਕ ਰੁਤਬਾ-ਇਕ ਪੈਨਸ਼ਨ ਸਕੀਮ ਮਨਜ਼ੂਰ ਕਰ ਲਈ ਗਈ ਹੈ। ਗਰੀਬਾਂ ਨੂੰ ਸਸਤੇ ਭਾਅ 'ਤੇ ਖਾਣਾ ਦੇਣ ਲਈ ਕੌਮੀ ਖੁਰਾਕ ਸੁਰੱਖਿਆ ਸਕੀਮ ਸ਼ੁਰੂ ਕੀਤੀ ਗਈ ਹੈ। ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ ਲਈ 59 ਫ਼ੀਸਦੀ ਹੋਰ ਫੰਡਾਂ ਦੀ ਵਿਵਸਥਾ ਕਰ ਦਿੱਤੀ ਗਈ ਹੈ। ਕੌਮੀ ਪੇਂਡੂ ਰੁਜ਼ਗਾਰ ਗਾਰੰਟੀ ਯੋਜਨਾ ਤਹਿਤ ਦਿਹਾੜੀ 100 ਰੁਪਿਆ ਕਰਕੇ ਇਸ ਦੇ ਲਈ 39,100 ਕਰੋੜ ਦੇ ਫੰਡ ਰੱਖੇ ਗਏ ਹਨ। ਖੇਤੀ ਕਰਜ਼ਿਆਂ ਲਈ ਰਕਮ 2,8700 ਕਰੋੜ ਤੋਂ ਵਧਾ ਕੇ 3,2500 ਕਰੋੜ ਰੁਪਏ ਕੀਤੀ ਗਈ ਹੈ। ਕੌਮੀ ਪੇਂਡੂ ਸਿਹਤ ਮਿਸ਼ਨ ਤਹਿਤ ਅੰਤਿਮ ਬਜਟ ਨਾਲੋਂ 257 ਕਰੋੜ ਰੁਪਏ ਵਧਾ ਦਿੱਤੇ ਗਏ ਹਨ। ਸ਼ਹਿਰੀ ਗਰੀਬਾਂ ਲਈ ਸਕੀਮਾਂ ਵਾਸਤੇ ਫੰਡ ਵਧਾ ਕੇ 39,730 ਕਰੋੜ ਰੁਪਏ ਕਰ ਦਿੱਤੇ ਗਏ ਹਨ।

ਤਨਖਾਹਦਾਰ ਮੁਲਾਜ਼ਮਾਂ ਨੂੰ ਟੈਕਸ ਨਾਲ ਜੁੜੀਆਂ ਰਿਆਇਤਾਂ ਬਹੁਤੀਆਂ ਨਹੀਂ ਹਨ। ਵਿੱਤ ਮੰਤਰੀ ਵਲੋਂ ਕੇਵਲ 10 ਹਜ਼ਾਰ ਦੀ ਰਿਆਇਤ ਮੁਲਾਜ਼ਮ ਵਰਗ ਨੂੰ ਦਿੱਤੀ ਗਈ ਹੈ ਪਰ 'ਫਰਿੰਜ ਬੈਨੀਫਿਟ ਟੈਕਸ' ਖ਼ਤਮ ਕੀਤੇ ਜਾਣ ਦਾ ਲਾਭ ਮੁਲਾਜ਼ਮਾਂ ਨੂੰ ਜ਼ਰੂਰ ਹੋ ਸਕਦਾ ਹੈ, ਕਿਉਂਕਿ ਜਿਹੜੀਆਂ ਸੰਸਥਾਵਾਂ ਇਸ ਟੈਕਸ ਤੋਂ ਡਰਦੀਆਂ ਆਪਣੇ ਮੁਲਾਜ਼ਮਾਂ ਨੂੰ ਕੋਈ ਰਿਆਇਤਾਂ ਦੇਣ ਤੋਂ ਗੁਰੇਜ਼ ਕਰਦੀਆਂ ਸਨ, ਉਹ ਹੁਣ ਦੇ ਸਕਣਗੀਆਂ। ਚੋਣ ਫੰਡਾਂ ਵਿਚ ਪਾਰਦਰਸ਼ਤਾ ਲਿਆਏ ਜਾਣ ਦੀ ਗੱਲ ਵਾਰ-ਵਾਰ ਉਠਦੀ ਰਹੀ ਹੈ। ਸਿਆਸੀ ਪਾਰਟੀਆਂ ਨੂੰ ਅਜਿਹੇ ਫੰਡਾਂ ਲਈ ਦਾਨ 'ਤੇ ਸੌ ਫੀਸਦੀ ਕਟੌਤੀ ਦੀ ਆਗਿਆ ਦੇਣ ਨਾਲ ਪਾਰਦਰਸ਼ਤਾ ਦਾ ਮਸਲਾ ਕਾਫੀ ਹੱਦ ਤੱਕ ਹੱਲ ਹੋ ਜਾਵੇਗਾ। ਦੇਸ਼ ਨੂੰ ਆਂਢ-ਗੁਆਂਢ ਤੋਂ ਦਰਪੇਸ਼ ਚੁਣੌਤੀਆਂ ਦੇ ਮੱਦੇਨਜ਼ਰ ਰੱਖਿਆ ਖਰਚੇ ਵਿਚ 34 ਫੀਸਦੀ ਦਾ ਵਾਧਾ ਕੀਤਾ ਗਿਆ ਹੈ।

ਵੋਟਰਾਂ ਨੇ ਕਾਂਗਰਸ ਦੀ ਅਗਵਾਈ ਵਿਚ ਜੇਕਰ ਯੂ.ਪੀ.ਏ. ਨੂੰ ਦੂਜੀ ਵਾਰ ਕੇਂਦਰ ਦੀ ਹਕੂਮਤ 'ਤੇ ਬਿਠਾਇਆ ਹੈ ਤਾਂ ਇਹ ਸਮਝਿਆ ਜਾਣਾ ਵੀ ਸੁਭਾਵਿਕ ਹੀ ਹੈ ਕਿ ਲੋਕਾਂ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਪਿਛਲੀ ਵਾਰ ਸ਼ੁਰੂ ਕੀਤੀਆਂ ਗਈਆਂ ਵਿਕਾਸ ਸਕੀਮਾਂ ਨੂੰ ਚੰਗਾ ਸਮਝਿਆ ਹੈ। ਇਸ ਲਈ ਇਸ ਬਜਟ ਵਿਚ ਉਨ੍ਹਾਂ ਸਕੀਮਾਂ ਨੂੰ ਹੀ ਥੋੜ੍ਹੇ-ਬਹੁਤੇ ਫਰਕ ਨਾਲ ਹੋਰ ਮਜ਼ਬੂਤ ਕਰਨ ਦਾ ਯਤਨ ਕੀਤਾ ਗਿਆ ਹੈ। ਕੇਂਦਰ ਸਰਕਾਰ ਨੇ ਗਰੀਬਾਂ ਨੂੰ ਸਸਤਾ ਅਨਾਜ ਦੇਣ ਦਾ ਬੀੜਾ ਚੁੱਕਿਆ ਹੈ, ਪਰ ਇਸ ਨਾਲ ਖਜ਼ਾਨੇ 'ਤੇ ਪੈਣ ਵਾਲੇ ਆਰਥਿਕ ਬੋਝ ਨੂੰ ਕਿਵੇਂ ਸਹਿਣ ਕਰਨਾ ਹੈ, ਕੁਝ ਨਹੀਂ ਦੱਸਿਆ। ਜਨਤਕ ਫੰਡ ਪ੍ਰਣਾਲੀ ਦਾ ਤਾਂ ਪਹਿਲਾਂ ਹੀ ਬੁਰਾ ਹਾਲ ਹੈ। ਨਵੇਂ ਟੈਕਸਾਂ ਬਾਰੇ ਬਜਟ ਖਾਮੋਸ਼ ਹੀ ਹੈ ਫਿਰ ਵੱਖ ਵੱਖ ਪ੍ਰਾਜੈਕਟਾਂ ਲਈ, ਜਿਵੇਂ ਫੰਡਾਂ ਦੀ ਵਿਵਸਥਾ ਕੀਤੀ ਗਈ ਹੈ, ਉਹ ਪੈਸਾ ਕਿਥੋਂ ਆਵੇਗਾ? ਅਸਿੱਧੇ ਟੈਕਸਾਂ ਤੋਂ ਅਨੁਮਾਨਤ ਆਮਦਨ ਅਤੇ ਟੈਕਸ-ਅੰਕੜਿਆਂ ਨਾਲ ਕੀਤੀ ਗਈ ਜਾਦੂਗਰੀ ਸ਼ਾਇਦ ਨਵੇਂ ਖਰਚਿਆਂ ਦੀ ਪੂਰਤੀ ਨਾ ਕਰ ਸਕੇ। ਵਿਕਾਸ ਲਈ ਪੈਸਾ ਕਰਜੇ ਰਾਹੀਂ ਹੀ ਚੁੱਕਿਆ ਜਾ ਸਕਦਾ ਹੈ। ਇਸ ਕਾਰਨ ਹੋਣ ਵਾਲੇ ਮਾਲੀ ਘਾਟੇ ਨੂੰ ਵੇਖਦਿਆਂ ਸੈਨਸੈਕਸ ਪਹਿਲੇ ਦਿਨ ਹੀ ਲੁੜਕ ਗਿਆ। ਅਗੇ ਕੀ ਵਾਪਰਦਾ ਹੈ ਇਹ ਦਿਲਚਸਪੀ ਨਾਲ ਵੇਖਿਆ ਜਾਵੇਗਾ।

### ਬਜਟ ਦੇ ਮੁੱਖ ਅੰਸ਼

*ਨਿਜੀ ਆਮਦਨ ਕਰ ਲਈ ਆਮਦਨ ਹੱਦ ਦੀ ਛੋਟ ਵਿਚ ਸਭਨਾਂ ਲਈ 10 ਹਜ਼ਾਰ ਰੁਪਏ ਦਾ ਵਾਧਾ

*ਆਮਦਨ ਟੈਕਸ 'ਤੇ ਲਗਦਾ 10 ਫੀਸਦੀ ਸਰਚਾਰਜ ਖ਼ਤਮ

*ਕਾਰਪੋਰੇਟ ਟੈਕਸ ਦਰ 'ਚ ਤਬਦੀਲੀ ਨਹੀਂ-ਘੱਟੋ ਘੱਟ ਬਦਲਵੇਂ ਟੈਕਸ (ਐਮ.ਏ.ਟੀ.) ਦੀ ਦਰ 15% ਕੀਤੀ

*ਕਾਨੂੰਨੀ ਸੇਵਾਵਾਂ ਸਰਵਿਸ ਟੈਕਸ ਦੇ ਦਾਇਰੇ 'ਚ ਲਿਆਂਦੀਆਂ

*ਐਲ.ਸੀ.ਡੀ.ਟੀ.ਵੀ. ਸਸਤੇ ਹੋਣਗੇ ਪਰ ਸੈੱਟ ਟਾਪ ਬਕਸੇ ਮਹਿੰਗੇ

*ਬ੍ਰਾਂਡਡ ਗਹਿਣੇ ਸਸਤੇ, ਇਨ੍ਹਾਂ 'ਤੇ ਪੈਦਾਵਾਰੀ ਮਹਿਸੂਲ ਖ਼ਤਮ

*ਸੋਨਾ ਚਾਂਦੀ ਮਹਿੰਗੇ-ਇਨ੍ਹਾਂ 'ਤੇ ਕਸਟਮ ਮਹਿਸੂਲ 'ਚ ਵਾਧਾ

*ਆਰਥਿਕ ਵਿਕਾਸ ਦਾ ਟੀਚਾ 9 ਫੀਸਦੀ

*'ਨਰੇਗਾ' ਲਈ ਰਾਖਵੀਂ ਰਕਮ ਵਿਚ 87 ਫੀਸਦੀ ਵਿਚ ਵਾਧਾ

*ਕੌਮੀ ਖੁਰਾਕ ਸੁਰੱਖਿਆ ਯੋਜਨਾ 'ਤੇ ਕੰਮ ਸ਼ੁਰੂ

*ਸ਼ਾਹਰਾਹਾਂ ਦੀ ਉਸਾਰੀ ਲਈ ਰਕਮਾਂ ਵਿਚ 23 ਫੀਸਦੀ ਦਾ ਵਾਧਾ

### ਰੱਖਿਆ ਬਜਟ ਵਿਚ 34 ਫੀਸਦੀ ਵਾਧਾ

**ਨਵੀਂ ਦਿੱਲੀ:** ਫੌਜੀ ਸਮੱਗਰੀ ਦੀ ਖਰੀਦ ਨੂੰ ਗਤੀ ਦੇਣ ਲਈ ਸਰਕਾਰ ਨੇ ਰੱਖਿਆ ਬਜਟ 1,41,703 ਕਰੋੜ ਰੁਪਏ ਰੱਖਦਿਆਂ ਪਿਛਲੇ ਸਾਲ ਦੇ ਮੁਕਾਬਲੇ ਇਸ 'ਚ ਸਿੱਧਾ 34 ਫੀਸਦੀ ਵਾਧਾ ਕੀਤਾ ਹੈ। ਪਿਛਲੇ ਸਾਲ ਦੇ ਰੱਖਿਆ ਬਜਟ 1,05,600 ਕਰੋੜ ਨਾਲੋਂ ਐਤਕੀ 36, 103 ਕਰੋੜ ਰੁਪਏ ਵੱਧ ਬਜਟ 'ਚ ਰੱਖੇ ਗਏ ਹਨ। ਐਤਕੀਂ ਸਰਕਾਰ ਦੀ ਮਨਸ਼ਾ ਸੁਰੱਖਿਆ ਲਈ ਸਾਜ਼ੋ-ਸਮੱਗਰੀ ਦੀ ਖਰੀਦ 'ਚ ਤੇਜ਼ੀ ਲਿਆਉਣ ਤੇ ਪਿਛਲੇ ਸਾਲ 26/11 ਨੂੰ ਮੁੰਬਈ ਹਮਲੇ ਨੇ ਨੰਗੇ ਕੀਤੇ ਰੱਖਿਆ ਪ੍ਰਬੰਧਾਂ ਨੂੰ ਪੱਕੇ ਕਰਨਾ ਹੈ।

ਇਸ ਵਾਧੇ ਦੇ ਬਾਵਜੂਦ ਭਾਰਤ ਦਾ ਰੱਖਿਆ ਖਰਚਾ ਕੁੱਲ ਘਰੇਲੂ ਉਤਪਾਦਨ ਦਾ 2 ਫੀਸਦੀ ਹੈ, ਜੋ, ਚੀਨ 'ਚ 7 ਫੀਸਦੀ ਤੇ ਪਾਕਿਸਤਾਨ 'ਚ 5 ਫੀਸਦੀ ਹੈ।

### ਹਰ ਰੁਪਏ ਵਿਚੋਂ 34 ਪੈਸੇ ਉਧਾਰ ਲੈਣੇ ਪੈਣਗੇ

**ਨਵੀਂ ਦਿੱਲੀ:** ਚਾਲੂ ਮਾਲੀ ਸਾਲ ਦੇ ਆਮ ਬਜਟ ਅਨੁਸਾਰ ਸਰਕਾਰ ਨੂੰ ਹਰ ਰੁਪਏ ਨੂੰ ਜੁਟਾਉਣ ਲਈ 34 ਪੈਸੇ ਉਧਾਰ ਲੈਣੇ ਪੈਣਗੇ ਅਤੇ 66 ਪੈਸੇ ਬਾਕੀ ਪ੍ਰਾਪਤੀਆਂ ਤੋਂ ਹਾਸਲ ਹੋਣਗੇ। ਦੇਸ਼ ਦੇ ਹਰ ਸ਼ਹਿਰੀ 'ਤੇ 1177 ਰੁਪਏ ਦਾ ਵਿਦੇਸ਼ੀ ਕਰਜ਼ਾ ਹੈ। ਸਰਕਾਰ ਹਰੇਕ ਰੁਪਈਆ ਕਿਵੇਂ ਜੁਟਾਏਗੀ ਅਤੇ ਉਸਨੂੰ ਕਿਵੇਂ ਖਰਚ ਕਰੇਗੀ, ਉਹ ਹੇਠ ਲਿਖੇ ਅਨੁਸਾਰ ਹੈ-

ਆਉਣ ਵਾਲਾ ਰੁਪਈਆ-ਉਧਾਰ ਅਤੇ ਹੋਰ ਲੈਣਦਾਰੀਆਂ 34 ਪੈਸੇ, ਨਿਗਮ ਟੈਕਸ 22 ਪੈਸੇ, ਇਨਕਮ ਟੈਕਸ 9 ਪੈਸੇ, ਕੇਂਦਰੀ ਐਕਸਾਈਜ਼ ਡਿਊਟੀ 9 ਪੈਸੇ ਅਤੇ ਕਸਟਮ ਡਿਊਟੀ 8 ਪੈਸੇ, ਸੇਵਾ ਟੈਕਸ ਅਤੇ ਹੋਰ ਟੈਕਸ 5 ਪੈਸੇ, ਟੈਕਸਾਂ ਤੋਂ ਬਾਹਰੀ ਆਮਦਨ 12 ਪੈਸੇ ਅਤੇ ਗੈਰ ਕਰਜ਼ਾ ਪੂੰਜੀ ਪ੍ਰਾਪਤੀ 1 ਪੈਸਾ।

ਜਾਣ ਵਾਲਾ ਰੁਪਈਆ-ਕੇਂਦਰੀ ਯੋਜਨਾ 20 ਪੈਸੇ, ਵਿਆਜ ਅਦਾਇਗੀ 19 ਪੈਸੇ, ਰੱਖਿਆ ਖਰਚਾ 12 ਪੈਸੇ, ਆਰਥਿਕ ਸਹਾਇਤਾ 10 ਪੈਸੇ, ਯੋਜਨਾ ਤੋਂ ਬਾਹਰਲੀ ਖਰਚਾ 14 ਪੈਸੇ, ਟੈਕਸਾਂ ਅਤੇ ਡਿਊਟੀਆਂ ਵਿਚ ਸੂਬਿਆਂ ਦਾ ਹਿੱਸਾ 14 ਪੈਸੇ, ਸੂਬਿਆਂ ਅਤੇ ਕੇਂਦਰ ਸ਼ਾਸਤ ਸੂਬਿਆਂ ਦੀ ਸਰਕਾਰਾਂ ਨੂੰ ਯੋਜਨਾ ਤੋਂ ਬਾਹਰਲੀ ਸਹਾਇਤਾ 4 ਪੈਸੇ ਅਤੇ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਯੋਜਨਾ ਸਹਾਇਤਾ 7 ਪੈਸੇ।

## ਵਿਰੋਧੀ ਪਾਰਟੀਆਂ ਵਲੋਂ ਬਜਟ ਦੀ ਅਲੋਚਨਾ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਸੰਸਦ ਵਿਚ ਕੇਂਦਰੀ ਵਿੱਤ ਮੰਤਰੀ ਵਲੋਂ ਪੇਸ਼ ਕੀਤੇ ਗਏ 2009-10 ਦੇ ਬਜਟ ਨੂੰ ਵਿਕਾਸਮੁਖੀ ਕਰਾਰ ਦਿੰਦਿਆਂ ਉਸ ਦਾ ਸਵਾਗਤ ਕੀਤਾ, ਜਦੋਂਕਿ ਭਾਰਤੀ ਜਨਤਾ ਪਾਰਟੀ, ਖੱਬੇ ਪੱਖੀ ਧਿਰਾਂ ਤੇ ਸਮਾਜਵਾਦੀ ਪਾਰਟੀ ਨੇ ਬਜਟ ਦੀਆਂ ਸਿਫ਼ਾਰਸ਼ਾਂ ਦਾ ਤਿੱਖਾ ਵਿਰੋਧ ਕੀਤਾ। ਉਧਾਰ ਬੈਂਕਿੰਗ ਖੇਤਰ, ਕਾਰੋਬਾਰੀਆਂ ਤੇ ਬੁਨਿਆਦੀ ਢਾਂਚੇ ਨਾਲ ਸਬੰਧਤ ਲੋਕਾਂ ਨੇ ਸਾਲਾਨਾ ਬਜਟ ਦੀ ਭਰਪੂਰ ਸ਼ਲਾਘਾ ਕੀਤੀ। ਸ੍ਰੀ ਪੀ. ਚਿਦੰਬਰਮ, ਜੋ ਕਿ ਯੂ.ਪੀ.ਏ ਦੀ ਸਰਕਾਰ ਦੀ ਪਿਛਲੀ ਮਿਆਦ ਵੇਲੇ ਕੇਂਦਰੀ ਵਿਚ ਮੰਤਰੀ ਵਜੋਂ ਲਗਾਤਾਰ 5 ਸਾਲ ਬਜਟ ਪੇਸ਼ ਕਰਦੇ ਰਹੇ ਹਨ, ਨੇ ਕਿਹਾ 2009-10 ਦਾ ਬਜਟ ਵਧੀਆ ਸੂਝ ਤੇ ਮੁਹਾਰਤ ਨਾਲ ਤਿਆਰ ਕੀਤਾ ਗਿਆ ਹੈ। ਦੂਜੇ ਪਾਸੇ ਭਾਜਪਾ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਨੇ ਬਜਟ ਨੂੰ ਲੋਕ-ਵਿਰੋਧੀ ਦੱਸਿਆ। ਸਾਬਕਾ ਰੇਲ ਮੰਤਰੀ ਲਾਲੂ ਪ੍ਰਸਾਦ ਯਾਦਵ, ਜੋ ਹਾਲ ਹੀ ਵਿਚ ਪੇਸ਼ ਕੀਤੇ ਗਏ ਰੇਲ ਬਜਟ ਤੋਂ ਕਾਫੀ ਖਫ਼ਾ ਸਨ, ਨੇ ਸਾਲਾਨਾ ਬਜਟ ਨੂੰ 'ਸੰਤੁਲਤ' ਬਜਟ ਦੱਸਦਿਆਂ ਕਿਹਾ ਕਿ ਨਰੇਗਾ ਤੇ ਹੈਲਥ ਮਿਸ਼ਨ ਯੋਜਨਾਵਾਂ ਜ਼ਰੀਏ ਪੇਂਡੂ ਲੋਕਾਂ ਨੂੰ ਚੰਗੀਆਂ ਸੇਵਾਵਾਂ ਪੇਸ਼ ਕੀਤੀਆਂ ਜਾ ਸਕਣਗੀਆਂ।

ਕੇਂਦਰ ਸਰਕਾਰ ਨੂੰ ਸਮਰਥਨ ਦੇਣ ਵਾਲੀ ਸਮਾਜਵਾਦੀ ਪਾਰਟੀ ਦੇ ਮੁਖੀ ਮੁਲਾਇਮ ਸਿੰਘ ਯਾਦਵ ਨੇ ਕੇਂਦਰੀ ਬਜਟ ਦਾ ਤਿੱਖਾ ਵਿਰੋਧ ਕਰਦਿਆਂ ਇਸ ਨੂੰ ਕਿਸਾਨ-ਵਿਰੋਧੀ ਤੇ ਪੇਂਡੂ ਇਲਾਕਾ-ਵਿਰੋਧੀ ਕਰਾਰ ਦਿੱਤਾ। ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵਿਚ ਕੇਂਦਰੀ ਵਿੱਤ ਮੰਤਰੀ ਰਹੇ ਯਸ਼ਵੰਤ ਸਿਨਹਾ ਨੇ ਵੀ ਕਿਹਾ, 'ਬਜਟ ਵਿਚ ਕੁਝ ਨਵਾਂ ਤੇ ਸਵਾਗਤਯੋਗ ਨਹੀਂ ਹੈ ਨਾ ਇਸ ਵਿਚ ਕੌਮਾਂਤਰੀ ਮੰਦਵਾੜੇ ਨਾਲ ਨਜਿੱਠਣ ਵਾਲੇ ਪਾਸੇ ਕੋਈ ਕਦਮ ਚੁੱਕੇ ਜਾਣ ਦਾ ਕੋਈ ਇਸ਼ਾਰਾ ਹੈ।''

## ਕਲਗੀ ਵਾਲੇ ਰੱਟੇ 'ਚ ਉਲਝਿਆ ਖਾਲਸਾ ਪੰਥ

ਪੁਲਿਸ ਦੇ ਆਈ.ਪੀ.ਐਸ. ਅਧਿਕਾਰੀ ਹਰਪ੍ਰੀਤ ਸਿੰਘ ਦੀ ਅਗਵਾਈ 'ਚ ਲਿਆਂਦਾ ਗਿਆ ਹੈ, ਉਹ ਕਿਥੋਂ ਲਿਆਂਦੀ ਗਈ?

ਕਲਗੀ ਨੂੰ ਇਕ ਦਿਨ ਤਾਂ ਭਾਵੇਂ ਅਕਾਲ ਤਖ਼ਤ 'ਤੇ ਸੰਗਤਾਂ ਦੇ ਦਰਸ਼ਨਾਂ ਲਈ ਰੱਖਿਆ ਗਿਆ ਸੀ, ਪਰ ਜਦੋਂ ਇਸ ਦੀ ਪ੍ਰਮਾਣਿਕਤਾ ਬਾਰੇ ਸ਼ੰਕੇ ਪ੍ਰਗਟ ਹੋਣ ਲੱਗੇ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਇਹ ਕਿਹਾ ਕਿ ਕਲਗੀ ਨੂੰ ਤੁਰੰਤ ਤੋਸ਼ਾਖਾਨਾ ਵਿਖੇ ਰੱਖਿਆ ਜਾ ਰਿਹਾ ਹੈ ਅਤੇ ਸੰਗਤਾਂ ਦੇ ਦਰਸ਼ਨਾਂ ਯੋਗ ਸਥਾਨ ਦੀ ਵਿਵਸਥਾ ਕਰਕੇ ਇਸ ਨੂੰ ਬਾਅਦ ਵਿਚ ਸੰਗਤਾਂ ਦੇ ਦਰਸ਼ਨਾਂ ਲਈ ਰੱਖਿਆ ਜਾਵੇਗਾ। ਪਰ ਰਿਪੋਰਟਾਂ ਹਨ ਕਿ ਇਸ ਕਲਗੀ ਨੂੰ ਅੱਜ ਤੱਕ ਤੋਸ਼ਾਖਾਨਾ ਵਿਚ ਨਹੀਂ ਰੱਖਿਆ ਗਿਆ, ਸਗੋਂ ਇਹ ਦਰਬਾਰ ਸਾਹਿਬ ਦੇ ਮੈਨੇਜਰ ਦੇ ਸਟਰਾਂਗ ਰੂਮ ਵਿਚ ਰੱਖੀ ਗਈ ਹੈ। ਇਸ ਕਲਗੀ ਸਬੰਧੀ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸਿੱਖ ਇਤਿਹਾਸ ਰਿਸਰਚ ਬੋਰਡ ਦੇ ਮੈਂਬਰ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੇ ਬਿਆਨ ਨੇ ਵੱਡਾ ਸ਼ੰਕਾ ਪੈਦਾ ਕੀਤਾ ਸੀ, ਜਦੋਂ ਉਨ੍ਹਾਂ ਪਹਿਲਾਂ ਇਹ ਕਲਗੀ ਮਹਾਰਾਜਾ ਰਣਜੀਤ ਸਿੰਘ ਦੀ ਹੋਣ ਦੀ ਗੱਲ ਆਖੀ ਤੇ ਫਿਰ ਸ੍ਰੀ ਗੋਬਿੰਦ ਸਿੰਘ ਜੀ ਦੀ ਹੋਣ ਦਾ ਦਾਅਵਾ ਕਰ ਦਿੱਤਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਅਤੇ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੇ ਕਾਰਜਕਾਲ ਦੌਰਾਨ ਦਸਮ ਪਿਤਾ ਦੀ ਕਲਗੀ ਲਿਆਉਣ ਲਈ ਕਾਰਵਾਈ ਸ਼ੁਰੂ ਕੀਤੀ ਗਈ ਸੀ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਸੰਨ 2007 'ਚ ਕਲਗੀ ਦੀ ਜਾਂਚ-ਪੜਤਾਲ ਬਾਰੇ ਤੱਥ ਖੋਜ ਕਮੇਟੀ ਬਣਾਈ ਸੀ, ਜਿਸ ਵਿਚ ਡਾ. ਕਿਰਪਾਲ ਸਿੰਘ, ਡਾ. ਖੜਕ ਸਿੰਘ, ਡਾ. ਗੁਰਬਖ਼ਸ਼ ਸਿੰਘ, ਪ੍ਰਿੰ. ਸੁਰਜੀਤ ਸਿੰਘ ਗਾਂਧੀ, ਕਮਲਜੀਤ ਸਿੰਘ ਬੋਪਾਰਾਏ ਤੇ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਵਰਿਆਮ ਸਿੰਘ ਨੂੰ ਸ਼ਾਮਲ ਕੀਤਾ ਗਿਆ ਸੀ। ਇਸ ਕਮੇਟੀ ਨੇ ਸ. ਬੋਪਾਰਾਏ ਵਲੋਂ ਦਿੱਤੇ ਸਬੂਤਾਂ ਨੂੰ ਸਹੀ ਮੰਨਦਿਆਂ ਕਲਗੀ ਗੁਰੂ ਗੋਬਿੰਦ ਸਿੰਘ ਦੀ ਹੋਣ ਦੀ ਪ੍ਰਵਾਨਗੀ ਦਿੰਦਿਆਂ ਕਿਹਾ ਕਿ ਕਲਗੀ ਵਾਪਸ ਲਿਆਂਦੀ ਜਾ ਸਕਦੀ ਹੈ ਅਤੇ ਕਲਗੀ ਲਿਆਉਣ ਵਾਲੇ ਵਿਅਕਤੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

ਉਕਤ ਕਮੇਟੀ ਦੀ ਰਿਪੋਰਟ ਨੂੰ ਆਧਾਰ ਬਣਾ ਕੇ ਸ੍ਰੀ ਅਕਾਲ ਤਖ਼ਤ ਦੇ ਮੌਜੂਦਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਮਲਜੀਤ ਸਿੰਘ ਬੋਪਾਰਾਏ ਨੂੰ ਕਲਗੀ ਲਿਆਉਣ ਦੀ ਆਗਿਆ ਦੇ ਦਿੱਤੀ। ਇਸ ਤਰ੍ਹਾਂ ਵਾਪਸ ਲਿਆਂਦੀ ਗਈ ਕਲਗੀ ਦੀ ਪ੍ਰਮਾਣਿਕਤਾ ਬਾਰੇ ਖੜ੍ਹੇ ਹੋਏ ਸ਼ੰਕਿਆਂ ਨੂੰ ਦੇਖਦਿਆਂ ਲੱਗਦਾ ਹੈ ਕਿ ਸ਼੍ਰੋਮਣੀ ਕਮੇਟੀ ਸਿੱਖ ਵਿਰਾਸਤ ਨਾਲ ਸਬੰਧਤ ਵਸਤਾਂ ਬਾਰੇ ਹਵਾ 'ਚ ਤੀਰ ਚਲਾ ਰਹੀ ਹੈ। ਉਸ ਕੋਲ ਇਨ੍ਹਾਂ ਵਸਤਾਂ ਦੀ ਪ੍ਰਮਾਣਿਕਤਾ ਜਾਨਣ ਵਾਲੇ ਵਿਸ਼ਾ ਮਾਹਿਰ ਹੀ ਉਪਲਬਧ ਨਹੀਂ ਹਨ ਅਤੇ ਨਾ ਇਸ ਸਬੰਧੀ ਕੋਈ ਠੋਸ ਨੀਤੀ ਹੈ। ਇਸ ਘਾਟ ਕਾਰਨ ਹੀ ਜਦੋਂ ਵੀ ਕਿਧਰੋਂ ਸਿੱਖ ਇਤਿਹਾਸ ਜਾਂ ਗੁਰੂ ਸਾਹਿਬਾਨ ਨਾਲ ਸਬੰਧਤ ਪੁਰਾਤਨ ਵਸਤਾਂ ਹੋਣ ਦੀ ਖ਼ਬਰ ਉਸ ਦੇ ਕੰਨੀਂ ਪੈਂਦੀ ਹੈ, ਉਹ ਅੱਕੀਂ ਪਲਾਹੀਂ ਹੱਥ ਮਾਰਨ ਲੱਗ ਪੈਂਦੀ ਹੈ। ਇਹ ਸਿਰਫ ਕਲਗੀ ਦੀ ਪ੍ਰਮਾਣਿਕਤਾ ਦਾ ਮਸਲਾ ਹੀ ਨਹੀਂ, ਇਸ ਤੋਂ ਪਹਿਲਾਂ ਦਸਮ ਗੁਰੂ ਨਾਲ ਸਬੰਧਤ ਕਵਚ, ਜੋੜੇ ਅਤੇ ਇਤਿਹਾਸਕ ਬੀੜਾਂ ਬਾਰੇ ਵਿਵਾਦ ਛਿੜ ਚੁੱਕਾ ਹੈ। ਜਿਵੇਂ ਕਿ ਕੈਨੇਡਾ ਦੀ ਸਿੱਖ ਸੰਗਤ ਨੇ ਅਪੀਲ ਕੀਤੀ ਹੈ, ਸ਼੍ਰੋਮਣੀ ਕਮੇਟੀ ਤੇ ਸਿੱਖ ਵਿਦਵਾਨਾਂ ਨੂੰ ਇਸ ਬਾਰੇ ਆਪਣੀ ਨਿਰਪੱਖ ਰਾਏ ਪੇਸ਼ ਕਰਨੀ ਚਾਹੀਦੀ ਹੈ।

### ਖੇਤੀ ਮਾਹਿਰਾਂ ਤੇ ਕਿਸਾਨਾਂ ਵਲੋਂ ਬਜਟ ਦਾ ਸਵਾਗਤ

**ਚੰਡੀਗੜ੍ਹ :** ਵਿੱਤ ਮੰਤਰੀ ਪ੍ਰਣਬ ਮੁਖਰਜੀ ਵਲੋਂ ਪੇਸ਼ ਗਰੀਬ ਪੱਖੀ ਤੇ ਪਿੰਡ ਪੱਖੀ ਬਜਟ ਦੀ ਖੇਤੀ ਆਰਥਿਕਤਾ ਦੇ ਮਾਹਿਰਾਂ, ਕਿਸਾਨ ਆਗੂਆਂ ਤੇ ਖਿੱਤੇ ਦੇ ਕਿਸਾਨਾਂ ਵਲੋਂ ਸ਼ਲਾਘਾ ਕੀਤੀ ਜਾ ਰਹੀ ਹੈ। ਬਜਟ ਨੂੰ ਗਰੀਬ ਤੇ ਕਿਸਾਨ ਪੱਖੀ ਕਰਾਰ ਦਿੰਦਿਆਂ ਖੇਤੀ ਆਰਥਿਕਤਾ ਮਾਹਿਰ ਆਰ.ਐਸ. ਘੁੰਮਣ ਨੇ ਕਿਹਾ ਕਿ ਪੇਂਡੂ ਬੁਨਿਆਦੀ ਢਾਂਚੇ 'ਤੇ ਵੱਧ ਧਨ ਲਾਉਣਾ ਪੇਂਡੂ ਆਰਥਿਕਤਾ 'ਚ ਚਿਰ ਸਥਾਈ ਵਾਧਾ ਕਰੇਗਾ।

ਖਾਦਾਂ 'ਤੇ ਕਿਸਾਨਾਂ ਨੂੰ ਸਿੱਧੀ ਸਬਸਿਡੀ ਨਾਲ ਉਨ੍ਹਾਂ ਨੂੰ ਪੈਣ ਵਾਲਾ ਘਾਟਾ ਘਟੇਗਾ, ਪਰ ਇਸ ਦਾ ਬਹੁਤ ਲਾਭ ਛੋਟੇ ਕਿਸਾਨਾਂ ਨੂੰ ਨਹੀਂ ਮਿਲੇਗਾ। ਕਿਉਂਕਿ ਖਾਦ ਪ੍ਰਤੀ ਏਕੜ ਦੇ ਹਿਸਾਬ ਨਾਲ ਮਿਲਣੀ ਹੈ। ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਤੇ ਕਿਸਾਨ ਆਰਥਿਕਤਾ ਦੇ ਮਾਹਿਰ ਵਿਦਵਾਨ ਐਸ.ਐਸ. ਜੌਹਲ ਨੇ ਵੀ ਖਾਦਾਂ 'ਤੇ ਕਿਸਾਨਾਂ ਨੂੰ ਸਿੱਧੀ ਸਬਸਿਡੀ ਦੇਣ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਕਿਸਾਨਾਂ ਦੀ ਬਜਾਏ ਖਾਦ ਉਤਪਾਦਕਾਂ ਨੂੰ ਸਬਸਿਡੀ ਮਿਲਦੀ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਘਪਲਾ ਕਰਨ ਵਾਲੇ ਉਮੀਦਵਾਰਾਂ ਨੂੰ ਨੌਕਰੀ ਦੇਣ ਦੀ ਸਿਫਾਰਸ਼

**ਚੰਡੀਗੜ੍ਹ :** ਕੁਝ ਸਮਾਂ ਪਹਿਲਾਂ ਉੱਚ ਮੈਰਿਟ ਵਾਲੇ 44 ਅਧਿਆਪਕਾਂ ਨੂੰ ਇੰਟਰਵਿਊ ਵਿਚ ਘੱਟ ਨੰਬਰ ਦੇ ਕੇ ਚੋਣ ਸੂਚੀ ਵਿਚੋਂ ਬਾਹਰ ਕਰ ਦਿੱਤਾ ਗਿਆ ਸੀ। ਘੱਟ ਮੈਰਿਟ ਵਾਲਿਆਂ ਦੀ ਝੋਲੀ ਵਿਚ ਇੰਟਰਵਿਊ ਦੇ ਵਧ ਨੰਬਰ ਪਾਉਣ ਨਾਲ ਸਰਕਾਰ ਦੇ 'ਚਹੇਤੇ' ਉਮੀਦਵਾਰ ਨੌਕਰੀ ਲੈ ਗਏ। ਇਹੋ ਕੁਝ ਸਾਲ 2001 ਵਿਚ ਵਾਪਰਿਆ। ਇਸ ਸਬੰਧੀ ਸ਼ਿਕਾਇਤਾਂ ਦੀ ਜਾਂਚ ਮਗਰੋਂ ਪੰਜਾਬ ਦੇ ਲੋਕਪਾਲ ਨੇ ਰਾਜਪਾਲ ਨੂੰ ਪੇਸ਼ 40 ਸਫਿਆਂ ਦੀ ਰਿਪੋਰਟ ਵਿਚ ਸਿਫਾਰਸ਼ ਕੀਤੀ ਕਿ ਚੋਣ ਸੂਚੀ ਵਿਚੋਂ ਬਾਹਰ ਕੀਤੇ ਉਮੀਦਵਾਰਾਂ ਨੂੰ ਨੌਕਰੀ ਦਿੱਤੀ ਜਾਵੇ। ਰਾਜਪਾਲ ਨੇ ਇਹ ਰਿਪੋਰਟ ਅਗਲੀ ਕਾਰਵਾਈ ਲਈ ਸਿੱਖਿਆ ਵਿਭਾਗ ਕੋਲ ਭੇਜ ਦਿੱਤੀ, ਪਰ ਅਜੇ ਤਕ ਕੋਈ ਨਿੱਗਰ ਅਮਲ ਸਾਹਮਣੇ ਨਹੀਂ ਆਇਆ।

ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਦੀ ਤਤਕਾਲੀਨ ਅਕਾਲੀ-ਭਾਜਪਾ ਸਰਕਾਰ ਨੇ ਸਾਲ 2001 ਵਿਚ ਆਰਟ ਐਂਡ ਕਰਾਫਟ ਅਧਿਆਪਕਾਂ ਦੀਆਂ 256 ਨਿਯੁਕਤੀਆਂ ਲਈ ਇਸ਼ਤਿਹਾਰ ਦਿੱਤਾ ਸੀ। ਇਹ ਨਿਯੁਕਤੀਆਂ ਵਿਭਾਗੀ ਚੋਣ ਕਮੇਟੀ ਰਾਹੀਂ ਕੀਤੀਆਂ ਗਈਆਂ। ਸਰਕਾਰ ਨੇ ਚੋਣ ਵਿਚ 15 ਨੰਬਰ ਇੰਟਰਵਿਊ ਦੇ ਰੱਖੇ। ਲੋਕਪਾਲ ਨੂੰ 44 ਉਮੀਦਵਾਰਾਂ ਵਲੋਂ ਦਿੱਤੀ ਸ਼ਿਕਾਇਤ ਅਨੁਸਾਰ ਵਿਭਾਗੀ ਚੋਣ ਕਮੇਟੀ ਨੇ ਘੱਟ ਮੈਰਿਟ ਵਾਲੇ ਆਪਣੇ ਚਹੇਤੇ ਉਮੀਦਵਾਰਾਂ ਨੂੰ ਮੈਰਿਟ ਸੂਚੀ ਵਿਚ ਸ਼ਾਮਲ ਕਰਨ ਲਈ ਵਧ ਨੰਬਰ ਦਿੱਤੇ, ਜਦੋਂ ਕਿ ਉੱਚ ਮੈਰਿਟ ਵਾਲਿਆਂ ਨੂੰ ਘੱਟ ਨੰਬਰ ਦੇ ਕੇ ਲਾਂਭੇ ਕਰ ਦਿੱਤਾ ਗਿਆ।

ਲੋਕਪਾਲ ਪੰਜਾਬ ਨੇ 44 ਉਮੀਦਵਾਰਾਂ ਦੀ ਸ਼ਿਕਾਇਤ 'ਤੇ ਜਾਂਚ ਕੀਤੀ। ਜਾਂਚ ਪਿੱਛੋਂ ਰਿਪੋਰਟ 3 ਜੂਨ 2008 ਨੂੰ ਪੰਜਾਬ ਦੇ ਰਾਜਪਾਲ ਨੂੰ ਸੌਂਪ ਦਿੱਤੀ ਗਈ। ਰਿਪੋਰਟ ਅਨੁਸਾਰ ਵਿਭਾਗੀ ਚੋਣ ਕਮੇਟੀ ਦੇ ਗਠਨ ਦੀ ਪ੍ਰਵਾਨਗੀ ਮੰਤਰੀ ਮੰਡਲ ਨੂੰ ਦਿੱਤੀ ਗਈ, ਪਰ ਪਿੱਛੋਂ ਸਰਕਾਰ ਨੇ ਗਠਿਤ ਕਮੇਟੀ ਵਿਚ ਮੈਂਬਰ ਮੰਤਰੀ ਮੰਡਲ ਦੀਆਂ ਹਦਾਇਤਾਂ ਅਨੁਸਾਰ ਸ਼ਾਮਲ ਕਰਨ ਦੀ ਥਾਂ ਆਪਣੀ ਮਰਜ਼ੀ ਦੇ ਪਾ ਲਏ। ਰਿਪੋਰਟ ਵਿਚ ਇਸ ਉੱਤੇ ਕਿੰਤੂ-ਪ੍ਰੰਤੂ ਕੀਤਾ ਗਿਆ ਹੈ।

ਲੋਕਪਾਲ ਨੇ ਜਾਂਚ ਰਿਪੋਰਟ ਤਿਆਰ ਕਰਨ ਤੋਂ ਪਹਿਲਾਂ ਸਬੰਧਤ ਉਮੀਦਵਾਰਾਂ, ਚੋਣ ਕਮੇਟੀ ਦੇ ਮੈਂਬਰਾਂ ਨੂੰ ਸੁਣਨ ਦਾ ਮੌਕਾ ਦਿੱਤਾ। ਇੱਥੋਂ ਤਕ ਕਿ ਸਾਬਕਾ ਸਕੂਲ ਸਿੱਖਿਆ ਮੰਤਰੀ ਜਥੇਦਾਰ ਤੋਤਾ ਸਿੰਘ ਤੋਂ ਵੀ ਨਿਰਪੱਖ ਨਿਯੁਕਤੀਆਂ ਦਾ ਇਕ ਹਲਫੀਆ ਬਿਆਨ ਲਿਆ। ਦੂਜੇ ਬੰਨੇ ਵਿਭਾਗੀ ਚੋਣ ਕਮੇਟੀ ਦੇ ਚੇਅਰਮੈਨ ਡਾਕਟਰ ਅਜਮੇਰ ਸਿੰਘ ਨੇ ਆਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਸਰਕਾਰ ਨੇ 13 ਜੂਨ 2001 ਨੂੰ ਆਪਣੇ ਹੁਕਮਾਂ ਵਿਚ ਸੋਧ ਕਰਕੇ ਇਹ ਜ਼ਿੰਮੇਵਾਰੀ ਦਿੱਤੀ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਚੋਣ ਕਮੇਟੀ ਨੇ ਉੱਚ ਮੈਰਿਟ ਵਾਲੇ 44 ਉਮੀਦਵਾਰਾਂ ਨੂੰ 5 ਤੋਂ 8 ਨੰਬਰ ਦਿੱਤੇ, ਜਦੋਂਕਿ ਘੱਟ ਮੈਰਿਟ ਵਾਲੇ 84 ਉਮੀਦਵਾਰਾਂ ਨੂੰ 13-13 ਅੰਕਾਂ ਦੇ ਗੱਫੇ ਦੇ ਦਿੱਤੇ।

ਜਾਂਚ ਰਿਪੋਰਟ ਜਸਟਿਸ ਡੀ.ਵੀ. ਸਹਿਗਲ ਦੀ ਅਗਵਾਈ 'ਚ ਤਿਆਰ ਕੀਤੀ ਗਈ, ਜਿਸ ਵਿਚ ਆਈ.ਜੀ. ਚੌਕਸੀ ਨੂੰ ਵੀ ਸ਼ਾਮਲ ਕੀਤਾ ਗਿਆ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਇੰਟਰਵਿਊ 'ਚ ਨੰਬਰਾਂ ਦੇ ਮਨਮਰਜ਼ੀ ਨਾਲ ਵੰਡੇ ਗੱਫਿਆਂ ਕਾਰਨ ਅਕਾਦਮਿਕ ਪ੍ਰਾਪਤੀਆਂ ਵਿਚੋਂ 54 ਫੀਸਦੀ ਅੰਕ ਲੈਣ ਵਾਲੇ ਉਮੀਦਵਾਰ ਚੋਣ ਸੂਚੀ ਵਿਚੋਂ ਬਾਹਰ ਹੋ ਗਏ, ਜਦੋਂਕਿ 38.56 ਤੋਂ 47.49 ਅੰਕਾਂ ਵਾਲੇ ਉਮੀਦਵਾਰ ਮਾਸਟਰ ਬਣ ਗਏ। ਰਾਜਪਾਲ ਨੂੰ ਪੇਸ਼ ਰਿਪੋਰਟ ਵਿਚ ਵਿਭਾਗੀ ਚੋਣ ਕਮੇਟੀ ਦੇ ਮੁਖੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ।

ਰਿਪੋਰਟ ਵਿਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਕਥਿਤ ਮਾਮਲੇ ਨੂੰ ਕਈ ਸਾਲ ਬੀਤ ਜਾਣ ਕਾਰਨ ਉਦੋਂ ਚੁਣੇ ਗਏ ਅਧਿਆਪਕਾਂ ਦੀ ਨੌਕਰੀ ਦਾ ਆਰਜ਼ੀ ਸਾਲ ਪੂਰਾ ਹੋ ਚੁੱਕਾ ਹੈ। ਇਸੇ ਕਰਕੇ ਉਨ੍ਹਾਂ ਨੂੰ ਹੁਣ ਨੌਕਰੀ ਤੋਂ ਫਾਰਗ ਕਰਨਾ ਸੌਖਾ ਨਹੀਂ ਹੋਵੇਗਾ, ਪਰ ਨਾਲ ਹੀ ਲੋਕਪਾਲ ਨੇ ਯੋਗ ਉਮੀਦਵਾਰਾਂ ਜਿਹੜੇ ਪੱਖਪਾਤ ਕਾਰਨ ਬਾਹਰ ਹੋ ਗਏ ਸਨ, ਨੂੰ ਨੌਕਰੀ ਦੇਣ ਦੀ ਸਿਫਾਰਸ਼ ਕੀਤੀ ਹੈ।

ਇਹ ਵੀ ਕਿਹਾ ਗਿਆ ਹੈ ਕਿ ਇਨ੍ਹਾਂ ਉਮੀਦਵਾਰਾਂ ਨੂੰ ਨੌਕਰੀ ਦੇਣ ਲਈ ਜਦੋਂ ਜਦੋਂ ਕੋਈ ਅਸਾਮੀ ਖਾਲੀ ਹੋਵੇ, ਉਦੋਂ ਉਦੋਂ ਨਿਯੁਕਤੀ ਪੱਤਰ ਦਿੱਤੇ ਜਾਣ। ਰਾਜਪਾਲ ਨੇ ਆਪਣੀ ਰਿਪੋਰਟ ਵਿਚ ਚੋਣ ਕਮੇਟੀ ਦੇ ਮੈਂਬਰ ਨੂੰ ਇਸ ਦੋਸ਼ ਲਈ ਸਜ਼ਾ ਦੇਣ ਦਾ ਮਾਮਲਾ ਪੰਜਾਬ ਸਰਕਾਰ ਉੱਤੇ ਛੱਡ ਦਿੱਤਾ ਹੈ।

ਪੰਜਾਬ ਦੇ ਰਾਜਪਾਲ ਨੇ ਲੋਕਪਾਲ ਦੀ ਰਿਪੋਰਟ 'ਤੇ ਕਾਰਵਾਈ ਕਰਦਿਆਂ 26 ਜੂਨ 2008 ਨੂੰ ਸਕੂਲ ਸਿੱਖਿਆ ਵਿਭਾਗ ਦੇ ਲੋਕਪਾਲ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਲਿਖ ਦਿੱਤਾ ਸੀ। ਕਾਰਵਾਈ ਦੀ ਉਡੀਕ ਵਿਚ ਇਕ ਸਾਲ ਬੀਤ ਜਾਣ ਤੋਂ ਬਾਅਦ ਇਨ੍ਹਾਂ ਉਮੀਦਵਾਰਾਂ ਨੇ ਪੰਜਾਬ ਦੀ ਸਿੱਖਿਆ ਮੰਤਰੀ ਡਾ. ਉਪਿੰਦਰਜੀਤ ਕੌਰ ਤੇ ਵਿਭਾਗ ਦੇ ਸਕੱਤਰ ਨਾਲ ਇਕ ਦੋ ਵਾਰ ਸੰਪਰਕ ਕੀਤਾ, ਪਰ ਪਰਨਾਲਾ ਉੱਥੇ ਦਾ ਉੱਥੇ ਰਿਹਾ।

ਸਕੂਲ ਸਿੱਖਿਆ ਵਿਭਾਗ ਦੇ ਸਕੱਤਰ ਦਾ ਕਹਿਣਾ ਹੈ ਕਿ ਅਗਲੀ ਕਾਰਵਾਈ ਲਈ ਮਹਿਕਮੇ ਦੇ ਮੰਤਰੀ ਨਾਲ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ।

## ਹਰਿਆਣਾ ਦੇ ਦੋ ਪਾਰਕਾਂ ਤੇ ਅੱਠ ਰੱਖਾਂ ਨੂੰ ਸੰਵੇਦਨਸ਼ੀਲ ਜ਼ੋਨ ਐਲਾਨਿਆ

**ਚੰਡੀਗੜ੍ਹ :** ਹਰਿਆਣਾ ਦੇਸ਼ ਦਾ ਪਹਿਲਾ ਅਜਿਹਾ ਸੂਬਾ ਬਣ ਗਿਆ ਹੈ, ਜਿਸ ਦੇ ਦੋ ਕੌਮੀ ਪਾਰਕਾਂ ਅਤੇ ਅੱਠ ਰੱਖਾਂ ਨੂੰ ਕੇਂਦਰ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲੇ ਨੇ ਵਾਤਾਵਰਣ ਪੱਖੋਂ ਸੰਵੇਦਨਸ਼ੀਲ ਜ਼ੋਨ ਕਰਾਰ ਦੇ ਦਿੱਤਾ ਹੈ। ਕੇਂਦਰ ਨੇ ਇਸ ਸਬੰਧ ਵਿਚ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਇਸ ਫੈਸਲੇ ਨਾਲ ਵਾਤਾਵਰਣ ਨੂੰ ਬਚਾਉਣ ਅਤੇ ਗੈਰ ਕਾਨੂੰਨੀ ਕਾਰੋਬਾਰ ਨੂੰ ਰੋਕਣ ਵਿਚ ਮਦਦ ਮਿਲੇਗੀ।

ਇੱਥੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਹਰਿਆਣਾ ਦੀ ਜੰਗਲਾਤ ਤੇ ਸੈਰ ਸਪਾਟਾ ਰਾਜ ਮੰਤਰੀ ਕਿਰਨ ਚੌਧਰੀ ਨੇ ਦੱਸਿਆ ਕਿ ਇਸ ਫੈਸਲੇ ਨਾਲ ਹਰਿਆਣਾ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ ਜਿਸ ਦੇ ਪਾਰਕਾਂ ਅਤੇ ਰੱਖਾਂ ਨੂੰ ਵਾਤਾਵਰਣ ਪੱਖੋਂ ਸੰਵੇਦਨਸ਼ੀਲ ਜ਼ੋਨ ਐਲਾਨਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਹੋਰ ਸੂਬੇ ਵੀ ਇਸ ਮੰਤਵ ਲਈ ਅੱਗੇ ਆਉਣਗੇ। ਇਸ ਨਾਲ ਵਾਤਾਵਰਣ ਦੀ ਰਾਖੀ ਕਰਨ ਵਿਚ ਬਹੁਤ ਵੱਡੀ ਸਹੂਲਤ ਮਿਲੇਗੀ। ਇਨ੍ਹਾਂ ਦੀ ਹੱਦ ਤੋਂ ਦੋ ਕਿਲੋਮੀਟਰ ਤਕ ਲੱਕੜ ਨਾਲ ਸਬੰਧਤ ਸਨਅਤ ਨਹੀਂ ਲਾਈ ਜਾ ਸਕੇਗੀ। ਤਿੰਨ ਕਿਲੋਮੀਟਰ ਤਕ ਪ੍ਰਦੂਸ਼ਣ ਫੈਲਾਉਣ ਵਾਲੀ ਅਤੇ ਪੰਜ ਕਿਲੋਮੀਟਰ ਤਕ ਬਹੁਤ ਜ਼ਿਆਦਾ ਪ੍ਰਦੂਸ਼ਣ ਫੈਲਾਉਣ ਵਾਲੀ ਸਨਅਤ ਨਹੀਂ ਲਾਈ ਜਾ ਸਕੇਗੀ। ਇਸੇ ਤਰ੍ਹਾਂ ਸ਼ੋਰ ਕਰਨ ਵਾਲੀ ਸਨਅਤ ਨਹੀਂ ਲਾਈ ਜਾ ਸਕੇਗੀ।

ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਕੌਮੀ ਪਾਰਕਾਂ ਅਤੇ ਰੱਖਾਂ ਦੇ ਵਾਤਾਵਰਣ ਨੂੰ ਬਚਾਉਣ ਵਿਚ ਬਹੁਤ ਵੱਡੀ ਮਦਦ ਮਿਲੇਗੀ ਤੇ ਪੰਜ ਕਿਲੋਮੀਟਰ ਦੇ ਇਲਾਕੇ ਵਿਚ ਸਨਅਤ ਲਾਉਣ ਲਈ ਸੂਬਾਈ ਪੱਧਰੀ ਕਮੇਟੀ ਕੋਲੋਂ ਪਹਿਲਾਂ ਪ੍ਰਵਾਨਗੀ ਲੈਣੀ ਪਵੇਗੀ। ਇਸ ਕਮੇਟੀ ਵਿਚ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਹੋਰ ਅਦਾਰਿਆਂ ਦੇ ਵੀ ਮੈਂਬਰ ਹੋਣਗੇ। ਕੌਮੀ ਪਾਰਕਾਂ ਅਤੇ ਰੱਖਾਂ ਦੇ ਇਲਾਕਿਆਂ ਵਿਚ ਕੋਈ ਨਵੀਂ ਉਸਾਰੀ ਨਹੀਂ ਕੀਤੀ ਜਾ ਸਕੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕੌਮੀ ਪਾਰਕਾਂ ਅਤੇ ਰੱਖਾਂ ਨੂੰ ਈਕੋ ਸੈਂਸਟਿਵ ਜ਼ੋਨ ਦਾ ਦਰਜਾ ਦਿਵਾਉਣ ਦਾ ਮਾਮਲਾ ਪਿਛਲੇ ਚਾਰ ਸਾਲ ਤੋਂ ਉਠਾਉਣਾ ਸ਼ੁਰੂ ਕੀਤਾ ਸੀ।

ਵਾਤਾਵਰਣ ਪੱਖੋਂ ਸੰਵੇਦਨਸ਼ੀਲ ਐਲਾਨੇ ਗਏ ਪਾਰਕਾਂ ਅਤੇ ਰੱਖਾਂ ਦਾ ਵੇਰਵਾ ਇਸ ਪ੍ਰਕਾਰ ਹੈ-ਕੌਮੀ ਪਾਰਕਾਂ ਵਿਚ ਯਮੁਨਾਨਗਰ ਵਿਚ ਪੈਂਦਾ ਕਲੇਸਰ ਪਾਰਕ ਅਤੇ ਗੁੜਗਾਉਂ ਦਾ ਸੁਲਤਾਨਪੁਰ ਕੌਮੀ ਪਾਰਕ ਸ਼ਾਮਲ ਹਨ। ਅੱਠ ਰੱਖਾਂ ਵਿਚ ਕਲੇਸ਼ਰ, ਯਮੁਨਾਨਗਰ, ਭਿੰਡਵਸ, ਝੱਜਰ, ਬੀੜ ਸ਼ਿਕਾਰਗੜ੍ਹ, ਪੰਚਕੂਲਾ, ਖੱਪਰਵਾਸ, ਨਾਹਰ ਰਿਵਾੜੀ, ਅਬੂਬਸ਼ਹਿਰ, ਸਿਰਸਾ, ਖੋਲੀਕੀ ਰਾਤੇਂ, ਬੀੜ ਬੜਾਬਨ ਜੀਂਦ ਅਤੇ ਕੈਥਲ ਦਾ ਸਰਸਵਤੀ ਰਾਖਵਾਂ ਇਲਾਕਾ ਸ਼ਾਮਲ ਹਨ। ਦੋਵਾਂ ਕੌਮੀ ਪਾਰਕਾਂ ਅਤੇ ਰੱਖਾਂ ਤਹਿਤ 33018 ਕਿਲੋਮੀਟਰ ਦਾ ਇਲਾਕਾ ਪੈਂਦਾ ਹੈ।

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ

***ਚੋਣਾਂ 'ਚ ਹਿੰਦੂਤਵ ਦੀ ਹਾਰ ਨਹੀਂ ਹੋਈ-ਤੋਗੜੀਆ**

-ਹੋਰ ਭਾਜਪਾ ਨੇ ਵੋਟਾਂ ਖਾਲਿਸਤਾਨ ਦੇ ਨਾਂ 'ਤੇ ਮੰਗੀਆਂ ਸਨ?

***ਇਕ ਸ਼ਰਾਬੀ ਦੇ ਦਰਬਾਰ ਸਾਹਿਬ ਦੀ ਪਰਿਕਰਮਾ 'ਚ ਦਾਖਲ ਹੋਣ ਨਾਲ ਮਰਿਆਦਾ ਭੰਗ ਹੋਈ-ਇਕ ਖਬਰ**

-21 ਅਖੰਡ ਪਾਠ ਦੇ ਭੋਗ ਇਕੱਠੇ ਪਾਉਣ ਨਾਲ ਮਰਿਆਦਾ ਭੰਗ ਹੋਈ-ਦੂਜੀ ਖਬਰ।

***ਮੁੱਖ ਸਕੱਤਰ ਰਮੇਸ਼ਇੰਦਰ ਸਿੰਘ ਮੁੱਖ ਸੂਚਨਾ ਕਮਿਸ਼ਨਰ ਬਣੇ**

-ਦਰਬਾਰ ਸਾਹਿਬ 'ਤੇ ਹਮਲੇ ਲਈ ਹਰੀ ਝੰਡੀ ਦੇਣ ਵਾਲੇ ਉਤੇ 'ਪੰਥ' ਇੰਨਾ ਮਿਹਰਬਾਨ ਕਿਉਂ ਐ?

***ਚੁੱਲ੍ਹੇ ਵਿਚ ਡਾਹਾਂ ਇਨ੍ਹਾਂ ਜਾਤਾਂ-ਪਾਤਾਂ ਨੂੰ-ਜਸਵੀਰ ਸਿੰਘ ਸ਼ੀਰੀ**

-ਚੁੱਲ੍ਹਾ ਕੀ ਚੀਜ਼ ਐ, ਮੰਨੂਵਾਦ ਦਾ ਅਸਰ ਤਾਂ ਚਿਤਾ 'ਚ ਪੈ ਕੇ ਵੀ ਖਤਮ ਨਹੀਂ ਹੁੰਦਾ ਵੀਰ ਮੇਰਿਆ।

***ਮਾਇਆਵਤੀ ਵਲੋਂ ਆਪਣੇ ਬੁੱਤ ਸਰਕਾਰੀ ਖਰਚੇ 'ਤੇ ਲਾਉਣ ਦਾ ਸੁਪਰੀਮ ਕੋਰਟ ਨੇ ਲਿਆ ਨੋਟਿਸ**

-ਜੇ ਸਿਆਸਤ ਵਿਚ ਹੋਛੇਪਣ ਦੀ ਟਰਾਫੀ ਦੇਣੀ ਹੋਵੇ ਤਾਂ ਯਕੀਨਨ ਹੀ ਮਾਇਆਵਤੀ ਓਹਦੀ ਹੱਕਦਾਰ ਐ।

***ਮਮਤਾ ਬੈਨਰਜੀ ਵਲੋਂ 50 ਰੇਲਵੇ ਸਟੇਸ਼ਨਾਂ ਨੂੰ ਵਿਸ਼ਵ ਮਿਆਰੀ ਬਣਾਉਣ ਦਾ ਐਲਾਨ**

-ਤੇ ਬਾਕੀ ਦੇ ਸਟੇਸ਼ਨ ਭਾਰਤੀ ਮਿਆਰ ਅਨੁਸਾਰ ਹੀ ਚੱਲਣਗੇ? ਰੱਬ ਖੈਰ ਕਰੇ!

***ਅਮਰੀਕਨ ਕਾਂਗਰਸ (ਸੰਸਦ) ਦੀ ਲਾਇਬਰੇਰੀ ਵਿਚ ਹੋਵੇਗੀ ਸਿੱਖ ਸਾਹਿਤ ਤੇ ਇਤਿਹਾਸ ਦੀ ਸੰਭਾਲ**

-ਆਹੋ! ਅਸੀਂ ਠਹਿਰੇ ਸਰਦਾਰ ਲੋਕ, ਸਾਡੇ ਕੋਲ ਇਨ੍ਹਾਂ ਫਾਲਤੂ ਕੰਮਾਂ ਲਈ ਸਮਾਂ ਕਿਥੇ?


REAL ESTATE HOME LOANS

Specialize in Bay Area
PARMINDER DEOL Call:925-980-1279



RESIDENTCIAL, BUSINESS AND COMMERCIAL PROPERTIES

ਇਨਵੈਸਟਮੈਂਟ ਕਰਨ ਵਾਲਿਆਂ ਅਤੇ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ

ਕਿਰਾਏ 'ਤੇ ਘਰ ਲੈਣ ਨਾਲੋਂ ਆਪਣਾ ਘਰ ਖਰੀਦਣਾ ਹੁਣ ਕਿਤੇ ਸੌਖਾ ਹੈ। ਤੁਹਾਡੀ ਕਿਸ਼ਤ ਕਿਰਾਏ ਤੋਂ ਵੀ ਘੱਟ ਹੋ ਸਕਦੀ ਹੈ।

ਪਰਮਿੰਦਰ ਦਿਓਲ 925-980-1279
forhomes@yahoo.com

Best Time to Buy Bankowned, Foreclosure and Short Sale Properties

ਬਿਹਤਰੀਨ ਸੇਵਾ ਅਤੇ ਸਲਾਹ ਲਈ ਅੱਜ ਹੀ ਕਾਲ ਕਰੋ:
209-996-1681

SBA Loan

Sacramento and Central Valley
JAG BHANGU Call: 916-759-1923

Attention Homes Buyer & Realtor
Get qualified for loan before looking for a house.

ਪਹਿਲੀ ਵਾਰ ਘਰ ਖਰੀਦਣ ਵਾਲੇ 8000 ਡਾਲਰ ਦੇ ਟੈਕਸ ਕਰੈਡਿਟ ਦਾ ਲਾਭ ਉਠਾਉਣ



ਮੈਂ ਜਿਸ ਲੋਨ ਅਫਸਰ ਤੋਂ ਘਰ ਲਈ ਲੋਨ ਕਰਵਾ ਰਹੀ ਸਾਂ, ਉਸ ਨੇ ਮੇਰਾ ਲੋਨ ਤਾਂ ਕੀ ਕਰਾਉਣਾ ਸੀ ਸਗੋਂ ਮੇਰਾ 10,000 ਡਾਲਰ ਵੀ ਡੋਬ ਦਿੱਤਾ। ਪਰ ਜੀਵਨ ਸਿੰਘ ਨੇ ਮੇਰਾ ਲੋਨ ਬਹੁਤ ਆਸਾਨ ਸ਼ਰਤਾਂ 'ਤੇ ਝੱਟਪਟ ਕਰਵਾ ਦਿੱਤਾ। -ਸੁਖਵਿੰਦਰ ਬੈਂਸ

ਜੈਗ ਭੰਗੂ
408-598-9605
916-759-1923

Purchase home with 3.5% Down FHA

ਘਰਾਂ ਦੀ ਖਰੀਦ ਲਈ ਬੇ-ਏਰੀਆ, ਸੈਕਰਾਮੈਂਟੋ ਅਤੇ ਸੈਂਟਰਲ ਵੈਲੀ ਲਈ ਲੋਨ ਉਪਲਬਧ ਹੈ।

Direct Mortgage Lender Rates Are LOW Now
CA DRE Lic 01364174

DIRECT LENDERS AND MAJOR BANKS LOAN AVAILABLE

UNITED MORTGAGE & REALTY

Self Employed OK First Time Home Buyers OK
Loan Available For Bank Owned Properties

# ਰਾਮ ਨਾਰਾਇਣ ਕੁਮਾਰ ਨੇ ਸਾਂਭਿਆ ਸਿੱਖਾਂ 'ਤੇ ਤਸ਼ੱਦਦ ਦਾ ਇਤਿਹਾਸ

ਖਾੜਕੂ ਦੌਰ ਵਿਚ ਪੰਜਾਬ ਵਿਚ ਹੋਈਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਖਿਲਾਫ ਜ਼ੋਰ ਨਾਲ ਆਵਾਜ਼ ਬੁਲੰਦ ਕਰਨ ਵਾਲੇ ਅਤੇ ਪੰਜਾਬ ਸਮੱਸਿਆ ਬਾਰੇ ਕਈ ਕਿਤਾਬਾਂ ਰਚਣ ਵਾਲੇ ਪ੍ਰਸਿੱਧ ਮਨੁੱਖੀ ਅਧਿਕਾਰਾਂ ਸਬੰਧੀ ਆਗੂ ਰਾਮ ਨਾਰਾਇਣ ਕੁਮਾਰ ਇਸ ਦੁਨੀਆ ਨੂੰ ਅਲਵਿਦਾ ਆਖ ਗਏ ਹਨ। ਪੰਜਾਬ ਵਿਚ ਹੋਈਆਂ ਮਨੁੱਖੀ ਅਧਿਕਾਰ ਉਲੰਘਣਾਵਾਂ ਸਬੰਧੀ ਉਨ੍ਹਾਂ ਨੇ ਅਮਰੀਕ ਸਿੰਘ ਮੁਕਤਸਰ ਜਿਹੇ ਆਪਣੇ ਸਾਥੀਆਂ ਨਾਲ ਮਿਲ ਕੇ ਤੱਥਾਂ ਆਧਾਰਤ ਵਿਆਪਕ ਖੋਜ ਕੰਮ ਕੀਤਾ, ਜਿਹੜਾ ਮਹੱਤਵਪੂਰਨ ਕਿਤਾਬ 'ਰਿਡਿਊਸਡ ਟੂ ਦਿ ਐਸ਼ਿਜ਼' ਵਿਚ ਛਪਿਆ ਹੈ। ਰਾਮ ਨਾਰਾਇਣ ਕੁਮਾਰ ਨੇ 28 ਜੂਨ ਨੂੰ ਆਪਣੇ ਕਾਠਮੰਡੂ ਸਥਿਤ ਗ੍ਰਹਿ ਵਿਖੇ ਅੰਤਿਮ ਸਵਾਸ ਲਏ। ਕਾਫੀ ਸਮਾਂ ਦਿੱਲੀ ਵਿਚ ਰਹੇ ਸਰਗਰਮ, ਜਾਗਰੂਕ ਅਤੇ ਸਿਰੜੀ ਸ੍ਰੀ ਰਾਮ ਨਾਰਾਇਣ ਕੁਮਾਰ ਮਨੁੱਖੀ ਅਧਿਕਾਰਾਂ ਬਾਰੇ ਕਈ ਪੁਸਤਕਾਂ ਦੇ ਰਚੇਤਾ ਸਨ। 'ਰਿਡਿਊਸਡ ਟੂ ਦਿ ਐਸ਼ਿਜ਼ ਇਨਸਰਜੈਂਸੀ ਐਂਡ ਹਿਊਮਨ ਰਾਈਟਸ ਇਨ ਪੰਜਾਬ' ਨਾਂਅ ਦੀ ਪੁਸਤਕ ਉਨ੍ਹਾਂ ਨੇ ਅਮਰੀਕ ਸਿੰਘ, ਅਸ਼ੋਕ ਅਗਰਵਾਲ ਅਤੇ ਜਸਕਰਨ ਕੌਰ ਨਾਲ ਮਿਲ ਕੇ ਲਿਖੀ ਸੀ। 'ਟੈਰਰ ਇਨ ਪੰਜਾਬ, ਨੈਰੇਟਿਵਜ਼, ਨਾਲੇਜ ਐਂਡ ਟਰੁੱਥ' ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੇ ਘਾਣ ਬਾਰੇ ਉਨ੍ਹਾਂ ਦੀ ਇਕ ਹੋਰ ਪੁਸਤਕ ਸੀ। ਉਨ੍ਹਾਂ ਦੀ ਪੁਸਤਕ 'ਸਿੱਖ ਸਟਰਗਲ, ਉਰਿਜਿਨ, ਐਵੋਲਿਊਸ਼ਨ ਐਂਡ ਪਰੈਜ਼ੈਂਟ ਫੇਸ' 1991 ਵਿਚ ਪ੍ਰਕਾਸ਼ਿਤ ਹੋਈ ਸੀ, ਜਿਸ ਵਿਚ ਉਨ੍ਹਾਂ ਦੇ ਸਹਿ ਲੇਖਕ ਜਾਰਜ ਸਿੱਬਰਰ ਸਨ। ਮਨੁੱਖੀ ਅਧਿਕਾਰਾਂ ਸਬੰਧ ਉਨ੍ਹਾਂ ਦੀ ਇਕ ਹੋਰ ਪੁਸਤਕ 'ਕ੍ਰਿਟੀਕਲ ਰੀਡਿੰਗਜ਼ ਇਨ ਹਿਊਮਨ ਰਾਈਟਸ ਐਂਡ ਪੀਸ' ਨਾਂਅ ਹੇਠ ਪ੍ਰਕਾਸ਼ਿਤ ਹੋਈ ਸੀ। ਇਥੇ ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਵਜੋਂ ਇਹ ਲੇਖ ਛਾਪ ਰਹੇ ਹਾਂ। -ਸੰਪਾਦਕ

**-ਸੁਰਿੰਦਰ ਸਿੰਘ**

ਰਾਮ ਨਰਾਇਣ ਕੁਮਾਰ ਇਕ ਦੁਬਲਾ-ਪਤਲਾ ਤੇ ਮਿੱਠ-ਬੋਲੜਾ ਇਨਸਾਨ ਸੀ। ਉਸ ਦੇ ਅੰਦਰ ਬੇਇਨਸਾਫੀ ਅਤੇ ਅਤਿਆਚਾਰ ਖ਼ਿਲਾਫ਼ ਅਜਿਹੀ ਅੱਗ ਸੀ ਕਿ ਉਸ ਨੇ ਕਈ ਵਾਰ ਆਪਣੇ ਆਪ ਨੂੰ ਨਾ ਸਿਰਫ਼ ਮੁਸ਼ਕਲਾਂ ਵਿਚ ਪਾਇਆ ਅਤੇ ਖਤਰੇ ਨਾਲ ਖੇਡਿਆ, ਸਗੋਂ ਕਈ ਵਾਰ ਤਾਂ ਆਪਣੀ ਜਾਨ ਦੀ ਬਾਜ਼ੀ ਵੀ ਲਗਾਈ। ਰਾਮ ਦੱਖਣ-ਭਾਰਤੀ ਬ੍ਰਾਹਮਣ ਸੀ। ਉਸ ਨੇ ਆਪਣਾ ਕਾਫੀ ਸਮਾਂ ਦਿੱਲੀ ਵਿਚ ਬਿਤਾਇਆ, ਜਿਥੇ ਮੇਰਾ ਉਸ ਨਾਲ ਪਹਿਲੀ ਵਾਰ 70 ਦੇ ਦਹਾਕੇ ਵਿਚ ਵਾਹ ਪਿਆ।

ਅਸੀਂ ਉਸ ਸਮੇਂ ਬਿਲਕੁਲ ਇਹ ਅੰਦਾਜ਼ਾ ਨਹੀਂ ਲਾ ਸਕਦੇ ਸੀ ਕਿ ਇਹ ਇਨਸਾਨ, ਜੋ ਕਿ ਆਪਣੇ ਆਪ ਨੂੰ ਮਾਨਸਿਕ ਤੌਰ 'ਤੇ ਜੈ ਪ੍ਰਕਾਸ਼ ਨਾਰਾਇਣ ਅਤੇ ਰਾਮ ਮਨੋਹਰ ਲੋਹੀਆ ਨਾਲ ਜੋੜਦਾ ਸੀ, ਮਨੁੱਖੀ ਅਧਿਕਾਰਾਂ ਨੂੰ ਸਮਰਪਤ ਸੀ। ਰਾਮ ਦਾ ਪਿਛੋਕੜ ਆਂਧਰਾ ਪ੍ਰਦੇਸ਼ ਤੋਂ ਸੀ ਪਰ 80 ਦੇ ਦਹਾਕੇ ਵਿਚ ਹੋਈਆਂ ਪੁਲਿਸ ਵਧੀਕੀਆਂ ਨੇ ਉਸ ਨੂੰ ਪੰਜਾਬ ਨਾਲ ਸਦੀਵੀ ਤੌਰ 'ਤੇ ਜੋੜ ਦਿੱਤਾ। ਇਸ ਤੋਂ ਪਹਿਲਾਂ ਉਹ ਭੁਪਾਲ ਗੈਸ ਕਾਂਡ ਦੇ ਪੀੜਤਾਂ ਨਾਲ ਵੀ ਜੁੜਿਆ ਹੋਇਆ ਸੀ। ਉਸ ਨੇ ਕਮੇਟੀ ਫ਼ਾਰ ਇਨਫਰਮੇਸ਼ਨ ਐਂਡ ਇਨੀਸੀਏਟਿਵ ਆਨ ਪੰਜਾਬ ਬਣਾਈ, ਜਿਸ ਵਿਚ ਮੇਰੇ ਦੋਸਤ ਅਸ਼ੋਕ ਅਗਰਵਾਲ ਅਤੇ ਨਿਤਿਆ ਰਾਮਾ ਕ੍ਰਿਸ਼ਨਨ ਵੀ ਸ਼ਾਮਲ ਸਨ।

ਉਸ ਔਖੇ ਸਮੇਂ ਵਿਚ ਸਭ ਤੋਂ ਜ਼ਿਆਦਾ ਮਾਰ ਸੱਚਾਈ ਨੂੰ ਪਈ ਤੇ ਇਸੇ ਸੱਚਾਈ ਦੀ ਭਾਲ ਵਿਚ ਰਾਮ ਆਪਣੇ ਪੰਜਾਬੀ ਸਹਿਯੋਗੀਆਂ ਨਾਲ ਜੁੱਟੇ ਹੋਏ ਸਨ। ਜਸਵੰਤ ਸਿੰਘ ਖਾਲੜਾ ਨੇ 1995 ਵਿਚ ਆਪਣੀ ਜਾਨ ਦਿੱਤੀ ਅਤੇ ਅਸ਼ੋਕ ਸਮੇਤ ਹੋਰ ਕਈਆਂ ਨੇ ਪੁਲਿਸ ਵਧੀਕੀਆਂ ਦਾ ਸਾਹਮਣਾ ਕੀਤਾ।

ਇਕ ਦੋਸਤ ਦੀ ਮਦਦ ਨਾਲ ਕੁਮਾਰ ਹਿੰਦੁਸਤਾਨ ਤੋਂ ਭੱਜ ਕੇ ਆਸਟ੍ਰੀਆ ਚਲਾ ਗਿਆ, ਜਿਥੇ ਉਸ ਦਾ ਵਿਆਹ ਗਰਟੀ ਨਾਲ ਹੋਇਆ ਅਤੇ ਉਸ ਦੀ ਬੇਟੀ ਕ੍ਰਿਸਟਿਨਾ ਪੈਦਾ ਹੋਈ। ਕੁਮਾਰ ਲਈ ਉਸ ਦਾ ਪੰਜਾਬ ਵਾਸਤੇ ਕੰਮ ਅਜੇ ਵੀ ਅਧੂਰਾ ਸੀ ਅਤੇ ਉਸ ਨੇ ਫੇਰ ਆਪਣੇ ਦੋਸਤਾਂ ਨਾਲ ਰਲ ਕੇ ਆਪਣੀ ਇਤਿਹਾਸਕ ਕਿਤਾਬ 'ਰਡਿਊਸਿਡ ਟੂ ਐਸ਼ਿਜ਼' ਲਿਖੀ। ਇਹ ਇਕੱਲੀ ਕਿਤਾਬ ਹੀ ਇਕ ਦਰਦਨਾਕ, ਦੁਖਦਾਈ ਤੇ ਖ਼ੌਫਨਾਕ ਸਮੇਂ ਦਾ ਇਤਿਹਾਸ ਬਿਆਨ ਕਰਦੀ ਹੈ। ਇਕ ਇਕ ਕੇਸ ਸਬੂਤਾਂ ਸਮੇਤ ਪੇਸ਼ ਕਰਕੇ ਰਾਮ ਅਤੇ ਉਸ ਦੇ ਸਹਿਯੋਗੀਆਂ ਨੇ ਅਜਿਹੀ ਠੋਸ ਰਿਪੋਰਟ ਬਣਾਈ ਕਿ ਅਜੇ ਤਕ ਵੀ ਦੋਖੀ ਉਸ ਵਿਚ ਗਲਤੀਆਂ ਨਹੀਂ ਕੱਢ ਸਕੇ।

ਪੰਜਾਬ ਦੇ ਇਤਿਹਾਸ ਵਿਚ ਇਸ ਕਿਤਾਬ ਨਾਲ ਹੀ ਰਾਮ ਨਾਰਾਇਣ ਕੁਮਾਰ ਨੇ ਇਕ ਮਹੱਤਵਪੂਰਨ ਜਗ੍ਹਾ ਬਣਾ ਲੈਣੀ ਸੀ, ਪਰ ਉਹ ਪੰਜਾਬ ਨੂੰ ਕਈ ਪੱਖਾਂ ਤੋਂ ਦੇਖਦਾ ਸੀ ਅਤੇ ਇਸ ਕਰਕੇ ਉਸ ਨੇ ਪੰਜਾਬ 'ਤੇ ਹੋਰ ਵੀ ਕਿਤਾਬਾਂ ਲਿਖੀਆਂ। ਇਨ੍ਹਾਂ ਕਿਤਾਬਾਂ ਵਿਚ ਉਸ ਦੀ ਪਿਛਲੇ ਸਾਲ ਛਪੀ ਕਿਤਾਬ 'ਟੈਰਿਰ ਇਨ ਪੰਜਾਬ' ਤੇ



ਰਾਮ ਨਾਰਾਇਣ ਕੁਮਾਰ

'ਨੇਰੈਟਿਵਜ਼ ਨਾਲਿਜ਼ ਐਂਡ ਟਰੁੱਥ' ਸ਼ਾਮਲ ਹਨ। ਰਾਮ ਇਕ ਵਿਲੱਖਣ ਸੋਚ ਦਾ ਮਾਲਕ ਸੀ। ਉਸ ਨਾਲ ਕਈ ਪ੍ਰੰਪਰਿਕ ਬੰਦਿਆਂ ਦੇ ਮਤਭੇਦ ਸਨ ਪਰ ਉਸ ਦੀ ਦਿਆਨਤਦਾਰੀ 'ਤੇ ਸ਼ੱਕ ਕਰਨਾ ਔਖਾ ਸੀ। ਜਦੋਂ ਉਸਨੇ ਕੰਮ ਸ਼ੁਰੂ ਕੀਤਾ ਤਾਂ ਕਈਆਂ ਨੇ ਉਸ ਵਲ ਉਂਗਲਾਂ ਉਠਾਈਆਂ, ਪਰ ਰਾਮ ਦਾ ਕੰਮ ਬੋਲਿਆ ਅਤੇ ਆਲੋਚਕ ਚੁੱਪ ਕਰ ਗਏ। ਜਦੋਂ ਰਾਮ ਨੇ ਚੰਡੀਗੜ੍ਹ ਆਉਣ ਹੁੰਦਾ ਸੀ ਤਾਂ ਉਸ ਨੇ ਮੈਨੂੰ ਟੈਲੀਫੋਨ ਕਰਨਾ ਜਾਂ ਈ.ਮੇਲ ਕਰਨੀ ਅਤੇ ਅਸੀਂ ਇਕ ਦੂਜੇ ਨੂੰ ਮਿਲਣਾ।

ਕਈ ਵਾਰ ਅਸੀਂ ਇਕੱਲੇ ਮਿਲਦੇ ਅਤੇ ਕਈ ਵਾਰ ਰਾਜਵਿੰਦਰ ਸਿੰਘ ਬੈਂਸ ਨਾਲ। ਰਾਮ ਨੇ ਸਾਡੇ ਘਰ ਆਉਣਾ। ਰਾਮ ਨੇ ਮੇਰੇ ਪਿਤਾ ਗਿਆਨੀ ਗੁਰਦਿੱਤ ਸਿੰਘ ਜੀ ਅਤੇ ਮਾਤਾ ਇੰਦਰਜੀਤ ਕੌਰ ਨੂੰ ਮਿਲਣਾ ਅਤੇ ਗੱਲਾਂ ਕਰਨੀਆਂ। ਜੋ ਵੀ ਰਾਮ ਨੂੰ ਮਿਲਦਾ ਸੀ, ਉਹ ਉਸ ਦੇ ਗਿਆਨ ਅਤੇ ਤਰਕ ਤੋਂ ਪ੍ਰਭਾਵਤ ਹੁੰਦਾ ਸੀ। ਕਈ ਚੀਜ਼ਾਂ ਬਾਰੇ ਰਾਮ ਦੇ ਖਿਆਲ ਪ੍ਰਚੱਲਤ ਸੋਚ ਤੋਂ ਬਹੁਤ ਹੀ ਵਿਲੱਖਣ ਹੁੰਦੇ ਸਨ, ਪਰ ਉਹ ਆਪਣੀ ਗੱਲ ਏਨੇ ਸੁਚੱਜੇ ਤਰੀਕੇ ਨਾਲ ਪੇਸ਼ ਕਰਦਾ ਸੀ ਕਿ ਉਸ ਨੂੰ ਗੌਰ ਨਾਲ ਸੁਣਿਆ ਤੇ ਵਿਚਾਰਿਆ ਜਾਂਦਾ ਸੀ।

ਜਦੋਂ ਰਾਮ ਮੈਨੂੰ ਕੁਝ ਮਹੀਨੇ ਪਹਿਲਾਂ ਮਿਲਿਆ ਤਾਂ ਉਹ ਕਹਿ ਰਿਹਾ ਸੀ ਕਿ ਹੁਣ ਉਹ ਇਹ ਸਮਝਦਾ ਹੈ ਕਿ ਉਸ ਨੇ ਪੰਜਾਬ ਅਤੇ ਪੰਜਾਬੀ ਸਮਰਥਕਾਂ ਪ੍ਰਤੀ ਆਪਣਾ ਰਿਣ ਚੁਕਾ ਦਿੱਤਾ ਹੈ। ਉਹ ਸਦਾ ਹੀ ਆਪਣੇ ਸਾਥੀਆਂ ਦੀ ਗੱਲ ਕਰਦਾ ਅਤੇ ਮੁੜ-ਮੁੜ ਕੇ ਉਨ੍ਹਾਂ ਦੀ ਘਾਲਣਾ ਬਾਰੇ ਦੱਸਦਾ। ਰਾਮ ਆਪਣੇ ਬਾਰੇ ਘੱਟ ਬੋਲਦਾ ਸੀ, ਪਰ ਸਾਡੇ ਵਰਗਿਆਂ ਨੂੰ ਇਹ ਪਤਾ ਸੀ ਕਿ ਉਸ 'ਤੇ ਕਿਵੇਂ ਪੁਲਿਸ ਨੇ ਅੱਤਿਆਚਾਰ ਕੀਤੇ ਅਤੇ ਉਸ ਦੇ ਕੰਮ ਵਿਚ ਕਿਵੇਂ ਰੁਕਾਵਟਾਂ ਪਾਈਆਂ ਗਈਆਂ। ਹੁਣ ਰਾਮ ਕਾਠਮੰਡੂ ਵਿਚ ਰਹਿੰਦਾ ਸੀ। ਜਦੋਂ ਪਿਛਲੀ ਅਕਤੂਬਰ ਵਿਚ ਉਹ ਸਾਨੂੰ ਮਿਲਿਆ ਤਾਂ ਉਸ ਦੇ ਮਨ ਵਿਚ ਨੇਪਾਲ, ਬੰਗਲਾਦੇਸ਼ ਤੇ ਭਾਰਤ ਦੇ ਹੋਰ ਸੂਬਿਆਂ ਵਿਚ ਮਨੁੱਖੀ ਅਧਿਕਾਰਾਂ ਦੇ ਮਸਲਿਆਂ 'ਤੇ ਕੰਮ ਕਰਨ ਦਾ ਵਿਚਾਰ ਸੀ। ਉਸ ਨੇ ਮੈਨੂੰ ਇਹ ਵੀ ਦੱਸਿਆ ਕਿ ਇਨ੍ਹਾਂ ਸਾਰੀਆਂ ਥਾਵਾਂ 'ਤੇ ਉਹ ਕਿਵੇਂ ਕਈ ਸਕੀਮਾਂ ਚਲਾ ਰਿਹਾ ਹੈ, ਜਿਸ ਨਾਲ ਇਨ੍ਹਾਂ 'ਤੇ ਖੋਜਾਰਥੀ ਕੰਮ ਕਰ ਸਕਣ।

ਭਾਵੇਂ ਉਹ ਦੁਨੀਆ ਦੇਖ ਰਿਹਾ ਸੀ, ਪਰ ਮਨ ਉਸ ਦਾ ਹਾਲੇ ਵੀ ਪੰਜਾਬ ਵਿਚ ਹੀ ਸੀ। ਸਾਊਥ ਏਸ਼ੀਆ ਫ਼ੋਰਮ ਫਾਰ ਹਿਊਮਨ ਰਾਈਟਸ ਸੰਸਥਾ, ਜਿਸ ਦਾ ਰਾਮ ਕਰਤਾ-ਧਰਤਾ ਸੀ, ਨੇ ਤਿੰਨ ਸਾਲ ਦੇ ਰਿਸਰਚ ਪ੍ਰਾਜੈਕਟਾਂ ਤੋਂ ਬਾਅਦ ਜੋ ਪਹਿਲਾਂ ਸੈਮੀਨਾਰ ਕੀਤਾ, ਉਹ ਚੰਡੀਗੜ੍ਹ ਵਿਚ ਹੋਇਆ। ਉਸ ਵਿਚ ਪੰਜਾਬ ਦੀਆਂ ਸਮੱਸਿਆਵਾਂ ਦੀ ਭਰਪੂਰ ਚਰਚਾ ਹੋਈ। ਸਾਰੇ ਦੇਸ਼ ਤੋਂ ਅਤੇ ਕੁਝ ਵਿਦੇਸ਼ਾਂ ਤੋਂ ਡੈਲੀਗੇਟ ਆਏ। ਸੈਮੀਨਾਰ ਖਤਮ ਹੋਣ ਤੋਂ ਬਾਅਦ ਜਦੋਂ ਰਾਮ ਨਾਲ ਰਾਤੀਂ ਗੱਲਾਂ ਹੋ ਰਹੀਆਂ ਸਨ ਤਾਂ ਉਸ ਨੇ ਕਿਹਾ ਕਿ ਹੁਣ ਜਿਹੜਾ ਉਸ ਨੇ ਕੰਮ ਸ਼ੁਰੂ ਕੀਤਾ ਹੈ, ਉਹ ਸਹੀ ਲੀਹ 'ਤੇ ਪੈ ਗਿਆ ਹੈ ਅਤੇ ਉਹ ਹੁਣ ਸਦਾ ਚੱਲਦਾ ਰਹੇਗਾ। ਰਾਮ ਨੇ ਮੈਨੂੰ ਕਿਹਾ ਕਿ ਅਗਲੀ ਵਾਰ ਜਦੋਂ ਮੈਂ ਚੰਡੀਗੜ੍ਹ ਆਵਾਂਗਾ ਤਾਂ ਤੁਹਾਡੇ ਮਾਤਾ ਜੀ ਨਾਲ ਲੰਬੀ ਇੰਟਰਵਿਊ ਕਰਾਂਗਾ ਕਿਉਂਕਿ ਉਨ੍ਹਾਂ ਦਾ ਪੰਜਾਬ ਵਿਚ ਆਪਣਾ ਇਕ ਵੱਖਰਾ ਥਾਂ ਹੈ। ਨਾਲ ਹੀ ਰਾਮ ਨੇ ਕਿਹਾ ਕਿ ਕੀ ਪਤਾ ਮਾਤਾ ਜੀ ਕਦੋਂ ਚਲੇ ਜਾਣ ਅਤੇ ਮੈਂ ਪਹਿਲਾਂ ਵੀ ਤੁਹਾਡੇ ਪਿਤਾ ਜੀ ਨੂੰ ਨਹੀਂ ਮਿਲ ਸਕਿਆ, ਜਿਸ ਦਾ ਮੈਨੂੰ ਸਦਾ ਅਫ਼ਸੋਸ ਰਹੇਗਾ।

ਮੈਨੂੰ ਇਹ ਕੀ ਪਤਾ ਸੀ ਕਿ ਜਿਹੜਾ ਮੇਰਾ ਦੋਸਤ ਮੈਨੂੰ ਇਹ ਕਹਿ ਰਿਹਾ ਸੀ, ਉਸਦੇ ਦੇਹਾਂਤ ਦੀ ਖਬਰ ਮੈਨੂੰ ਆਪਣੀ ਮਾਂ ਨੂੰ ਸੁਣਾਉਣੀ ਪਵੇਗੀ। ਜਦੋਂ ਮੈਨੂੰ ਅਮਰੀਕਾ ਤੋਂ ਟੈਲੀਫੋਨ ਆਇਆ, ਜਿਸ ਰਾਹੀਂ ਮੈਨੂੰ ਇਹ ਖ਼ਬਰ ਪਤਾ ਲੱਗੀ ਤਾਂ ਮੈਂ ਕਿਹਾ, "ਉਹ ਤਾਂ ਨਹੀਂ ਹੈ, ਪਰ ਉਸ ਨੇ ਸਾਡੀ ਦੁਨੀਆ ਵਿਚ ਇਕ ਵੱਖਰੀ ਛਾਪ ਛੱਡੀ ਹੈ। ਇਹ ਸੁਭਾਗ ਬਹੁਤ ਘੱਟ ਇਨਸਾਨਾਂ ਦੇ ਹਿੱਸੇ ਆਉਂਦਾ ਹੈ।"

***

# ਚਿਦੰਬਰਮ 'ਤੇ ਬੂਟ ਸੁੱਟਣ ਵਾਲਾ ਜਰਨੈਲ ਸਿੰਘ ਨੌਕਰੀ ਤੋਂ ਬਰਖ਼ਾਸਤ

**ਨਵੀਂ ਦਿੱਲੀ :** ਨਵੰਬਰ 84 ਦੇ ਸਿੱਖ ਵਿਰੋਧੀ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਨਾ ਦੇਣ ਵਿਰੁਧ ਰੋਹ ਪ੍ਰਗਟਾਉਂਦਿਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਉਤੇ ਬੂਟ ਸੁੱਟਣ ਵਾਲੇ ਸਿੱਖ ਪੱਤਰਕਾਰ ਜਰਨੈਲ ਸਿੰਘ ਨੂੰ ਦੈਨਿਕ ਜਾਗਰਣ ਅਖ਼ਬਾਰ ਸਮੂਹ ਨੇ ਲੰਘੀ 2 ਜੁਲਾਈ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਹੈ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਨੇ ਜਰਨੈਲ ਸਿੰਘ ਨੂੰ ਨੌਕਰੀ ਦੀ ਪੇਸ਼ਕਸ਼ ਕੀਤੀ ਹੈ।



ਜਰਨੈਲ ਸਿੰਘ

ਦੂਜੇ ਪਾਸੇ ਜਰਨੈਲ ਸਿੰਘ ਨੇ ਦੈਨਿਕ ਜਾਗਰਣ ਦੇ ਪ੍ਰਬੰਧਕਾਂ ਦੇ ਇਸ ਫ਼ੈਸਲੇ ਨੂੰ ਕੇਂਦਰ ਸਰਕਾਰ ਤੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਖ਼ੁਸ਼ ਕਰਨ ਵਾਲਾ ਕਦਮ ਦੱਸਿਆ ਹੈ।

ਵਿਸ਼ੇਸ਼ ਗੱਲਬਾਤ ਦੌਰਾਨ ਸ. ਜਰਨੈਲ ਸਿੰਘ ਨੇ ਅਖ਼ਬਾਰ ਦੇ ਪ੍ਰਬੰਧਕਾਂ ਵਲੋਂ ਨੌਕਰੀ ਤੋਂ ਕੱਢਣ ਦੇ ਫ਼ੈਸਲੇ ਨੂੰ ਦੋਹਰੇ ਮਾਪਦੰਡ ਕਰਾਰ ਦਿੱਤਾ ਅਤੇ ਕਿਹਾ, "ਮੈਂ ਪਹਿਲਾਂ ਹੀ ਸਪੱਸ਼ਟ ਕਰ ਚੁੱਕਾ ਹਾਂ ਕਿ ਕੇਂਦਰੀ ਗ੍ਰਹਿ ਮੰਤਰੀ ਉਤੇ ਬੂਟ ਉਛਾਲਣ ਦਾ ਕਦਮ ਗਲਤ ਜ਼ਰੂਰ ਸੀ, ਪਰ ਮੁੱਦਾ ਬਿਲਕੁਲ ਸਹੀ ਹੈ।"

ਉਨ੍ਹਾਂ ਕਿਹਾ, "ਮੇਰੇ ਵਿਰੁਧ ਕਿਸੇ ਤਰ੍ਹਾਂ ਦੀ ਕਾਰਵਾਈ ਹੋਣੀ ਹੀ ਨਹੀਂ ਸੀ ਚਾਹੀਦੀ, ਪਰ ਮਾਲਕਾਂ ਨੇ ਸਰਕਾਰ ਨੂੰ ਖ਼ੁਸ਼ ਕਰਨ ਲਈ ਇਹ ਗ਼ੈਰ-ਵਾਜਬ ਕਦਮ ਚੁਕਿਆ ਹੈ, ਜਿਸ ਦਾ ਮੈਨੂੰ ਕੋਈ ਅਫ਼ਸੋਸ ਨਹੀਂ।"

ਉਨ੍ਹਾਂ ਕਿਹਾ, "ਇਹ ਮੇਰਾ ਨਿੱਜੀ ਮਸਲਾ ਨਹੀਂ ਹੈ, ਸਗੋਂ ਸਮੁੱਚੀ ਸਿੱਖ ਕੌਮ ਦਾ ਮਸਲਾ ਹੈ।" ਡੇਢ ਦਹਾਕੇ ਤੋਂ ਪੱਤਰਕਾਰੀ ਨਾਲ ਜੁੜੇ ਸੀਨੀਅਰ ਪੱਤਰਕਾਰ ਜਰਨੈਲ ਸਿੰਘ ਨੇ ਰੋਹ ਵਿਚ ਆਉਂਦਿਆਂ ਕਿਹਾ, "ਮੈਂ ਪੱਤਰਕਾਰੀ ਹੀ ਕਰਨਾ ਚਾਹੁੰਦਾ ਹਾਂ, ਪਰ ਜੋ ਵਾਹਿਗੁਰੂ ਨੂੰ ਮਨਜ਼ੂਰ ਹੈ, ਉਹੀ ਹੋਣਾ ਹੈ।" ਉਨ੍ਹਾਂ ਐਲਾਨ ਵੀ ਕੀਤਾ ਕਿ ਉਹ ਛੇਤੀ ਹੀ ਨਵੰਬਰ 84 ਕਤਲੇਆਮ ਬਾਰੇ ਇਕ ਕਿਤਾਬ ਲਿੱਖ ਕੇ ਨਿਵੇਕਲਾ ਸੱਚ ਸਾਹਮਣੇ ਲਿਆਉਣਗੇ।

ਜਰਨੈਲ ਸਿੰਘ ਨੇ ਸਿੱਖ ਕੌਮ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ 'ਤੇ ਖੁੱਲ੍ਹ ਕੇ ਅਪਣੇ ਰੋਹ ਦਾ ਪ੍ਰਗਟਾਵਾ ਕਰਨ ਤਾਂ ਜੋ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦੁਆਈ ਜਾ ਸਕੇ। ਦੈਨਿਕ ਜਾਗਰਣ ਦੇ ਇਸ ਫ਼ੈਸਲੇ ਦੀ ਚੁਫੇਰਿਉਂ ਨਿੰਦਾ ਕੀਤੀ ਜਾ ਰਹੀ ਹੈ।

ਯੂ.ਐਨ.ਆਈ. ਦੇ ਸਾਬਕਾ ਪੱਤਰਕਾਰ ਸ. ਜਸਪਾਲ ਸਿੰਘ ਸਿੱਧੂ ਨੇ ਇਸ ਨੂੰ ਇਕ ਸਿੱਖ ਪੱਤਰਕਾਰ ਨਾਲ ਜ਼ਿਆਦਤੀ ਕਿਹਾ ਹੈ। ਇਸ ਦੌਰਾਨ ਪੱਤਰਕਾਰ ਜਰਨੈਲ ਸਿੰਘ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਇਕ ਵਾਰ ਫਿਰ ਸ਼੍ਰੋਮਣੀ ਕਮੇਟੀ ਵਿਚ ਸੇਵਾ ਨਿਭਾਉਣ ਦੀ ਪੇਸ਼ਕਸ਼ ਕੀਤੀ ਹੈ।

ਉਨ੍ਹਾਂ ਕਿਹਾ ਕਿ ਜਰਨੈਲ ਸਿੰਘ ਅਪਣੇ ਆਪ ਨੂੰ ਇਕੱਲਾ ਨਾ ਸਮਝੇ, ਪੂਰਾ ਖ਼ਾਲਸਾ ਪੰਥ ਉਸ ਦੇ ਨਾਲ ਹੈ।







# ਮਨਪ੍ਰੀਤ ਬਾਦਲ ਵਲੋਂ ਪੰਜਾਬ ਦਾ ਘਾਟੇ ਵਾਲਾ ਬਜਟ ਪੇਸ਼

ਚੰਡੀਗੜ੍ਹ: ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਲੰਘੀ 7 ਜੁਲਾਈ ਨੂੰ ਸਾਲ 2009-10 ਲਈ 4233.92 ਕਰੋੜ ਦੇ ਘਾਟੇ ਵਾਲਾ ਬਜਟ ਪੇਸ਼ ਕੀਤਾ। ਬਜਟ ਵਿਚ ਕੁਝ ਵੀ ਨਵਾਂ ਨਹੀਂ ਕੀਤਾ ਗਿਆ। ਬਜਟ 'ਚ ਨਾ ਤਾਂ ਕੋਈ ਰਾਹਤ ਦਿੱਤੀ ਗਈ ਹੈ ਅਤੇ ਨਾ ਹੀ ਕੋਈ ਨਵਾਂ ਟੈਕਸ ਲਗਾਇਆ ਗਿਆ ਹੈ। ਬਿਜਲੀ, ਸਿਹਤ ਸਹੂਲਤਾਂ, ਸਿੱਖਿਆ, ਪੀਣ ਵਾਲੇ ਸਾਫ ਪਾਣੀ, ਖੇਤੀਬਾੜੀ ਅਤੇ ਸੜਕਾਂ ਵਰਗੀਆਂ ਮੁੱਢਲੀਆਂ ਲੋੜਾਂ ਦੁਆਲੇ ਘੁੰਮਦੇ ਇਸ ਬਜਟ ਦਾ ਕੁੱਲ ਆਕਾਰ 40262.15 ਕਰੋੜ ਰੁਪਏ ਦਾ ਹੈ, ਜਿਸ ਵਿੱਚ 30306.26 ਕਰੋੜ ਰੁਪਏ ਦਾ ਮਾਲ ਆਮਦਨ ਖ਼ਰਚਾ, 3550.15 ਕਰੋੜ ਰੁਪਏ ਦਾ ਪੂੰਜੀਗਤ ਖ਼ਰਚਾ 6362.62 ਕਰੋੜ ਰੁਪਏ ਦੀ ਜਨਤਕ ਕਰਜ਼ਾ ਮੁੜ ਅਦਾਇਗੀ ਸ਼ਾਮਲ ਹੈ। ਵਿੱਤ ਮੰਤਰੀ ਨੇ ਬਜਟ ਪੇਸ਼ ਕਰਦਿਆਂ ਕਿਹਾ ਕਿ ਸਾਲ 2008-09 ਲਈ 3811.64 ਕਰੋੜ ਰੁਪਏ ਦੇ ਸੋਧੇ ਅਨੁਮਾਨਾਂ ਦੇ ਮੁਕਾਬਲੇ ਸਾਲ 2009-10 ਲਈ ਮਾਲ ਆਮਦਨ ਲੇਖੇ ਸੰਬੰਧੀ 4233.92 ਕਰੋੜ ਰੁਪਏ ਦੇ ਘਾਟੇ ਦਾ ਅੰਦਾਜ਼ਾ ਲਗਾਇਆ ਗਿਆ ਹੈ। ਪਿਛਲੇ ਸਾਲ ਤੋਂ ਮਾਲ ਆਮਦਨ ਦੇ ਘਾਟੇ ਵਿੱਚ ਕਮੀਆਂ ਮੁੱਖ ਤੌਰ 'ਤੇ 5ਵੇਂ ਪੰਜਾਬ ਤਨਖਾਹ ਕਮਿਸ਼ਨ ਦੀਆਂ ਸਿਫਾਰਿਸ਼ਾਂ ਨੂੰ ਲਾਗੂ ਕਰਨ ਲਈ ਕੀਤੇ ਉਪਬੰਧਾਂ ਕਾਰਨ ਹਨ।

ਬਜਟ 'ਚ ਬਿਜਲੀ ਸੈਕਟਰ, ਬੁਨਿਆਦੀ ਢਾਂਚਾ, ਸਮਾਜਕ ਸੁਰੱਖਿਆ ਤੇ ਟਰਾਂਸਪੋਰਟ ਆਦਿ ਨੂੰ ਪਹਿਲ ਦਿੰਦਿਆਂ ਵਧੇਰੇ ਫੰਡ ਰੱਖੇ ਗਏ ਹਨ। ਸਾਲਾਨਾ ਯੋਜਨਾ 'ਚ ਪਿਛਲੇ ਸਾਲ ਨਾਲੋ 39 ਫੀਸਦੀ ਦਾ ਵਾਧਾ ਕੀਤਾ ਗਿਆ ਹੈ ਜੋ 8625 ਕਰੋੜ ਦੀ ਹੈ। ਯੋਜਨਾ ਦਾ 30 ਫੀਸਦੀ 2593 ਕਰੋੜ ਬਿਜਲੀ ਸੈਕਟਰ ਲਈ ਰੱਖਿਆ ਗਿਆ ਹੇ ਜੋ ਕਿ ਪਿਛਲੇ ਸਾਲ ਨਾਲੋ 18 ਫੀਸਦੀ ਵਧ ਹੈ। ਇਸੇ ਤਰਾਂ ਪੰਜਾਬ ਬੁਨਿਆਦੀ ਢਾਂਚਾ ਬੋਰਡ ਲਈ ਪਿਛਲੇ ਸਾਲ ਦੇ ਮੁਕਾਬਲੇ 440 ਕਰੋੜ ਤੋਂ ਵਧਾਕੇ 1500 ਕਰੋੜ ਕਰ ਦਿਤੀ ਗਈ ਹੈ। ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਨੂੰ ਅਪਗਰੇਡ ਕਰਨ ਲਈ 182 ਕਰੋੜ ਰੁਪਏ ਰੱਖੇ ਗਏ ਹਨ ਤੇ ਕੇਂਦਰੀ ਸਪਾਂਸਰ ਸਕੀਮ ਰਾਸ਼ਟਰੀ ਰੁਜ਼ਗਾਰ ਗਰੰਟੀ ਯੋਜਨਾ ਨੂੰ ਸਾਰੇ ਰਾਜ 'ਚ ਲਾਗੂ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਹੈ। ਪੰਜਵੇ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਪਹਿਲੀ ਜਨਵਰੀ 2006 ਤੋਂ ਲਾਗੂ ਕਰਨ ਦੇ ਫੈਸਲੇ ਤਹਿਤ ਅਗਸਤ ਮਹੀਨੇ ਤੋਂ ਮੁਲਾਜ਼ਮਾਂ ਨੂੰ ਨਵੇਂ ਪੇ ਸਕੇਲਾਂ ਮੁਤਾਬਕ ਤਨਖਾਹ ਦੇਣ ਦਾ ਪ੍ਰਸਤਾਵ ਬਜਟ 'ਚ ਪੇਸ਼ ਕੀਤਾ ਗਿਆ ਹੈ। ਇਸ ਉਪਰ 3000 ਕਰੋੜ ਦਾ ਖਰਚਾ ਆਉਣਾ ਹੈ।

ਪੇਸ਼ ਕੀਤੇ ਬਜਟ ਅਨੁਸਾਰ ਖੇਤੀ ਤੇ ਸਬੰਧਤ ਕਾਰਜ ਲਈ 253.08, ਪੇਂਡੂ ਵਿਕਾਸ ਲਈ 675.61, ਸਿੰਚਾਈ ਤੇ ਹੜ ਕੰਟਰੋਲ ਲਈ 546.31, ਊਰਜਾ ਲਈ 2596.75, ਉਦਯੋਗ ਤੇ ਖਣਿਜ ਲਈ 8.90, ਟਰਾਂਸਪੋਰਟ ਲਈ 1991.43, ਸਾਇੰਸ ਤੇ ਤਕਨਾਲੋਜੀ ਤੇ ਵਾਤਾਵਰਨ ਲਈ 97.12, ਆਮ ਆਰਥਕ ਸੇਵਾਵਾਂ ਲਈ 150.42, ਸਮਾਜਕ ਸੇਵਾਵਾਂ ਲਈ 2213.91 ਤੇ ਆਮ ਸੇਵਾਵਾਂ ਲਈ 91.48 ਕਰੋੜ ਰੁਪਏ ਦੇ ਖਰਚੇ ਦੇ ਪ੍ਰਸਤਾਵ ਬਜਟ 'ਚ ਰਖੇ ਗਏ ਹਨ। ਵਿੱਤ ਮੰਤਰੀ ਨੇ ਕਿਹਾ ਕਿ 5ਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਿਸ਼ਾਂ ਪਹਿਲੀ ਅਗਸਤ 2009 ਤੋਂ ਮਨਜ਼ੂਰ ਕਰ ਲਈਆਂ ਗਈਆਂ ਹਨ। ਸਰਕਾਰੀ ਕਰਮਚਾਰੀ ਨੂੰ ਪਹਿਲੀ ਅਗਸਤ 2009 ਤੋਂ ਨਵੇਂ ਤਨਖਾਹ ਸਕੇਲ ਲੈਣਾ ਸ਼ੁਰੂ ਕਰ ਦੇਣਗੇ।

ਵਿੱਤ ਮੰਤਰੀ ਨੇ ਦੱਸਿਆ ਕਿ ਮੌਜੂਦਾ ਸਾਲ ਵਿੱਚ ਡਾਕਟਰੀ ਅਤੇ ਜਨ ਸਿਹਤ ਲਈ ਖ਼ਰਚ ਨੂੰ 95 ਕਰੋੜ ਰੁਪਏ ਤੋਂ ਵਧਾਅ ਕੇ 169 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਨੂੰ ਅੱਪ ਗਰੇਡ ਕੀਤਾ ਜਾ ਰਿਹਾ ਹੈ, ਜਿਸ ਤੇ 182 ਕਰੋੜ ਰੁਪਏ ਦਾ ਖ਼ਰਚ ਤਖ਼ਮੀਨਾ ਹੈ। ਇਸ ਦੇ ਨਾਲ ਹੀ ਰਾਜ ਸਰਕਾਰ ਪੰਜਾਬ ਦੇ ਫਰੀਦਕੋਟ ਅਤੇ ਪਟਿਆਲਾ ਵਿਖੇ ਸਥਿਤ ਮੈਡੀਕਲ ਕਾਲਜਾਂ ਨੂੰ ਵੀ ਅੱਪਗਰੇਡ ਕਰਨ ਜਾ ਰਹੀ ਹੈ ਇਸ ਲਈ ਕ੍ਰਮਵਾਰ 72 ਕਰੋੜ ਰੁਪਏ ਅਤੇ 30 ਕਰੋੜ ਰੁਪਏ ਦੇ ਖ਼ਰਚ ਦਾ ਅਨੁਮਾਨ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਜਨਤਕ -ਨਿੱਜੀ ਭਾਈਵਾਲੀ ਦੇ ਢੰਗ ਅਧੀਨ ਸਿਵਲ ਹਸਪਤਾਲ ਮੋਹਾਲੀ ਵਿਖੇ ਸੁਪਰ ਸਪੈਸ਼ਲਿਟੀ ਕੈਂਸਰ ਅਤੇ ਟਰੌਮਾ ਹਸਪਤਾਲ ਅਤੇ ਸਿਵਲ ਹਸਪਤਾਲ ਬਠਿੰਡਾ ਵਿਖੇ ਸੁਪਰ ਸਪੈਸ਼ਲਿਟੀ ਕੈਂਬਰ ਅਤੇ ਕਾਰਡੀਅਕ ਹਸਪਤਾਲ ਸਥਾਪਿਤ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਰਾਜ ਦੇ 8 ਜ਼ਿਲ੍ਹਿਆਂ ਵਿੱਚ ਰਾਸ਼ਟਰੀ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਗਈ ਹੈ ਜਿਸ ਅਧੀਨ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰਾਂ ਨੂੰ 30 ਹਜ਼ਾਰ ਰੁਪਏ ਦਾ ਬੀਮਾ ਉਪਲਬੱਧ ਕਰਾਇਆ ਗਿਆ ਹੈ। ਇਹ ਯੋਜਨਾ ਇਸ ਸਾਲ 12 ਜ਼ਿਲ੍ਹਿਆਂ ਵਿੱਚ ਹੋਰ ਉਪਲਬੱਧ ਕਰਵਾਈ ਜਾਵੇਗੀ ਅਤੇ ਜਲੰਧਰ, ਲੁਧਿਆਣਾ ਤੇ ਮਲੇਰਕੋਟਲਾ ਦੀ ਸ਼ਹਿਰੀ ਗਰੀਬ ਅਤੇ ਝੁੱਗੀ ਝੋਪੜੀ ਵਾਲਿਆਂ ਲਈ ਚਾਰ ਸ਼ਹਿਰੀ ਸਿਹਤ ਕੇਂਦਰਾਂ ਵਾਸਤੇ 15 ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਹੈ। ਉਨ੍ਹਾਂ ਦੱਸਿਆ ਕਿ ਚਾਲੂ ਵਿੱਤੀ ਸਾਲ ਵਿੱਚ 252 ਕਰੋੜ ਰੁਪਏ ਦੇ ਖ਼ਰਚ ਨਾਲ ਰਾਜ ਵਿੱਚ ਕੌਮੀ ਪੇਂਡੂ ਸਿਹਤ ਮਿਸ਼ਨ ਨੂੰ ਸਫਲਤਾ ਨਾਲ ਅਮਲ 'ਚ ਲਿਆਂਦਾ ਜਾ ਰਿਹਾ ਹੈ। ਅਸੀਂ 24 ਘੰਟੇ ਜਣੇਪਾ ਸੇਵਾਵਾਂ ਮੁਹੱਈਆ ਕਰਵਾਉਣ ਲਈ 101 ਮੁੱਢਲੇ ਕੇਂਦਰਾਂ ਦਾ ਦਰਜਾ ਵਧਾਇਆ ਹੈ ਅਤੇ 60 ਕਮਿਊਨਿਟੀ ਸਿਹਤ ਕੇਂਦਰਾਂ ਨੂੰ ਐਫ. ਆਰ. ਯੂ. ਵਿੱਚ ਤਬਦੀਲ ਕੀਤਾ ਹੈ।

ਸਮਾਜ ਦੇ ਕਮਜ਼ੋਰ ਤੇ ਲਾਭ ਵਿਹੂਣੇ ਵਰਗਾਂ ਲਈ 657 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ। ਚਾਲੂ ਸਾਲ ਦੌਰਾਨ 6487 ਨਵੇਂ ਆਂਗਣਵਾੜੀ ਕੇਂਦਰਾਂ ਨੂੰ ਚਾਲੂ ਕੀਤਾ ਜਾਵੇਗਾ। ਇਹ ਪਹਿਲਾਂ ਤੋਂ ਚੱਲ ਰਹੇ 20169 ਆਂਗਣਵਾੜੀ ਕੇਂਦਰਾਂ ਤੋਂ ਵੱਖਰੇ ਹੋਣਗੇ।

## ਪੰਜਾਬ ਬਜਟ ਦੇ ਮੁੱਖ ਪੱਖ

1. ਸਾਲਾਨਾ ਯੋਜਨਾ 2009-10 ਖ਼ਰਚਾ 8625 ਕਰੋੜ ਰੁਪਏ 6210 ਕਰੋੜ ਰੁਪਏ ਦੇ ਸਾਲਾਨਾ ਯੋਜਨਾ 2008-09 ਦੇ ਖ਼ਰਚ ਤੋਂ 39 ਫੀਸਦੀ ਦਾ ਵਾਧਾ।

2. ਸਾਲ 2008-09 ਵਿਚ 2204 ਕਰੋੜ ਰੁਪਏ ਦੇ ਖ਼ਰਚੇ ਦੇ ਮੁਕਾਬਲੇ ਸਾਲ 2009-10 ਲਈ ਬਿਜਲੀ ਸੈਕਟਰ ਵਾਸਤੇ 2593 ਕਰੋੜ ਰੁਪਏ ਦਾ ਖ਼ਰਚਾ (ਯੋਜਨਾ ਦਾ 30 ਫੀਸਦੀ) ਤਕਰੀਬਨ 18 ਫੀਸਦੀ ਦਾ ਵਾਧਾ।

3. ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ. ਆਈ. ਡੀ. ਬੀ.) ਦੇ ਤਹਿਤ ਖ਼ਰਚ 2008-09 ਵਿੱਚ 440 ਕਰੋੜ ਰੁਪਏ ਤੋਂ ਵੱਧ ਕੇ ਸਾਲ 2009-10 ਵਿੱਚ 1500 ਕਰੋੜ ਰੁਪਏ ਤੱਕ ਕਰ ਦਿੱਤਾ ਗਿਆ ਹੈ।

4. ਸਾਲ 2009-10 ਵਿੱਚ ਉਪ ਮੱਦ 'ਫ਼ਸਲ ਕਾਸ਼ਤਕਾਰੀ' ਦੇ ਤਹਿਤ 140.37 ਕਰੋੜ ਰੁਪਏ ਦੇ ਖ਼ਰਚੇ ਦਾ ਉਪਬੰਧ ਕੀਤਾ ਗਿਆ ਹੈ।

5. 8 ਜ਼ਿਲ੍ਹਿਆਂ ਵਿਚ ਰਾਸ਼ਟਰੀ ਸਿਹਤ ਬੀਮਾ ਯੋਜਨਾ ਲਾਗੂ ਕੀਤੀ ਜਾ ਚੁੱਕੀ ਹੈ। ਬਾਕੀ ਰਹਿੰਦੇ 12 ਜ਼ਿਲ੍ਹੇ ਸਾਲ 2009-10 ਵਿੱਚ ਕਵਰ ਕੀਤੇ ਜਾਣੇ ਹਨ।

6. 182 ਕਰੋੜ ਰੁਪਏ ਦੀ ਲਾਗਤ ਨਾਲ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਦਾ ਦਰਜਾ ਵਧਾਇਆ ਜਾ ਰਿਹਾ ਹੈ।

# ਪੰਜਾਬ ਕੇਡਰ ਦੇ ਬਹੁਗਿਣਤੀ ਆਈ.ਪੀ.ਐਸ. ਅਫਸਰ ਕੇਂਦਰ ਸਰਕਾਰ ਦੀ ਡਿਊਟੀ ਕਰਨ ਦੇ ਇਛੁਕ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਜਲੰਧਰ :** ਪੰਜਾਬ ਵਿਚ ਮੌਜੂਦ ਆਈ.ਪੀ.ਐਸ. ਅਧਿਕਾਰੀ ਕੇਂਦਰੀ ਅਦਾਰਿਆਂ ਵਿਚ ਆਪਣੀ ਡੈਪੂਟੇਸ਼ਨ ਉਪਰ ਪੋਸਟਿੰਗ ਨੂੰ ਤਰਜ਼ੀਹ ਦਿੰਦਿਆਂ ਲਗਾਤਾਰ ਪੰਜਾਬ ਨੂੰ ਅਲਵਿਦਾ ਆਖ ਰਹੇ ਹਨ। ਇਨ੍ਹਾਂ ਅਧਿਕਾਰੀਆਂ ਦਾ ਆਖਣਾ ਹੈ ਕਿ ਪੰਜਾਬ ਸਰਕਾਰ ਵਲੋਂ ਚੰਗੀਆਂ ਪੋਸਟਾਂ ਲਈ ਉਨ੍ਹਾਂ ਦੇ ਮੁਕਾਬਲੇ ਪੀ.ਪੀ.ਐਸ. ਅਧਿਕਾਰੀਆਂ ਨੂੰ ਤਰਜ਼ੀਹ ਦਿੱਤੀ ਜਾ ਰਹੀ ਹੈ।

ਕੇਂਦਰ ਵਲੋਂ ਪੰਜਾਬ ਨੂੰ 144 ਆਈ.ਪੀ.ਐਸ. ਅਧਿਕਾਰੀਆਂ ਦੀ ਮਨਜ਼ੂਰੀ ਦਿੱਤੀ ਗਈ ਹੈ, ਜਿਨ੍ਹਾਂ ਦੀ ਗਿਣਤੀ 29 ਘੱਟ ਹੈ। ਪਿਛਲੇ ਅੱਠ ਸਾਲਾਂ ਵਿਚ ਪੰਜਾਬ ਨੇ ਕੇਂਦਰ ਤੋਂ ਸਿਰਫ ਅੱਠ ਕੁ ਅਧਿਕਾਰੀ ਹੀ ਲਏ ਹਨ। ਕੁਝ ਨਿਰਾਸ਼ ਆਈ.ਪੀ.ਐਸ. ਅਫਸਰਾਂ ਦਾ ਆਖਣਾ ਹੈ ਕਿ ਪੰਜਾਬ ਸਰਕਾਰ ਕੇਂਦਰ ਨੂੰ ਇਹ ਪ੍ਰਭਾਵ ਦਿੰਦੀ ਰਹੀ ਹੈ ਕਿ ਪੰਜਾਬ ਵਿਚ ਆਈ.ਪੀ.ਐਸ. ਅਫਸਰਾਂ ਦੀ ਕੋਈ ਜ਼ਰੂਰਤ ਨਹੀਂ ਹੈ। ਇਕ ਪੜਤਾਲ ਅਨੁਸਾਰ ਪੰਜਾਬ ਵਿਚ ਮੌਜੂਦ 115 ਆਈ.ਪੀ.ਐਸ. ਅਧਿਕਾਰੀ, ਜਿਹੜੇ ਐਸ.ਐਸ.ਪੀ. ਤੋਂ ਲੈ ਕੇ ਡੀ.ਜੀ.ਪੀ. ਅਹੁਦੇ ਤੱਕ ਤਾਇਨਾਤ ਹਨ। ਇਨ੍ਹਾਂ ਵਿਚੋਂ 15 ਅੱਜ ਕੱਲ੍ਹ ਕੇਂਦਰੀ ਡੈਪੂਟੇਸ਼ਨ ਉੱਪਰ ਡਿਊਟੀ ਨਿਭਾਅ ਰਹੇ ਹਨ।

ਇਸ ਤੋਂ ਇਲਾਵਾ 7 ਆਈ.ਪੀ.ਐਸ. ਅਫਸਰਾਂ ਦੀਆਂ ਅਰਜੀਆਂ ਕੇਂਦਰੀ ਡੈਪੂਟੇਸ਼ਨ ਉਪਰ ਜਾਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਟੇਬਲ ਉਪਰ ਪਈਆਂ ਹਨ। ਸੂਤਰਾਂ ਅਨੁਸਾਰ ਚਾਰ ਹੋਰ ਆਈ.ਪੀ.ਐਸ. ਅਧਿਕਾਰੀ ਇਹ ਪਤਾ ਲਗਾਉਣ ਲਈ ਜੀ ਤੋੜ ਕੋਸ਼ਿਸ਼ਾਂ ਕਰ ਰਹੇ ਹਨ ਕਿ ਕੀ ਉਹ ਵੀ ਕੇਂਦਰੀ ਡੈਪੂਟੇਸ਼ਨ ਡਿਊਟੀ ਉਪਰ ਜਾ ਸਕਦੇ ਹਨ? ਸੂਤਰਾਂ ਦਾ ਆਖਣਾ ਹੈ ਕਿ ਇਨੀ-ਵੱਡੀ ਗਿਣਤੀ ਵਿਚ ਆਈ.ਪੀ.ਐਸ. ਅਧਿਕਾਰੀਆਂ ਦੀਆਂ ਕੇਂਦਰ ਵਲ ਮੁਹਾਰਾਂ ਕਰਨਾ ਸੱਚਮੁੱਚ ਅਣਕਿਆਸਾ ਹੈ, ਖਾਸ ਕਰਕੇ ਉਦੋਂ ਜਦੋਂ ਪੰਜਾਬ ਵਿਚ ਆਈ.ਪੀ.ਐਸ. ਅਧਿਕਾਰੀਆਂ ਦੀ ਗਿਣਤੀ-ਪਹਿਲਾਂ ਹੀ ਘੱਟ ਹੈ। ਇਥੋਂ ਤੱਕ ਕਿ ਇਸ ਸਾਲ ਦੇ ਸ਼ੁਰੂ ਵਿਚ ਪੰਜਾਬ ਦੇ ਸਾਬਕਾ ਪੁਲਿਸ ਮੁਖੀ ਸ੍ਰੀ ਐਨ.ਪੀ.ਐਸ. ਔਲਖ ਨੇ ਵੀ ਕੇਂਦਰੀ ਸਕਿਉਰਿਟੀ ਗਾਰਡ ਦੇ ਮੁੱਖੀ ਦਾ ਅਹੁਦਾ ਸੰਭਾਲਣ ਨੂੰ ਤਰਜ਼ੀਹ ਦਿੱਤੀ ਸੀ।

ਸੂਤਰਾਂ ਅਨੁਸਾਰ ਆਈ.ਪੀ.ਐਸ. ਅਫਸਰਾਂ ਵਿਚ ਇੰਨੀ ਵੱਡੀ ਪੱਧਰ ਉੱਪਰ ਫੈਲ ਰਹੀ ਨਿਰਾਸ਼ਾ ਉਨ੍ਹਾਂ ਨੂੰ ਅਸਲ ਵਿਚ ਪੰਜਾਬ ਵਿਚ ਚੱਜ ਦੀਆਂ ਨਿਯੁਕਤੀਆਂ ਨਾ ਮਿਲਣ ਦਾ ਸਿੱਟਾ ਹੈ। ਕੇਂਦਰ ਸਰਕਾਰ ਦੇ ਸਪੱਸ਼ਟ ਹੁਕਮਾਂ ਦੇ ਬਾਵਜੂਦ 24 ਪੁਲਿਸ ਜ਼ਿਲ੍ਹਿਆਂ ਵਿਚੋਂ 10 ਵਿਚ ਅੱਜ-ਕੱਲ੍ਹ ਪੀ.ਪੀ.ਐਸ. ਅਧਿਕਾਰੀ ਤਾਇਨਾਤ ਹਨ। ਯਾਦ ਰਹੇ ਕੇਂਦਰ ਸਰਕਾਰ ਵਲੋਂ ਜਾਰੀ ਹੁਕਮਾਂ ਵਿਚ ਇਹ ਸਪੱਸ਼ਟ ਕਿਹਾ ਗਿਆ ਹੈ ਕਿ ਇਹ ਭਾਵੇਂ ਮਾਲੀ ਜ਼ਿਲ੍ਹਾ ਹੋਵੇ ਜਾਂ ਪੁਲਿਸ ਜ਼ਿਲ੍ਹਾ, ਜ਼ਿਲ੍ਹਾ ਪੁਲਿਸ ਮੁਖੀ ਆਈ.ਪੀ.ਐਸ. ਕੈਡਰ ਦਾ ਅਧਿਕਾਰੀ ਹੀ ਤਾਇਨਾਤ ਕੀਤਾ ਜਾਣਾ ਚਾਹੀਦਾ ਹੈ। ਭਾਵੇਂ ਕਿ ਰਾਜ ਸਰਕਾਰ ਨੇ ਪਹਿਲਾਂ ਪਹਿਲਾਂ ਪੁਲਿਸ ਜ਼ਿਲ੍ਹਿਆਂ ਵਿਚ ਹੀ ਪੀ.ਪੀ.ਐਸ. ਅਧਿਕਾਰੀ ਤਾਇਨਾਤ ਕੀਤੇ ਸਨ, ਪਰ ਹੁਣ ਇਕ ਪੀ.ਪੀ.ਐਸ. ਅਧਿਕਾਰੀ ਸੁਰਿੰਦਰਪਾਲ ਸਿੰਘ ਪਰਮਾਰ ਨੂੰ ਫਿਰੋਜ਼ਪੁਰ ਜ਼ਿਲ੍ਹੇ ਦਾ ਪੁਲਿਸ ਮੁਖੀ ਵੀ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਸਾਬਕਾ ਉਪ ਮੁੱਖ ਮੰਤਰੀ ਸ੍ਰੀ ਸੁਖਬੀਰ ਬਾਦਲ ਦੀਆਂ ਹਦਾਇਤਾਂ ਉਪਰ ਜਲੰਧਰ ਜ਼ਿਲ੍ਹੇ ਵਿਚੋਂ ਪੰਜਾਬ ਸਰਕਾਰ ਇਕ ਰੂਰਲ ਪੁਲਿਸ ਜ਼ਿਲ੍ਹਾ ਬਣਾਉਣ ਦੀਆਂ ਤਿਆਰੀਆਂ ਕਰ ਰਹੀ ਹੈ।

ਇਹ ਸਾਰਾ ਕੁਝ ਪੀ.ਪੀ.ਐਸ. ਅਧਿਕਾਰੀਆਂ ਦੀ ਤਾਇਨਾਤੀ ਲਈ ਕੀਤਾ ਜਾ ਰਿਹਾ ਹੈ। ਅੰਮ੍ਰਿਤਸਰ ਅਤੇ ਲੁਧਿਆਣਾ ਵਿਚੋਂ ਕੱਢੇ ਗਏ ਰੂਰਲ ਪੁਲਿਸ ਜ਼ਿਲ੍ਹਿਆਂ ਵਿਚ ਪਹਿਲਾਂ ਹੀ ਪੀ.ਪੀ.ਐਸ. ਅਧਿਕਾਰੀ ਤਾਇਨਾਤ ਕੀਤੇ ਗਏ ਹਨ।

ਡੀ.ਆਈ.ਜੀ. ਅਤੇ ਐਸ.ਪੀ. ਪੱਧਰ ਦੇ ਹੋਰ ਵੀ ਬਹੁਤ ਸਾਰੇ ਅਧਿਕਾਰੀ ਕੇਂਦਰੀ ਡੈਪੂਟੇਸ਼ਨ ਉਪਰ ਜਾਣ ਲਈ ਕਾਹਲੇ ਹਨ, ਉਨ੍ਹਾਂ ਨੂੰ ਲੱਗਦਾ ਹੈ ਕਿ ਰਾਜ ਤੋਂ ਬਾਹਰ ਆਪਣੀਆਂ ਸੇਵਾਵਾਂ ਦੇਣ ਦਾ ਇਕ ਸਹੀ ਮੌਕਾ ਹੈ।

ਕਈ ਐਸ.ਪੀ. ਪੱਧਰ ਦੇ ਅਧਿਕਾਰੀ ਸਮਝਦੇ ਹਨ ਕਿ ਕਿ ਉਹ ਕੇਂਦਰੀ ਡੈਪੂਟੇਸ਼ਨ ਉਪਰ ਨੌਕਰੀ ਕਰਦਿਆਂ ਸੌਖਿਆਂ ਹੀ ਡੀ.ਆਈ.ਜੀ. ਦੇ ਅਹੁਦੇ ਨੂੰ ਪਹੁੰਚ ਸਕਦੇ ਹਨ।

## 'ਗੁਰੂ ਮਾਨਿਓ ਗ੍ਰੰਥ' ਫਿਲਮ ਦੀ ਸ਼ੂਟਿੰਗ 19 ਨੂੰ

**ਯੂਬਾ ਸਿਟੀ:** ਅਟਾਰਨੀ ਜਸਪ੍ਰੀਤ ਸਿੰਘ ਦੇ ਲਿਖੇ ਨਾਟਕ 'ਗੁਰੂ ਮਾਨਿਓ ਗ੍ਰੰਥ' 'ਤੇ ਬਣ ਰਹੀ ਟੈਲੀਫਿਲਮ ਦੀ ਸ਼ੂਟਿੰਗ 19 ਜੁਲਾਈ ਨੂੰ ਇਥੇ ਗੁਰਦੁਆਰਾ ਟਾਇਰਾ ਬਿਊਨਾ ਵਿਖੇ ਹੋਵੇਗੀ। ਅਟਾਰਨੀ ਜਸਪ੍ਰੀਤ ਸਿੰਘ ਅਨੁਸਾਰ ਇਸ ਫਿਲਮ ਰਾਹੀਂ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਨ ਦਾ ਉਪਰਾਲਾ ਕੀਤਾ ਗਿਆ ਹੈ।

ਫਿਲਮ ਦੇ ਗੀਤਕਾਰ, ਸੰਵਾਦ ਲੇਖਕ ਅਤੇ ਨਿਰਮਾਤਾ ਖੁਦ ਜਸਪ੍ਰੀਤ ਸਿੰਘ ਹਨ। ਫਿਲਮ ਦੇ ਨਿਰਦੇਸ਼ਕ ਅਸ਼ੋਕ ਟਾਂਗਰੀ ਹਨ।

MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:jkulwant@sbcglobal.net
2123 Port Way, San Jose, CA 95133
CST: 2097308-40

Asiana Airlines THAI KOREAN AIR malaysia SINGAPORE AIRLINES Emirates
We Also Offer Notary Service

NCP College of Nursing
Educate | Grow | Succeed

Start Your Career in Nursing Today!
12- Month Vocational Nursing (LVN) Program
21-Day Nursing Assistant (CNA) Program
Choose which one is right for you...Your career is a call away.
CALL TODAY!
• (LVN) Vocational Nursing Program (Full-time & Part-time classes)
• Required General Science Courses for the LVN Program
• CNA Nursing Assistant Training*
• CNA Acute Care Training*
• NCLEX-PN Test Preparation Workshop
• IV Therapy & Blood Withdrawal Certification Course *
• CPR *
*Offered by Nursing Care Providers, Inc.
For SSF Campus: 257 Longford Drive, Rm#5 South San Francisco, CA 94080 1-800-339-5145
Hayward Campus 21615 Hesperian Blvd. Suite A, Hayward, CA 94541 1-800-611-4054
100% Pass Rate SSF Campus 5 Consecutive Quarters January 2008 – March 2009
Job Placement
Affordable Payment Plans as Low as $10/month On approved credit
www.ncpcollegeofnursing.com

FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

## ਜਦੋਂ ਵੱਡੇ ਬਾਦਲ ਨੇ ਕਿਹਾ

# ਅਖੇ ਇਹ ਦੋ ਖੰਡੇ ਹਟਾ ਦਿਓ, ਹਿੰਦੂਆਂ ਨੂੰ ਇਹ ਚੰਗੇ ਨਹੀਂ ਲਗਦੇ

**–ਜੋਗਿੰਦਰ ਸਿੰਘ**

ਜਦ ਬਾਦਲ ਸਾਹਿਬ ਦੇ ਕਾਫ਼ੀ ਨਜ਼ਦੀਕ ਰਹਿ ਕੇ ਉਨ੍ਹਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਤਾਂ ਮੈਂ ਹਮੇਸ਼ਾ ਉਨ੍ਹਾਂ ਨੂੰ ਅਜਿਹੇ ਸੁਝਾਅ ਹੀ ਦਿੱਤੇ, ਜਿਨ੍ਹਾਂ ਨਾਲ ਉਨ੍ਹਾਂ ਦਾ ਅਕਸ, ਮਰਨ ਤੋਂ ਬਾਅਦ, ਜੀਊਂਦਿਆਂ ਨਾਲੋਂ ਵੀ ਜ਼ਿਆਦਾ ਨਿੱਖਰੇ। ਇਹਦੇ ਲਈ ਮੈਂ ਇਕੋ ਸੁਰਤ ਦੱਸਦਾ ਹੁੰਦਾ ਸੀ ਕਿ ਆਪਣੇ ਬਾਰੇ ਨਹੀਂ ਸੋਚੀਦਾ ਹੁੰਦਾ, ਆਪਣੇ ਮਿਸ਼ਨ ਬਾਰੇ, ਆਪਣੇ ਆਦਰਸ਼ ਬਾਰੇ ਤੇ ਆਪਣੇ ਲੋਕਾਂ ਬਾਰੇ ਹੀ ਸੋਚਦੇ ਰਹਿਣਾ ਚਾਹੀਦਾ ਹੈ ਤੇ ਸ਼ੁਦਾਈਆਂ ਵਾਂਗ ਸੋਚਦੇ ਰਹਿਣਾ ਚਾਹੀਦਾ ਹੈ। ਇਸ ਨਾਲ, ਆਪ ਤਾਂ ਜਾਣ ਲੱਗਿਆਂ ਖਾਲੀ ਹੱਥ ਹੀ ਜਾਣਾ ਹੁੰਦਾ ਹੈ, ਪਰ ਲੋਕਾਂ ਦੇ ਭਲੇ ਦਾ ਜਿਹੜਾ ਕੰਮ ਕਰ ਕੇ ਜਾਈਦਾ ਹੈ, ਉਸ ਨਾਲ ਮਰਨ ਲੱਗਿਆਂ, ਆਪਣੇ ਮਨ ਨੂੰ ਵੀ ਬੜੀ ਤਸੱਲੀ ਹੁੰਦੀ ਹੈ ਕਿ ਜਗਤ ਵਿਚ ਆਉਣਾ ਬੇਕਾਰ ਨਹੀਂ ਰਿਹਾ ਤੇ ਕੁਝ ਚੰਗਾ ਕਰ ਚੱਲੇ ਹਾਂ, ਜਿਸ ਦੀ ਕਦਰ ਸੱਚਾ ਰੱਬ ਵੀ ਜ਼ਰੂਰ ਪਾਏਗਾ ਅਤੇ ਪਿੱਛੇ ਰਹਿ ਗਈ ਦੁਨੀਆ ਵੀ ਬੜੀ ਦੇਰ ਤੱਕ ਯਾਦ ਕਰਦੀ ਰਹੇਗੀ।



ਇਹ 'ਕਮਾਈ' ਉਸ ਕਮਾਈ ਨਾਲੋਂ ਕਿਤੇ ਜ਼ਿਆਦਾ ਦੇਰ ਤੱਕ ਰਹਿਣ ਵਾਲੀ ਹੁੰਦੀ ਹੈ, ਜੋ ਬੱਚਿਆਂ ਲਈ ਵੱਡੀ ਦੌਲਤ ਪਿੱਛੇ ਛੱਡ ਜਾਣ ਦੀ ਲਾਲਸਾ ਵੱਸ, ਸੱਚ, ਆਦਰਸ਼, ਆਪਣੇ ਲੋਕਾਂ ਅਤੇ ਸੱਚਾਈ ਨੂੰ ਭੁਲਾ ਕੇ ਕੀਤੇ ਕੰਮਾਂ ਸਦਕਾ ਮਿਲਦੀ ਹੈ। ਕਈ ਵਾਰ ਇਹ ਦੌਲਤ ਬੱਚਿਆਂ ਦੀ ਤਬਾਹੀ ਦਾ ਕਾਰਨ ਵੀ ਬਣ ਜਾਂਦੀ ਹੈ ਤੇ ਮਗਰੋਂ ਬਦਨਾਮੀ ਵੀ ਬਹੁਤ ਖੱਟ ਕੇ ਦੇਂਦੀ ਹੈ।...ਅੱਜ ਜਦ ਮੈਂ ਬਾਦਲ ਸਾਹਿਬ ਨਾਲ ਗੁਜ਼ਾਰੇ ਉਨ੍ਹਾਂ ਦਿਨਾਂ 'ਚੋਂ ਕੁਝ ਚੋਣਵੀਆਂ ਝਲਕਾਂ ਵਿਖਾ ਰਿਹਾ ਹਾਂ ਤਾਂ ਮੇਰੇ ਦਿਲ ਵਿਚ ਅੱਜ ਵੀ ਭਾਵਨਾ ਉਹੀ ਹੈ ਕਿ ਕਾਸ਼, ਬਾਦਲ ਸਾਹਿਬ ਅੱਜ ਵੀ ਕੁਝ ਅਜਿਹੇ ਚੰਗੇ ਕੰਮ ਕਰਨੇ ਮੰਨ ਜਾਣ, ਜਿਨ੍ਹਾਂ ਦੀ ਆਸ ਮੈਂ ਕਿਸੇ ਸਮੇਂ ਉਨ੍ਹਾਂ ਤੋਂ ਕੀਤੀ ਸੀ। ਮੁਸ਼ਕਲ ਇਹ ਹੈ ਕਿ ਉਨ੍ਹਾਂ ਦਵਾਲੇ 20-25 ਸਾਲ ਤੋਂ ਉਹੀ ਲੋਕ 'ਸਲਾਹਕਾਰਾਂ' ਦੇ ਰੂਪ ਵਿਚ ਘੇਰਾ ਘੱਤੀ ਬੈਠੇ ਹਨ, ਜੋ ਬਾਦਲ ਸਾਹਿਬ ਨੂੰ ਠੀਕ ਰਾਹ 'ਤੇ ਚੱਲਣ ਦੀ ਸਲਾਹ ਕਦੇ ਵੀ ਨਹੀਂ ਦੇਣਗੇ। ਇਕ 'ਸਲਾਹਕਾਰ' ਦੀ ਗੱਲ ਸੁਣਾ ਦਿਆਂ। ਮੈਂ ਬਾਦਲ ਸਾਹਿਬ ਨੂੰ ਕੋਈ ਵਿਸ਼ੇਸ਼ ਗੱਲ ਕਹੀ। ਕੋਲ ਹੀ 'ਸਲਾਹਕਾਰ' ਵੀ ਬੈਠਾ ਸੀ। ਸ਼ਾਮ ਨੂੰ ਇਕ ਅਫ਼ਸਰ ਦਾ ਟੈਲੀਫੋਨ ਆਇਆ, "ਅੱਜ ਤੁਸੀਂ ਬਾਦਲ ਸਾਹਿਬ ਨੂੰ ਇਹ ਗੱਲ ਕਹੀ ਸੀ। ਪਰਸੋਂ ਇਹ ਕਿਹਾ ਸੀ, ਉਸ ਤੋਂ ਦੋ ਦਿਨ ਪਹਿਲਾਂ ਇਹ ਕਿਹਾ ਸੀ....।" ਉਸ ਦੀ ਜਾਣਕਾਰੀ ਬਿਲਕੁਲ ਸੱਚੀ ਸੀ।

ਮੈਂ ਉਸ ਅਫਸਰ ਨੂੰ ਪੁੱਛਿਆ, "ਤੁਹਾਨੂੰ ਇਹ ਜਾਣਕਾਰੀ ਬਾਦਲ ਸਾਹਿਬ ਦੇ 'ਸਲਾਹਕਾਰ' ਨੇ ਦੱਸੀ ਹੋਵੇਗੀ।" ਕਹਿਣ ਲੱਗੇ, "ਨਹੀਂ, ਮੈਨੂੰ ਗਵਰਨਰ ਸਾਹਿਬ ਦੇ ਏ.ਡੀ.ਸੀ. ਤੋਂ ਪਤਾ ਲੱਗਾ ਸੀ। ਜਿਹੜੀ ਗੱਲ ਬਾਦਲ ਸਾਹਿਬ ਦੀ ਕੋਠੀ 'ਤੇ ਹੁੰਦੀ ਹੈ, ਉਹ ਦੋ ਘੰਟੇ ਦੇ ਅੰਦਰ ਅੰਦਰ, ਗਵਰਨਰ ਸਾਹਿਬ ਨੂੰ ਪਹੁੰਚਾ ਦਿੱਤੀ ਜਾਂਦੀ ਹੈ ਤੇ ਉਥੇ ਲਿਖ ਲਈ ਜਾਂਦੀ ਹੈ।"

ਮੈਂ ਬਹੁਤ ਪ੍ਰੇਸ਼ਾਨ ਹੋਇਆ। ਅਗਲੇ ਦਿਨ ਮੈਂ ਬਾਦਲ ਸਾਹਿਬ ਨੂੰ ਵਖਰਿਆਂ ਕਰਕੇ ਕਹਿ ਦਿੱਤਾ, "ਬਾਦਲ ਸਾਹਿਬ, ਮੈਂ ਜਦ ਤੁਹਾਡੇ ਨਾਲ ਗੱਲ ਕਰ ਰਿਹਾ ਹੋਵਾਂ ਤਾਂ ਤੁਹਾਡਾ ਇਹ 'ਸਲਾਹਕਾਰ' ਸਾਡੇ ਕੋਲ ਨਹੀਂ ਬੈਠਣਾ ਚਾਹੀਦਾ।"

ਬਾਦਲ ਸਾਹਿਬ ਨੇ ਸਿਰ ਹਿਲਾ ਛੱਡਿਆ, ਪਰ ਅਗਲੇ ਦਿਨ ਉਹ 'ਸਲਾਹਕਾਰ' ਫਿਰ ਸਾਡੇ ਵਿਚਕਾਰ ਬੈਠਾ ਸੀ ਤੇ ਬਾਦਲ ਸਾਹਿਬ ਨੇ ਉਸ ਨੂੰ ਬਿਲਕੁਲ ਕੁਝ ਨਾ ਕਿਹਾ। ਮੈਂ ਜਾਣਨਾ ਚਾਹਿਆ ਕਿ ਮਾਜਰਾ ਕੀ ਹੈ? ਜੋ ਕੁਝ ਮੈਨੂੰ ਪਤਾ ਲੱਗਾ, ਉਹ ਮੇਰੇ ਹੋਸ਼ ਉਡਾ ਦੇਣ ਵਾਲਾ ਸੀ। ਉਹ ਬਾਦਲ ਸਾਹਿਬ ਦੀਆਂ ਖਬਰਾਂ ਗਵਰਨਰ ਕੋਲ ਪਹੁੰਚਾ ਦਿਆ ਕਰਦਾ ਸੀ ਤੇ ਗਵਰਨਰ ਤੋਂ ਪਤਾ ਲੱਗਣ ਵਾਲੀਆਂ ਖਬਰਾਂ ਬਾਦਲ ਸਾਹਿਬ ਤੱਕ ਪਹੁੰਚਾਉਂਦਾ ਸੀ। ਦੋਵੇਂ ਸਮਝਦੇ ਸਨ ਕਿ ਇਹ ਸਾਡਾ 'ਬੰਦਾ' ਹੈ, ਪਰ ਉਹ 'ਡਬਲ ਏਜੰਟ' ਬਣਿਆ ਹੋਇਆ ਸੀ। ਮੈਨੂੰ ਪੂਰੀ ਗੱਲ ਉਦੋਂ ਸਮਝ ਵਿਚ ਆਈ, ਜਦੋਂ ਸਾਡਾ ਇਕ ਪੰਜਾਬੀ 'ਸਲਾਹਕਾਰ' ਹੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਿਚਕਾਰ 'ਡਬਲ ਏਜੰਟ' ਦਾ ਰੋਲ ਅਦਾ ਕਰਦਾ ਵੇਖਿਆ ਗਿਆ। ਦੋਵੇਂ ਸਮਝਦੇ ਸਨ ਕਿ ਉਹ 'ਬੰਦਾ' ਤਾਂ ਆਪਣਾ ਹੀ ਹੈ, ਪਰ ਦੂਜੇ ਪਾਸੇ ਦੇ ਰਾਜ਼ ਲਿਆਉਣ ਲਈ ਕੁਝ ਇਧਰ ਦੇ ਰਾਜ਼ ਦੇ ਕੇ ਸਾਡਾ ਕੰਮ ਹੀ ਕਰ ਰਿਹਾ ਹੈ। ਮਗਰੋਂ ਇਕ ਟੀ.ਵੀ. ਚੈਨਲ ਤੇ 'ਇੰਡੀਅਨ ਐਕਸਪ੍ਰੈਸ' ਦੇ ਐਡੀਟਰ ਸ਼ੇਖਰ ਗੁਪਤਾ ਨੇ ਇਸ ਬਾਰੇ ਉਸ ਨੂੰ ਮਜ਼ਾਕੀਆ ਲਹਿਜ਼ੇ ਵਿਚ ਪੁੱਛ ਲਿਆ ਕਿ ਉਹ ਇੰਦਰਾ ਗਾਂਧੀ ਤੇ ਗਿ. ਜ਼ੈਲ ਸਿੰਘ, ਦੁਹਾਂ ਦੇ 'ਡਬਲ ਏਜੰਟ' ਵਾਲੇ ਆਪਣੇ ਰੋਲ ਬਾਰੇ ਕਿਵੇਂ ਸੋਚਦਾ ਹੈ? ਉਹ ਸ਼ਰਮਾਅ ਕੇ ਬੋਲਿਆ, "ਓ ਜੀ ਸਿਆਸਤ ਵਿਚ ਬੜਾ ਕੁਝ ਹੁੰਦਾ ਹੈ, ਉਸ ਨੂੰ ਛੱਡੋ।"

ਖ਼ੈਰ, ਇਹੋ ਜਿਹੇ 'ਸਲਾਹਕਾਰਾਂ' ਦੇ ਹੁੰਦਿਆਂ ਕੋਈ ਵੀ ਲੀਡਰ, ਬਹੁਤੀ ਦੇਰ ਤੱਕ, ਠੀਕ ਰਾਹ 'ਤੇ ਚੱਲਦਾ ਨਹੀਂ ਰਹਿ ਸਕਦਾ। ਬਾਦਲ ਸਾਹਿਬ ਬਾਰੇ ਵੀ ਮੈਨੂੰ ਇਹੀ ਡਰ ਸੀ। ਪਰ ਉਨ੍ਹਾਂ ਦੇ ਕਹਿਣ ਦੇ ਬਾਵਜੂਦ ਵੀ ਬਾਅਦ ਵਿਚ ਮੈਂ ਉਨ੍ਹਾਂ ਲਈ ਸਮਾਂ ਨਹੀਂ ਸੀ ਕੱਢ ਸਕਦਾ। ਉਸ ਸਮੇਂ ਮੈਂ ਵੇਖ ਰਿਹਾ ਸੀ ਕਿ ਉਨ੍ਹਾਂ ਨੂੰ ਰਸਤੇ ਤੋਂ ਭਟਕਾਉਣ ਵਾਲੇ, ਬਹੁਤ ਸਰਗਰਮ ਹੋ ਰਹੇ ਸਨ। ਪਰ ਉਨ੍ਹਾਂ ਦਾ ਅਸਰ ਜਦ ਤੱਕ ਪੂਰਾ ਨਹੀਂ ਸੀ ਹੋਇਆ, ਉਦੋਂ ਦੀ ਇਕ ਘਟਨਾ ਮੈਨੂੰ ਅੱਜ ਯਾਦ ਆ ਰਹੀ ਹੈ।

ਡਰਾਇੰਗ ਰੂਮ ਵਿਚ ਸੋਫਿਆਂ ਉੱਤੇ ਬੈਠ ਕੇ, ਅਸੀਂ ਕੋਈ ਜ਼ਰੂਰੀ ਗੱਲ ਕਰ ਰਹੇ ਸੀ ਕਿ ਟੈਲੀਫੋਨ ਦੀ ਘੰਟੀ ਵੱਜੀ। ਮੈਨੂੰ ਕਹਿਣ ਲੱਗੇ, "ਤੁਸੀਂ ਹੀ ਸੁਣ ਲਉ।"

ਮੈਂ ਟੈਲੀਫੋਨ ਸੁਣਿਆ। ਬਾਦਲ ਸਾਹਿਬ ਲਈ ਖ਼ਬਰ ਸੀ ਕਿ ਸੁਰਜੀਤ ਸਿੰਘ ਬਰਨਾਲਾ ਨੇ 'ਲੌਂਗੋਵਾਲ ਅਕਾਲੀ ਦਲ' ਦਾ ਪੰਥਕ ਸਰੂਪ ਬਦਲ ਕੇ ਆਪਣੀ ਪਾਰਟੀ ਨੂੰ 'ਪੰਜਾਬੀ' ਪਾਰਟੀ ਬਣਾ ਦਿੱਤਾ ਸੀ। ਮੈਂ ਬਾਦਲ ਸਾਹਿਬ ਨੂੰ ਖ਼ਬਰ ਦੱਸੀ। ਤੁਰਤ ਬੋਲੇ, "ਉਨ੍ਹਾਂ ਨੂੰ ਕਹਿ ਦੇਣਾ ਸੀ, ਅਕਾਲੀ ਦਲ ਦਾ ਨਾਂ ਵੀ ਛੱਡ ਦਿਉ। ਇਹ ਪੰਥਕ ਪਾਰਟੀ ਹੈ ਤੇ ਪੰਥਕ ਹੀ ਰਹੇਗੀ। ਜਿਸ ਨੇ ਪੰਜਾਬੀ ਪਾਰਟੀ ਖੜੀ ਕਰਨੀ ਹੈ, ਉਹ ਨਵੀਂ ਪਾਰਟੀ ਬਣਾ ਲਵੇ, ਪਰ ਅਕਾਲੀ ਦਲ ਨਾਲ ਧ੍ਰੋਹ ਨਾ ਕਰੇ।"

ਮੇਰੇ ਦਿਲ ਵਿਚ ਬਾਦਲ ਸਾਹਿਬ ਪ੍ਰਤੀ ਸਤਿਕਾਰ ਵਧ ਗਿਆ। ਕਈ ਸਾਲ ਬਾਅਦ, ਜਦ ਬਾਦਲ ਸਾਹਿਬ ਨੇ ਆਪਣੀ ਪਾਰਟੀ ਨੂੰ ਵੀ 'ਪੰਜਾਬੀ ਪਾਰਟੀ' ਬਣਾ ਦਿੱਤਾ।

ਇਹ ਆਖ਼ਰੀ ਘਟਨਾ ਹੀ ਸੀ, ਜਿਸ ਵਿਚੋਂ ਬਾਦਲ ਸਾਹਿਬ ਦਾ 'ਪੰਥ ਪਿਆਰ' ਝਲਕਦਾ ਦਿਖਾਈ ਦਿੱਤਾ।

ਫਿਰ ਇਕ ਦਿਨ ਮੈਨੂੰ ਕਹਿਣ ਲੱਗੇ, "ਸਰਦਾਰ ਜੀ, ਇਕ ਵਧੀਆ ਜਿਹਾ ਪੋਸਟਰ ਤਿਆਰ ਕਰਵਾ ਦਿਉ, ਜਿਸ ਵਿਚ ਵਿਸ਼ਾਲ ਅਕਾਲੀ ਕਾਨਫਰੰਸ ਕਰਨ ਬਾਰੇ ਸੁਨੇਹਾ ਦਿੱਤਾ ਹੋਵੇ ਤੇ ਨੌਜੁਆਨਾਂ ਉਤੇ ਕੇ.ਪੀ.ਐਸ. ਗਿੱਲ ਦੀ ਪੁਲਿਸ ਵਲੋਂ ਕੀਤੇ ਜਾ ਰਹੇ ਜਬਰ ਦਾ ਵੇਰਵਾ ਦਿੱਤਾ ਹੋਵੇ।"

ਮੈਂ ਉਸੇ ਸਮੇਂ ਪੋਸਟਰ ਲਿਖ ਦਿੱਤਾ ਤੇ ਆਰਟਿਸਟ ਵਲੋਂ ਵਧੀਆ ਡੀਜ਼ਾਈਨ ਵੀ ਬਣਵਾ ਦਿੱਤਾ। ਬਾਦਲ ਸਾਹਿਬ ਨੂੰ ਬਹੁਤ ਪਸੰਦ ਆਇਆ। ਪਰ ਉਸ ਦਿਨ ਮੈਨੂੰ ਪਹਿਲੀ ਵਾਰ ਮਹਿਸੂਸ ਹੋਇਆ ਕਿ ਉਨ੍ਹਾਂ ਦੁਆਲੇ ਘੇਰਾ ਘੱਤੀ ਬੈਠੇ 'ਸਲਾਹਕਾਰ' ਉਨ੍ਹਾਂ ਦੀ ਸੋਚ ਵਿਚ ਤਬਦੀਲੀ ਲਿਆਉਣ ਵਿਚ ਸਫਲ ਹੋਣੇ ਸ਼ੁਰੂ ਹੋ ਗਏ ਸਨ।

ਚੰਦੂਮਾਜਰਾ ਤੇ ਢੀਂਡਸਾ ਨੂੰ ਪੋਸਟਰ ਵਿਖਾ ਕੇ ਕਹਿਣ ਲੱਗੇ, "ਤੁਸੀਂ ਦੱਸੋ ਇਸ ਵਿਚ ਕੋਈ ਤਬਦੀਲੀ ਕੀਤੀ ਜਾਏ ਜਾਂ ਇਸੇ ਤਰ੍ਹਾਂ ਹੀ ਛਪਵਾ ਦਿੱਤਾ ਜਾਏ।"

ਉਨ੍ਹਾਂ ਦੋਹਾਂ ਨੇ ਪੋਸਟਰ ਪੜ੍ਹਿਆ ਤੇ ਬੋਲੇ, "ਇਹ ਤਾਂ ਬਹੁਤ ਵਧੀਆ ਪੋਸਟਰ ਹੈ। ਤਬਦੀਲੀ ਦੀ ਗੁੰਜਾਇਸ਼ ਹੀ ਕੋਈ ਨਹੀਂ ਜੀ।"

ਬਾਦਲ ਸਾਹਿਬ ਕਾਫੀ ਦੇਰ ਇੰਤਜ਼ਾਰ ਕਰਨ ਮਗਰੋਂ ਬੋਲੇ, "ਆਹ ਜੋ ਦੋ ਖੰਡੇ ਉਪਰ ਦੋਵੇਂ ਪਾਸੇ ਲੱਗੇ ਹੋਏ ਨੇ, ਇਨ੍ਹਾਂ ਨੂੰ ਹਟਾ ਨਾ ਦਈਏ? ਹਿੰਦੂਆਂ ਨੂੰ ਇਹ ਚੰਗੇ ਨਹੀਂ ਲੱਗਦੇ।"

ਪਾਠਕਾਂ ਨੇ ਅੰਦਾਜ਼ਾ ਲਾ ਹੀ ਲਿਆ ਹੋਵੇਗਾ ਕਿ ਮੈਂ ਇਸ ਵਾਰ ਵੀ ਆਪਣਾ ਮੂੰਹ ਬੰਦ ਨਾ ਰੱਖ ਸਕਿਆ, ਜਦਕਿ ਦੂਜੇ ਦੋਵੇਂ ਮਹਾਂਬਲੀ ਬਿਲਕੁਲ ਖਾਮੋਸ਼ ਬੈਠੇ ਰਹੇ। ਮੈਂ ਕਿਹਾ, "ਬਾਦਲ ਸਾਹਿਬ, ਜੇ ਹਿੰਦੂਆਂ ਨੂੰ ਹੀ ਖੁਸ਼ ਕਰਨਾ ਹੈ ਤਾਂ ਪਾਰਟੀ ਦਾ ਨਾਂ ਹੀ ਬਦਲ ਲਉ, ਨਿਰੇ ਖੰਡੇ ਹਟਾਉਣ ਨਾਲ ਕੁਝ ਨਹੀਂ ਜੇ ਬਣਨਾ....।"

ਉਸ ਤੋਂ ਬਾਅਦ ਜੋ ਹੋਇਆ, ਉਸ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਸ ਤੋਂ ਬਾਅਦ ਮੈਨੂੰ ਕਦੇ ਪੋਸਟਰ ਤਿਆਰ ਕਰਨ ਲਈ ਨਾ ਕਿਹਾ ਗਿਆ। 'ਸਲਾਹਕਾਰ' ਸਾਹਿਬ ਨੇ ਇਹ ਕੰਮ ਕਰਨ ਲਈ ਇਕ ਨਕਸਲੀ 'ਵਿਦਵਾਨ' ਨੂੰ ਲਿਆ ਬਾਦਲ ਸਾਹਿਬ ਦੇ ਕਦਮਾਂ ਵਿਚ ਸੁੱਟਿਆ। ਹੁਣ ਬਾਦਲ ਸਾਹਿਬ ਨੂੰ ਟੋਕਣ ਦੀ ਹਿੰਮਤ ਕੋਈ ਨਹੀਂ ਸੀ ਕਰਦਾ। "ਹਾਂ, ਜੀ ਹਾਂ ਜੀ, ਬਿਲਕੁਲ ਠੀਕ ਜੀ" ਤੋਂ ਲੈ ਕੇ, 'ਇਕ ਚੁੱਪ ਤੇ ਸੌ ਸੁੱਖ' ਦੇ ਸਿਆਣਿਆਂ ਦੇ ਨੁਸਖ਼ਿਆਂ 'ਤੇ ਅਮਲ ਕੀਤਾ ਜਾਂਦਾ ਸੀ ਤੇ 'ਸੱਤੇ ਖ਼ੈਰਾਂ' ਮਨਾਈਆਂ ਜਾਂਦੀਆਂ ਸਨ।

## ਮੁੱਖ ਮੰਤਰੀ ਅਸਤੀਫਾ ਦੇਣ–ਖਾਲੜਾ ਮਿਸ਼ਨ

**ਜਲੰਧਰ :** ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੇ ਉਪ ਮੁੱਖ ਮੰਤਰੀ ਦੌਰਾਨ ਕੀਤੇ ਸਾਰੇ ਕੰਮਾਂ ਦੀ ਪੜਤਾਲ ਲਈ ਹਾਈਕੋਰਟ ਦੇ ਜੱਜਾਂ ਦਾ ਕਮਿਸ਼ਨ ਬਣਾਇਆ ਜਾਵੇ। ਆਰਗੇਨਾਈਜੇਸ਼ਨ ਦੇ ਪ੍ਰਧਾਨ ਹਰਮਨਦੀਪ ਸਿੰਘ ਸਰਹਾਲੀ, ਮੀਤ ਪ੍ਰਧਾਨ ਵਿਰਸਾ ਸਿੰਘ ਬਹਿਲਾ ਤੇ ਪਰਮਜੀਤ ਕੌਰ ਖਾਲੜਾ ਨੇ ਕਿਹਾ ਕਿ ਇਕ ਪਾਸੇ ਪੂਰੇ ਮੰਤਰੀ ਮੰਡਲ ਦੇ ਸਮਾਗਮ ਲਈ 2007 ਵਿਚ 16 ਲੱਖ ਰੁਪਏ ਖਰਚੇ ਗਏ ਅਤੇ ਦੂਜੇ ਪਾਸੇ ਇਕੱਲੇ ਸੁਖਬੀਰ ਦੇ ਸਹੁੰ ਚੁੱਕਣ ਸਮੇਂ 70 ਲੱਖ ਰੁਪਏ ਸਰਕਾਰੀ ਖਜ਼ਾਨੇ ਵਿਚੋਂ ਉਡਾਏ ਗਏ।



*ਪਰਮਜੀਤ ਕੌਰ ਖਾਲੜਾ*

ਖਾਲੜਾ ਮਿਸ਼ਨ ਨੇ ਕਿਹਾ ਕਿ ਜੇ ਸ੍ਰੀ ਬਾਦਲ ਵਿਚ ਭੋਰਾ ਵੀ ਨੈਤਿਕਤਾ ਹੈ ਤਾਂ ਉਨ੍ਹਾਂ ਨੂੰ ਤੁਰੰਤ ਅਸਤੀਫਾ ਦੇ ਦੇਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਬਾਦਲ ਨੇ ਮੁੱਖ ਮੰਤਰੀ ਬਣਨ ਸਮੇਂ ਐਲਾਨ ਕੀਤਾ ਸੀ ਕਿ ਉਹ ਸਰਕਾਰੀ ਖਜ਼ਾਨੇ ਵਿਚੋਂ 1 ਰੁਪਿਆ ਤਨਖਾਹ ਲੈਣਗੇ, ਪਰ ਹੁਣ ਉਹ 38 ਹਜ਼ਾਰ ਤੋਂ ਉਪਰ ਪ੍ਰਤੀ ਮਹੀਨਾ ਤਨਖਾਹ ਲੈ ਰਹੇ ਹਨ। ਉਨ੍ਹਾਂ ਮੁੰਬਈ ਵਿਚ ਸਮੁੰਦਰ ਵਿਚ ਬਣੇ ਪੁਲ ਦਾ ਨਾਂ ਰਾਜੀਵ ਗਾਂਧੀ ਦੇ ਨਾਂ 'ਤੇ ਰੱਖੇ ਜਾਣ ਦੀ ਨਿੰਦਾ ਕਰਦਿਆਂ ਕਿਹਾ ਕਿ ਜੋ ਵਿਅਕਤੀ ਬੋਫਰਜ਼ ਤੋਪ ਘੋਟਾਲੇ ਵਿਚ ਸ਼ਾਮਲ ਹੋਵੇ, ਉਸ ਦੇ ਨਾਂ 'ਤੇ ਪੁਲ ਦਾ ਨਾਂ ਰੱਖਣਾ ਸਮੁੱਚੇ ਹਿੰਦੋਸਤਾਨ ਦੀ ਤੌਹੀਨ ਹੈ।

## ਭੁਪਿੰਦਰ ਗਿੱਲ ਦੀ ਜ਼ਮਾਨਤ ਅਰਜ਼ੀ ਨਾਮਨਜ਼ੂਰ

**ਰੂਪਨਗਰ:** ਗਾਇਕ ਭੁਪਿੰਦਰ ਗਿੱਲ ਤੇ ਉਸ ਦੀ ਮਾਤਾ ਜੋਗਿੰਦਰ ਕੌਰ ਵਲੋਂ ਇਥੇ ਅਦਾਲਤ ਵਿਚ ਪੇਸ਼ਗੀ ਜ਼ਮਾਨਤ ਲਈ ਦਾਇਰ ਕੀਤੀ ਗਈ ਅਰਜ਼ੀ, ਜਿਸ 'ਤੇ ਬੀਤੇ ਦਿਨੀਂ ਨੂੰ ਰੂਪਨਗਰ ਦੇ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਮਨਦੀਪ ਪਨੂੰ ਦੀ ਅਦਾਲਤ ਵਿਚ ਦੋਹਾਂ ਧਿਰਾਂ ਦੀ ਸੁਣਵਾਈ ਤੋਂ ਬਾਅਦ ਫ਼ੈਸਲਾ ਰਾਖਵਾਂ ਰੱਖ ਲਿਆ ਗਿਆ ਸੀ, 'ਤੇ ਲੰਘੀ 2 ਜੁਲਾਈ ਨੂੰ ਕੇਸ ਦੀ ਗੰਭੀਰਤਾ ਨੂੰ ਵੇਖਦੇ ਹੋਏ ਅਦਾਲਤ ਵਲੋਂ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਨਾ-ਮਨਜ਼ੂਰ ਕਰ ਦਿੱਤੀ ਗਈ ਹੈ।

ਨੀਲਮ ਨੇ ਭੁਪਿੰਦਰ ਗਿੱਲ ਵਲੋਂ ਗੁਰਜੀਤ ਕੌਰ ਨਾਂਅ ਦੀ ਲੜਕੀ ਨਾਲ ਵਿਆਹ ਕਰਾਉਣ ਤੋਂ ਬਾਅਦ ਜ਼ਿਲ੍ਹਾ ਪੁਲਸ ਮੁਖੀ ਨੂੰ ਸ਼ਿਕਾਇਤ ਕੀਤੀ ਸੀ ਕਿ ਉਹ ਤੇ ਭੁਪਿੰਦਰ ਗਿੱਲ ਦੋਵੇਂ ਵਿਆਹ ਦੇ ਝਾਂਸੇ ਕਾਰਨ ਪਤੀ-ਪਤਨੀ ਦੇ ਤੌਰ 'ਤੇ ਵਿਚਰਦੇ ਰਹੇ ਹਨ। ਅਗੇਤੀ ਜ਼ਮਾਨਤ ਦੀ ਅਰਜ਼ੀ ਨਾ-ਮਨਜ਼ੂਰ ਹੋਣ ਕਾਰਨ ਭੁਪਿੰਦਰ ਗਿੱਲ ਦੀ ਮੁਸ਼ਕਲ ਵਧ ਗਈ ਹੈ।




# ਮਾਈਕਲ ਜੈਕਸਨ ਵਿਚ ਦੀ ਦਿਸਦਾ 'ਵੇਅ ਆਫ ਲਾਈਫ'

**ਜਸਵੀਰ ਸਿੰਘ ਸ਼ੀਰੀ**

ਮਾਈਕਲ ਜੈਕਸਨ ਦੀ ਪਿਛਲੇ ਦਿਨੀਂ ਹੋਈ ਮੌਤ ਨੇ ਸਾਰੀ ਦੁਨੀਆਂ ਦਾ ਧਿਆਨ ਖਿੱਚਿਆ ਹੈ। ਉਸ ਦੇ ਪ੍ਰਸ਼ੰਸਕ ਹਾਲੇ ਤੱਕ ਸਦਮੇ ਵਿਚੋਂ ਨਹੀਂ ਨਿਕਲੇ। ਪਾਪ ਸੰਗੀਤ ਦਾ ਖੇਤਰ ਇਸ ਕਲਾਕਾਰ ਤੋਂ ਬਿਨਾ ਜਿਵੇਂ ਸੁੰਨਾ ਜਿਹਾ ਹੋ ਗਿਆ ਹੈ। ਪਰ ਇਸ ਦੇ ਬਾਵਜੂਦ ਵੀ ਕੁਝ ਅਜਿਹੇ ਲੋਕ ਹਨ, ਜਿਹੜੇ ਮਾਈਕਲ ਜੈਕਸਨ ਦੀ ਮੌਤ ਨੂੰ ਇਕ ਵੱਖਰੇ ਨਜ਼ਰੀਏ ਤੋਂ ਵੇਖ ਰਹੇ ਹਨ। ਉਸ ਦੀ ਮੌਤ ਤੋਂ ਪਿੱਛੋਂ ਪੋਸਟਮਾਰਟਮ ਸਬੰਧੀ ਜਿਹੜੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ, ਉਨ੍ਹਾਂ ਤੋਂ ਇਹੋ ਪਤਾ ਲੱਗਦਾ ਹੈ ਕਿ ਇਸ ਕਲਾਕਾਰ ਦੇ ਪੇਟ ਵਿਚ ਮੌਤ ਦੇ ਸਮੇਂ ਖੁਰਾਕ ਨਹੀਂ, ਸਗੋਂ ਇਕ ਦਰਦਨਾਸ਼ਕ ਦਵਾਈ ਡੈਮੀਰੋਲ ਦੀ ਵਾਧੂ ਮਾਤਰਾ ਮੌਜੂਦ ਸੀ।

ਹਾਲੇ ਇਸ ਗੱਲ ਉਪਰ ਰੱਟਾ ਚੱਲ ਰਿਹਾ ਹੈ ਕਿ ਇਹ ਦਵਾਈ ਏਨੀ ਮਾਤਰਾ ਵਿਚ ਉਸ ਨੇ ਜਾਣ ਬੁੱਝ ਕੇ ਲਈ ਜਾਂ ਅਚਾਨਕ ਗਲਤੀ ਨਾਲ ਲਈ ਗਈ। ਦਵਾਈ ਦੀ ਏਨੀ ਮਾਤਰਾ ਬਾਰੇ ਪੜ੍ਹ ਸੁਣ ਕੇ ਬਹੁਤ ਸਾਰੇ ਲੋਕ ਇਹ ਖਦਸ਼ੇ ਵੀ ਜ਼ਾਹਰ ਕਰਨ ਲੱਗੇ ਹਨ ਕਿ ਮਾਈਕਲ ਜੈਕਸਨ ਨੇ ਖੁਦਕਸ਼ੀ ਕੀਤੀ ਹੋਵੇਗੀ। ਪਰ ਉਸ ਦੀ ਮੌਤ ਸਬੰਧੀ ਪੜਤਾਲ ਕਰ ਰਹੀ ਪੁਲਿਸ ਨੇ ਇਸ ਕਿਸਮ ਦੀਆਂ ਰਿਪੋਰਟਾਂ ਉਪਰ ਕੰਨ ਨਹੀਂ ਧਰਿਆ।

ਜਿਹੜੇ ਲੋਕ ਮਾਈਕਲ ਜੈਕਸਨ ਦੀ ਮੌਤ ਉਪਰ ਸਿਰਫ ਹੰਝੂ ਵਹਾਉਣ ਤੱਕ ਸੀਮਤ ਨਹੀਂ ਹਨ ਅਤੇ ਜਿਹੜੇ ਉਸ ਦੀ ਮਕੈਨੀਕਲ ਜ਼ਿੰਦਗੀ ਦੇ ਜਲਵਿਆਂ ਦੇ ਚੁੰਧਿਆਏ ਹੋਏ ਵੀ ਨਹੀਂ ਹਨ, ਉਹ ਇਸ ਹਾਦਸੇ ਨੂੰ ਹੋਰ ਤਰ੍ਹਾਂ ਵੇਖ ਰਹੇ ਹਨ। ਕੁਝ ਮਨੋਵਿਗਿਆਨੀਆਂ ਅਨੁਸਾਰ ਮਾਈਕਲ ਜੈਕਸਨ ਦੀ ਸਰੀਰਕ ਉਮਰ 50 ਸਾਲ ਨੂੰ ਢੁੱਕ ਗਈ ਸੀ, ਪਰ ਉਸ ਦੀ ਮਾਨਸਿਕ ਉਮਰ 11 ਸਾਲ ਦੇ ਬੱਚੇ ਤੋਂ ਵਧ ਨਹੀਂ ਸੀ। ਉਸ ਨੇ ਕਿਸੇ ਇਕ ਪੱਖੋਂ ਨਹੀਂ, ਸਗੋਂ ਬਹੁਤ ਸਾਰਿਆਂ ਪੱਖਾਂ ਤੋਂ ਕੁਦਰਤ ਨਾਲ ਖੇਡਣਾ ਚਾਹਿਆ। ਉਸ ਨੇ ਆਪਣੀ ਉਮਰ ਵਧਣ ਦੇ ਨਾਲ ਨਾਲ ਮਾਨਸਿਕ ਮੈਚਿਊਰਿਟੀ ਹਾਸਲ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਨੇ ਆਪਣੇ ਕੁਦਰਤੀ ਰੰਗ ਰੂਪ ਨੂੰ ਜ਼ਬਰਦਸਤੀ ਤਬਦੀਲ ਕਰਨ ਦੀ ਕੋਸ਼ਿਸ਼ ਕੀਤੀ। ਆਪਣੀ ਚਮੜੀ ਤਬਦੀਲ ਕੀਤੀ, ਕਾਲੇ ਤੋਂ ਚਿੱਟਾ ਬਣਿਆ, ਕਈ ਵਾਰ ਆਪਣਾ ਰੰਗ ਰੂਪ ਬਦਲਿਆ। ਕੁਦਰਤ ਨੇ ਉਸ ਨੂੰ ਜਿਸ ਰੂਪ ਵਿਚ ਇਸ ਸੰਸਾਰ 'ਤੇ ਭੇਜਿਆ ਸੀ, ਉਸ ਨੂੰ ਮਾਈਕਲ ਜੈਕਸਨ ਨੇ ਵਿਗਿਆਨ ਦੀ ਦੁਰਵਰਤੋਂ ਕਰਦਿਆਂ ਕਈ ਵਾਰ ਬੇਅਦਬ ਕੀਤਾ। ਇਸ ਦਾ ਆਖ਼ਰੀ ਸਿੱਟਾ ਇਹ ਸੀ ਕਿ ਉਹ ਉਹੋ ਜਿਹਾ ਦਿੱਸਦਾ ਹੀ ਨਹੀਂ ਸੀ, ਜਿਹੋ ਜਿਹੇ ਕਾਲੇ ਰੰਗ ਵਿਚ ਉਹ ਪੈਦਾ ਹੋਇਆ ਸੀ। ਉਸ ਨੇ ਅੱਧਖੜ ਉਮਰ ਵਿਚ ਪਹੁੰਚ ਕੇ ਬੱਚਿਆਂ ਨਾਲ ਬੱਚਿਆਂ ਵਰਗੀਆਂ ਕਾਮੁਕ ਖੇਡਾਂ ਖੇਡਣ ਦੀ ਜ਼ਿੱਦ ਕੀਤੀ। ਆਪਣੇ ਆਪ ਨੂੰ ਪਤਲਾ ਅਤੇ ਹਲਕਾ ਰੱਖਣ ਲਈ ਉਸ ਨੇ ਖੁਰਾਕ ਖਾਣ ਤੇ ਐਕਸਰਸਾਈਜ਼ ਕਰਨ ਦੀ ਥਾਂ, ਖਾਣਾ ਛੱਡ ਕੇ ਦਵਾਈਆਂ ਦਾ ਆਸਰਾ ਤੱਕਿਆ। ਇਸ ਦਾ ਸਿੱਟਾ ਅਖੀਰ ਨੂੰ ਇਹ ਨਿਕਲਿਆ ਕਿ ਮਰਨ ਵੇਲੇ ਉਸ ਦੇ ਪੇਟ ਵਿਚੋਂ ਕੈਪਸੂਲ ਤੇ ਗੋਲੀਆਂ ਦਾ ਰੁੱਗ ਹੀ ਨਿਕਲਿਆ...।

ਜਿਹੜੇ ਡਾਲਰਾਂ/ਪੌਂਡਾਂ ਨੇ ਅੰਨ੍ਹੇ ਕੀਤੇ ਹੋਏ ਹਨ, ਉਨ੍ਹਾਂ ਨੂੰ ਭਾਵੇਂ ਨਾ ਦਿੱਸੇ, ਪਰ ਜਿਹੜੇ ਲੋਕ ਥੋੜ੍ਹੀ ਜਿਹੀ ਦਿਭਦ੍ਰਿਸ਼ਟੀ ਵੀ ਰੱਖਦੇ ਹਨ, ਉਨ੍ਹਾਂ ਨੂੰ ਇਹ ਗੱਲ ਮਾਈਕਲ ਜੈਕਸਨ ਦੇ ਹਾਦਸੇ ਨਾਲ ਦੀ ਵਿਸਦੀ ਹੋਵੇਗੀ ਕਿ ਜਿਸ ਮਸ਼ੀਨੀ ''ਵੇਅ ਆਫ ਲਾਈਫ'' ਦੀ ਅਗਵਾਈ ਅਮਰੀਕਾ ਕਰ ਰਿਹਾ ਹੈ, ਉਸ ਦਾ ਭਵਿੱਖ ਮਾਈਕਲ ਜੈਕਸਨ ਵਾਲਾ ਹੈ। ਕਿਧਰੇ ਇਹ ਨਾ ਹੋਵੇ ਅਮਰੀਕਾ ਦੇ ਢਿੱਡ 'ਚੋਂ ਸਮੂਹਿਕ ਆਤਮ ਹੱਤਿਆ ਵੇਲੇ ਕੈਪਸੂਲਾਂ ਦੀਆਂ ਪੰਡਾਂ ਨਿਕਲਣ ...।

## ਸਮਲਿੰਗੀ ਸੰਬੰਧ

ਮਾਈਕਲ ਜੈਕਸਨ ਦੀ ਮੌਤ ਤੋਂ ਕੁਝ ਹੀ ਦਿਨ ਬਾਅਦ ਦਿੱਲੀ ਹਾਈਕੋਰਟ ਨੇ ਸਮਲਿੰਗੀਆਂ ਦੇ ਹੱਕ ਵਿਚ ਇਕ ਫੈਸਲਾ ਦਿੰਦਿਆਂ ਕਿਹਾ ਕਿ ਦੋ ਮਰਦਾਂ ਜਾਂ ਦੋ ਤੀਵੀਆਂ ਨੂੰ ਇਕ ਦੂਜੇ ਨਾਲ ਮਰਜ਼ੀ ਨਾਲ ਰਹਿਣ ਦੀ ਇਜਾਜ਼ਤ ਨਾ ਦੇਣੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਅਦਾਲਤ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਆਧਾਰ ਬਣਾਉਂਦਿਆਂ ਇਕੋ ਜਿਹੇ ਲਿੰਗ ਵਾਲੇ ਦੋ ਸ਼ਖ਼ਸ਼ਾਂ ਵਿਚਾਲੇ ਕਾਮੁਕ ਸਬੰਧਾਂ ਨੂੰ ਜਾਇਜ਼ ਅਤੇ ਕਾਨੂੰਨੀ ਕਰਾਰ ਦੇ ਦਿੱਤਾ ਹੈ। ਮਨੁੱਖੀ ਅਧਿਕਾਰਾਂ ਦਾ ਮਸਲਾ ਉਠਾਉਣ ਤੋਂ ਪਹਿਲਾਂ ਸਵਾਲ ਇਹ ਉੱਠਦਾ ਹੈ ਕਿ ਮਨੁੱਖ ਅਸਲ ਵਿਚ ਹੈ ਕੌਣ? ''ਮਨੁੱਖ'' ਸ਼ਬਦ ਮਨ ਤੋਂ ਬਣਿਆ ਹੈ। ਜਿਸ ਜੀਵ ਵਿਚ ਮਨ ਭਾਵ, 'ਮਾਈਂਡ' ਹੋਵੇ ਅਤੇ ਜਿਹੜਾ ਇਸ ਮਨ ਦੀ ਦਰੁਸਤ ਵਰਤੋਂ ਕਰ ਸਕਦਾ ਹੋਵੇ, ਉਸ ਨੂੰ ਮਨੁੱਖ ਆਖਦੇ ਹਨ। ਜਿਹੜਾ ਮਨੁੱਖ ਹੁੰਦਿਆਂ 'ਮਨ' ਦੀ ਦਰੁਸਤ ਵਰਤੋਂ ਤੱਕ ਹੀ ਪਹੁੰਚ ਨਾ ਸਕੇ, ਉਸ ਨੂੰ ਮਨੁੱਖ ਭਲਾਂ ਕੌਣ ਕਹੇ? ਅਦਾਲਤ ਦੇ ਇਸ ਫੈਸਲੇ ਉਪਰ ਤਕਰੀਬਨ ਬਹੁਤ ਸਾਰੀਆਂ ਸੰਸਥਾਵਾਂ ਨੇ, ਖਾਸ ਕਰਕੇ ਧਾਰਮਿਕ ਸੰਸਥਾਵਾਂ ਨੇ ਸਵਾਲ ਉਠਾਏ ਹਨ। ਇਨ੍ਹਾਂ ਨੇ ਇਕ ਸਵਾਲ ਸਾਂਝਾ ਕੀਤਾ ਹੈ ਕਿ ਇਸ ਧਰਤ 'ਤੇ ਗੈਰ ਕੁਦਰਤੀ ਕਾਮੁਕ ਸਬੰਧ ਤਾਂ ਕੁਦਰਤ ਦੇ ਬਾਕੀ ਜੀਵ ਜੰਤੂ ਵੀ ਨਹੀਂ ਬਣਾਉਂਦੇ, ਤਦ ਫਿਰ ਮਨੁੱਖ ਅਜਿਹਾ ਕਿਵੇਂ ਕਰ ਸਕਦਾ ਹੈ। ਇਨ੍ਹਾਂ ਸੰਸਥਾਵਾਂ ਦੇ ਇਹ ਸਵਾਲ ਅਤੇ ਦਲੀਲਾਂ ਬਿਲਕੁਲ ਜਾਇਜ਼ ਹਨ, ਪਰ ਇਸ ਦੇ ਨਾਲ ਹੀ ਇਹ ਤੱਥ ਵੀ ਜਾਇਜ਼ ਹੈ ਕਿ ਇਸ ਧਰਤੀ ਉੱਤੇ ਕੁਝ ਲੋਕਾਂ ਨੂੰ ਕੁਦਰਤ ਨਾ ਮਰਦ ਬਣਾਉਂਦੀ ਹੈ, ਨਾ ਔਰਤ। ਉਹ ਵਿਚ ਵਿਚਾਲਾ ਹੁੰਦੇ ਹਨ। ਉਨ੍ਹਾਂ ਨੂੰ ਅਸੀਂ ਹਿਜੜੇ ਆਖਦੇ ਹਾਂ। ਇਹ ਲੋਕ ਸਾਡੇ ਆਮ ਸਮਾਜ ਤੋਂ ਅਲੱਗ-ਥਲੱਗ ਜਿਉਂਦੇ ਹਨ। ਇਨ੍ਹਾਂ ਨੂੰ ਆਮ ਮਨੁੱਖਾਂ ਜਿਹਾ ਮਾਣ-ਸਨਮਾਨ ਦਿਵਾਉਣਾ ਵੀ ਅੱਜ ਮਨੁੱਖੀ ਸਮਾਜ ਸਾਹਮਣੇ ਅਤੇ ਨਿਆਇਕ ਸੰਸਥਾਵਾਂ ਸਾਹਮਣੇ ਇਕ ਵੱਡਾ ਸਵਾਲ ਹੈ। ਇਸੇ ਤਰ੍ਹਾਂ ਕੁਝ ਲੋਕਾਂ ਨੂੰ ਕੁਦਰਤ ਇਸ ਤਰ੍ਹਾਂ ਵੀ ਪੈਦਾ ਕਰਦੀ ਹੈ ਕਿ ਉਹ ਹੁੰਦੇ ਤਾਂ




ਭਾਵੇਂ ਮਰਦ ਜਾਂ ਔਰਤਾਂ ਹਨ, ਪਰ ਉਨ੍ਹਾਂ ਵਿਚ ਆਪਣੇ ਵਿਰੋਧੀ ਸੈਕਸ ਵਾਲੀਆਂ ਰੁਚੀਆਂ ਭਾਰੂ ਹੁੰਦੀਆਂ ਹਨ। ਜਿਵੇਂ ਕਈ ਔਰਤਾਂ ਦੇ ਚਿਹਰੇ ਉਪਰ ਦਾੜ੍ਹੀ ਦੇ ਵਾਲ਼ ਉੱਗ ਆਉਂਦੇ ਹਨ ਜਾਂ ਕਈਆਂ ਦੀ ਡੀਲ ਡੌਲ ਮਰਦਾਂ ਵਰਗੀ ਹੁੰਦੀ ਹੈ ਅਤੇ ਕਈਆਂ ਦਾ ਬੋਲ ਭਾਰਾ ਹੋ ਜਾਂਦਾ ਹੈ। ਡਾਕਟਰੀ ਵਿਗਿਆਨ ਅਨੁਸਾਰ ਅਜਿਹਾ ਇਨ੍ਹਾਂ ਔਰਤਾਂ ਵਿਚ ਨਰ ਹਾਰਮੋਨ ਦੇ ਭਾਰੂ ਹੋਣ ਕਾਰਨ ਹੁੰਦਾ ਹੈ। ਜਿਨ੍ਹਾਂ ਮਰਦਾਂ ਵਿਚ ਔਰਤਾਂ ਵਾਲੇ ਲੱਛਣ ਹੁੰਦੇ ਹਨ, ਇਨ੍ਹਾਂ ਚੋਂ ਕਈਆਂ ਦੀ ਤੋਰ ਔਰਤਾਂ ਵਰਗੀ ਹੁੰਦੀ ਹੈ ਅਤੇ ਕੁਝ ਦਾ ਬੋਲ ਔਰਤਾਂ ਵਰਗਾ ਪਤਲਾ ਹੋ ਜਾਂਦਾ ਹੈ ਅਤੇ ਕਈਆਂ ਦੇ ਚਿਹਰੇ ਉਪਰ ਦਾੜ੍ਹੀ ਨਹੀਂ ਉਤਰਦੀ। ਅਜਿਹੇ ਮਰਦਾਂ ਵਿਚ ਔਰਤਾਂ ਵਾਲੇ ਹਾਰਮੋਨ ਭਾਰੂ ਹੋਣ ਲੱਗਦੇ ਹਨ। ਅਜਿਹੀਆਂ ਗੜਬੜਾਂ ਅਤੇ ਕ੍ਰਿਸ਼ਮੇ ਵੀ ਕੁਦਰਤ ਹੀ ਕਰਦੀ ਹੈ ਅਤੇ ਇਨ੍ਹਾਂ ਦੇ ਸਿੱਟੇ ਵਜੋਂ ਇਨ੍ਹਾਂ ਲੋਕਾਂ ਵਿਚ ਆਪਣੇ ਵਿਰੋਧੀ ਸੈਕਸ ਦੀਆਂ ਰੁਚੀਆਂ ਵੀ ਭਾਰੂ ਹੋ ਸਕਦੀਆਂ ਹਨ। ਪਰ ਇਸ ਸਾਰੇ ਕੁਝ ਨੂੰ ਟੈਸਟ ਕਰਨ ਲਈ ਹੁਣ ਵਿਗਿਆਨ ਮੌਜੂਦ ਹੈ।ਜਿਸ ਯੁੱਗ ਦੀ ਮੈਡੀਕਲ ਸਾਇੰਸ ਮਰਦ ਨੂੰ ਤੀਵੀਂ ਤੇ ਤੀਵੀਂ ਨੂੰ ਮਰਦ ਬਣਾ ਸਕਦੀ ਹੈ ਉਥੇ ਅਜਿਹੇ ਕੇਸਾਂ ਦੇ ਵਿਗਿਆਨਕ ਆਧਾਰ 'ਤੇ ਫੈਸਲੇ ਕਿਉਂ ਨਹੀਂ ਕੀਤੇ ਜਾ ਸਕਦੇ। ਇਸ ਦੇ ਬਾਵਜੂਦ ਵੀ ਮਰਦਾਂ-ਮਰਦਾਂ ਅਤੇ ਔਰਤਾਂ ਔਰਤਾਂ ਦੇ ਵਿਆਹ ਕਰਵਾਉਣ ਦੇ ਆਮ ਅਸੂਲ ਨੂੰ ਕਾਨੂੰਨ ਦਾ ਰੂਪ ਦੇਣਾ ਕਿਸੇ ਤਰ੍ਹਾਂ ਵੀ ਜਾਇਜ਼ ਵਿਖਾਈ ਨਹੀਂ ਦਿੰਦਾ। ਔਰਤਾਂ ਦਾ ਔਰਤਾਂ ਨਾਲ ਰਹਿਣਾ ਤਾਂ ਭਾਵੇਂ ਕੁਝ ਨਹੀਂ ਵਿਗਾੜਦਾ, ਪਰ ਮਰਦਾਂ ਵਿਚਾਲੇ ਇਸ ਕਿਸਮ ਦੇ ਸਮਲਿੰਗੀ ਸਬੰਧ ਦੁਨੀਆਂ ਭਰ ਵਿਚ ਨਰਕ ਪੈਦਾ ਕਰ ਸਕਦੇ ਹਨ। ਕਿਉਂਕਿ ਅਜਿਹੇ ਸਬੰਧਾਂ ਵਿਚੋਂ ਹੀ ਏਡਜ਼ ਜਿਹੀਆਂ ਬਿਮਾਰੀਆਂ ਜਨਮ ਲੈਂਦੀਆਂ ਹਨ। ਅਗਾਂਹ ਭਵਿੱਖ ਵਿਚ ਇਸ ਤੋਂ ਵੀ ਭਿਆਨਕ ਬਿਮਾਰੀਆਂ ਜਨਮ ਲੈ ਸਕਦੀਆਂ ਹਨ। ਮੁਕਦੀ ਗੱਲ ਇਹ ਕਿ ਸਮਾਜਿਕ ਅਤੇ ਮਰਦ-ਔਰਤ ਸਬੰਧਾਂ ਦੇ ਮਾਮਲੇ ਵਿਚ ਸਾਨੂੰ ਕੁਦਰਤ ਵਲ ਵੇਖਣਾ ਚਾਹੀਦਾ ਹੈ। ਕੋਈ ਵੀ ਮਨੁੱਖੀ ਗਤੀਵਿਧੀ ਜਿਹੜੀ ਅਸੀਂ ਕੁਦਰਤ ਦੇ ਖਿਲਾਫ ਪੈਦਾ ਕਰਾਂਗੇ, ਉਸ ਨੇ ਅੰਤ ਨੂੰ ਅਸਫਲ ਹੋਣਾ ਹੈ ਜਾਂ ਫਿਰ ਸਮੱਸਿਆਵਾਂ ਪੈਦਾ ਕਰਨੀਆਂ ਹਨ। ਮਨੁੱਖੀ ਸਮਾਜ ਪਹਿਲਾਂ ਹੀ ਕੁਦਰਤ ਨਾਲ ਆਢ੍ਹਾ ਲਾਈ ਬੈਠਾ ਹੈ ਅਤੇ ਉਸ ਦੇ ਸਿੱਟੇ ਭੁਗਤ ਰਿਹਾ ਹੈ।

## ਡਾ.ਮਨਮੋਹਨ ਸਿੰਘ ਤੇ ਜੀ-8

ਇਸੇ ਕਿਸਮ ਦੇ ਵਿਚਾਰ ਹਾਲ ਹੀ ਵਿਚ ਪ੍ਰਧਾਨ ਮੰਤਰੀ ਡਾ.ਮਨਮੋਹਨ ਸਿੰਘ ਨੇ ਪ੍ਰਗਟ ਕੀਤੇ ਹਨ।

ਜੀ-8 ਮੁਲਕਾਂ ਦੀ ਇਕ ਮੀਟਿੰਗ ਲਈ ਇਟਲੀ ਲਈ ਰਵਾਨਾ ਹੋਏ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਇਹ ਗੱਲ ਸਾਫ ਕੀਤੀ ਹੈ ਕਿ ਦੁਨੀਆਂ ਪੱਧਰ ਦੇ ਜਿਹੜਾ ਆਰਥਿਕ ਮੰਦਾ ਪਸਰਿਆ ਹੋਇਆ ਹੈ, ਵਾਤਾਵਰਣਿਕ ਤਬਦੀਲੀਆਂ ਉਸ ਦਾ ਵੱਡਾ ਕਾਰਨ ਹਨ ਅਤੇ ਇਹ ਤਬਦੀਲੀਆਂ ਪੱਛਮੀ ਮੁਲਕਾਂ ਨੇ ਪੈਦਾ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਆਰਥਿਕ ਮੰਦੇ ਅਤੇ ਵਾਤਾਵਰਣਿਕ ਤਬਦੀਲੀਆਂ ਦੇ ਜਨਮਦਾਤਾ ਅਮਰੀਕਾ ਸਮੇਤ ਵਿਕਸਿਤ ਪੱਛਮੀ ਮੁਲਕ ਹਨ ਅਤੇ ਇਨ੍ਹਾਂ ਦੇ ਸਿੱਟੇ ਅਸੀਂ ਭੁਗਤ ਰਹੇ ਹਾਂ। ਯਾਦ ਰਹੇ ਇਹ ਮੀਟਿੰਗ ਪਿਛੇ ਜਿਹੇ ਭੁਚਾਲ ਦਾ ਸਾਹਮਣਾ ਕਰਕੇ ਹਟੇ ਇਟਲੀ ਦੇ ਸ਼ਹਿਰ ਲਾ ਐਕਿਊਲਾ ਵਿਚ ਹੋਈ, ਜਿਥੇ ਸੰਸਾਰ ਵਿੱਤੀ ਮੰਦੇ, ਆਰਥਿਕ ਸੁਸਤੀ ਅਤੇ ਮੌਸਮ ਵਿਚ ਵਾਪਰ ਰਹੀਆਂ ਵੱਡੀਆਂ ਤਬਦੀਲੀਆਂ ਉੱਪਰ ਵਿਚਾਰ ਚਰਚਾ ਕੀਤੀ ਜਾਣੀ ਹੈ। ਇਥੇ ਜ਼ਿਕਰਯੋਗ ਹੈ ਕਿ ਇਸ ਸ਼ਹਿਰ ਨੂੰ ਇਕ ਵੱਡੇ ਭੁਚਾਲ ਨੇ ਲੰਘੀ 6 ਅਪ੍ਰੈਲ ਨੂੰ ਆਪਣੀ ਲਪੇਟ ਵਿਚ ਲੈ ਲਿਆ ਸੀ, ਜਿਸ ਕਾਰਨ 300 ਲੋਕ ਮਾਰੇ ਗਏ ਸਨ, 1500 ਜ਼ਖਮੀ ਹੋਏ ਸਨ ਅਤੇ 60 ਹਜ਼ਾਰ ਲੋਕ ਬੇਘਰ ਹੋ ਗਏ ਸਨ।


ਤੂਰ ਟਰੈਵਲ
License CST#2097338-40

1. Cathay Pacific
2. Asiana Airlines
3. China Airlines
4. Lufthansa
5. Singapore Airlines
6. British Airways

*ਅਸੀਂ ਸਾਰੀਆਂ ਏਅਰਲਾਈਨਾਂ ਨਾਲ ਕੰਮ ਕਰਦੇ ਹਾਂ ਤੇ ਸਸਤੇ ਰੇਟ 'ਤੇ ਟਿਕਟਾਂ ਵੇਚਦੇ ਹਾਂ।
*ਅਸੀਂ ਦਿੱਲੀ ਏਅਰ-ਪੋਰਟ ਤੋਂ ਪੰਜਾਬ ਲਈ ਬੱਸ ਦੀਆਂ ਟਿਕਟਾਂ ਵੀ ਬੁੱਕ ਕਰਦੇ ਹਾਂ।
*ਨੋਟਰੀ ਪਬਲਿਕ ਸਰਵਿਸ ਕਰਦੇ ਹਾਂ।
*ਇੰਡੀਅਨ ਪਾਸਪੋਰਟ, Power of Attorney ਜਾਂ ਕੋਈ ਵੀ ਜ਼ਰੂਰੀ ਕਾਗਜ਼ਾਤ ਬਣਵਾਉਣ ਲਈ ਮਿਲੋ।
*Immigration Consultant: Petition, Affidavit of Support, Citizenship and more.

Moved from Turlock



Serving the community for the past 18 years.

ਨੋਟ: ਹਫਤੇ ਦੇ ਸੱਤੇ ਦਿਨ ਕੰਮ ਕਰਦੇ ਹਾਂ।

ਮਿਲੋ:ਲਾਲੀ ਤੂਰ
Ph:209-832-1220
Fax:209-832-1330
2208 Babcock Ln Tracy, CA 95377
E-mail:lallytoor@yahoo.com



For Honest and Reliable
Real Estate Services

ਸੈਕਰਾਮੈਂਟੋ ਅਤੇ ਕੈਲੇਫੋਰਨੀਆ ਦੇ ਹੋਰਨਾਂ ਸ਼ਹਿਰਾਂ ਵਿਚ ਮਕਾਨਾਂ ਅਤੇ ਜਾਇਦਾਦ ਦੀਆਂ ਕੀਮਤਾਂ ਬਹੁਤ ਹੇਠਾਂ ਆ ਗਈਆਂ ਹਨ। ਘਰ ਦਾ ਸੌਦਾ ਜਾਂ ਇਨਵੈਸਟਮੈਂਟ ਦਾ ਸੌਦਾ ਮਾਰਨ ਦਾ ਇਹ ਢੁਕਵਾਂ ਮੌਕਾ ਹੈ। ਸਹੀ ਸਲਾਹ ਲਈ ਅੱਜ ਹੀ ਕਾਲ ਕਰੋ।



Specializing in Bank Repo. And short sales.

Nand S. Brar
Broker Associate
DRE Lic No: 01816328

(916) 501-3974
(916) 344-5453

WestCo Realty
A REAL ESTATE & INVESTMENT GROUP

Email : nandsbrar@gmail.com, www.westcorealty.com



Reliable and Experienced
Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes


ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers

REALTY WORLD
Millennium



Gurbans Singh Gill
Realtor
11 Years Experiance in Real Estate
e-mail: gurbans@gotracy.com
Fax: 209-836-0706
www.gotracy.com

Gurbans Gill 209-815-1869

# ਦਲਿਤਾਂ ਦੇ ਨਾਂ 'ਤੇ ਆਪਣੀ 'ਮੈਂ' ਦੀ ਡੁਗਡੁਗੀ ਵਜਾਉਂਦੀ ਮਾਇਆ

**–ਜਤਿੰਦਰ ਪਨੂੰ**

ਮੇਰੇ ਸਾਹਮਣੇ ਉਹ ਰਿਪੋਰਟ ਪਈ ਹੈ, ਜਿਸ ਵਿਚ ਸੁਪਰੀਮ ਕੋਰਟ ਵਲੋਂ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਦੀ 'ਬੁੱਤਬਾਜ਼ੀ' ਵਿਰੁਧ ਚਾਰ ਹਫਤਿਆਂ ਦਾ ਨੋਟਿਸ ਜਾਰੀ ਕਰਨ ਦਾ ਵੇਰਵਾ ਹੈ। ਨੋਟਿਸ ਇਕ ਵਕੀਲ ਦੀ ਉਸ ਪਟੀਸ਼ਨ 'ਤੇ ਜਾਰੀ ਹੋਇਆ ਹੈ, ਜਿਸ ਵਿਚ ਦੋਸ਼ ਲਾਇਆ ਗਿਆ ਸੀ ਕਿ ਮਾਇਆਵਤੀ ਆਪਣੇ ਰਾਜ ਦਾ ਖਜ਼ਾਨਾ ਆਪਣੇ ਬੁੱਤਾਂ ਅਤੇ ਆਪਣੀ ਮਰਜ਼ੀ ਦੇ ਬੁੱਤਾਂ ਉੱਤੇ ਅੰਨ੍ਹੇ-ਵਾਹ ਖ਼ਰਚ ਕਰੀ ਜਾ ਰਹੀ ਹੈ। ਪਟੀਸ਼ਨ ਦੀ ਸੁਣਵਾਈ ਜੁਲਾਈ ਵਿਚ ਹੋਣੀ ਸੀ, ਕਿਉਂਕਿ ਅਦਾਲਤ ਵਿਚ ਗਰਮੀਆਂ ਦੀਆਂ ਛੁੱਟੀਆਂ ਸਨ। ਬੀਬੀ ਮਾਇਆਵਤੀ ਨੇ ਉਹ ਤਰੀਕ ਆਉਣ ਤੋਂ ਪਹਿਲਾਂ ਤਿੰਨ ਜੁਲਾਈ ਨੂੰ ਹੀ ਇਹਨਾਂ ਬੁੱਤਾਂ ਦੇ ਪਰਦੇ ਹਟਾਉਣ ਦੀ ਤਰੀਕ ਮਿਥ ਦਿੱਤੀ। ਪਟੀਸ਼ਨਰ ਨੇ ਛੁੱਟੀਆਂ ਦੌਰਾਨ ਬੈਠਣ ਵਾਲੇ ਮਾਣਯੋਗ ਜੱਜ ਸਾਹਿਬਾਨ ਨੂੰ ਸਾਰੀ ਸਥਿਤੀ ਤੋਂ ਜਾਣੂ ਕਰਵਾ ਕੇ ਪਹਿਲਾਂ ਸੁਣਵਾਈ ਦੀ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਤਿੰਨ ਜੁਲਾਈ ਦੀ ਪਰਦੇ ਹਟਾਉਣ ਦੀ ਤਰੀਕ ਤੋਂ ਚਾਰ ਦਿਨ ਪਹਿਲਾਂ 29 ਜੂਨ ਨੂੰ ਸੁਣਵਾਈ ਕਰਨ ਦੀ ਨਵੀਂ ਤਰੀਕ ਮਿਥ ਦਿੱਤੀ। ਮਾਇਆਵਤੀ ਦੀ ਮਾਇਆ-ਮਹਿਮਾ ਏਨੀ ਨਿਰਾਲੀ ਹੈ ਕਿ ਉਸਨੇ ਜਿਹੜੇ ਬੁੱਤਾਂ ਤੋਂ ਤਿੰਨ ਜੁਲਾਈ ਨੂੰ ਪਰਦਾ ਹਟਾਉਣ ਮਿਥਿਆ ਸੀ, ਨੀਂਹ-ਪੱਥਰਾਂ ਉੱਤੇ ਤਿੰਨ ਜੁਲਾਈ ਲਿਖੀ ਹੋਈ ਸੀ, ਉਨ੍ਹਾਂ ਤੋਂ ਪਰਦਾ ਹੋਰ ਨੌਂ ਦਿਨ ਅਗਾਊਂ, ਪੰਜੀ ਜੂਨ ਨੂੰ ਹੀ ਚੁੱਕ ਦਿੱਤਾ। ਇਹ ਸਿੱਧੇ ਤੌਰ 'ਤੇ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਨੂੰ ਝਕਾਨੀ ਦੇਣ ਦੀ ਕਾਰਵਾਈ ਸੀ।

ਸੁਪਰੀਮ ਕੋਰਟ ਨੇ ਇਸ ਮਾਮਲੇ ਵਿਚ ਓਨੀ ਹੀ ਸਖ਼ਤੀ ਵਿਖਾਈ ਹੈ, ਜਿੰਨੀ ਵਿਖਾਈ ਜਾਣੀ ਬਣਦੀ ਸੀ। ਬੜੇ ਕਰੜੇ ਸ਼ਬਦਾਂ ਵਿਚ ਬੀਬੀ ਮਾਇਆਵਤੀ ਨੂੰ ਤੇ ਉਸ ਦੀ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਗਿਆ। ਪਹਿਲਾਂ ਹੀ ਕਈ ਝਮੇਲਿਆਂ ਦਾ ਸਾਹਮਣਾ ਕਰ ਰਹੀ ਬੀਬੀ ਮਾਇਆਵਤੀ ਲਈ ਇਹ ਪਟੀਸ਼ਨ ਇਕ ਹੋਰ ਵੱਡੀ ਉਲਝਣ ਸਾਬਤ ਹੋ ਸਕਦੀ ਹੈ। ਬਾਹਰੋਂ ਭਾਵੇਂ ਕੋਈ ਪਰਵਾਹ ਕਰਦੀ ਉਹ ਨਜ਼ਰ ਨਾ ਆਵੇ, ਅੰਦਰੋਂ ਬੀਬੀ ਏਨੀ ਸੁਖੀ ਨਹੀਂ ਹੋ ਸਕਦੀ।

ਇਸ ਬੁੱਤਬਾਜ਼ੀ ਬਾਰੇ ਦਰਜ ਕਰਵਾਈ ਗਈ ਪਟੀਸ਼ਨ ਵਿਚ ਵੱਡਾ ਦੋਸ਼ ਇਹ ਲਾਇਆ ਗਿਆ ਹੈ ਕਿ ਮੁੱਖ ਮੰਤਰੀ ਮਾਇਆਵਤੀ ਨੇ ਉੱਤਰ ਪ੍ਰਦੇਸ਼ ਦੀ ਸਰਕਾਰ ਦੇ ਸੱਭਿਆਚਾਰਕ ਵਿਭਾਗ ਦੇ ਇੱਕੀ ਸੌ ਕਰੋੜ ਰੁਪਏ ਦੇ ਬੱਜਟ 'ਚੋਂ ਉਨੀ ਸੌ ਚਾਲੀ ਕਰੋੜ ਰੁਪਏ ਇਸ ਕੰਮ ਉਤੇ ਫੂਕ ਦਿੱਤੇ ਹਨ। ਜਿਹੜੇ ਬੁੱਤ ਬਣਾਏ ਗਏ, ਉਨ੍ਹਾਂ ਵਿਚ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਦੇ ਬੁੱਤ ਵੀ ਸ਼ਾਮਲ ਹਨ, ਜਿਨ੍ਹਾਂ ਦੇ ਬੁੱਤ ਪਹਿਲਾਂ ਵੀ ਸਾਰੇ ਭਾਰਤ ਦੇ ਹਰ ਪ੍ਰਮੁੱਖ ਸ਼ਹਿਰ ਅੰਦਰ ਕਿਤੇ ਇਕ ਤੇ ਕਿਤੇ ਚਾਰ ਪੰਜ ਤੱਕ ਲੱਗੇ ਹੋਏ ਹਨ। ਫਿਰ ਵੀ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਮੱਦੇ-ਨਜ਼ਰ ਰੱਖਦੇ ਹੋਏ ਇਹੋ ਜਿਹੇ ਹੋਰ ਬੁੱਤ ਬਣਾਏ ਜਾਂਦੇ ਤਾਂ ਸ਼ਾਇਦ ਬਹੁਤੀ ਨੁਕਤਾਚੀਨੀ ਨਾ ਹੁੰਦੀ, ਪਰ ਸਰਕਾਰੀ ਖ਼ਰਚ ਉੱਤੇ, ਬਹੁਤ ਸਾਰੇ ਬੁੱਤ ਬਹੁਜਨ ਸਮਾਜ ਪਾਰਟੀ ਦੇ ਮੋਢੀ ਬਾਬੂ ਕਾਂਸ਼ੀ ਰਾਮ ਦੇ ਵੀ ਬਣਾ ਦਿੱਤੇ ਗਏ ਹਨ। ਬਾਬੂ ਕਾਂਸ਼ੀ ਰਾਮ ਇਕ ਵੱਡੇ ਲੀਡਰ ਸਨ, ਇਸ ਬਾਰੇ ਦੋ ਰਾਏ ਨਹੀਂ ਹੋ ਸਕਦੀ, ਪਰ ਉਹ ਡਾਕਟਰ ਅੰਬੇਡਕਰ ਵਾਂਗ ਦੇਸ਼ ਦੇ ਸਮੁੱਚੇ ਲੋਕਾਂ ਦੇ ਨਹੀਂ, ਇਕ ਰਾਜਨੀਤਕ ਪਾਰਟੀ ਦੇ ਲੀਡਰ ਸਨ। ਜੇ ਉਨ੍ਹਾਂ ਦੀ ਪਾਰਟੀ ਉਨ੍ਹਾਂ ਦੇ ਬੁੱਤ ਲਗਵਾਉਣਾ ਚਾਹੁੰਦੀ ਹੈ, ਲਗਵਾਉਂਦੀ ਰਹੇ, ਪਰ ਇਸ ਕੰਮ ਲਈ ਸਰਕਾਰੀ ਪੈਸਾ ਇਕ-ਦੋ ਬੁੱਤਾਂ ਤੱਕ ਖਰਚਣਾ ਤਾਂ ਮੰਨਿਆ ਜਾ ਸਕਦਾ ਹੈ, ਬਾਕੀ ਦਾ ਖ਼ਰਚਾ ਸੰਬੰਧਤ ਪਾਰਟੀ ਨੂੰ ਖ਼ੁਦ ਕਰਨਾ ਚਾਹੀਦਾ ਹੈ। ਅੱਜ ਦੀ ਬਹੁਜਨ ਸਮਾਜ ਪਾਰਟੀ, ਜਿਸ ਦੀ ਮੁਖੀ ਬੀਬੀ ਨੂੰ ਜਨਮ ਦਿਨ ਉਤੇ ਕਰੋੜਾਂ ਰੁਪਏ ਦੀ ਮਾਇਆ ਤੇ ਤੋਹਫ਼ੇ ਮਿਲ ਜਾਂਦੇ ਹਨ, ਏਨੀ ਨਿਤਾਣੀ ਨਹੀਂ ਰਹੀ ਕਿ ਉਹ ਏਨਾ ਖ਼ਰਚਾ ਵੀ ਨਾ ਕਰ ਸਕੇ।

ਗੱਲ ਸਿਰਫ਼ ਏਥੋਂ ਤੱਕ ਵੀ ਸੀਮਤ ਨਹੀਂ, ਹੋਰ ਅੱਗੇ ਜਾਂਦੀ ਹੈ। ਡਾਕਟਰ ਅੰਬੇਡਕਰ ਅਤੇ ਬਾਬੂ ਕਾਂਸ਼ੀ ਰਾਮ ਦੇ ਬੁੱਤਾਂ ਦੇ ਨਾਲ-ਨਾਲ ਬੀਬੀ ਮਾਇਆਵਤੀ ਨੇ ਆਪਣੇ ਬਹੁਤ ਮਹਿੰਗੇ ਬੁੱਤ ਵੀ ਸਰਕਾਰੀ ਖ਼ਰਚੇ ਉਤੇ ਬਣਵਾ ਕੇ ਲਾਉਣੇ ਸ਼ੁਰੂ ਕਰ ਦਿੱਤੇ। ਦਲੀਲ ਉਸ ਦੀ ਇਹ ਹੈ ਕਿ ਕਾਂਸ਼ੀ ਰਾਮ ਜੀ ਕਿਹਾ ਕਰਦੇ ਸਨ ਕਿ ਜਿੱਥੇ ਵੀ ਕਿਧਰੇ ਮੇਰਾ ਬੁੱਤ ਲੱਗੇ, ਮੇਰੀ ਇੱਛਾ ਹੈ ਕਿ ਮਾਇਆਵਤੀ ਦਾ ਬੁੱਤ ਵੀ ਮੇਰੇ ਨਾਲ ਹੀ ਲੱਗਾ ਹੋਵੇ ਤੇ ਜਿਹੜਾ ਵੀ ਸਨਮਾਨ ਭੇਟ ਕਰਨ ਆਵੇ, ਉਹ ਦੋਵਾਂ ਦੇ ਬੁੱਤਾਂ ਉਤੇ ਹਾਰ ਪਾ ਕੇ ਜਾਵੇ।

ਅਗਲੀ ਗੱਲ ਇਹ ਕਿ ਬੁਤਾਂ ਤੋਂ ਪਰਦਾ ਹਟਾਉਣ ਮਗਰੋਂ ਫੁੱਲਾਂ ਦੇ ਬੁੱਕ ਭਰ ਭਰ ਕੇ ਮਾਇਆਵਤੀ ਦੂਜੇ ਦੋਵਾਂ ਦੇ ਬੁੱਤਾਂ ਉਤੇ ਹੀ ਨਹੀਂ ਟੀ.ਵੀ. ਕੈਮਰੇ ਵਲ ਵੇਖ ਕੇ ਆਪਣੇ ਬੁੱਤ ਉਤੇ ਵੀ ਪੂਰੇ ਜੋਸ਼ ਨਾਲ ਸੁੱਟਦੀ ਹੈ। ਪਿਛਲੇ ਦੋ ਕੁ ਸਾਲਾਂ ਤੋਂ ਤਾਂ ਉਸ ਨੇ ਕਈ ਥਾਂ ਭਾਸ਼ਣ ਦਿੰਦਿਆਂ ਇਹ ਵੀ ਕਿਹਾ ਹੈ ਕਿ ਪੁਰਾਣੀਆਂ ਦੇਵੀਆਂ ਦੀ ਥਾਂ ਦਲਿਤਾਂ ਨੂੰ ਹੁਣ ਮੇਰੀ ਪੂਜਾ ਕਰਨੀ ਚਾਹੀਦੀ ਹੈ, ਮੈਂ ਉਨ੍ਹਾਂ ਤੋਂ ਦੂਰ ਨਹੀਂ, ਉਨ੍ਹਾਂ ਦੇ ਵਿਚਾਲੇ ਖੜੀ 'ਦਲਿਤਾਂ ਦੀ ਦੇਵੀ' ਹਾਂ।



ਯੂ.ਪੀ. ਵਿਚ ਲਗਾਏ ਗਏ ਮਾਇਆਵਤੀ ਅਤੇ ਕਾਂਸ਼ੀ ਰਾਮ ਦੇ ਬੁੱਤ

ਇਹ ਸਾਰਾ ਕੁਝ ਜਾਣ ਕੇ ਕੋਈ ਵੀ ਬੰਦਾ 'ਕਮਾਲ' ਕਹਿ ਸਕਦਾ ਹੈ, ਪਰ ਬੀਬੀ ਮਾਇਆਵਤੀ ਨੇ ਤਾਂ ਇਸ ਤੋਂ ਵੀ ਅਗਲੀ ਕਮਾਲ ਕਰ ਛੱਡੀ ਹੈ। ਉਸਦੀ ਬਹੁਜਨ ਸਮਾਜ ਪਾਰਟੀ ਦਾ ਚੋਣ ਨਿਸ਼ਾਨ 'ਹਾਥੀ' ਹੈ। ਬੀਬੀ ਨੇ ਸਰਕਾਰੀ ਖਜ਼ਾਨਾ ਖ਼ਰਚ ਕੇ ਬਵੰਜਾ ਕਰੋੜ ਵੀਹ ਲੱਖ ਰੁਪਏ ਦੀ ਲਾਗਤ ਨਾਲ ਚਿੱਟੇ ਸੰਗਮਰਮਰ ਦੇ ਸੱਠ ਬੁੱਤ ਹਾਥੀ ਦੇ ਹੀ ਬਣਵਾ ਦਿੱਤੇ ਹਨ, ਜਿਹੜੇ ਦਿੱਲੀ ਤੋਂ ਨਿਕਲਦੇ ਸਾਰ ਯੂ.ਪੀ. ਦੇ ਪਹਿਲੇ ਕਸਬੇ ਨੋਇਡਾ ਤੋਂ ਲੈ ਕੇ ਉਸ ਰਾਜ ਦੀ ਰਾਜਧਾਨੀ ਲਖਨਊ ਤੱਕ ਵੱਖ-ਵੱਖ ਥਾਂਈਂ ਲਾਏ ਜਾਣਗੇ। 'ਚਿੱਟਾ ਹਾਥੀ' ਫਜ਼ੂਲ ਖਰਚੀ ਦਾ ਪ੍ਰਤੀਕ ਗਿਣਿਆ ਜਾਂਦਾ ਹੈ, ਜਿਸ ਉਤੇ ਸਿਰਫ ਸਾਬਣ ਮਲਣ ਦਾ ਤੇ ਖੁਰਾਕ ਦਾ ਖ਼ਰਚਾ ਹੁੰਦਾ ਹੈ, ਉਸ ਹਾਥੀ ਤੋਂ ਕੰਮ ਕੋਈ ਨਹੀਂ ਲਿਆ ਜਾਂਦਾ। ਹੁਣ ਤੱਕ ਦਾ ਇਹ ਮੁਹਾਵਰਾ ਵੀ ਬੀਬੀ ਮਾਇਆਬਤੀ ਨੇ ਸਵਾ ਬਵੰਜਾ ਕਰੋੜ ਰੁਪਏ ਫੂਕ ਕੇ ਸੱਚਾ ਸਾਬਤ ਕਰ ਵਿਖਾਇਆ ਹੈ। ਬੀਬੀ ਮਾਇਆਵਤੀ ਦੀਆਂ ਆਪਣੀਆਂ ਦਲੀਲਾਂ ਹਨ। ਉਹ ਉਲਟਾ ਸਵਾਲ ਕਰਦੀ ਹੈ ਕਿ ਮਹਾਤਮਾ ਗਾਂਧੀ ਤੇ ਪੰਡਿਤ ਜਵਾਹਰ ਲਾਲ ਨਹਿਰੂ ਦੇ ਬੁੱਤਾਂ ਅਤੇ ਸਮਾਧੀਆਂ ਉਤੇ ਖਰਚ ਹੋ ਸਕਦਾ ਹੈ ਤਾਂ ਸਾਡੀ ਵਾਰੀ ਇਤਰਾਜ਼ ਕਿਉਂ? ਇੰਜ ਕਹਿਣ ਵੇਲੇ ਉਹ ਭੁੱਲ ਜਾਂਦੀ ਹੈ ਕਿ ਮਹਾਤਮਾ ਗਾਂਧੀ ਤੇ ਪੰਡਿਤ ਨਹਿਰੂ ਨੇ ਆਪਣੇ ਬੁੱਤ ਆਪ ਨਹੀਂ ਸਨ ਲਗਵਾਏ, ਉਨ੍ਹਾਂ ਤੋਂ ਪਿੱਛੋਂ ਦੀਆਂ ਸਰਕਾਰਾਂ ਤੇ ਪੈਰੋਕਾਰਾਂ ਨੇ ਬਣਵਾਏ ਸਨ।

ਉਨ੍ਹਾਂ ਦੋਵਾਂ ਵਿਚੋਂ ਕਿਸੇ ਨੇ ਵੀ ਆਪਣੇ ਆਪ ਨੂੰ ਦੇਵਤਾ ਬਣ ਕੇ ਪੇਸ਼ ਨਹੀਂ ਸੀ ਕੀਤਾ। ਖ਼ਰਚੇ ਪੱਖੋਂ ਵੀ ਉਨ੍ਹਾਂ ਦੇ ਬੁੱਤਾਂ ਤੇ ਸਮਾਧੀਆਂ ਉਤੇ ਹੁਣ ਤੱਕ ਏਨਾ ਪੈਸਾ ਨਹੀਂ ਲੱਗਾ, ਜਿੰਨਾ ਬੀਬੀ ਨੇ ਇਕੋ ਵਾਰੀ ਰੋੜ੍ਹ ਦਿੱਤਾ ਹੈ। ਮਹਾਤਮਾ ਗਾਂਧੀ ਹੋਵੇ ਜਾਂ ਪੰਡਿਤ ਨਹਿਰੂ, ਇੰਦਰਾ ਗਾਂਧੀ ਹੋਵੇ, ਰਾਜੀਵ ਗਾਂਧੀ ਜਾਂ ਫਿਰ ਹੁਣ ਵਾਲੇ ਕਾਂਗਰਸੀਏ ਤੇ ਭਾਜਪਾਈਏ, ਜੇ ਕਿਸੇ ਨੇ ਬੁੱਤ ਵੀ ਬਣਵਾਏ ਹੋਣਗੇ ਤਾਂ ਲੀਡਰ ਦੇ, ਕਦੇ ਕਿਸੇ ਨੇ ਚੋਣ ਨਿਸ਼ਾਨ ਦਾ ਬੁੱਤ ਨਹੀਂ ਬਣਵਾਇਆ। ਕਾਂਗਰਸ ਦਾ ਪਹਿਲਾ ਚੋਣ ਨਿਸ਼ਾਨ 'ਦੋ ਬਲਦਾਂ ਦੀ ਜੋੜੀ' ਹੁੰਦੀ ਸੀ, ਫਿਰ ਉਸ ਨੂੰ 'ਗਾਂ ਤੇ ਵੱਛਾ' ਮਿਲ ਗਏ ਤੇ ਹੁਣ ਉਸ ਕੋਲ ਹੱਥ ਜਾਂ ਪੰਜਾ ਹੈ, ਪਰ ਉਸ ਨੇ ਕਿਸੇ ਵੀ ਥਾਂ ਇਹ ਬੁੱਤ ਨਹੀਂ ਲਾਏ। ਇਹ ਨਵੀਂ ਪਿਰਤ ਸਿਰਫ਼ 'ਦਲਿਤਾਂ ਦੀ ਦੇਵੀ' ਬਣਨ ਵਾਲੀ ਬੀਬੀ ਮਾਇਆਵਤੀ ਹੀ ਪਾਉਣ ਲੱਗੀ ਹੈ ਕਿ ਉਸਦੇ ਮਰਹੂਮ ਲੀਡਰਾਂ ਦੇ ਨਾਲ-ਨਾਲ ਉਸ ਦੇ ਆਪਣੇ ਬੁੱਤ ਵੀ ਤੇ ਆਪਣੇ ਚੋਣ ਨਿਸ਼ਾਨ ਦੇ ਬੁੱਤ ਵੀ ਸਰਕਾਰੀ ਖ਼ਰਚ ਉਤੇ ਲਾਏ ਜਾਣਗੇ। 'ਆਪੇ ਮੈਂ ਰੱਜੀ-ਪੁੱਜੀ, ਆਪੇ ਮੇਰੇ ਬੱਚੇ ਜਿਊਣ' ਦਾ ਮੁਹਾਵਰਾ ਐਨ ਪੂਰਾ ਢੁੱਕਦਾ ਹੈ। ਆਓ ਹੁਣ ਇਕ ਹੋਰ ਪੱਖ ਤੋਂ ਇਸ ਮਾਮਲੇ ਨੂੰ ਵਿਚਾਰ ਕੇ ਵੇਖੀਏ! ਅੰਤਾਂ ਦੀ ਗਰੀਬੀ ਹੰਢਾ ਰਹੇ ਉੱਤਰ ਪ੍ਰਦੇਸ਼ ਦੀ ਉਹ ਮੁੱਖ ਮੰਤਰੀ ਹੈ। ਕਿਸੇ ਵੀ ਸੂਬੇ ਵਿਚ ਹੁਨਰ ਤੋਂ ਸੱਖਣੇ ਮਜ਼ਦੂਰਾਂ ਦੀ ਲੋੜ ਇਸ ਉੱਤਰ ਪ੍ਰਦੇਸ਼ ਤੋਂ ਪੂਰੀ ਹੁੰਦੀ ਹੈ, ਜਿੱਥੇ 'ਦਲਿਤਾਂ ਦੀ ਦੇਵੀ' ਦੇ ਬੁੱਤ ਲੱਗ ਰਹੇ ਹਨ। ਪੜ੍ਹਾਈ, ਸੜਕਾਂ, ਹਸਪਤਾਲਾਂ ਆਦਿ ਸਭਨਾ ਦੇ ਪੱਖੋਂ ਉਸ ਰਾਜ ਦਾ ਮੰਦਾ ਹਾਲ ਹੈ।

ਅੰਤਾਂ ਦੀ ਬਦਅਮਨੀ ਵੀ ਉਸੇ ਰਾਜ ਵਿਚ ਹੈ। ਰਾਜ ਦੇ ਸੱਭਿਆਚਾਰਕ ਵਿਭਾਗ ਦੇ ਇਕੀ ਸੌ ਕਰੋੜ ਰੁਪਏ ਵਿਚੋਂ ਜਿਹੜੇ ਉਨੀ ਸੌ ਚਾਲੀ ਕਰੋੜ ਰੁਪਏ ਇਸ ਭੱਦੇ ਸ਼ੁਗਲ ਦੀ ਪੂਰਤੀ ਉਤੇ ਖਰਚੇ ਗਏ ਹਨ, ਉਹ ਲੋਕਾਂ ਦੇ ਭਲੇ ਲਈ ਖਰਚੇ ਜਾ ਸਕਦੇ ਹਨ। ਪਰ ਉਨ੍ਹਾਂ ਨਾਲ ਮਾਇਆਵਤੀ ਦੀ ਬਹਿਜਾ-ਬਹਿਜਾ ਨਹੀਂ ਸੀ ਹੋਣੀ?

ਆਪਣੀ 'ਮੈਂ' ਨੂੰ ਉਭਾਰਨ ਵਾਲੀ ਬੀਬੀ ਮਾਇਆਵਤੀ ਦਾ ਇਹ ਕੋਈ ਪਹਿਲਾਂ ਚਰਚਿਤ ਮਾਮਲਾ ਵੀ ਨਹੀਂ। ਤੁਰੀ ਤਾਂ ਸੀ ਸਮਾਜ ਦੇ ਦੱਬੇ ਕੁਚਲੇ ਲੋਕਾਂ ਨੂੰ ਗਰੀਬੀ ਤੇ ਕੰਗਾਲੀ ਦੇ ਕੂੜੇ 'ਚੋਂ ਚੁੱਕ ਕੇ ਬਾਹਰ ਕੱਢਣ ਲਈ, ਪਰ ਮੁੱਖ ਮੰਤਰੀ ਬਣ ਕੇ ਫਸ ਗਈ ਸੀ ਤਾਜ ਮਹਿਲ ਦੀ ਗਲਿਆਰਾ ਯੋਜਨਾ ਦੇ ਸਕੈਂਡਲ ਵਿਚ। ਕਈ ਕਰੋੜ ਰੁਪਏ ਦੀ ਉਸ ਹੇਰਾਫੇਰੀ ਵਿਚ ਬੀਬੀ ਦਾ ਨਾਂਅ ਆਇਆ ਤਾਂ ਕਹਿਣ ਲੱਗੀ ਕਿ ਤਾਜ ਮਹਿਲ ਦੀ ਖ਼ੂਬਸੂਰਤੀ ਵਿਚ ਹੀ ਵਾਧਾ ਕੀਤਾ ਹੈ, ਕਿਹੜਾ ਗੁਨਾਹ ਕਰ ਦਿੱਤਾ। ਪੁੱਛੋ ਬਈ ਤਾਜ ਮਹਿਲ ਦੀ ਖ਼ੂਬਸੂਰਤੀ ਵਧਣ ਨਾਲ ਦਲਿਤਾਂ ਦੀ ਕੰਗਾਲੀ ਕਿਵੇਂ ਦੂਰ ਹੋ ਜਾਵੇਗੀ? ਤਾਜ ਮਹਿਲ ਤਾਂ ਦਲਿਤਾਂ ਤੇ ਕੰਗਾਲਾਂ ਤੋਂ ਦਾਸਾਂ ਤੇ ਗੁਲਾਮਾਂ ਵਾਂਗ ਕੰਮ ਕਰਵਾ ਕੇ ਉਸਾਰਿਆ ਗਿਆ ਮਕਬਰਾ ਹੈ, ਇਸ ਨੂੰ ਚਮਕਾਉਣ ਵਾਲਿਆਂ ਦਾ ਚੇਤਾ ਹੀ ਨਹੀਂ ਆਇਆ। ਇਕ ਵਾਰੀ ਬੀਬੀ ਮਾਇਆਵਤੀ ਨੇ ਆਪਣੇ ਵਿਧਾਇਕ ਦੀ ਮੀਟਿੰਗ ਵਿਚ ਸਿੱਧੇ ਤੌਰ 'ਤੇ ਸਰਕਾਰੀ ਫੰਡਾਂ ਬਦਲੇ ਪੈਸੇ ਮੰਗ ਕੇ ਬਖੇੜਾ ਖੜਾ ਕਰ ਲਿਆ ਸੀ। ਮੀਟਿੰਗ ਦੀ ਸੀ.ਡੀ. ਬਾਹਰ ਆ ਗਈ ਸੀ। ਬੀਬੀ ਕਹਿ ਰਹੀ ਸੀ ਕਿ ਤੁਹਾਨੂੰ ਵਿਕਾਸ ਦੇ ਨਾਂਅ ਉਤੇ ਕਰੋੜਾਂ ਰੁਪਏ ਮਿਲ ਰਹੇ ਹਨ, ਪਾਰਟੀ ਨੂੰ ਵੀ ਕੁਝ ਨਾ ਕੁਝ ਦਿਓ। ਮਤਲਬ ਅਸਲ ਵਿਚ ਪਾਰਟੀ ਦਾ ਸੀ ਜਾਂ ਆਪਣੇ ਨਿੱਜੀ ਖਾਤੇ ਦਾ, ਇਹਦੇ ਬਾਰੇ ਲੋਕ ਖੁਦ ਵੀ ਅੰਦਾਜ਼ੇ ਲਾ ਸਕਦੇ ਸਨ। ਸੀ.ਡੀ. ਜਾਹਰ ਹੋਣ ਮਗਰੋਂ ਬੀਬੀ ਨੇ ਇਸ ਨੂੰ 'ਵਿਰੋਧੀਆਂ ਦੀ ਰਾਜਨੀਤਕ ਸਾਜ਼ਿਸ਼' ਕਹਿ ਕੇ ਗੱਲ ਟਾਲ ਦਿੱਤੀ ਸੀ ਤੇ ਅਗਲੀ ਗੱਲ ਇਹ ਕਿ ਬੀਬੀ ਦੀ ਬੇਹਿਸਬੀ ਜਾਇਦਾਦ ਦੀ ਪੜਤਾਲ ਵਿਚ ਵੀ ਬੜੇ ਨਿਰਾਲੇ ਕਿੱਸੇ ਸਾਹਮਣੇ ਆਏ ਸਨ। ਬੀਬੀ ਨੇ ਕਿਹਾ ਸੀ ਕਿ ਉਸ ਕੋਲ ਏਨਾ ਪੈਸਾ ਉਸ ਦੇ ਪ੍ਰਸ਼ੰਸਕਾਂ ਦਾ ਦਿੱਤਾ ਹੋਇਆ ਹੈ।

ਪ੍ਰਸ਼ੰਸਕਾਂ ਦੀ ਜਾਂਚ ਹੋਣ ਲੱਗੀ ਤਾਂ ਹਜ਼ਾਰ-ਦੋ ਹਜ਼ਾਰ ਜਾਂ ਲੱਖਾਂ ਰੁਪਏ ਦੇਣ ਵਾਲੇ ਛੱਡ ਕੇ ਸਭ ਤੋਂ ਪਹਿਲਾਂ ਕਰੋੜਾਂ ਦੀ ਭੇਟਾ ਦੇਣ ਵਾਲਿਆਂ ਦਾ ਅੱਗਾ-ਪਿੱਛਾ ਫੋਲਿਆ ਗਿਆ। ਦੰਗ ਕਰਨ ਵਾਲੀ ਗੱਲ ਇਹ ਸਾਹਮਣੇ ਆਈ ਕਿ ਇਕ ਕਰੋੜ ਰੁਪਏ ਬੀਬੀ ਨੂੰ ਭੇਟ ਕਰਨ ਵਾਲੇ ਵਜੋਂ ਇਕ ਉਸ ਆਦਮੀ ਦਾ ਨਾਂਅ ਲਿਖਿਆ ਪਿਆ ਸੀ, ਜਿਹੜਾ ਖ਼ੁਦ ਝੌਂਪੜੀ ਵਿਚ ਰਹਿੰਦਾ ਸੀ। ਮਜ਼ਦੂਰੀ ਕਰਕੇ ਦੋ ਡੰਗ ਦੀ ਜੂਨ ਹੰਢਾਉਣ ਵਾਲੇ ਉਸ ਬੰਦੇ ਤੋਂ ਇਹ ਅਖਵਾਇਆ ਗਿਆ ਕਿ ਉਹ ਖ਼ੁਦ ਤਾਂ ਝੁੱਗੀ ਵਿਚ ਰਹਿੰਦਾ ਹੈ, ਪਰ ਆਪਣੀ ਆਗੂ ਮਾਇਆਵਤੀ ਦਾ ਜਨਮ ਦਿਨ ਮਨਾਉਣ ਲਈ ਇਕ ਕਰੋੜ ਰੁਪਏ ਉਸ ਨੇ ਲੋਕਾਂ ਤੋਂ ਚੰਦਾ ਇਕੱਠਾ ਕਰ ਕੇ ਦਿੱਤਾ ਹੈ। ਝੁੱਗੀ ਵਿਚ ਰਹਿਣ ਵਾਲੇ ਗਰੀਬ ਦੀ ਏਨੀ ਸਮਰੱਥਾ? ਦਲਿਤਾਂ ਦੀ ਦੇਵੀ-ਜ਼ਿੰਦਾਬਾਦ! ਪਿਛਲੀਆਂ ਪਾਰਲੀਮੈਂਟ ਚੋਣਾਂ ਦੌਰਾਨ ਆਪੇ ਬਣੀ ਹੋਈ ਦਲਿਤਾਂ ਦੀ ਦੇਵੀ ਦੀ ਅੱਖ ਦੇਸ਼ ਦੇ ਵੱਡੇ ਤਖ਼ਤ ਉੱਤੇ ਸੀ। ਭੋਖੜੇ ਕੱਟ ਰਹੇ ਰਾਜ ਦੇ ਖ਼ਜ਼ਾਨੇ ਨੂੰ ਚਿੱਟੇ ਹਾਥੀਆਂ ਅਤੇ 'ਮੈਂ ਹੀ ਮੈਂ' ਦਾ ਪ੍ਰਭਾਵ ਦੇਂਦੇ ਬੁੱਤਾਂ ਉਤੇ ਲੁਟਾਉਣ ਵਾਲੀ ਬੀਬੀ ਮਾਇਆਵਤੀ, ਜੇ ਕਿਧਰੇ ਦਿੱਲੀ ਦੇ ਤਖ਼ਤ ਤੱਕ ਪੁੱਜ ਜਾਂਦੀ, ਓਥੇ ਵੀ ਉਸ ਨੇ ਧੰਨ-ਧੰਨ ਕਰਵਾ ਦੇਣੀ ਸੀ।

# ਬਠਿੰਡਾ 'ਚ ਅਕਾਲੀ ਉਮੀਦਵਾਰ ਦੀ ਹਮਾਇਤ ਬਦਲੇ ਡੇਰਾ ਸੱਚਾ ਸੌਦਾ ਨੂੰ ਇਨਾਮ ਮਿਲਣ ਲੱਗਾ


**ਤਲਵੰਡੀ ਸਾਬੋ:** ਡੇਰਾ ਸਿਰਸਾ-ਸਿੱਖ ਵਿਵਾਦ ਹੌਲੀ-ਹੌਲੀ ਠੰਡਾ ਪੈਂਦਾ ਦਿਖਾਈ ਦੇ ਰਿਹਾ ਹੈ। ਲੋਕ ਸਭਾ ਚੋਣਾਂ ਦੌਰਾਨ ਡੇਰੇ ਵਲੋਂ ਬਠਿੰਡਾ ਹਲਕੇ ਤੋਂ ਅਕਾਲੀ ਦਲ ਨੂੰ ਹਮਾਇਤ ਦੇਣ ਦੇ ਇਵਜ਼ ਵਜੋਂ ਹੁਣ ਪ੍ਰੇਮੀਆਂ ਨੂੰ ਖੁਸ਼ ਰੱਖਣ ਲਈ 'ਪੰਥਕ' ਸਰਕਾਰ ਵੀ ਪੱਬਾਂ ਭਾਰ ਹੋ ਗਈ ਲੱਗਦੀ ਹੈ। 'ਨਾਮ ਚਰਚਾਵਾਂ' ਦੇ ਦੁਬਾਰਾ ਸ਼ੁਰੂ ਹੋਣ 'ਤੇ ਆਪਣੇ ਆਪ ਨੂੰ ਕੱਟੜ ਸਿੱਖ ਜਥੇਬੰਦੀਆਂ ਕਹਾਉਣ ਵਾਲੀਆਂ ਪਾਰਟੀਆਂ ਦੇ ਆਗੂਆਂ ਦੀ ਚੁੱਪ ਵੀ ਸਿੱਖ ਸੰਗਤ ਨੂੰ ਅੱਖਰ ਰਹੀ ਹੈ।

ਬੀਤੇ ਤਿੰਨ ਦਿਨਾਂ ਤੋਂ ਹਲਕੇ ਵਿਚ 'ਡੇਰਾ ਪ੍ਰੇਮੀਆਂ' ਵਲੋਂ ਦੋ ਵੱਡੇ ਸਮਾਗਮ ਕਰਵਾਉਣ ਨਾਲ ਤੇ ਸਿੱਖ ਆਗੂਆਂ ਦੀ ਇਸ ਸਬੰਧੀ ਚੁੱਪ ਤੋਂ ਸੰਗਤਾਂ ਵਿਚ ਰੋਸ ਪਾਇਆ ਜਾ ਰਿਹਾ ਹੈ। ਇਨ੍ਹਾਂ ਪ੍ਰੋਗਰਾਮਾਂ ਦੀ ਸਫਲਤਾ ਨੂੰ ਡੇਰੇ ਦੇ ਵਿਰੋਧੀ 'ਸੰਤ ਬਾਬਾ ਬਲਜੀਤ ਸਿੰਘ ਖਾਲਸਾ ਦਾਦੂਵਾਲ ਸਾਹਿਬ' ਵਾਲਿਆਂ ਦੀ ਵਿਦੇਸ਼ ਫੇਰੀ ਨਾਲ ਜੋੜ ਕੇ ਦੇਖ ਰਹੇ ਹਨ। ਕਿਉਂਕਿ ਉਨ੍ਹਾਂ ਦੇ ਹਾਜ਼ਰ ਰਹਿੰਦਿਆਂ ਪਿਛਲੇ ਦੋ ਸਾਲਾਂ ਵਿਚ ਕਦੇ ਪ੍ਰੇਮੀਆਂ ਨੇ ਪ੍ਰੋਗਰਾਮ ਇੰਨੀ ਧੂਮਧਾਮ ਨਾਲ ਨਹੀਂ ਮਨਾਏ, ਜਿੰਨੇ ਉਨ੍ਹਾਂ ਦੀ ਤਿੰਨ ਦਿਨ ਪਹਿਲਾਂ ਸ਼ੁਰੂ ਹੋਈ, 'ਯੂਰਪ ਫੇਰੀ' ਤੋਂ ਬਾਅਦ ਦੋ ਦਿਨਾਂ ਵਿਚ ਮਨਾਏ ਗਏ। ਜਿਥੇ ਬੀਤੇ ਦਿਨੀਂ ਪਿੰਡ ਕੈਲੇਬਾਂਦਰ (ਨਸੀਬਪੁਰ ਬਲਾਕ) ਵਿਚ ਪ੍ਰੇਮੀਆਂ ਵਲੋਂ ਭਾਰੀ 'ਨਾਮ ਚਰਚਾ' ਬਿਨਾਂ ਕਿਸੇ ਰੁਕਾਵਟ ਦੇ ਸੰਪੰਨ ਹੋ ਗਈ। ਉਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਸਿਰਫ 5 ਕਿ.ਮੀ. ਦੀ ਦੂਰੀ 'ਤੇ ਸਥਿਤ ਪਿੰਡ ਸ਼ੇਖ਼ਪੁਰਾ ਵਿਚ ਵੀ ਪ੍ਰੇਮੀ ਗੁਰਮੇਲ ਸਿੰਘ ਦੇ ਘਰ ਧੂਮ ਧਾਮ ਨਾਲ 'ਨਾਮ ਚਰਚਾ' ਕੀਤੀ ਗਈ।


ਉਧਰ ਤਖ਼ਤ ਵਿਰੁਧ ਜਾਰੀ ਹੁਕਮਨਾਮੇ ਨੂੰ ਲਾਗੂ ਕਰਵਾਉਣ ਲਈ ਸ਼ੁਰੂ ਕੀਤੀ 'ਸ਼ਹੀਦੀ ਜਥੇ' ਭੇਜਣ ਦੀ ਲੜੀ ਅਨੁਸਾਰ 16ਵਾਂ 'ਸ਼ਹੀਦੀ ਜਥਾ' ਰਵਾਨਾ ਕਰਨ ਲਈ ਅਕਾਲੀ ਦਲ (ਪੰਚ ਪ੍ਰਧਾਨੀ) ਏਕ ਨੂਰ ਖਾਲਸਾ ਫੌਜ, ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ, ਖਾਲਸਾ ਐਕਸ਼ਨ ਕਮੇਟੀ ਦੇ ਚੋਟੀ ਦੇ ਆਗੂ ਵੀ ਪਹੁੰਚੇ ਹੋਏ ਸਨ। ਪੱਤਰਕਾਰਾਂ ਦੀ ਟੀਮ ਜਦੋਂ ਪਿੰਡ ਸ਼ੇਖੂਪੁਰਾ ਪਹੁੰਚੀ ਤਾਂ ਡੀ.ਐਸ.ਪੀ. ਤਲਵੰਡੀ ਸਾਬੋ ਸ. ਅਮਰਜੀਤ ਸਿੰਘ ਖਹਿਰਾ ਦੀ ਅਗਵਾਈ ਹੇਠ ਪੁਲਿਸ ਨੇ ਪਿੰਡ ਨੂੰ ਛਾਉਣੀ ਵਿਚ ਤਬਦੀਲ ਕੀਤਾ ਹੋਇਆ ਸੀ। ਗੁਰਮੇਲ ਸਿੰਘ ਦੇ ਘਰ ਨੇੜੇ ਤੇੜੇ ਦੇ ਪਿੰਡਾਂ ਤੋਂ ਭਾਰੀ ਗਿਣਤੀ ਵਿਚ ਪ੍ਰੇਮੀ ਪਹੁੰਚੇ ਹੋਏ ਸਨ।

North American Truck Stop

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!



ਕੈਰੀਅਰ ਥਰਮੋਕਿੰਗ ਐਂਡ ਕੈਰੀਅਰ ਯੂਨਿਟ ਇੰਜਨ ਇਥੇ ਸਸਤੇ ਭਾਅ ਉਤੇ ਬਦਲੇ ਜਾਂਦੇ ਹਨ



ਤਸੱਲੀਬਖ਼ਸ਼ ਸਰਵਿਸ ਬਿਲਕੁਲ ਵਾਜਬ ਭਾਅ

909-350-3310, 909-697-5808

balwindernats@yahoo.com


14320 Slover Ave., Fontana, CA 92337

ਮਾਨਤਾ ਪ੍ਰਾਪਤ

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

Toll Free No. (866) 933-3038

*ਨੈਸ਼ਨਲ ਟਰੱਕ ਡਰਾਈਵਿੰਗ ਸਕੂਲ ਤੁਹਾਡੇ ਵਾਸਤੇ ਸਸਤੀਆਂ ਤੇ ਬੇਜੋੜ ਸੇਵਾਵਾਂ ਲੈ ਕੇ ਹਾਜ਼ਰ ਹੈ। *ਵਾਜਬ ਰੇਟਾਂ 'ਤੇ ਸਿਖਲਾਈ। *ਸਰਟੀਫਾਈਡ ਪੰਜਾਬੀ/ਇੰਗਲਿਸ਼ ਟਰੇਨਰ। *ਲਾਇਸੈਂਸ ਲੈਣ ਤੋਂ ਬਾਅਦ ਕੰਮ ਲੱਭਣ 'ਚ ਮਦਦ। *ਕੰਪਨੀ ਵਲੋਂ ਟਰੇਨਿੰਗ ਪੂਰੀ ਹੋਣ 'ਤੇ ਸਰਟੀਫਿਕੇਟ। *ਰਿਹਾਇਸ਼ ਫਰੀ। *ਦਸ ਸਪੀਡ ਅਤੇ ਤੇਰਾਂ ਸਪੀਡ ਨਿਊ ਮਾਡਲ ਟਰੱਕਾਂ ਨਾਲ ਟਰੇਨਿੰਗ। *ਨੈਸ਼ਨਲ ਟਰੱਕ ਡਰਾਈਵਿੰਗ ਸਕੂਲ ਕੈਲੇਫੋਰਨੀਆ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।



ਆਪਣਾ ਨਾਮ ਰਜਿਸਟਰ ਕਰਾਉਣ ਲਈ ਅੱਜ ਹੀ ਸੰਪਰਕ ਕਰੋ।

Call: Kashmir Singh

916-564-3455

4585 Pell Dr. Secramento CA, 95838

# ਲੋਨ ਤੇ ਫਾਈਕੋ ਸਕੋਰ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਅਮਰੀਕਾ ਵਿਚ ਉਧਾਰ ਦੇਣ ਵਾਲੀਆਂ ਸਾਰੀਆਂ ਸੰਸਥਾਵਾਂ ਤੇ ਮੌਰਗੇਜ ਬੈਂਕਾਂ ਨੇ ਫਾਈਕੋ ਸਕੋਰਾਂ ਅਨੁਸਾਰ ਉਧਾਰ ਲੈਣ ਵਾਲਿਆਂ ਨੂੰ ਬਾਕਾਇਦਾ ਤਿੰਨੇ ਸ੍ਰੇਣੀਆਂ ਵਿਚ ਵੰਡਿਆਂ ਹੋਇਆ ਹੈ। ਇਹ ਤਿੰਨ ਸ੍ਰੇਣੀਆਂ ਹਨ :

**ਪ੍ਰਾਈਮ ਜਾਂ ਸਰਵ ਉੱਤਮ**

ਜੇ ਤੁਹਾਡਾ ਫਾਈਕੋ ਸਕੋਰ 680 ਤੋਂ ਉਪਰ ਹੈ ਤਾਂ ਤੁਸੀਂ ਸਰਵੋਤਮ ਉਧਾਰ (Prime Borrower) ਲੈਣ ਵਾਲੇ ਸਮਝੇ ਜਾਵੋਗੇ। ਇਸ ਲਈ

**ਪ੍ਰਿੰਸੀਪਲ ਰਾਜ ਸਿੰਘ**

ਜੇ ਤੁਸੀਂ ਰਕਮ ਉਧਾਰ ਲੈਣੀ ਹੈ ਤਾਂ ਤੁਹਾਨੂੰ ਵਧੀਆ ਤੇ ਸਸਤੇ ਵਿਆਜ ਦੀ ਦਰ ਵਾਲਾ ਕਰਜ਼ਾ ਮਿਲੇਗਾ। ਇਸ ਦਾ ਮਤਲਬ ਜੇ ਤੁਸੀਂ ਘਰ, ਬਿਜ਼ਨਸ, ਕਾਰ ਜਾਂ ਫਿਰ ਕਰੈਡਿਟ ਕਾਰਡ ਦੀ ਖਰੀਦਦਾਰੀ ਕਰਦੇ ਹੋ ਤਾਂ ਤੁਹਾਨੂੰ ਸਸਤੇ ਵਿਆਜ ਦੀ ਦਰ ਵਾਲੀ ਸਕੀਮ ਮਿਲੇਗੀ। ਉਧਾਰ ਦੇਣ ਵਾਲੇ ਸਮਝਣਗੇ ਕਿ ਉਨ੍ਹਾਂ ਦਾ ਮੂਲ ਜਾਂ ਪ੍ਰਿੰਸੀਪਲ ਡੁੱਬੇਗਾ ਨਹੀਂ ਜਾਂ ਮਰੇਗਾ ਨਹੀਂ। ਸ਼ਾਹੂਕਾਰ ਕਰਜ਼ਾ ਦੇਣ ਲੱਗਿਆਂ ਕੋਈ ਰਿਸਕ ਜਾਂ ਖਤਰਾ ਨਹੀਂ ਸਮਝੇਗਾ। ਖਪਤਕਾਰ ਪਾਸ ਕਰਜ਼ਾ ਲੈਣ ਦੀਆਂ ਅਨੇਕਾਂ ਪ੍ਰਕਾਰ ਦੀਆਂ ਸਕੀਮਾਂ ਤੇ ਅਨੇਕਾਂ ਪ੍ਰਕਾਰ ਦੀਆਂ ਮਰਜ਼ੀਆਂ ਹੋਣਗੀਆਂ।

ਇਕ ਗੱਲ ਹੋਰ ਜੋ ਮੈਂ ਪਹਿਲਾਂ ਵੀ ਸਪੱਸ਼ਟ ਕਰ ਚੁੱਕਾ ਹਾਂ ਸ਼ਾਇਦ ਤੁਹਾਨੂੰ ਚੇਤਾ ਹੋਵੇ ਜਾਂ ਨਾ ਹੋਵੇ ਕਿ ਸ਼ਾਹੂਕਾਰਾਂ ਦੇ ਲੋਨ ਦੇਣ ਲਈ ਵਖ-ਵਖ ਅਦਾਰਿਆਂ ਨੇ ਆਪਣੇ ਵਖ-ਵਖ ਫਾਈਕੋ ਸਕੋਰ ਨਿਸ਼ਚਿਤ ਕੀਤੇ ਹੁੰਦੇ ਹਨ ਤੇ ਮੈਂ ਇੱਥੇ ਜੋ ਜਰਨਲ ਅਮਰੀਕਾ ਵਿਚ ਸਕੋਰ ਚਲਦੇ ਹਨ, ਉਨ੍ਹਾਂ ਸਕੋਰਾਂ ਦੀ ਹੀ ਚੀਰ ਫਾੜ ਕਰ ਰਿਹਾ ਹਾਂ।

**ਸਬ ਪ੍ਰਾਈਮ ਜਾਂ ਘੱਟ ਉੱਤਮ**

ਜੇ ਤੁਹਾਡੇ ਸਕੋਰ 680 ਤੋਂ ਥੱਲੇ ਹਨ ਤੇ 580 ਤੋਂ ਉਪਰ ਹਨ ਤਾਂ ਤੁਹਾਨੂੰ ਉਧਾਰ ਦੇਣ ਵਾਲੇ ਮੌਰਗੇਜ ਬੈਂਕਾਂ ਵਾਲੇ ਦਰਮਿਆਨੇ ਦਰਜੇ ਦਾ ਖਪਤਕਾਰ ਸਮਝਣਗੇ। ਇਸ ਪ੍ਰਕਾਰ ਤੁਹਾਨੂੰ ਲੋਨ ਦੇਣ ਲਈ ਉਹ ਦਲੀਲਾਂ ਵਿਚ ਜਾਂ ਫਿਰ ਦੁਚਿੱਤੀਆਂ ਵਿਚ ਪੈ ਜਾਣਗੇ।

ਤੁਹਾਨੂੰ ਲੋਨ ਤਿੱਖਿਆਂ ਰੇਟਾਂ ਦੇ ਵਿਆਜ ਉਪਰ ਹੀ ਦੇਣ ਲਈ ਰਜ਼ਾਮੰਦ ਹੋਣਗੇ। ਸ਼ਾਹੂਕਾਰ ਜਾਂ ਉਧਾਰਕਰਤਾ ਆਪਣੇ ਮੂਲ ਦੀ ਰਕਮ ਨੂੰ ਮਰਨ ਜਾਂ ਡੁੱਬਣ ਦਾ ਖਤਰਾ ਵੀ ਦਰਮਿਆਨੇ ਦਰਜੇ ਵਾਲਾ ਸਮਝਣਗੇ। ਲੋਨ ਲੈਣ ਦੀਆਂ ਸਕੀਮਾਂ ਤੇ ਮਰਜ਼ੀਆਂ ਵੀ ਤੁਹਾਡੇ ਪਾਸ ਹੁਣ ਅੱਧੀਆਂ ਰਹਿ ਜਾਣਗੀਆਂ।

**ਚੇਤਾਵਨੀਜਨਕ**

ਜੇ ਤੁਹਾਡੇ ਫਾਈਕੋ ਸਕੋਰ 560 ਤੋਂ ਥੱਲੇ ਹਨ ਤਾਂ ਤੁਸੀਂ ਚੇਤਾਵਨੀ ਜਾਂ ਚਿੰਤਾਜਨਕ ਵਾਲੀ ਆਖਰੀ ਤੇ ਤੀਸਰੀ ਸ੍ਰੇਣੀ ਵਿਚ ਆ ਜਾਵੋਗੇ। ਸ਼ਾਹੂਕਾਰ ਜਾਂ ਮੌਰਗੇਜ ਬੈਂਕਾਂ ਵਾਲੇ ਵਧ ਵਿਆਜ ਲੈਣ ਦੇ ਲਾਲਚ ਵਿਚ ਆ ਕੇ ਤੁਹਾਨੂੰ ਬਹੁਤ ਤਿੱਖੀ ਦਰ ਵਾਲਾ ਕਰਜ਼ਾ ਦੇਣ ਲਈ ਹੀ ਤਿਆਰ ਹੋਣਗੇ, ਕਿਉਂਕਿ ਉਨ੍ਹਾਂ ਨੂੰ ਆਪਣੀ ਮੂਲ ਰਕਮ ਦੇ ਡੁੱਬਣ ਜਾਂ ਮਰਨ ਦਾ ਹਮੇਸ਼ਾ ਖਤਰਾ ਬਣਿਆ ਰਹੇਗਾ।

ਹੁਣ ਤੁਹਾਨੂੰ ਲੋਨ 'ਤੇ ਲਈ ਹੋਈ ਕਰਜ਼ੇ ਦੀ ਰਕਮ ਤੇ ਵਿਆਜ਼ ਦੀ ਦਰ 20% ਤੋਂ 23% ਭਾਵ ਅੰਤਾਂ ਦੀ ਤਿੱਖੀ ਦਰ ਮਿਲਣੀ ਹੈ। ਹੁਣ ਤੁਸੀਂ ਬੇਵਸੀ ਵਿਚ ਲੋਨ ਲੈ ਕੇ ਵਿਆਜ ਦੇ ਸਮੁੰਦਰ ਵਿਚ ਦਿਨ ਪ੍ਰਤੀ ਦਿਨ ਡੁੱਬੀ ਜਾਣਾ ਹੁੰਦਾ




ਹੈ। ਪਰ ਸਿਆਣੇ ਤੇ ਸੂਝਵਾਨ ਲੋਕ ਹੌਸਲਾ ਕਰਕੇ ਫਿਰ ਵੀ ਸਮੁੰਦਰ ਵਿਚ ਡੁੱਬਣੋਂ ਬਚ ਨਿਕਲਦੇ ਹਨ।

ਇਕ ਨੁਕਸਾਨ ਤਾਂ ਤੁਹਾਨੂੰ ਹੋਇਆ ਕਿ ਤੁਹਾਨੂੰ ਵਿਆਜ ਦਾ ਰੇਟ 20% ਤੋਂ 23% ਦੇ ਵਿਚਕਾਰ ਮਿਲਿਆ ਤੇ ਬਾਕੀ ਹੋਰ ਨੁਕਸਾਨ ਤੁਹਾਨੂੰ ਇਹ ਹੋਣੇ ਹਨ ਕਿ ਸ਼ਾਹੂਕਾਰ ਜਾਂ ਮੌਰਗੇਜ ਦੇਣ ਵਾਲਿਆਂ ਨੇ ਤੁਹਾਨੂੰ ਹੋਰ ਕਈ ਪ੍ਰਕਾਰ ਦੇ ਬੇਲੋੜੇ ਤੇ ਵਾਧੂ ਖਰਚੇ ਪਾ ਕੇ ਤੁਹਾਡਾ ਕਚੂਮਰ ਕੱਢ ਦੇਣਾ ਹੈ।

ਤੁਹਾਨੂੰ ਬੀਮਾ ਪਾਲਿਸੀ ਦੀ ਖਰੀਦ ਲਈ ਅੱਵਲ ਤਾਂ ਨਾਂਹ ਹੀ ਹੋ ਜਾਣੀ ਹੈ ਜਾਂ ਫਿਰ ਇਸ ਦਾ ਭਾਅ ਵੀ ਤਿੱਖਾ ਮਿਲਣਾ ਹੈ। ਹੋਰ ਤਾਂ ਹੋਰ ਘੱਟ ਫਾਈਕੋ ਸਕੋਰ ਵਾਲਿਆਂ ਨੂੰ ਤਾਂ ਅਮਰੀਕਾ ਦੀਆਂ ਕਈ ਕੰਪਨੀਆਂ ਜਾਂ ਅਦਾਰੇ ਜੌਬ ਕਰਨ ਦੀ ਇਜਾਜ਼ਤ ਵੀ ਨਹੀਂ ਦਿੰਦੀਆਂ। ਹੁਣ ਤੁਹਾਡੀਆਂ ਮਰਜ਼ੀਆਂ ਵੀ ਜ਼ੀਰੋ ਤੇ ਸਕੀਮਾਂ ਵੀ ਜ਼ੀਰੋ ਹੋਣ ਕਰਕੇ ਤੁਹਾਨੂੰ ਸ਼ਾਹੂਕਾਰ ਉੱਪਰ ਹੀ ਸੌ ਪ੍ਰਤੀਸ਼ਤ ਨਿਰਭਰ ਰਹਿਣਾ ਪਵੇਗਾ।

ਸੋ ਜੇ ਤੁਸੀਂ ਅਮਰੀਕਾ ਵਿਚ ਰਹਿਣਾ ਹੈ ਜਾਂ ਫਿਰ ਇੱਥੇ ਨਵੇਂ ਆਏ ਹੋ ਤਾਂ ਅਮਰੀਕਨਾਂ ਵਾਂਗ ਕਾਰਡ ਘਸਾ ਘਸਾ ਕੇ ਖਰਚੇ ਕਰਨ ਦੀ ਪੱਕੀ ਆਦਤ ਬਣਾ ਲਉ। ਜੇ ਤੁਹਾਡੇ ਪਾਸ ਕਰੈਡਿਟ ਕਾਰਡ ਨਹੀਂ ਹੈ ਤਾਂ ਕਿਸੇ ਬੈਂਕ ਵਿਚ ਘੱਟ ਤੋਂ ਘੱਟ ਪੈਸਿਆਂ ਨਾਲ ਖਾਤਾ ਖੁਲ੍ਹਵਾ ਲਉ ਤੇ ਉਸ ਖਾਤੇ ਵਾਲੀ ਰਕਮ ਨੂੰ ਆਧਾਰ ਬਣਾ ਕੇ ਬੈਂਕ ਵਾਲਿਆਂ ਪਾਸੋਂ ਉਨੇ ਹੀ ਖਰਚੇ ਦੇ ਕਰੈਡਿਟ ਕਾਰਡ ਦੀ ਮੰਗ ਕਰੋ।

ਠੀਕ ਇਸੇ ਪ੍ਰਕਾਰ ਸ਼ੁਰੂ ਸ਼ੁਰੂ ਵਿਚ ਸਟੋਰਾਂ ਉਪਰ ਜਾ ਕੇ 20 ਤੋਂ 50 ਡਾਲਰ ਦੇ ਕਾਰਡ ਦੀ ਮੰਗ ਕਰੋ। ਇਨ੍ਹਾਂ ਕਾਰਡਾਂ ਦੀ ਰਕਮ ਦੇ ਘੇਰੇ ਵਿਚ ਰਹਿੰਦੇ ਹੋਏ ਖਰਚ ਕਰਕੇ ਮਹੀਨੇ ਦੇ ਅੰਦਰ ਇਸ ਰਕਮ ਨੂੰ ਡਾਕ ਰਾਹੀਂ ਬੈਂਕ ਨੂੰ ਚੈਕ ਭੇਜ ਕੇ ਜਾਂ ਫਿਰ ਆਨਲਾਈਨ ਕੰਪਿਊਟਰ ਰਾਹੀਂ ਬਣਦੀ ਪੇਮੈਂਟ ਦੇ ਕੇ ਟਿਕਟਾਂ ਜੋ ਲਿਫਾਫੇ 'ਤੇ ਲੱਗਣੀਆਂ ਸਨ ਉਹ ਡਾਕ ਟਿਕਟਾਂ ਜਾਂ ਸਟੈਂਪਾਂ ਦੇ ਪੈਸੇ ਵੀ ਬਚਾ ਲਉ।

ਤੁਹਾਡੀ ਦਿਆਨਤਦਾਰੀ ਤੇ ਇਮਾਨਦਾਰੀ ਨੂੰ ਵੇਖਦਿਆਂ ਬੈਂਕ ਵਾਲਿਆਂ ਨੇ ਵੀ ਤੇ ਸਟੋਰਾਂ ਵਾਲਿਆਂ ਨੇ ਵੀ ਤੁਹਾਡੀ ਕਾਰਡਾਂ ਤੇ ਪੈਸੇ ਖਰਚਣ ਦੀ ਹੱਦ ਜਾਂ ਲਿਮਿਟ ਆਪਣੇ ਆਪ ਵਧਾਈ ਜਾਣੀ ਹੁੰਦੀ ਹੈ।

ਹੁਣ ਅਮਰੀਕਾ ਵਿਚ ਕਰੈਡਿਟ ਕਾਰਡ ਜਾਰੀ ਕਰਨ ਵਾਲੀਆਂ ਸੰਸਥਾਵਾਂ ਨੇ ਤੁਹਾਨੂੰ ਕਰੈਡਿਟ ਕਾਰਡ ਦੇਣ ਲਈ ਆਫਰਾਂ 'ਤੇ ਆਫਰਾਂ ਦਾ ਮੀਂਹ ਵਰ੍ਹਾ ਕੇ ਤੁਹਾਨੂੰ ਤਰ੍ਹਾਂ ਤਰ੍ਹਾਂ ਦੇ ਲਾਲਚ ਦੇ ਕੇ ਫਿਰ ਫਸਾਉਣਾ ਸ਼ੁਰੂ ਕਰ ਦੇਣਾ ਹੁੰਦਾ ਹੈ। ਹੁਣ ਸਿਆਸਤ ਤੁਸੀਂ ਫਿਰ ਵਰਤਣੀ ਹੈ ਤੇ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਦੁਨੀਆਂ ਵਿਚ ਪੰਜ ਛੇ ਕਾਰਡ ਹੀ ਜ਼ਿਆਦਾ ਪ੍ਰਚਲਤ ਹਨ। ਇਨ੍ਹਾਂ ਕਰੈਡਿਟ ਕਾਰਡਾਂ ਵਿਚੋਂ ਸਿਰਫ ਤੇ ਸਿਰਫ ਤਿੰਨ ਕਾਰਡ ਹੀ ਸਾਰੀ ਉਮਰ ਰੱਖੋ।

ਤੁਸੀਂ ਇਨ੍ਹਾਂ ਕਾਰਡਾਂ ਵਿਚੋਂ ਆਪਣੇ ਮਨਪਸੰਦ ਕਾਰਡ ਜਾਂ ਫਿਰ ਚਾਰ ਕਾਰਡ ਜੋ ਬਹੁਗਿਣਤੀ ਲੋਕ ਵਰਤ ਰਹੇ ਹਨ, ਇਨ੍ਹਾਂ ਦੀ ਮੰਗ ਕਰੋ। ਇਹ ਚਾਰ ਕਰੈਡਿਟ ਕਾਰਡ ਹਨ- ਵੀਜ਼ਾ ਕਾਰਡ, ਅਮੈਰੀਕਨ ਐਕਸਪ੍ਰੈਸ, ਮਾਸਟਰ ਤੇ ਡਿਸਕਵਰ ਕਾਰਡ।

ਸ਼ੁਰੂ ਵਿਚ ਭਾਵੇਂ ਤੁਹਾਨੂੰ ਇਹ ਕਰੈਡਿਟ ਕਾਰਡ ਹੋ ਸਕਦਾ ਹੈ ਸੈਂਕੜਿਆਂ ਦੇ ਡਾਲਰਾਂ ਵਿਚ ਭਾਵ ਇਕ ਹਜ਼ਾਰ ਡਾਲਰ ਤੋਂ ਬਹੁਤ ਥੱਲੇ ਮਿਲਣ।

## ਪੈਸਾ-ਟਕਾ

ਪਰ ਹੁਣ ਤੁਸੀਂ ਨੇਕ ਨੀਤੀ ਨਾਲ ਆਪਣੇ ਬਿਲਾਂ ਦਾ ਸਮੇਂ ਸਿਰ ਭੁਗਤਾਨ ਕਰੀ ਜਾਓ। ਇਨ੍ਹਾਂ ਵਿਚਲੇ ਪੈਸਿਆਂ ਜਾਂ ਡਾਲਰਾਂ ਦੀ ਹੱਦ ਨੇ ਤੁਹਾਡੀ ਵਿੱਤੀ ਸਿਹਤ ਵਧੀਆ ਹੋਣ ਕਰਕੇ ਸੈਂਕੜਿਆਂ ਤੋਂ ਸ਼ੁਰੂ ਹੋ ਕੇ ਹਜ਼ਾਰਾਂ ਵਿਚ ਤੇ ਹਜ਼ਾਰਾਂ ਤੋਂ ਸ਼ੁਰੂ ਹੋ ਕੇ ਲੱਖਾਂ ਡਾਲਰ ਦੀ ਹੱਦ ਵੀ ਪਾਰ ਕਰ ਜਾਣਾ ਹੈ। ਜਿਨ੍ਹਾਂ ਜਿਨ੍ਹਾਂ ਬੈਂਕਾਂ ਵਿਚ ਤੁਹਾਡੇ ਸੇਵਿੰਗ ਜਾਂ ਚੈਕਿੰਗ ਖਾਤੇ ਹਨ ਉਨ੍ਹਾਂ ਨੇ ਇਹ ਕਾਰਡ ਤੁਹਾਨੂੰ ਬਿਨਾ ਕਿਸੇ ਫੀਸ ਦੇ ਜਾਰੀ ਕਰ ਦੇਣੇ ਹੁੰਦੇ ਹਨ।

**ਆਟੋ ਮੋਬਾਈਲ ਫਾਈਨੈਂਸਿੰਗ**

ਜੇ ਤੁਸੀਂ ਕਾਰ ਜਾਂ ਟਰੱਕ ਦੀ ਖਰੀਦਦਾਰੀ ਕਰਦੇ ਹੋ ਤਾਂ ਮੰਨ ਲਓ ਵੀਹ ਹਜ਼ਾਰ ਡਾਲਰ ਦੀ ਕਾਰ ਤੇ 60 ਹਜ਼ਾਰ ਡਾਲਰ ਦਾ ਟਰੱਕ ਖਰੀਦਦੇ ਹੋ। ਟਰੱਕ ਜਾਂ ਕਾਰ ਖਰੀਦਣ ਤੋਂ ਇਨ੍ਹਾਂ ਵਹੀਕਲਾਂ ਦਾ ਭੁਗਤਾਨ ਪੰਜ ਸਾਲਾਂ ਦੀਆਂ ਕਿਸ਼ਤਾਂ ਅਨੁਸਾਰ ਕਰਦੇ ਹੋ। ਜ਼ਰਾ ਹਿਸਾਬ ਲਾ ਕੇ ਦੇਖੋ ਤੁਹਾਨੂੰ ਮਾੜੇ ਫਾਈਕੋ ਸਕੋਰਾਂ ਕਰਕੇ ਕਾਰ ਖਰੀਦਣ ਲਈ ਪੰਜ ਹਜ਼ਾਰ ਡਾਲਰ ਤੋਂ 40 ਹਜ਼ਾਰ ਡਾਲਰਾਂ ਦੀ ਵਾਧੂ ਚੱਟੀ ਭਰਨੀ ਪੈਣੀ ਹੈ। ਹੇਠਾਂ ਇਸ ਦੀ ਵਿਆਖਿਆ ਕੀਤੀ ਗਈ ਹੈ:

ਕਾਰ ਵੀਹ ਹਜ਼ਾਰ ਡਾਲਰ ਤੇ ਪੇ ਆਫ ਪੰਜ ਸਾਲ

ਕਰੈਡਿਟ>ਵਿਆਜ ਦਾ ਰੇਟ>ਕਿਸ਼ਤ>ਚੱਟੀ

ਠੀਕ>10%>$424.94>ਕੋਈ ਨਹੀਂ

ਦਰਮਿਆਨਾ>14%>$465.37>$4722.54

ਭੈੜਾ>20%>$529.98>$6593.30

ਟਰੱਕ ਸੱਠ ਹਜ਼ਾਰ ਡਾਲਰ ਤੇ ਪੇ ਆਫ ਪੰਜ ਸਾਲ

ਕਰੈਡਿਟ>ਵਿਆਜ਼ ਦਾ ਰੇਟ>ਕਿਸ਼ਤ>ਚੱਟੀ

ਠੀਕ>10%>$1274.82>ਕੋਈ ਨਹੀਂ

ਦਰਮਿਆਨਾ>14%>$1396.11>$14167.62

ਭੈੜਾ>20%>$1589.94>$25779.90

ਇਥੇ ਚੱਟੀ ਵਾਲੀ ਰਕਮ ਜਾਂ ਜ਼ੁਰਮਾਨੇ ਵਾਲੀ ਰਕਮ 20% ਦੀ ਦਰ ਨਾਲ ਹੀ ਤੈਅ ਕੀਤੀ ਹੋਈ ਹੈ ਜੇ ਇਹ ਦਰ 23% ਹੁੰਦੀ ਤਾਂ ਤੁਹਾਡੀ ਚੱਟੀ ਵਾਲੀ ਰਕਮ ਨੇ ਕਾਰ ਖਰੀਦਣ 'ਤੇ ਵਧ ਕੇ ਦਸ ਹਜ਼ਾਰ ਤੇ ਟਰੱਕ ਖਰੀਦਣ 'ਤੇ ਚਾਲੀ ਹਜ਼ਾਰ ਦੇ ਡਾਲਰਾਂ ਦੇ ਨੇੜੇ ਤੇੜੇ ਜਾਂ ਢੁਕਣਾ ਹੈ।

*(ਬਾਕੀ ਅਗਲੇ ਅੰਕ 'ਚ)*


**Declare your independence with Solar**

***Go Solar Today and Save Tomorrow!***



With a Grid-Tie System you'll reduce or eliminate your electricity bill, protect against future rate increases, and receive free electricity after your system pays for itself

**Call:1800-780-0032**

**SUPER TRAVEL**

**847-676-9090**

*E-mail: supertravel2003@yahoo.com*

***Lowest Fares With Excellent Service***

***AMERICAN AIR, CONTINENTAL AIR***



***JET AIRWAYS DELTA, AIR INDIA, KLM, LUFTHANSA.***

***For Emergency Call anytime at 847-673-3825***

***EARLY BIRD SALE!!!!***

**India $545**
**London $250**


**ਡਾਇਮੰਡ ਹੇਅਰ ਕਟਿੰਗ ਸਲੂਨ**

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।



**For men, women & Children**

Make-up
Hair cut
Perm
Hair styler



Color
Facial, Threading
Bridal Make-up
Body Art (Henna)

**TONY**
**26655 Mission Blvd.**
**Hayward, CA 94544**

***Wednesday thru Monday 10 am to 7pm,***
***Sunday 11 am to 6.00 pm Tuesday closed***


**Ph: 510-582-2472 Cell: (510) 825-0820**

**Realtor & Mortgage Specialist**
**Bay Area & Central Valley**

**ਚੰਗੀ ਜੁਗਤਤ-ਚਿੰਤਾ ਮੁਕਤਤ**

ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)

**ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ**



RAJ SINGH
M.A., M.Ed Retd. Principal
Realtor & Financial Adviser
Lic#01776459 & OG22467

***ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।***

**Refinance, Home Loan, SBA Loan**
**(All at Best Rates)**

**RAJ SINGH**

**Cell:510-452-7370**

**Notary Free**

***30 ਸਾਲਾ ਲੋਨ 10 ਜਾਂ 15 ਸਾਲਾਂ ਵਿਚ ਖਤਮ ਕਰਕੇ ਤੁਹਾਨੂੰ ਛੇਤੀ ਸੁਰਖ਼ਰੂ ਕਰ ਸਕਦੇ ਹਾਂ।***

MISSIONPEAK BROKERS, INC. PEAK OF EXCELLENCE

**46560 Fremont Blvd.**
**Suite #111 Fremont,**
**CA 94538**
singhrajpaul@yahoo.com

ਪੰਜਾਬ ਟਾਈਮਜ਼

ਸਨਿਚਰਵਾਰ, 11 ਜੁਲਾਈ, 2009

*ਕੁਦਰਤ ਮਨੁੱਖ ਦੀਆਂ ਜ਼ਰੂਰਤਾਂ ਪੂਰੀਆਂ ਕਰ ਸਕਦੀ, ਲਾਲਚ ਨਹੀਂ - ਮਹਾਤਮਾ ਗਾਂਧੀ*

## ਸੰਪਾਦਕੀ

# ਸਮਲਿੰਗਕਤਾ ਪੱਖੀ ਫੈਸਲਾ

ਪਿਛਲੇ ਦਿਨੀਂ ਹਮਜਿਣਸੀਆਂ ਸਬੰਧੀ ਦਿੱਲੀ ਹਾਈਕੋਰਟ ਵਲੋਂ ਦਿੱਤਾ ਗਿਆ ਫੈਸਲਾ ਸੰਸਾਰ ਪੱਧਰ 'ਤੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਫੈਸਲੇ ਵਿਚ ਸੰਵਿਧਾਨ ਦੀ ਧਾਰਾ 21 ਦਾ ਹਵਾਲਾ ਦਿੰਦਿਆਂ ਹਾਈਕੋਰਟ ਦੇ ਚੀਫ਼ ਜਸਟਿਸ ਸ੍ਰੀ ਏ.ਪੀ. ਸ਼ਾਹ ਅਤੇ ਜਸਟਿਸ ਐਸ. ਮੁਰਲੀਧਰਨ ਦੇ ਬੈਂਚ ਨੇ ਕਿਹਾ ਕਿ ਆਈ.ਪੀ.ਸੀ. ਦੀ ਧਾਰਾ 377 ਜਿਹੜੀ ਕਿ ਦੋ ਮਰਦਾਂ ਜਾਂ ਔਰਤਾਂ ਵਿਚਾਲੇ ਕਾਮੁਕ ਸਬੰਧਾਂ ਨੂੰ ਜੁਰਮ ਕਰਾਰ ਦਿੰਦੀ ਹੈ, ਸੰਵਿਧਾਨਕ ਉਲੰਘਣਾ ਹੈ। ਉਂਜ ਅਦਾਲਤ ਨੇ ਇਹ ਗੱਲ ਵੀ ਨਾਲ ਹੀ ਆਖ ਦਿੱਤੀ ਕਿ ਧਾਰਾ 377 ਗੈਰ ਰਜ਼ਾਮੰਦੀ ਵਾਲੇ, ਗੈਰ ਕੁਦਰਤੀ ਅਤੇ ਬੱਚਿਆਂ ਨਾਲ ਜਿਣਸੀ ਸਬੰਧ ਬਣਾਉਣ ਖਿਲਾਫ ਲਾਗੂ ਰਹੇਗੀ।

ਅਦਾਲਤ ਵਲੋਂ ਦਿੱਤੇ ਗਏ ਇਸ ਫੈਸਲੇ ਵਿਚ ਮੁੱਖ ਪੱਖ ਇਹ ਹੈ ਕਿ ਧਾਰਾ 377 ਸਮਲਿੰਗੀ ਵਿਅਕਤੀ ਨੂੰ ਉਸ ਦੀ ਪੂਰਨ ਸ਼ਖ਼ਸੀਅਤ ਦੇ ਅਧਿਕਾਰ ਤੋਂ ਵਾਂਝਾ ਕਰਦੀ ਹੈ। ਅਦਾਲਤ ਨੇ ਕਿਹਾ ਹੈ ਕਿ ਲਿੰਗਕ ਤਰਜ਼ੀਹ ਦੇ ਆਧਾਰ ਉਤੇ ਕੋਈ ਵੀ ਵਿਤਕਰਾ ਮਨੁੱਖੀ ਬਰਾਬਰੀ ਦੇ ਖਿਲਾਫ ਹੈ ਅਤੇ ਇਹ ਫੈਸਲਾ ਵਿਅਕਤੀ ਦੀ ਆਜ਼ਾਦੀ ਦਾ ਵੱਕਾਰ ਵਧਾਏਗਾ। ਅਦਾਲਤ ਨੇ ਆਪਣੇ ਫੈਸਲੇ ਦੀ ਵਿਆਖਿਆ ਕਰਦਿਆਂ ਕਿਹਾ ਹੈ ਕਿ ਧਾਰਾ 377 ਸੰਵਿਧਾਨਕ ਕਦਰਾਂ ਕੀਮਤਾਂ ਅਤੇ ਵੱਕਾਰ ਦੀਆਂ ਧਾਰਨਾਵਾਂ ਦੇ ਖਿਲਾਫ ਹੈ, ਜਿਨ੍ਹਾਂ ਨੂੰ ਸਾਡੇ ਸੰਵਿਧਾਨਕ ਪ੍ਰਬੰਧ ਦਾ ਥੰਮ੍ਹ ਸਮਝਿਆ ਜਾਂਦਾ ਹੈ। ਪਰ ਅਦਾਲਤ ਵਲੋਂ ਦਿੱਤੀਆਂ ਗਈਆਂ ਇਹ ਸਾਰੀਆਂ ਦਲੀਲਾਂ, ਦੇਸ਼ ਦੀਆਂ ਸਭਨਾਂ ਪ੍ਰਮੁੱਖ ਧਾਰਮਿਕ ਜਥੇਬੰਦੀਆਂ ਤੇ ਕੇਂਦਰ ਸਰਕਾਰ ਨੂੰ ਕਾਇਲ ਨਹੀਂ ਕਰ ਸਕੀਆਂ। ਧਾਰਮਿਕ ਸੰਸਥਾਵਾਂ ਦੇ ਮੁਖੀਆਂ ਦਾ ਆਖਣਾ ਹੈ ਕਿ ਅਜਿਹਾ ਫੈਸਲਾ ਮਨੁੱਖੀ ਸਮਾਜ ਲਈ ਘਾਤਕ ਸਿੱਧ ਹੋਵੇਗਾ।

ਕੈਥੋਲਿਕ ਚਰਚ ਨੇ ਕਿਹਾ ਹੈ ਕਿ ਇਸ ਨਾਲ ਸਮਾਜ ਵਿਚ ਸੈਕਸ ਦੇ ਮਾਮਲੇ ਵਿਚ ਅਰਾਜਕਤਾ ਫੈਲੇਗੀ। ਚਰਚ ਦੇ ਬੁਲਾਰੇ ਪਾਲ ਨੇ ਕਿਹਾ ਕਿ ਸਮਲਿੰਗਕਤਾ ਅਨੈਤਿਕ ਹੈ। ਪਰ ਸਾਨੂੰ ਉਨ੍ਹਾਂ ਪ੍ਰਤੀ ਹਮਦਰਦੀ ਰੱਖਣੀ ਚਾਹੀਦੀ ਹੈ ਜਿਨ੍ਹਾਂ ਵਿਚ ਸਮਲਿੰਗਕਤਾ ਦੀ ਰੁਚੀ ਪਾਈ ਜਾਂਦੀ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਨੂੰ ਅਜਿਹਾ ਕਰਨ ਦੀ ਕਾਨੂੰਨੀ ਮਾਨਤਾ ਦੇ ਦਿੱਤੀ ਜਾਵੇ। ਇਸੇ ਤਰ੍ਹਾਂ ਸ਼ਾਹੀ ਇਮਾਮ ਨੇ ਵੀ ਉਪਰੋਕਤ ਫੈਸਲੇ ਦਾ ਵਿਰੋਧ ਕੀਤਾ ਹੈ ਅਤੇ ਮੁਸਲਮਾਨਾਂ ਨੂੰ ਇਸ ਫੈਸਲੇ ਨੂੰ ਨਾ ਮੰਨਣ ਲਈ ਕਿਹਾ ਹੈ। ਦੇਸ਼ ਦੀ ਕੱਟੜ ਹਿੰਦੂ ਜਥੇਬੰਦੀ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਇਸ ਫੈਸਲੇ ਖਿਲਾਫ ਸੁਪਰੀਮ ਕੋਰਟ ਵਿਚ ਜਾਣ ਦਾ ਐਲਾਨ ਕੀਤਾ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਦਾ ਵੀ ਆਖਣਾ ਹੈ ਕਿ ਇਹ ਫੈਸਲਾ ਸਮਾਜ ਲਈ ਘਾਤਕ ਸਿੱਧ ਹੋਵੇਗਾ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੀਡੀਆ ਇੰਚਾਰਜ ਵਿਨੋਦ ਬਾਂਸਲ ਨੇ ਕਿਹਾ ਕਿ ਇਸ ਨਾਲ ਦੇਸ਼ ਦੇ ਨੌਜਵਾਨ ਗੁੰਮਰਾਹ ਹੋਣਗੇ ਅਤੇ ਏਡਜ਼ ਦੇ ਰੋਗੀ ਵਧਣਗੇ। ਇਹ ਫੈਸਲਾ ਇਨਸਾਨੀ ਕਦਰਾਂ ਅਤੇ ਸਭਿਆਚਾਰਕ ਮਰਿਆਦਾਵਾਂ ਦੇ ਵਿਰੁਧ ਹੈ। ਦੇਸ਼ ਵਿਚ ਇਸ ਨਾਲ ਕਈ ਤਰ੍ਹਾਂ ਦੇ ਵਿਕਾਰ ਪੈਦਾ ਹੋਣਗੇ।

ਇਸੇ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵੀ ਉਪਰੋਕਤ ਫੈਸਲੇ ਦਾ ਵਿਰੋਧ ਕੀਤਾ ਹੈ ਅਤੇ ਕਿਹਾ ਹੈ ਕਿ ਸਿੱਖਾਂ ਨੂੰ ਸਮਲਿੰਗਕਤਾ ਦੇ ਮਾਮਲੇ ਵਿਚ ਤਖ਼ਤ ਵਲੋਂ ਜਾਰੀ ਨਸੀਹਤਾਂ ਨਾਲ ਹੀ ਬੱਝੇ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਪਰੋਕਤ ਫੈਸਲਾ ਕੁਦਰਤ ਦੇ ਅਸੂਲਾਂ ਅਤੇ ਸਿੱਖ ਸਿਧਾਂਤਾਂ ਦੇ ਵਿਰੁਧ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕੋਈ ਕਰਮ ਤਾਂ ਜਾਨਵਰਾਂ ਵਿਚ ਵੀ ਨਹੀਂ ਵੇਖਿਆ ਗਿਆ। ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਜਦੋਂ ਜਾਨਵਰ ਵੀ ਕੁਦਰਤ ਦੀ ਉਲੰਘਣਾ ਨਹੀਂ ਕਰਦੇ ਤਾਂ ਮਨੁੱਖ ਨੂੰ ਅਜਿਹਾ ਕਰਨ ਦਾ ਕੀ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਕੁਦਰਤ ਨੇ ਦੁਨੀਆਂ ਨੂੰ ਚੱਲਦਾ ਰੱਖਣ ਲਈ ਮਰਦ ਅਤੇ ਔਰਤ ਨੂੰ ਬਣਾਇਆ ਹੈ, ਪਰ ਸਮਲਿੰਗਕਤਾ ਨੂੰ ਕਾਨੂੰਨੀ ਮਾਨਤਾ ਮਨੁੱਖਤਾ ਨੂੰ ਤਬਾਹੀ ਵਲ ਲੈ ਜਾਵੇਗੀ।

ਇਥੇ ਜ਼ਿਕਰਯੋਗ ਹੈ ਕਿ ਇਕ ਸਮਾਜ ਸੇਵੀ ਸੰਸਥਾ ਵਲੋਂ ਉਪਰੋਕਤ ਫੈਸਲੇ ਲਈ ਅਦਾਲਤ ਵਿਚ ਪਾਈ ਗਈ ਰਿਟ ਦੇ ਵਿਰੋਧ ਵਿਚ ਕੇਂਦਰ ਸਰਕਾਰ ਨੇ ਆਪਣਾ ਪੱਖ ਰੱਖਦਿਆਂ ਕਿਹਾ ਸੀ ਕਿ ਸਮਲਿੰਗੀ ਲੋਕ ਦੇਸ਼ ਦੀ ਆਬਾਦੀ ਦਾ ਸਿਰਫ 0.3 ਫੀਸਦੀ ਹਨ ਤੇ ਇਸ ਤਰ੍ਹਾਂ ਦੇ ਵਤੀਰੇ ਜਾਇਜ਼ ਕਰਾਰ ਦੇ ਕੇ 99 ਫੀਸਦੀ ਤੋਂ ਵਧ ਆਬਾਦੀ ਦੇ ਅਧਿਕਾਰਾਂ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ,ਪਰ ਅਦਾਲਤ ਨੇ ਕੇਂਦਰ ਦੀ ਦਲੀਲ ਨਹੀਂ ਸੁਣੀ। ਇਸ ਫੈਸਲੇ ਨਾਲ ਦੇਸ਼ ਦੇ ਤਕਰੀਬਨ 26 ਲੱਖ ਸਮਲਿੰਗੀ ਲੋਕਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਹੈ ਅਤੇ ਸੰਸਾਰ ਪੱਧਰ 'ਤੇ ਵੀ ਸਮਲਿੰਗੀਆਂ ਨੇ ਫੈਸਲੇ ਦਾ ਸੁਆਗਤ ਕੀਤਾ ਹੈ। ਇਥੋਂ ਤੱਕ ਕਿ ਦੇਸ਼ ਦੀਆਂ ਕੁਝ ਵੱਡੀਆਂ ਅੰਗ੍ਰੇਜ਼ੀ ਅਖਬਾਰਾਂ ਨੇ ਵੀ ਸਮਲਿੰਗੀਆਂ ਸਬੰਧੀ ਇਸ ਫੈਸਲੇ ਦਾ ਸੁਆਗਤ ਕੀਤਾ ਹੈ ਅਤੇ ਇਸ ਨੂੰ ਭਾਰਤੀ ਸਭਿਆਚਾਰ ਦੇ ਅਨੁਸਾਰ ਕਿਹਾ ਹੈ। ਇਨ੍ਹਾਂ ਅਖ਼ਬਾਰਾਂ ਅਨੁਸਾਰ ਸਮਲਿੰਗਕਤਾ ਸਬੰਧੀ ਮੌਜੂਦਾ ਭਾਰਤੀ ਕਾਨੂੰਨ 149 ਸਾਲ ਪੁਰਾਣਾ ਹੈ ਅਤੇ ਅੰਗ੍ਰੇਜ਼ਾਂ ਵਲੋਂ ਬਣਾਇਆ ਗਿਆ ਸੀ। ਇਸੇ ਕਰਕੇ ਇਹ ਕਾਨੂੰਨ ਕੈਥੋਲਿਕ ਚਰਚ ਤੋਂ ਪ੍ਰਭਾਵਿਤ ਹੈ।

ਸਮਲਿੰਗਕਤਾ ਸਬੰਧੀ ਦਿੱਤੇ ਗਏ ਇਸ ਫੈਸਲੇ ਦੇ ਵਿਰੋਧ ਅਤੇ ਪੱਖ ਵਿਚ, ਦੋਨੋਂ ਤਰ੍ਹਾਂ ਦੀਆਂ ਦਲੀਲਾਂ ਸਾਹਮਣੇ ਆਈਆਂ ਹਨ। ਉਂਜ ਲਗਦਾ ਇਹ ਹੈ ਕਿ ਭਾਵੇਂ ਹਾਈਕੋਰਟ ਨੇ ਸਮਲਿੰਗੀਆਂ ਦੇ ਪੱਖ ਵਿਚ ਫੈਸਲਾ ਦੇ ਦਿੱਤਾ ਹੈ, ਪਰ ਦੇਸ਼ ਦਾ ਸਮੁੱਚਾ ਸਮਾਜਿਕ ਵਾਤਾਵਰਣ ਹਾਲੇ ਵੀ ਅਜਿਹੇ ਕਾਨੂੰਨਾਂ ਦੇ ਪੱਖ ਵਿਚ ਨਹੀਂ ਹੈ। ਇਹ ਗੱਲ ਠੀਕ ਹੈ ਕਿ ਕਈ ਔਰਤਾਂ ਅਤੇ ਮਰਦਾਂ ਵਿਚ ਵਿਰੋਧੀ ਸੈਕਸ ਵਾਲੇ ਅੰਸ਼ ਭਾਰੂ ਹੁੰਦੇ ਹਨ ਅਤੇ ਅਜਿਹਾ ਵਰਤਾਰਾ ਆਮ ਮਰਦਾਂ ਔਰਤਾਂ ਵਾਂਗ ਹੀ ਕੁਦਰਤੀ ਹੈ, ਪਰ ਜਿਥੋਂ ਤੱਕ ਕਾਨੂੰਨਾਂ ਅਤੇ ਸਮਾਜਿਕ ਸਭਿਆਚਾਰਕ ਪ੍ਰਬੰਧਾਂ ਦਾ ਸਵਾਲ ਹੈ ਇਹ ਬਹੁਤ ਸੋਚ ਸਮਝ ਕੇ ਘੜੇ ਜਾਣੇ ਚਾਹੀਦੇ ਹਨ। ਕਿਉਂਕਿ ਇਹਦੇ ਵਿਚ ਸਮਲਿੰਗੀਆਂ ਦੇ ਮਾਣ ਸਨਮਾਨ ਦਾ ਸੁਆਲ ਵੀ ਜੁੜਿਆ ਹੋਇਆ ਹੈ।

ਕਾਮੁਕ ਸੰਬਧਾਂ ਦੀ ਪੱਧਰ ਤੱਕ ਜਾਣ ਵਾਲਾ ਸਮਲਿੰਗੀ ਵਰਤਾਰਾ ਸੱਚਮੁਚ ਹੀ ਕੁਦਰਤ ਦੇ ਵਿਰੁਧ ਹੈ ਅਤੇ ਮਨੁੱਖੀ ਸਿਹਤ ਦੀ ਦ੍ਰਿਸ਼ਟੀ ਤੋਂ ਪਹਿਲਾਂ ਹੀ ਮਾੜੇ ਨਤੀਜੇ ਕੱਢ ਰਿਹਾ ਹੈ। ਏਡਜ਼ ਵਰਗੀਆਂ ਬਿਮਾਰੀਆਂ ਇਹੋ ਜਿਹੇ ਸਬੰਧਾਂ ਕਾਰਨ ਹੀ ਫੈਲੀਆਂ ਹਨ। ਫਿਰ ਵੀ ਵਿਰੋਧੀ ਸੈਕਸ ਵਾਲੇ ਗੁਣ/ਅੰਸ਼ ਰੱਖਣ ਵਾਲੇ ਜਾਂ ਦੋਨਾਂ ਕਿਸਮ ਦੇ ਸੈਕਸਾਂ ਤੋਂ ਹੀ ਅਸਮਰੱਥ (ਹਿਜੜੇ) ਲੋਕਾਂ ਦੀ ਬਹੁਤ ਛੋਟੀ ਜਿਹੀ ਘੱਟਗਿਣਤੀ ਲਈ ਵਿਗਿਆਨਕ ਟੈਸਟਾਂ ਦੇ ਆਧਾਰ 'ਤੇ ਕੁਝ ਵਿਸ਼ੇਸ਼ ਪ੍ਰਬੰਧ ਕੀਤੇ ਜਾ ਸਕਦੇ ਹਨ। ਉਨ੍ਹਾਂ ਦਾ ਮਨੁੱਖੀ ਮਾਣ ਸਨਮਾਨ ਬਹਾਲ ਕੀਤਾ ਜਾਣਾ ਅਸਲ ਵਿਚ ਮੁਖ ਨਿਸ਼ਾਨਾ ਹੋਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਜਾਤ-ਪਾਤ ਨਹੀਂ, ਮਨੁੱਖਤਾ!

*ਜਿਹੜਾ ਵੰਡੀਆਂ ਪਾਉਣ ਦੀ ਕਰੇ ਕੋਸ਼ਿਸ਼,*
*ਪੱਕਾ ਵੈਰੀ ਉਹ ਸਮਝੋ ਮਨੁੱਖਤਾ ਦਾ।*
*ਉਸ ਦਾ ਕਰੇ ਇਲਾਜ ਲੁਕਮਾਨ ਵੀ ਨਾ,*
*ਹਊਮੈ ਰੋਗ ਲੱਗਾ ਜਿਸਨੂੰ ਉੱਚਤਾ ਦਾ।*
*ਹੱਸ-ਖੇਲ ਕੇ ਚਾਰ ਦਿਨ ਕੱਟ ਲਈਏ,*
*ਖਹਿੜਾ ਛੱਡੀਏ ਯਾਰੋ ਪ੍ਰਮੁੱਖਤਾ ਦਾ।*
*ਜਾਤ-ਪਾਤ ਦਾ ਬੇ-ਸੁਰਾ ਰਾਗ ਛੱਡੋ,*
*ਭਲਾ ਲੋਚੀਏ ਸਾਰੀ ਮਨੁੱਖਤਾ ਦਾ।*

# ਵਿਧਾਨ ਪ੍ਰੀਸ਼ਦ ਦੀ ਮੁੜ ਬਹਾਲੀ ਕਿੰਨੀ ਕੁ ਵਾਜਬ

***ਇਹ ਯਤਨ ਪਹਿਲੀ ਵਾਰ ਨਹੀਂ ਹੋਏ। 29 ਮਾਰਚ 1976 ਨੂੰ ਕਾਂਗਰਸੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਇਸ ਸਦਨ ਦੀ ਬਹਾਲੀ ਲਈ ਪੰਜਾਬ ਵਿਧਾਨ ਸਭਾ ਵਿਚ ਇਕ ਮਤਾ ਪਾਸ ਕਰਵਾਇਆ ਸੀ। ਕੇਂਦਰ ਸਰਕਾਰ ਵਲੋਂ ਇਸ ਮਤੇ ਨੂੰ ਅਮਲੀ ਰੂਪ ਦੇਣ ਲਈ ਕਾਨੂੰਨ ਨਾ ਪਾਸ ਕੀਤਾ, ਜਿਸ ਕਰਕੇ ਕਾਂਗਰਸ ਸਰਕਾਰ ਦਾ ਇਸ ਦੀ ਮੁੜ ਬਹਾਲੀ ਦਾ ਯਤਨ ਸਿਰੇ ਨਾ ਚੜ੍ਹਿਆ। ਇਸ ਮਗਰੋਂ ਇਹ ਯਤਨ ਕਾਂਗਰਸ ਸਰਕਾਰ ਦੇ ਹੀ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਨੇ 7 ਅਪ੍ਰੈਲ 1993 ਨੂੰ ਵਿਧਾਨ ਸਭਾ ਵਿਚੋਂ ਮੁੜ ਮਤਾ ਪਾਸ ਕਰਵਾ ਕੇ ਕੀਤਾ। ਇਸ ਤੋਂ ਬਾਅਦ ਅਕਾਲੀ-ਭਾਜਪਾ ਸਰਕਾਰ 'ਤੇ ਮੁੜ ਬਣੀ ਕਾਂਗਰਸ ਸਰਕਾਰ ਨੇ ਵੀ ਇਹ ਯਤਨ ਕੀਤੇ।***

ਸੁਰਿੰਦਰ ਮਚਾਕੀ

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਪੰਜਾਬ ਵਿਧਾਨ ਪ੍ਰੀਸ਼ਦ ਮੁੜ ਸੁਰਜੀਤ ਕਰਨ ਦੇ ਬਿਆਨ ਨਾਲ ਰਾਜਨੀਤਕ ਹਲਕਿਆਂ 'ਤੇ ਇਹ ਮੁੱਦਾ ਮੁੜ ਚਰਚਾ 'ਚ ਆ ਗਿਆ ਹੈ। ਇਸ ਤੋਂ ਪਹਿਲਾਂ ਇਹ ਮੁੱਦਾ ਪਿਛਲੇ ਵਰ੍ਹੇ ਉਦੋਂ ਉੱਠਿਆ ਸੀ, ਜਦੋਂ ਕੇਂਦਰ ਸਰਕਾਰ ਦੇ ਪੰਜਾਬ ਸਰਕਾਰ ਦੇ ਵਿਧਾਨਕ ਖਰੜੇ ਨੂੰ ਪ੍ਰਵਾਨ ਕਰ ਕੇ ਪੰਜਾਬ ਵਿਧਾਨ ਪ੍ਰੀਸ਼ਦ ਮੁੜ ਸੁਰਜੀਤ ਕਰਨ ਦਾ ਰਾਹ ਪੱਧਰਾ ਕਰ ਦਿੱਤਾ ਸੀ। ਇਹ ਖਰੜਾ 2007 'ਚ ਵਿਧਾਨ ਸਭਾ ਚੋਣਾਂ ਜਿੱਤਣ ਤੋਂ ਬਾਅਦ ਅਕਾਲੀ-ਭਾਜਪਾ ਸਰਕਾਰ ਨੇ ਕੇਂਦਰ ਸਰਕਾਰ ਨੂੰ ਭੇਜਿਆ ਸੀ, ਜਿਸ ਨੂੰ ਕਾਂਗਰਸ ਪਾਰਟੀ ਨੇ ਵੀ ਆਪਣੀ ਪੂਰਨ ਹਮਾਇਤ ਦਿੱਤੀ ਸੀ। ਪੰਜਾਬ ਦੀਆਂ ਫਰਵਰੀ 2007 ਵਿਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਪੰਜਾਬ ਦੀਆਂ ਦੋਵੇਂ ਪ੍ਰਮੁੱਖ ਸਿਆਸੀ ਧਿਰਾਂ ਅਕਾਲੀ ਦਲ ਤੇ ਕਾਂਗਰਸ ਪਾਰਟੀ ਨੇ ਆਪਣੇ ਆਪਣੇ ਚੋਣ ਮਨੋਰਥ ਪੱਤਰਾਂ ਵਿਚ ਇਸ ਪ੍ਰੀਸ਼ਦ ਨੂੰ ਮੁੜ ਬਹਾਲ ਕਰਨ ਦਾ ਵਾਅਦਾ ਕੀਤਾ ਸੀ। ਮੁੱਖ ਮੰਤਰੀ ਬਾਦਲ ਜਿਥੇ ਪੰਜਾਬ ਦੇ ਬਹੁਪੱਖੀ ਵਿਕਾਸ ਲਈ ਇਸ ਪ੍ਰੀਸ਼ਦ ਦੀ ਸਖ਼ਤ ਲੋੜ ਦੱਸ ਰਹੇ ਹਨ, ਉਥੇ ਸਾਬਕਾ ਮੁੱਖ ਮੰਤਰੀ ਤੇ ਕਾਂਗਰਸ ਪਾਰਟੀ ਦੇ ਮੁੱਖ ਆਗੂ ਕੈਪਟਨ ਅਮਰਿੰਦਰ ਸਿੰਘ ਇਸ ਨੂੰ ਪੰਜਾਬ ਦੇ ਲੋਕਾਂ 'ਤੇ ਭਾਰ ਕਹਿ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਜਦੋਂ ਆਰਥਿਕ ਸੰਕਟ 'ਚੋਂ ਲੰਘ ਰਿਹਾ ਹੈ, ਉਦੋਂ ਇਸ ਪ੍ਰੀਸ਼ਦ ਨੂੰ ਬਹਾਲ ਕਰਨਾ ਪੰਜਾਬ ਦੇ ਹਿੱਤ 'ਚ ਨਹੀਂ।

ਭਾਰਤੀ ਸੰਵਿਧਾਨ ਦੀ ਧਾਰਾ 171 ਅਨੁਸਾਰ ਰਾਜਾਂ ਵਿਚ ਵਿਧਾਨ ਮੰਡਲਾਂ ਦੇ ਦੂਜੇ ਸਦਨ ਵਜੋਂ ਵਿਧਾਨ ਪ੍ਰੀਸ਼ਦ ਗਠਿਤ ਕਰਨ ਦੀ ਵਿਵਸਥਾ ਹੈ। ਇਸ ਵਿਵਸਥਾ ਅਨੁਸਾਰ ਰਾਜ ਦੇ ਵਿਧਾਨ ਸਭਾ ਦੇ ਮੈਂਬਰਾਂ ਦੀ ਇਕ ਤਿਹਾਈ ਗਿਣਤੀ ਜਿੰਨੇ ਮੈਂਬਰ ਵਿਧਾਨ ਪ੍ਰੀਸ਼ਦ ਦੇ ਹੋਣੇ ਚਾਹੀਦੇ ਹਨ। ਇਹ 40 ਮੈਂਬਰਾਂ ਤੋਂ ਘੱਟ ਨਹੀਂ ਹੋਣੇ ਚਾਹੀਦੇ ਹਨ। ਇਸ ਮੁਤਾਬਕ ਪੰਜਾਬ ਵਿਧਾਨ ਸਭਾ ਦੇ 117 ਮੈਂਬਰਾਂ ਦੀ ਇਕ ਤਿਹਾਈ 39 ਬਣਦੀ ਹੈ, ਜਿਸ ਅਨੁਸਾਰ ਪ੍ਰਸਤਾਵਤ ਵਿਧਾਨ ਪ੍ਰੀਸ਼ਦ ਦੇ ਮੈਂਬਰਾਂ ਦੀ ਘੱਟੋ-ਘੱਟ ਗਿਣਤੀ 40 ਹੀ ਹੋਵੇਗੀ। ਇਨ੍ਹਾਂ ਮੈਂਬਰਾਂ ਦਾ 1/3 ਹਿੱਸਾ ਸਥਾਨਕ ਸੰਸਥਾਵਾਂ ਦੇ ਮੈਂਬਰ ਚੁਣਨਗੇ। 1/12 ਮੈਂਬਰ ਰਾਜ ਦੇ ਉਹ ਗਰੈਜੂਏਟ ਚੁਣਨਗੇ ਜਿਨ੍ਹਾਂ ਨੂੰ ਭਾਰਤ ਦੀ ਕਿਸੇ ਵੀ ਯੂਨੀਵਰਸਿਟੀ ਤੋਂ ਡਿਗਰੀ ਲਏ 3 ਸਾਲ ਹੋ ਗਏ ਹੋਣਗੇ। 1/12 ਮੈਂਬਰ ਹੀ ਰਾਜ ਦੇ ਸੀਨੀਅਰ ਸੈਕੰਡਰੀ ਜਾਂ ਉੱਚ ਸਿੱਖਿਆ ਸੰਸਥਾਵਾਂ 'ਚ ਘੱਟੋ-ਘੱਟ 3 ਸਾਲਾਂ ਤੋਂ ਪੜ੍ਹਾ ਰਹੇ ਅਧਿਆਪਕ ਚੁਣਨਗੇ। 1/3 ਮੈਂਬਰ ਰਾਜ ਵਿਧਾਨ ਸਭਾ ਦੇ ਮੈਂਬਰ ਚੁਣਨਗੇ ਅਤੇ ਬਾਕੀ ਦੇ ਰਾਜ ਦਾ ਰਾਜਪਾਲ ਨਾਮਜ਼ਦ ਕਰੇਗਾ।

ਪੰਜਾਬ ਰਾਜ ਦੀ ਵਿਧਾਨ ਘੜਨੀ ਦੇ ਇਤਿਹਾਸ 'ਤੇ ਝਾਤ ਪਾਈਏ ਤਾਂ ਪੰਜਾਬ ਵਿਧਾਨ ਪ੍ਰੀਸ਼ਦ ਦੀ ਸਥਾਪਨਾ 3 ਮਈ 1952 ਨੂੰ ਕੀਤੀ ਗਈ ਸੀ। 1966 ਵਿਚ ਪੰਜਾਬ ਰਾਜ ਦਾ ਪੁਨਰਗਠਨ ਕਰ ਕੇ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੀ ਸਥਾਪਨਾ ਤੋਂ ਬਾਅਦ ਵੀ ਇਹ ਸਦਨ ਕੰਮ ਕਰਦਾ ਰਿਹਾ। ਅਕਾਲੀ ਆਗੂ ਗੁਰਨਾਮ ਸਿੰਘ ਦੀ ਅਗਵਾਈ ਹੇਠ ਸਾਂਝੇ ਫਰੰਟ ਦੀ ਸਰਕਾਰ ਨੇ 24 ਅਪ੍ਰੈਲ 1969 ਵਿਚ ਇਸ ਸਦਨ ਨੂੰ ਬੇਲੋੜਾ ਤੇ ਰਾਜਕੀ ਆਰਥਿਕਤਾ 'ਤੇ ਭਾਰ ਕਹਿ ਕੇ ਇਸ ਨੂੰ ਖ਼ਤਮ ਕਰਨ ਦਾ ਮਤਾ ਪਾਸ ਕੀਤਾ ਸੀ। ਇਸ ਨੂੰ ਪ੍ਰਵਾਨ ਕਰਦਿਆਂ 7 ਜਨਵਰੀ 1970 ਨੂੰ ਖ਼ਤਮ ਕਰ ਦਿੱਤਾ ਗਿਆ ਸੀ।

ਉਦੋਂ ਇਹ ਸਦਨ ਖ਼ਤਮ ਕਰਨ ਲਈ ਦਿੱਤੀਆਂ ਦਲੀਲਾਂ ਵਿਚ ਪ੍ਰਮੁੱਖ ਦਲੀਲ ਇਹ ਵੀ ਸੀ ਕਿ ਅਸਿੱਧੇ ਤੌਰ 'ਤੇ ਬਣਨ ਵਾਲੇ ਪ੍ਰਤੀਨਿਧਾਂ ਦੀ ਇਹ ਸੰਸਥਾ ਕਿਸੇ ਵੀ ਤਰ੍ਹਾਂ ਜਮਹੂਰੀਅਤ ਨੂੰ ਮਜ਼ਬੂਤ ਨਹੀਂ ਕਰਦੀ ਤੇ ਨਾ ਹੀ ਕਾਨੂੰਨਸਾਜ਼ੀ ਦੀ ਪ੍ਰਕਿਰਿਆ ਨੂੰ ਜਮਹੂਰੀ ਖਾਸਾ ਪ੍ਰਦਾਨ ਕਰਨ ਵਿਚ ਸਹਾਈ ਹੁੰਦੀ ਹੈ। ਇਹ ਸੰਸਥਾ ਹਾਕਮ ਪਾਰਟੀ ਵਲੋਂ ਆਪਣੇ ਚਹੇਤਿਆਂ ਨੂੰ ਅਡਜਸਟ ਕਰਨ ਦਾ ਸਰਕਾਰੀ ਤਨਖਾਹਾਂ, ਭੱਤਿਆਂ ਤੇ ਹੋਰ ਪ੍ਰਮੁੱਖ ਸਹੂਲਤਾਂ ਦੇਣ ਦਾ ਅਤੇ ਸੱਤਾ ਦਾ ਭਾਈਵਾਲ ਬਣਾਉਣ ਦਾ ਇਕ ਸਾਧਨ ਮਾਤਰ ਹੀ ਸਿੱਧ ਹੋਈ ਹੈ। ਇਹ ਬੇਲੋੜੀ ਹੈ। ਰਾਜਨੀਤਕ ਭ੍ਰਿਸ਼ਟਾਚਾਰ ਨੂੰ ਜਨਮ ਦਿੰਦੀ ਹੈ।

ਹੁਣ ਵੀ ਜਦੋਂ ਮੁੱਖ ਮੰਤਰੀ ਸ. ਬਾਦਲ ਨੇ ਵਿਧਾਨ ਪ੍ਰੀਸ਼ਦ ਦੀ ਸੁਰਜੀਤੀ ਦਾ ਪੱਤਾ ਸੁੱਟਿਆ ਹੈ ਤਾਂ ਰਾਜਨੀਤਕ ਅਤੇ ਰਾਜਨੀਤਕ ਵਿਸ਼ਲੇਸ਼ਕਾਂ 'ਚ ਇਸ ਸੁਰਜੀਤੀ ਪਿੱਛੇ ਕਾਰਜਸ਼ੀਲ ਅਸਲ ਕਾਰਨਾਂ ਬਾਰੇ ਚਰਚਾ ਹੈ। ਆਖਿਆ ਜਾ ਰਿਹਾ ਹੈ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਦਾ ਫਾਰਮੂਲਾ ਉਨਾ ਕਾਰਗਰ ਨਹੀਂ ਹੋਇਆ, ਜਿੰਨੀ ਉਮੀਦ ਸੀ। ਇਸ ਬਾਰੇ ਅਕਾਲੀ ਦਲ ਅੰਦਰ ਚਲ ਰਹੀ ਘੁਸਰ-ਮੁਸਰ ਨੂੰ ਠੱਲ੍ਹਣ ਲਈ ਪੰਜਾਬ ਵਿਧਾਨ ਪ੍ਰੀਸ਼ਦ ਮੁੜ ਸੁਰਜੀਤ ਕਰਨ ਦਾ ਅਤੇ ਵਿਰੋਧ ਨੂੰ ਖਤਮ ਕਰਨ ਲਈ ਪ੍ਰੀਸ਼ਦ ਦੀ ਮੈਂਬਰੀ ਦਾ ਲਾਹਾ ਕਾਰਗਰ ਸਿੱਧ ਹੋ ਸਕਦਾ ਹੈ। ਇਸ ਸੰਸਥਾ ਨੂੰ ਮੁੜ ਕਾਇਮ ਕਰਨ ਨਾਲ ਜਮਹੂਰੀਅਤ ਨੂੰ ਕੋਈ ਫਰਕ ਨਹੀਂ ਪੈਣ ਲੱਗਾ। ਪਰ ਪੰਜਾਬ ਦੀ ਮਾੜੀ ਆਰਥਿਕਤਾ ਹੋਰ ਮਾੜੀ ਹੋ ਜਾਏਗੀ। ਇਸ ਦਾ ਸਿੱਧਾ ਨੁਕਸਾਨ ਪੰਜਾਬ ਦੇ ਵਿਕਾਸ ਨੂੰ ਹੋਵੇਗਾ ਤੇ ਅਸਿੱਧੇ ਤੇ ਸਿੱਧੇ ਤੌਰ 'ਤੇ ਇਹ ਨੁਕਸਾਨ ਪੰਜਾਬ ਦੇ ਲੋਕਾਂ ਨੂੰ ਵੀ ਭੁਗਤਣਾ ਪਵੇਗਾ।

ਇਹ ਯਤਨ ਪਹਿਲੀ ਵਾਰ ਨਹੀਂ ਹੋਏ। 29 ਮਾਰਚ 1976 ਨੂੰ ਕਾਂਗਰਸੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਇਸ ਸਦਨ ਦੀ ਬਹਾਲੀ ਲਈ ਪੰਜਾਬ ਵਿਧਾਨ ਸਭਾ ਵਿਚ ਇਕ ਮਤਾ ਪਾਸ ਕਰਵਾਇਆ ਸੀ। ਕੇਂਦਰ ਸਰਕਾਰ ਵਲੋਂ ਇਸ ਮਤੇ ਨੂੰ ਅਮਲੀ ਰੂਪ ਦੇਣ ਲਈ ਕਾਨੂੰਨ ਨਾ ਪਾਸ ਕੀਤਾ, ਜਿਸ ਕਰਕੇ ਕਾਂਗਰਸ ਸਰਕਾਰ ਦਾ ਇਸ ਦੀ ਮੁੜ ਬਹਾਲੀ ਦਾ ਯਤਨ ਸਿਰੇ ਨਾ ਚੜ੍ਹਿਆ। ਇਸ ਮਗਰੋਂ ਇਹ ਯਤਨ ਕਾਂਗਰਸ ਸਰਕਾਰ ਦੇ ਹੀ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਨੇ 7 ਅਪ੍ਰੈਲ 1993 ਨੂੰ ਵਿਧਾਨ ਸਭਾ ਵਿਚੋਂ ਮੁੜ ਮਤਾ ਪਾਸ ਕਰਵਾ ਕੇ ਕੀਤਾ। ਇਸ ਤੋਂ ਬਾਅਦ ਅਕਾਲੀ-ਭਾਜਪਾ ਸਰਕਾਰ ਤੇ ਮੁੜ ਬਣੀ ਕਾਂਗਰਸ ਸਰਕਾਰ ਨੇ ਵੀ ਇਹ ਯਤਨ ਕੀਤੇ। 2007 ਵਿਚ ਬਣੀ ਅਕਾਲੀ-ਭਾਜਪਾ ਸਰਕਾਰ ਨੇ ਕਾਂਗਰਸ ਪਾਰਟੀ ਦੀ ਪੂਰਨ ਹਮਾਇਤ ਨਾਲ ਵਿਧਾਨ ਸਭਾ ਤੋਂ ਇਕ ਮਤਾ ਪਾਸ ਕਰਵਾ ਕੇ ਇਹ ਯਤਨ ਮੁੜ ਕੀਤਾ, ਜਿਸ ਨੂੰ ਪਿਛਲੀ ਕੇਂਦਰ ਦੀ ਯੂ.ਪੀ.ਏ. ਸਰਕਾਰ ਨੇ ਪ੍ਰਵਾਨ ਵੀ ਕਰ ਲਿਆ ਸੀ।

ਪੰਜਾਬ 'ਚ ਇਹ ਮੁੜ ਸੁਰਜੀਤੀ ਦੀ ਵਾਜਬੀਅਤ ਬਾਰੇ ਰਾਜਨੀਤਕ ਪੰਡਤਾਂ, ਬੁੱਧੀਜੀਵੀਆਂ ਤੇ ਆਰਥਿਕ ਮਾਹਿਰਾਂ ਦੀਆਂ ਰਾਵਾਂ ਅੱਡ-ਅੱਡ ਹਨ। ਮੁੜ ਸੁਰਜੀਤੀ ਦੇ ਹਾਮੀਆਂ ਦਾ ਖਿਆਲ ਹੈ ਕਿ ਰਾਜਨੀਤਕ ਗੰਧਲੇਪਣ ਕਰਕੇ ਵਧੇਰੇ ਬੁੱਧੀਮਾਨ ਤੇ ਵਖ-ਵਖ ਖੇਤਰਾਂ 'ਚ ਨਾਮਣਾ ਖੱਟ ਚੁੱਕੀਆਂ ਸ਼ਖਸੀਅਤਾਂ ਚੋਣਾਂ 'ਚ ਉਤਰਨੀਆਂ ਨਹੀਂ ਚਾਹੁੰਦੀਆਂ। ਉਨ੍ਹਾਂ ਦੀ ਕਾਬਲੀਅਤ ਤੇ ਸੇਵਾਵਾਂ ਦਾ ਬੇਹਤਰ ਉਪਯੋਗ ਇਸ ਸਦਨ ਰਾਹੀਂ ਕੀਤਾ ਜਾ ਸਕਦਾ ਹੈ। ਇਸ ਨਾਲ ਰਾਜਨੀਤਕ ਗੰਧਲਾਪਣ ਘਟੇਗਾ। ਰਾਜਨੀਤਕ ਤੇ ਵਿਧਾਨਕ ਪ੍ਰਬੰਧ 'ਚ ਹੋਰ ਪਰੋੜਤਾ, ਸ਼ਾਇਸਤਗੀ ਤੇ ਮਚਿਊਰਟੀ ਆਏਗੀ ਤੇ ਜਮਹੂਰੀਅਤ ਵੀ ਮਜ਼ਬੂਤ ਹੋਏਗੀ।

ਵਿਰੋਧੀਆਂ ਦਾ ਤਰਕ ਹੈ ਕਿ ਇਹ ਦਲੀਲ ਦੇਖਣ ਨੂੰ ਬੜੀ ਸੋਹਣੀ ਤੇ ਵਾਜਬ ਜਾਪਦੀ ਹੈ, ਪਰ ਅਸਲ 'ਚ ਇੰਜ ਨਹੀਂ। ਵਿਧਾਨ ਪ੍ਰੀਸ਼ਦਾਂ ਦੇ ਵਧੇਰੇ ਮੈਂਬਰਾਂ ਦੀ ਚੋਣ ਵੀ ਰਾਜਨੀਤਕ ਲੋੜਾਂ, ਗਰਜਾਂ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਅਕਸਰ ਰਾਜਨੀਤਕ ਪਾਰਟੀਆਂ ਆਪਣੇ ਹਾਰੇ ਤੇ ਲੋਕਾਂ ਵਲੋਂ ਨਕਾਰੇ ਆਗੂਆਂ ਨੂੰ ਸੱਤਾ ਵਿਚ ਭਾਈਵਾਲ ਬਣਾਉਣ ਲਈ ਇਹ ਸੌਖਾ ਰਾਹ ਚੁਣਦੀਆਂ ਹਨ।

ਪੰਜਾਬ ਲਗਾਤਾਰ ਤੇਜ਼ੀ ਨਾਲ ਸੁੰਗੜ ਰਹੇ ਆਰਥਿਕ ਵਸੀਲਿਆਂ ਕਾਰਨ ਹਰ ਖੇਤਰ 'ਚ ਪਛੜ ਰਿਹਾ ਹੈ। ਵਿਕਾਸ ਗਤੀ ਬੜੀ ਧੀਮੀ ਹੈ। ਪੰਜਾਬ ਨੂੰ ਆਪਣੇ ਸਿਰ ਚੜ੍ਹੇ ਕਰਜ਼ੇ ਦਾ ਵਿਆਜ ਹੀ ਸਾਲ 2006-07 'ਚ 4151 ਕਰੋੜ ਤਾਰਨਾ ਪਿਆ ਤੇ ਇਹ ਕਰਜ਼ਾ 2008-09 ਵਿਚ ਵਧ ਕੇ 57359 ਕਰੋੜ ਤੋਂ ਵੀ ਟੱਪ ਗਿਆ ਹੈ। ਰਾਜ ਦੀ ਬਹੁ-ਗਿਣਤੀ ਵਸੋਂ ਕੁੱਲੀ, ਗੁੱਲੀ ਤੇ ਜੁੱਲੀ ਵਰਗੀਆਂ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਕਰਨੋਂ ਵੀ ਅਸਮਰਥ ਹੈ। 40 ਲੱਖ ਤੋਂ ਵਧ ਜਵਾਨੀ ਕੰਮ ਦੀ ਭਾਲ 'ਚ ਭਟਕ ਰਹੀ ਹੈ। ਕੰਮ ਦੀ ਬਜਾਏ ਉਸਨੂੰ ਸਰਕਾਰੀ ਤਸ਼ੱਦਦ ਮਿਲਦਾ ਹੈ।

ਡੂੰਘੀ ਨਿਰਾਸ਼ਾ 'ਚ ਡੁੱਬੀ ਇਹ ਨਸ਼ਿਆਂ 'ਚ ਗੋਤੇ ਖਾ ਰਹੀ ਹੈ, ਜੁਰਮ ਦੀ ਦਲਦਲ 'ਚ ਧੱਸ ਰਹੀ ਹੈ। ਆਤਮ-ਹੱਤਿਆ ਕਰ ਰਹੀ ਹੈ। ਵਾਲ-ਵਾਲ ਕਰਜ਼ੇ 'ਚ ਬੱਝੀ ਕਿਸਾਨੀ ਮਗਰੋਂ ਹੁਣ ਮਜ਼ਦੂਰ, ਛੋਟਾ ਦੁਕਾਨਦਾਰ ਤੇ ਕਾਰੋਬਾਰੀਏ ਸਮੇਤ ਸਮਾਜ ਦੇ ਹੋਰ ਵਰਗ ਵੀ ਆਤਮ-ਹੱਤਿਆ ਦੇ ਰਾਹ ਤੁਰਨ ਲਈ ਮਜ਼ਬੂਰ ਹਨ। ਰਾਜ ਸਿੱਖਿਆ, ਸਿਹਤ ਸਮੇਤ ਹਰ ਖੇਤਰ 'ਚ ਪਛੜਦਾ ਜਾ ਰਿਹਾ ਹੈ। ਪ੍ਰਤੀ ਵਿਅਕਤੀ ਦੇ ਮਾਮਲੇ 'ਚ ਮੁਲਕਾਂ 'ਚੋਂ ਮੋਹਰੀ ਰਿਹਾ ਪੰਜਾਬ ਹੁਣ ਖਿਸਕ ਕੇ 5ਵੇਂ-6ਵੇਂ ਥਾਂ 'ਤੇ ਆ ਡਿੱਗਾ ਹੈ। ਮੰਦਵਾੜੇ ਦਾ ਅਸਰ ਇਸ ਦੇ ਵਿਕਾਸ ਤੇ ਲੋਕਾਂ ਦੇ ਜੀਵਨ ਤੋਂ ਸਾਫ ਦਿਖ ਰਿਹਾ ਹੈ। ਹੋਰਨਾਂ ਰਾਜਾਂ ਦੇ ਮੁਕਾਬਲੇ ਨਿਵੇਸ਼ ਦੀ ਆਮਦ ਬਹੁਤ ਹੀ ਧੀਮੀ ਹੈ। ਕੀ ਇਸ ਹਾਲਤ 'ਚ ਕਰੋੜਾਂ ਦੇ ਸਾਲਾਨਾ ਖਰਚੇ ਦਾ ਬੋਝ ਲੋਕਾਂ ਸਿਰ ਪਾਉਣ ਵਾਲੀ ਵਿਧਾਨ ਪ੍ਰੀਸ਼ਦ ਮੁੜ ਕਾਇਮ ਕਰਨੀ ਵਾਜਬ ਹੈ? ਉਨ੍ਹਾਂ ਦਾ ਇਕਮਤ ਜੁਆਬ ਹੈ ਨਹੀਂ, ਬਿਲਕੁਲ ਹੀ ਨਹੀਂ। ਰਾਜਨੀਤਕ ਪਾਰਟੀਆਂ ਦੀਆਂ ਗਰਜਾਂ, ਲੋੜਾਂ ਦਾ ਬੋਝ ਪੰਜਾਬ ਦੇ ਲੋਕਾਂ 'ਤੇ ਲੱਦਣਾ ਤਰਕਸੰਗਤ ਨਹੀਂ, ਬਿਲਕੁਲ ਵੀ ਨਹੀਂ।


# ਹੁਣ ਜ਼ਿਆਦਾ ਦੇਰ ਤੱਕ ਨਹੀਂ ਚੱਲੇਗੀ ਪਕਿਸਤਾਨ ਦੀ ਦੋਹਰੀ ਖੇਡ

**ਹਾਮਿਦ ਮੀਰ**

ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਇਨ੍ਹੀਂ ਦਿਨੀਂ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਜਾ ਕੇ ਅਤਿਵਾਦ ਖਿਲਾਫ ਸਮਰਥਨ ਜੁਟਾਉਣ ਵਿਚ ਲੱਗੇ ਹਨ। ਕੁਝ ਦਿਨ ਪਹਿਲਾਂ ਬਰਸੇਲਜ਼ ਵਿਚ ਨਾਟੋ ਦੇ ਮੁੱਖ ਦਫਤਰ ਦਾ ਉਨ੍ਹਾਂ ਦਾ ਦੌਰਾ ਅਤੇ ਯੂਰਪੀ ਸੰਘ ਦੇ ਪ੍ਰਧਾਨ ਚੈੱਕ ਰਿਪਬਲਿਕ ਦੇ ਵਾਸਲਾਵ ਕਲਾਸ ਨਾਲ ਮੀਟਿੰਗ ਇਸ ਦਿਸ਼ਾ ਵਿਚ ਅੰਤਰਰਾਸ਼ਟਰੀ ਭਾਈਚਾਰੇ ਨੂੰ ਰਾਜ਼ੀ ਕਰਨ ਦੀ ਵੱਡੀ ਕੋਸ਼ਿਸ਼ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਵਾਸ਼ਿੰਗਟਨ ਤੋਂ ਲੈ ਕੇ ਲੰਡਨ ਅਤੇ ਮਾਸਕੋ ਤੋਂ ਲੈ ਕੇ ਬਰਸੇਲਜ਼ ਤੱਕ ਦੁਨੀਆਂ ਦੇ ਕਈ ਨੇਤਾਵਾਂ ਨੇ ਪਾਕਿਸਤਾਨ ਅਤੇ ਰਾਸ਼ਟਰਪਤੀ ਜ਼ਰਦਾਰੀ ਬਾਰੇ ਬਹੁਤ ਚੰਗੀਆਂ ਗੱਲਾਂ ਕਹੀਆਂ, ਪਰ ਇਨ੍ਹਾਂ ਵਿਚੋਂ ਜ਼ਿਆਦਾਤਰ ਹਾਲੇ ਵੀ ਸ਼ੰਕਾ ਵਿਚ ਹਨ।

ਜ਼ਰਦਾਰੀ ਨਾ ਸਿਰਫ ਅਵਾਮ ਵਿਚ ਬਲਕਿ ਲੰਡਨ ਅੰਦਰ ਵੀ ਤੇਜ਼ੀ ਨਾਲ ਆਪਣਾ ਰਾਜਨੀਤਕ ਸਮਰਥਨ ਗੁਆਉਂਦੇ ਜਾ ਰਹੇ ਹਨ। ਉਨ੍ਹਾਂ ਦੀ ਇਕ ਸਹਿਯੋਗੀ ਪਾਰਟੀ ਜੇ.ਯੂ.ਆਈ.-ਐਫ. ਨਾਲ ਜੁੜੇ ਦੋ ਮੰਤਰੀ ਦੱਖਣੀ ਵਜ਼ੀਰਿਸਤਾਨ ਦੇ ਸਵਾਤ ਵਿਚ ਫੌਜੀ ਕਾਰਵਾਈ ਦਾ ਖੁੱਲ੍ਹੇਆਮ ਵਿਰੋਧ ਕਰ ਰਹੇ ਹਨ। ਪਾਕਿਸਤਾਨ ਦੇ ਜ਼ਿਆਦਾਤਰ ਲੋਕਾਂ ਨੇ ਸਵਾਤ ਘਾਟੀ ਵਿਚ ਪਾਕਿਸਤਾਨੀ ਹਥਿਆਰਬੰਦ ਫੌਜਾਂ ਦੀ ਹਾਲੀਆ ਹਮਲਾਵਰ ਕਾਰਵਾਈ ਦਾ ਸਮਰਥਨ ਕੀਤਾ ਹੈ।

ਇਸ ਨੂੰ ਪੰਜ ਹਫਤੇ ਤੋਂ ਜ਼ਿਆਦਾ ਹੋ ਗਏ ਹਨ ਅਤੇ ਇਸ ਦੇ ਪੂਰਾ ਹੋਣ ਤੋਂ ਪਹਿਲਾਂ ਹੀ ਜ਼ਰਦਾਰੀ ਨੇ ਦੱਖਣੀ ਵਜ਼ੀਰਿਸਤਾਨ ਵਿਚ ਤਾਲਿਬਾਨ ਨੇਤਾ ਬੈਤੁੱਲ੍ਹਾ ਮਹਿਸੂਦ ਖਿਲਾਫ ਇਕ ਹੋਰ ਆਪ੍ਰੇਸ਼ਨ ਚਲਾਉਣ ਦਾ ਹੁਕਮ ਦਿੱਤਾ। ਜ਼ਿਆਦਾਤਰ ਲੋਕ ਇਸ ਦਾ ਹੀ ਸਮਰਥਨ ਕਰਨਗੇ, ਪਰ ਸਰਕਾਰ ਕੋਲ ਅਫਗਾਨਿਸਤਾਨ ਦੇ ਨਾਲ ਲੱਗਦੇ ਕਬਾਈਲੀ ਇਲਾਕਿਆਂ ਵਿਚ ਤਾਲਿਬਾਨ ਨੂੰ ਹਰਾਉਣ ਦੀ ਕੋਈ ਪੁਖਤਾ ਯੋਜਨਾ ਨਹੀਂ ਹੈ। ਸਰਕਾਰ ਨੇ ਦੱਖਣੀ ਵਜ਼ੀਰਿਸਤਾਨ ਅਤੇ ਸਵਾਤ ਵਿਚ ਫੌਜੀ ਮੁਹਿੰਮ ਛੇੜਣ ਤੋਂ ਪਹਿਲਾਂ ਸਦਨ ਨੂੰ ਵਿਸ਼ਵਾਸ ਵਿਚ ਨਹੀਂ ਲਿਆ। ਨੈਸ਼ਨਲ ਅਸੈਂਬਲੀ ਵਿਚ ਮੁੱਖ ਵਿਰੋਧੀ ਪਾਰਟੀ ਨਵਾਜ਼ ਸ਼ਰੀਫ ਦੀ ਪੀ.ਐਮ.ਐਲ.-ਐਨ. ਨੇ ਸਵਾਤ ਵਿਚ ਫੌਜੀ ਮਹਿੰਮ ਦਾ ਤਾਂ ਸਮਰਥਨ ਕੀਤਾ, ਪਰ ਦੱਖਣੀ ਵਜ਼ੀਰਿਸਤਾਨ ਸਬੰਧੀ ਰਣਨੀਤੀਆਂ 'ਤੇ ਉਸ ਨੂੰ ਕੁਝ ਗੰਭੀਰ ਮੁਸ਼ਕਲਾਂ ਹਨ। ਨਵਾਜ਼ ਦੱਖਣੀ ਵਜ਼ੀਰਿਸਤਾਨ ਵਿਚ ਅਮਰੀਕੀ ਡ੍ਰੋਨ ਹਮਲੇ ਤੋਂ ਖੁਸ਼ ਨਹੀਂ ਹਨ ਅਤੇ ਉਨ੍ਹਾਂ ਨੂੰ ਸਰਕਾਰ ਦੇ ਸਮਰਥਕ ਅਤਿਵਾਦੀ ਨੇਤਾ ਕਾਰੀ ਜੈਨੂਦੀਨ ਮਹਿਸੂਦ ਦੀ ਭੂਮਿਕਾ 'ਤੇ ਵੀ ਮੁਸ਼ਕਲ ਹੈ।



ਕਾਰੀ ਜੈਨੂਦੀਨ ਮਹਿਸੂਦ

ਮੀਡੀਆ ਵਿਚ ਕਾਰੀ ਜੈਨੂਦੀਨ ਮਹਿਸੂਦ ਦੇ ਅਚਾਨਕ ਉਭਰਣ ਅਤੇ ਉਸ ਦੇ ਵੱਡੇ-ਵੱਡੇ ਦਾਅਵਿਆਂ ਤੋਂ ਨਾ ਸਿਰਫ ਰਾਜਨੀਤਕ ਜਗਤ ਬਲਕਿ ਇਸਲਾਮਾਬਾਦ ਦੇ ਰਾਜਨੀਤਕ ਹਲਕਿਆਂ ਵਿਚ ਕਈ ਸਵਾਲ ਉਠ ਖੜ੍ਹੇ ਹੋਏ ਹਨ। ਪਿਛਲੇ ਦਿਨੀਂ ਪਾਕਿਸਤਾਨੀ ਮੀਡੀਆ ਵਿਚ ਦਿੱਤੇ ਗਏ ਆਪਣੇ ਕੁਝ ਹਵਾਲਿਆਂ ਵਿਚ ਕਾਰੀ ਜੈਨੂਦੀਨ ਮਹਿਸੂਦ ਨੇ ਦੋਸ਼ ਲਗਾਇਆ ਹੈ ਕਿ ਬੈਤੁੱਲ੍ਹਾ ਅਮਰੀਕੀ ਅਤੇ ਭਾਰਤੀ ਏਜੰਟ ਹੈ ਅਤੇ ਉਸੇ ਨੇ ਬੇਨਜ਼ੀਰ ਭੁੱਟੋ ਨੂੰ ਮਾਰਿਆ। ਉਸ ਨੇ ਇਹ ਵੀ ਕਿਹਾ ਕਿ ਅਸਲੀ ਜੇਹਾਦ ਤਾਂ ਪਾਕਿਸਤਾਨ ਦੀ ਬਜਾਏ ਅਫਗਾਨਿਸਤਾਨ ਵਿਚ ਜਾਰੀ ਹੈ।

ਇਸ ਤੋਂ ਪੱਛਮੀ ਜਗਤ ਦੇ ਰਾਜਨੀਤਕ ਭੁਲੇਖੇ ਵਿਚ ਆ ਗਏ ਹਨ। ਹੁਣ ਉਹ ਸਵਾਲ ਪੁੱਛ ਰਹੇ ਹਨ ਕਿ ਜੇਕਰ ਬੈਤੁੱਲ੍ਹਾ ਮਹਿਸੂਦ ਬੇਨਜ਼ੀਰ ਭੁੱਟੋ ਦੀ ਹੱਤਿਆ ਵਿਚ ਸ਼ਾਮਲ ਸੀ ਤਾਂ ਕੀ ਇਸ ਦਾ ਮਤਲਬ ਇਹ ਹੈ ਕਿ ਅਮਰੀਕੀ ਸੱਤਾ ਵੀ ਇਸ ਸਾਜ਼ਿਸ਼ ਵਿਚ ਸ਼ਾਮਲ ਸੀ? ਇਕ ਹੋਰ ਸਵਾਲ ਇਕ ਪੂਰਬੀ ਯੂਰਪੀ ਰਾਜਨੀਤਕ ਨੇ ਵਿਦੇਸ਼ੀ ਕਾਰਜਕਾਲ ਦੇ ਕਿਸੇ ਅਧਿਕਾਰੀ ਤੋਂ ਪੁੱਛਿਆ ਕਿ ਇਕ ਪਾਸੇ ਜ਼ਰਦਾਰੀ ਬਰਸੇਲਜ਼ ਵਿਚ ਨਾਟੋ ਮੁੱਖ ਦਫਤਰ ਦਾ ਦੌਰਾ ਕਰ ਰਹੇ ਸਨ ਅਤੇ ਉਸੇ ਦਿਨ ਪਾਕਿਸਤਾਨੀ ਸੱਤਾ ਤੰਤਰ ਨੇ ਕਾਰੀ ਜੈਨੂਦੀਨ ਨੂੰ ਮੀਡੀਆ ਵਿਚ ਬੋਲਣ ਦੀ ਇਜਾਜ਼ਤ ਦੇ ਦਿੱਤੀ। ਇਸ ਵਿਚ ਕਾਰੀ ਖੁੱਲ੍ਹੇਆਮ ਕਹਿੰਦਾ ਹੈ ਕਿ ਜੇਹਾਦ ਤਾਂ ਅਫਗਾਨਿਸਤਾਨ ਵਿਚ ਨਾਟੋ ਫੌਜਾਂ ਖਿਲਾਫ ਚੱਲ ਰਿਹਾ ਹੈ। ਕੀ ਇਹ ਨਾਟੋ ਜਾਂ ਕਾਰੀ ਜੈਨੂਦੀਨ ਨਾਲ ਦੋਹਰੀ ਖੇਡ ਹੈ?

ਕਾਰੀ ਨੇ ਇਕ ਮੁਲਾਕਾਤ ਵਿਚ ਕਿਹਾ ਕਿ ਅਬਦੁੱਲਾ ਮਹਿਸੂਦ ਦੀ ਮੌਤ ਤੋਂ ਬਾਅਦ ਉਸ ਦੇ ਬੈਤੁੱਲ੍ਹਾ ਮਹਿਸੂਦ ਨਾਲ ਮਤਭੇਤ ਹੋ ਗਏ। ਕਾਰੀ ਦੇ ਇਕ ਕਰੀਬੀ ਸੂਤਰ ਮੁਤਾਬਕ ਪਾਕਿਸਤਾਨੀ ਸਰਕਾਰ ਅਬਦੁੱਲਾ ਮਹਿਸੂਦ ਨੂੰ ਮਾਰਨਾ ਚਾਹੁੰਦੀ ਸੀ, ਕਿਉਂਕਿ ਉਹ 2005 ਵਿਚ ਦੋ ਚੀਨੀ ਇੰਜੀਨੀਅਰਾਂ ਦੇ ਅਗਵਾ ਵਿਚ ਸ਼ਾਮਲ ਸੀ। ਅਬਦੁੱਲਾ ਮਹਿਸੂਦ ਖਿਲਾਫ ਪਾਕਿਸਤਾਨ ਨੇ 2005 ਵਿਚ ਬੈਤੁੱਲ੍ਹਾ ਮਹਿਸੂਦ ਦੀਆਂ ਸੇਵਾਵਾਂ ਲਈਆਂ। ਬੈਤੁੱਲ੍ਹਾ ਨੇ ਫਰਵਰੀ 2005 ਵਿਚ ਸਰਕਾਰ ਨਾਲ ਪਹਿਲਾ ਸ਼ਾਂਤੀ ਸਮਝੌਤਾ ਕੀਤਾ ਜਿਹੜਾ ਜੁਲਾਈ 2005 ਵਿਚ ਖ਼ਤਮ ਹੋ ਗਿਆ। ਸਾਲ 2007 ਵਿਚ ਅਬਦੁੱਲਾ ਮਹਿਸੂਦ ਨੂੰ ਮਾਰੇ ਜਾਣ ਦੇ ਤੁਰੰਤ ਬਾਅਦ ਉਸ ਨੇ ਇਕ ਹੋਰ ਸਮਝੌਤਾ ਕੀਤਾ।

ਇਸ ਤੋਂ ਬਾਅਦ ਉਸ ਵੇਲੇ ਦੇ ਰਾਸ਼ਟਰਪਤੀ ਪ੍ਰਵੇਜ਼ ਮੁਸ਼ੱਰਫ ਨੇ ਤਿੰਨ ਨਵੰਬਰ 2007 ਨੂੰ 200 ਸੈਨਿਕਾਂ ਦੇ ਬਦਲੇ ਵਿਚ 36 ਅਤਿਵਾਦੀਆਂ ਨੂੰ ਰਿਹਾਅ ਕੀਤਾ। ਅਬਦੁੱਲਾ ਦੇ ਮਾਰੇ ਜਾਣ ਤੋਂ ਬਾਅਦ ਉਸ ਦੇ ਇਕ ਕਰੀਬੀ ਸਹਿਯੋਗੀ ਮਸੂਦੂਰ ਰਹਿਮਾਨ ਮਹਿਸੂਦ ਨਾਮਕ ਇਕ ਸ਼ਖ਼ਸ ਦਾ ਦੋਸ਼ ਸੀ ਕਿ ਬੈਤੁੱਲ੍ਹਾ ਨੇ ਹਕੀਕਤ ਵਿਚ ਅਬਦੁੱਲਾ ਦੇ ਠਿਕਾਣੇ ਬਾਰੇ ਫੌਜ ਨੂੰ ਜਾਣਕਾਰੀ ਮੁਹੱਈਆ ਕਰਾਈ, ਪਰ ਬਾਅਦ ਵਿਚ ਉਹ ਇਸ ਤੋਂ ਮੁਕਰ ਗਿਆ। ਅਬਦੁੱਲਾ ਦੀ ਮੌਤ ਤੋਂ ਬਾਅਦ ਬੈਤੁੱਲ੍ਹਾ ਨੇ ਖੁਦ ਨੂੰ ਨੇਤਾ ਐਲਾਨ ਕਰ ਦਿੱਤਾ। ਬੈਤੁੱਲ੍ਹਾ ਨੇ ਦੱਖਣੀ ਵਜ਼ੀਰਿਸਤਾਨ ਵਿਚ ਮਸੂਦੂਰ ਰਹਿਮਾਨ ਨੂੰ ਇਕ ਰਿਮੋਟ ਕੰਟਰੋਲ ਬੰਬ ਜ਼ਰੀਏ ਮਾਰ ਦਿੱਤਾ। ਕਾਰੀ ਜੈਨੂਦੀਨ ਦਰਅਸਲ ਮਸੂਦੂਰ ਰਹਿਮਾਨ ਦਾ ਵੱਡਾ ਮੁੰਡਾ ਹੈ ਅਤੇ ਉਸ ਨੇ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣ ਦੀ ਠਾਣ ਲਈ। ਉਹ ਤਾਲਿਬਾਨ ਵਿਚ 'ਅਬਦੁੱਲਾ ਮਹਿਸੂਦ ਸਮੂਹ' ਦੀ ਅਗਵਾਈ ਕਰ ਰਿਹਾ ਹੈ ਅਤੇ ਜੁਲਾਈ 2008 ਵਿਚ ਮੀਡੀਆ ਵਿਚ ਇਕ ਪੱਤਰ ਜਾਰੀ ਕਰ ਕੇ ਉਸ ਨੇ ਬੈਤੁੱਲ੍ਹਾ ਤੋਂ ਬਦਲਾ ਲੈਣ ਦਾ ਐਲਾਨ ਕੀਤਾ।



ਆਸਿਫ ਅਲੀ ਜ਼ਰਦਾਰੀ

ਉਹ ਇਕ ਸਾਬਕਾ ਖਾਸਦਾਰ (ਕਬਾਈਲੀ ਪੁਲਿਸ ਦਾ ਮੈਂਬਰ) ਹੈ ਅਤੇ ਦੱਖਣੀ ਵਜ਼ੀਰਿਸਤਾਨ ਦੇ ਸ਼ਕਾਈ ਅਤੇ ਜੰਡੋਲਾ ਇਲਾਕਿਆਂ ਵਿਚ ਸਰਗਰਮ ਹੈ। ਇਕ ਤਾਲਿਬਾਨੀ ਨੇਤਾ ਮੌਲਵੀ ਨਾਜ਼ਿਰ ਗੁਪਤ ਤੌਰ 'ਤੇ ਜੈਨੂਦੀਨ ਦਾ ਸਮਰਥਨ ਕਰ ਰਿਹਾ ਹੈ ਅਤੇ ਕੁਝ ਦਿਨ ਪਹਿਲਾਂ ਉਸ ਦੇ ਇਲਾਕੇ ਵਿਚ ਡ੍ਰੋਨ ਨਾਲ ਹਮਲੇ ਹੋਏ ਹਨ। ਅੱਜ ਤੱਕ ਇਕ ਵੀ ਅਮਰੀਕੀ ਡ੍ਰੋਨ ਨੇ ਬੈਤੁੱਲ੍ਹਾ ਦੇ ਠਿਕਾਣੇ ਨੂੰ ਨਿਸ਼ਾਨਾ ਨਹੀਂ ਬਣਾਇਆ ਅਤੇ ਇਹੀ ਕਾਰਨ ਹੈ ਕਿ ਕਈ ਲੋਕ ਉਸ ਨੂੰ ਅਮਰੀਕੀ ਏਜੰਟ ਦੱਸਦੇ ਹਨ। ਹੁਣ ਕਾਰੀ ਜੈਨੂਦੀਨ ਬੈਤੁੱਲ੍ਹਾ ਖਿਲਾਫ ਪਾਕਿਸਤਾਨੀ ਫੌਜਾਂ ਦਾ ਇਕ ਸਹਿਯੋਗੀ ਬਣ ਗਿਆ ਹੈ। ਜੈਨੂਦੀਨ ਨੇ ਬੈਤੁੱਲ੍ਹਾ ਦੇ ਇਲਾਕੇ ਦੇ ਕਈ ਤਾਕਤਵਰ ਲੋਕਾਂ ਨਾਲ ਸੰਪਰਕ ਕੀਤਾ, ਪਰ ਇਨ੍ਹਾਂ ਵਿਚੋਂ ਜ਼ਿਆਦਾਤਰ ਉਸ ਦੇ ਨਾਲ ਸਹਿਯੋਗ ਕਰਨ ਨੂੰ ਰਾਜ਼ੀ ਨਹੀਂ ਹਨ।

ਉਨ੍ਹਾਂ ਨੂੰ ਲੱਗਦਾ ਹੈ ਕਿ ਪਾਕਿਸਤਾਨੀ ਵਿਵਸਥਾ ਨੇ ਪਹਿਲਾਂ ਅਬਦੁੱਲਾ ਖਿਲਾਫ ਬੈਤੁਲਾ ਦਾ ਅਤੇ ਹੁਣ ਬੈਤੁੱਲ੍ਹਾ ਖਿਲਾਫ ਜੈਨੂਦੀਨ ਦਾ ਇਸਤੇਮਾਲ ਕਰ ਰਹੀ ਹੈ ਅਤੇ ਆਖਰਕਾਰ ਦੋਵੇਂ ਮਾਰੇ ਜਾਣਗੇ। ਬੈਤੁੱਲ੍ਹਾ ਦੇ ਇਲਾਕੇ ਦੇ ਕਈ ਲੋਕਾਂ ਵਿਚ ਦੱਖਣੀ ਵਜ਼ੀਰਿਸਤਾਨ ਦੇ ਰਾਜਨੀਤਕ ਪ੍ਰਸ਼ਾਸਨ ਨੇ ਕਾਰੀ ਜੈਨੂਦੀਨ ਦੀ ਮਦਦ ਲੈਣ ਲਈ ਸੰਪਰਕ ਕੀਤਾ। ਇਕ ਕਬਾਈਲੀ ਵਿਅਕਤੀ ਨੇ ਤਾਂ ਪ੍ਰਸ਼ਾਸਨ ਨਾਲ ਜੁੜੇ ਅਧਿਕਾਰੀ ਨੂੰ ਕਹਿ ਵੀ ਦਿੱਤਾ, 'ਸਾਨੂੰ ਮੂਰਖ ਨਾ ਬਣਾਓ। ਰਾਸ਼ਟਰਪਤੀ ਜ਼ਰਦਾਰੀ ਨਾਟੋ ਨੂੰ ਸਹਿਯੋਗ ਦਾ ਭਰੋਸਾ ਦਿਵਾ ਰਹੇ ਹਨ ਅਤੇ ਤੁਸੀਂ ਸਾਡੇ ਤੋਂ ਅਜਿਹੇ ਸ਼ਖ਼ਸ ਦਾ ਸਹਿਯੋਗ ਕਰਨ ਲਈ ਕਹਿ ਰਹੇ ਹੋ ਜਿਹੜਾ ਖੁੱਲ੍ਹੇਆਮ ਕਹਿ ਰਿਹਾ ਹੈ ਕਿ ਅਫਗਾਨਿਸਤਾਨ ਜਾ ਕੇ ਨਾਟੋ ਫੌਜਾਂ ਦੇ ਖਿਲਾਫ ਲੜੋ।''

ਜੇ.ਯੂ.ਆਈ.-ਐਫ ਦੇ ਮੌਲਾਨਾ ਫਜ਼ੁਲ-ਉਰ-ਰਹਿਮਾਨ ਵਰਗੇ ਜ਼ਰਦਾਰੀ ਦੇ ਕੁਝ ਸਹਿਯੋਗੀ ਇਕ ਵਾਰੀ ਫਿਰ ਤਾਲਿਬਾਨ ਨਾਲ ਸਿੱਧੀ ਗੱਲਬਾਤ ਦਾ ਸੁਝਾਅ ਦੇ ਰਹੇ ਹਨ ਪਰ ਜ਼ਰਦਾਰੀ ਇਸ ਨੂੰ ਅਣਸੁਣਿਆ ਕਰ ਰਹੇ ਹਨ।

ਜ਼ਰਦਾਰੀ ਮੌਲਾਨਾ ਫਜ਼ੁਲ-ਉਰ-ਰਹਿਮਾਨ ਨੂੰ ਨਜ਼ਰਅੰਦਾਜ਼ ਕਰ ਰਹੇ ਹਨ, ਪਰ ਉਨ੍ਹਾਂ ਨੂੰ ਸਦਨ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਹੋ ਸਕਦਾ ਹੈ ਬੈਤੁੱਲ੍ਹਾ ਡਬਲ ਏਜੰਟ ਹੋਵੇ ਅਤੇ ਅਸੀਂ ਉਸ ਤੋਂ ਪਿੱਛਾ ਛੁਡਾਉਣ ਹੈ, ਪਰ ਜ਼ਰਦਾਰੀ ਨੂੰ ਕਿਸੇ ਹੋਰ ਡਬਲ ਏਜੰਟ ਦੀ ਮਦਦ ਦੀ ਬਜਾਏ ਸਦਨ ਦੀ ਮਦਦ ਨਾਲ ਉਸ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਤਾਲਿਬਾਨ ਖਿਲਾਫ ਮੁਹਿੰਮ ਲਈ ਸਦਨ ਦੇ ਸਮਰਥਨ ਅਤੇ ਮਨਜ਼ੂਰੀ ਦੀ ਦਰਕਾਰ ਹੈ।

**ਅਮਰੀਕਾ ਵਿਚ ਸਭ ਤੋਂ ਜ਼ਿਆਦਾ ਅੰਕ ਹਾਸਲ ਕਰਨ ਵਾਲੇ ਪਹਿਲੇ ਦਸ ਤੋਂ ਪੰਦਰ੍ਹਾਂ ਫੀਸਦੀ ਵਿਦਿਆਰਥੀਆਂ ਨੂੰ ਵਧੀਆ ਕਾਲਜਾਂ ਵਿਚ ਦਾਖਲਾ ਮਿਲਦਾ ਹੈ। ਇਸ ਲਿਹਾਜ਼ ਨਾਲ ਸਾਨੂੰ ਹਰ ਸਾਲ ਦਸ ਤੋਂ ਪੰਦਰਾਂ ਫੀਸਦੀ ਏ-ਗ੍ਰੇਡ ਕਾਲਜ ਸੀਟਾਂ ਦੀ ਦਰਕਾਰ ਹੈ।**


# ਲੋੜ ਪ੍ਰੀਖਿਆ ਰੱਦ ਕਰਨ ਦੀ ਨਹੀਂ ਸਗੋਂ ਨਵੇਂ ਕਾਲਜ ਖੋਲ੍ਹਣ ਦੀ

ਕਮਾਲ ਹੈ ਨਾ, ਨਵੇਂ ਐਚ.ਆਰ.ਡੀ. ਮੰਤਰੀ ਜੀ ਆਏ ਨਹੀਂ ਕਿ ਢਿੰਡੋਰਾ ਪਿੱਟਣਾ ਸ਼ੁਰੂ ਕਰ ਦਿੱਤਾ। ਇਸਨੂੰ ਬਦਲੋ, ਉਸਨੂੰ ਬਦਲੋ। ਬੋਰਡ ਦੀਆਂ ਪ੍ਰੀਖਿਆਵਾਂ ਹਟਾ ਦਿਉ,

**ਚੇਤਨ ਭਗਤ**

ਯੂ.ਜੀ.ਸੀ. ਹਟਾ ਦਿਉ, ਨਵੀਂ ਰੈਗੂਲੇਟਰੀ ਬਾਡੀ ਬਣਾ ਦਿਉ, 100 ਦਿਨ ਵਿਚ ਯਸ਼ਪਾਲ ਕਮੇਟੀ ਨੂੰ ਲਾਗੂ ਕਰ ਦਿਉ। ਇਸ ਤਰ੍ਹਾਂ ਦਾ ਰੌਲਾ ਪੈ ਰਿਹਾ ਹੈ ਕਿ ਪਤਾ ਨਹੀਂ ਹਾਇਰ ਐਜੂਕੇਸ਼ਨ ਦਾ ਕੀ ਪਾਰ ਉਤਾਰਾ ਹੋਣ ਵਾਲਾ ਹੈ। ਹਲਚਲ ਜ਼ਰੂਰ ਹੈ, ਪਰ ਕੀ ਕੋਈ ਸਹੀ ਮੁੱਦਾ ਸਮਝ ਰਿਹਾ ਹੈ?

ਇਕ ਗੱਲ 'ਤੇ ਸਾਰਿਆਂ ਦੇ ਕੰਨ ਖੜੇ ਹੋ ਗਏ। ਜ਼ਬਰਦਸਤ ਬਹਿਸ ਛਿੜ ਗਈ। ਮੰਤਰੀ ਜੀ ਨੇ ਦੱਸਿਆ ਕਿ ਕਲਾਸ ਦਸਵੀਂ ਦੀ ਬੋਰਡ ਪ੍ਰੀਖਿਆ ਖ਼ਤਮ ਕਰ ਦਿਉ। ਬੋਰਡ ਪ੍ਰੀਖਿਆ ਨਾਲ ਕੋਈ ਫਾਇਦਾ ਤਾਂ ਹੁੰਦਾ ਨਹੀਂ, ਉਲਟਾ ਵਿਦਿਆਰਥੀਆਂ 'ਤੇ ਸਟ੍ਰੈਸ ਪੈਂਦਾ ਹੈ। ਦਿਲ ਦਿਮਾਗ 'ਤੇ ਇੰਨਾ ਬੋਝ ਅਤੇ ਤਣਾਓ ਪਾਉਣ ਦੀ ਭਲਾ ਕੀ ਜ਼ਰੂਰਤ ਹੈ? (ਮਜ਼ੇ ਦੀ ਗੱਲ ਇਹ ਹੈ ਕਿ ਸਟ੍ਰੈਸ-ਫ੍ਰੀ ਜਾਂ ਤਣਾਅ ਰਹਿਤ ਸਿੱਖਿਆ ਬਹੁਤ ਚਲਨ ਵਿਚ ਹੈ ਅੱਜਕਲ। ਲੋਕ ਆਪਣੇ ਬੱਚਿਆਂ ਲਈ ਸਕੂਲ ਨਹੀਂ ਚਾਹੁੰਦੇ, ਬਲਕਿ ਸਪਾ ਜਾਂ ਆਸ਼ਰਮ ਚਾਹੁੰਦੇ ਹਨ।) ਏਧਰ, ਮੰਤਰੀ ਜੀ ਨੇ ਫਰਮਾਇਆ ਅਤੇ ਉਧਰ ਦੇਖਦੇ ਹੀ ਦੇਖਦੇ ਮੀਡਿਆ ਦੀਆਂ ਵਾਂਛਾਂ ਖਿੜ ਗਈਆਂ। ਉਨ੍ਹਾਂ ਨੇ ਮੰਤਰੀ ਜੀ ਦੀਆਂ ਗੱਲਾਂ ਨੂੰ ਇਕਦਮ ਫੜ ਲਿਆ। ਇਕ ਤੋਂ ਬਾਅਦ ਇਕ ਸਟੋਰੀਆਂ ਆਉਣ ਲੱਗੀਆਂ। ਇਸ ਤਰ੍ਹਾਂ ਹੋਵੇਗਾ ਤਾਂ ਕੀ ਹੋਵੇਗਾ। ਹਰ ਦ੍ਰਿਸ਼ਟੀ ਤੋਂ ਉਲਟਾ ਪਲਟਾ ਕੇ ਦੇਖਿਆ ਜਾਣ ਲੱਗਾ। ਮੈਨੂੰ ਵੀ ਇਕ ਟੀ.ਵੀ. ਸ਼ੋਅ ਦਾ ਸੰਦੇਸ਼ ਮਿਲਿਆ। ਦਸੋ ਇਸ ਮਸਲੇ 'ਤੇ ਤੁਹਾਡੇ ਕੀ ਵਿਚਾਰ ਹਨ, ਤੁਸੀਂ ਬੋਰਡ ਦੀਆਂ ਪ੍ਰੀਖਿਆਵਾਂ ਖ਼ਤਮ ਕਰਨ ਦੇ ਹੱਕ ਵਿਚ ਹੋ ਜਾਂ ਇਸ ਦੇ ਖਿਲਾਫ।



ਅਸਲੀ ਮੁੱਦਾ ਇਹ ਨਹੀਂ ਕਿ ਬੋਰਡ ਪ੍ਰੀਖਿਆ ਨਾਲ ਬੱਚਿਆਂ ਦੇ ਦਿਮਾਗ 'ਤੇ ਬੋਝ ਪੈਂਦਾ ਹੈ। ਗੱਲ ਇਹ ਹੈ ਕਿ ਬੋਰਡ ਪ੍ਰੀਖਿਆ ਵਿਚ ਅਸਾਧਾਰਣ ਰੂਪ ਨਾਲ ਚੰਗਾ ਪ੍ਰਦਰਸ਼ਨ ਕਰਨ ਦਾ ਦਬਾਅ ਹੀ ਹੈ, ਜਿਸ ਦੀ ਵਜ੍ਹਾ ਨਾਲ ਵਿਦਿਆਰਥੀ ਲਗਾਤਾਰ ਚਿੰਤਾ ਵਿਚ ਘੁਲਦਾ ਰਹਿੰਦਾ ਹੈ, ਕਿਉਂਕਿ ਉਸ ਨੇ ਚੰਗੇ ਨੰਬਰ ਹਾਸਲ ਨਹੀਂ ਕੀਤੇ ਤਾਂ ਉਸ ਨੂੰ ਕਿਸੇ ਬੇਹਤਰ ਕਾਲਜ ਵਿਚ ਦਾਖਲਾ ਨਹੀਂ ਮਿਲ ਸਕਦਾ। ਹਾਂ, ਇਹ ਗੱਲ ਸਹੀ ਹੈ ਕਿ ਕਾਲਜ ਵਿਚ ਦਾਖਲਾ ਬਾਰ੍ਹਵੀਂ ਦੀ ਪ੍ਰੀਖਿਆ ਪਾਸ ਹੋਣ ਤੋਂ ਬਾਅਦ ਹੀ ਮਿਲਦਾ ਹੈ, ਪਰ ਦਸਵੀਂ ਦੀ ਬੋਰਡ ਪ੍ਰੀਖਿਆ ਨੂੰ ਅਕਸਰ ਸ਼ੁਰੂਆਤੀ ਸੰਕੇਤ ਦੇ ਤੌਰ 'ਤੇ ਦੇਖਿਆ ਜਾਂਦਾ ਹੈ। ਹਾਲਾਂਕਿ ਦਸਵੀਂ ਨੂੰ ਬੋਰਡ ਦੀ ਪ੍ਰੀਖਿਆ ਵਜੋਂ ਖ਼ਤਮ ਕਰਨ ਨਾਲ ਕੁਝ ਹਾਸਲ ਹੋਣ ਵਾਲਾ ਨਹੀਂ ਹੈ। ਇਸਦੇ ਦੋ ਸਾਲ ਬਾਅਦ ਜਿਹੜੀ ਅਸਲ ਮੁਸ਼ਕਲ ਆਉਣ ਵਾਲੀ ਹੈ, ਉਹ ਤਾਂ ਖ਼ਤਮ ਨਹੀਂ ਹੋਈ। ਸਾਡੇ ਇੱਥੇ ਚੰਗੇ ਕਾਲਜਾਂ ਵਿਚ ਸੀਟਾਂ ਹੀ ਇੰਨੀਆਂ ਘੱਟ ਹਨ ਕਿ ਕੀ ਕਹੀਏ। ਚਲੋ ਮੰਨ ਲੈਂਦੇ ਹਾਂ, ਤੁਸੀਂ ਬਾਰ੍ਹਵੀਂ ਦੀ ਬੋਰਡ ਪ੍ਰੀਖਿਆ ਨੂੰ ਵੀ ਖਤਮ ਕਰ ਦਿੰਦੇ ਹੋ, ਕਾਲਜਾਂ ਵਿਚ ਦਾਖਲਾ ਵੀ ਉਸੇ ਤਰ੍ਹਾਂ ਲਾਟਰੀ ਦੇ ਆਧਾਰ 'ਤੇ ਦੇਣ ਲੱਗਦੇ ਹੋ, ਜਿਵੇਂ ਕਿ ਸਰਕਾਰੀ ਫਲੈਟ ਵੰਡੇ ਜਾਂਦੇ ਹਨ, ਉਦੋਂ ਵੀ ਤੁਹਾਡਾ ਤਣਾਅ ਤਾਂ ਖਤਮ ਨਹੀਂ ਹੋਵੇਗਾ। ਸੋਚੋ, ਪਲੇਟਫਾਰਮ 'ਤੇ ਇਕ ਗੱਡੀ ਖੜ੍ਹੀ ਹੈ ਅਤੇ ਯਾਤਰੀ ਇੰਨੇ ਕਿ ਦਸ ਗੱਡੀਆਂ ਵਿਚ ਵੀ ਨਾ ਬੈਠ ਸਕਣ, ਤਾਂ ਅਜਿਹੇ ਵਿਚ ਗੱਡੀ ਦੇ ਦਰਵਾਜ਼ਿਆਂ ਨੂੰ ਚੌੜਾ ਕਰਨ 'ਤੇ ਕੀ ਕੰਮ ਚਲੇਗਾ? ਤੁਹਾਨੂੰ ਤਾਂ ਜ਼ਿਆਦਾ ਗੱਡੀਆਂ ਦੀ ਦਰਕਾਰ ਹੋਵੇਗੀ। ਸਾਡੀ ਪਿਛਲੀ ਪੀੜ੍ਹੀ ਵਿਚ ਕੁਝ ਇਹੋ ਜਿਹੇ ਕਾਲਜ ਸਨ, ਜਿਨ੍ਹਾਂ ਦੀ ਆਪਣੀ ਪ੍ਰਤਿਭਾ ਸੀ। ਅਜੀਬ ਗੱਲ ਇਹ ਹੈ ਕਿ ਅੱਜ ਵੀ ਉਨ੍ਹਾਂ ਕਾਲਜਾਂ ਨੂੰ ਹੀ ਪ੍ਰਤਿਭਾਵਾਨ ਮੰਨਿਆ ਜਾਂਦਾ ਹੈ। ਲੱਗਦਾ ਹੈ ਸਰਕਾਰ ਨੇ ਨਵੀਆਂ ਯੂਨੀਵਰਸਿਟੀਆਂ ਖੋਲ੍ਹਣੀਆਂ ਹੀ ਬੰਦ ਕਰ ਦਿੱਤੀਆਂ।


ਹੁਣ ਕੁਝ ਅੰਕੜਿਆਂ 'ਤੇ ਗੌਰ ਕਰਦੇ ਹਾਂ। ਸਾਲ 1999 ਵਿਚ ਤਿੰਨ ਲੱਖ 80 ਹਜ਼ਾਰ ਵਿਦਿਆਰਥੀਆਂ ਨੇ ਬਾਰ੍ਹਵੀਂ ਦੀ ਸੀ.ਬੀ.ਐਸ.ਈ. ਪ੍ਰੀਖਿਆ ਦਿੱਤੀ। ਸਾਲ 2009 ਤੱਕ ਆਉਂਦੇ ਆਉਂਦੇ ਇਹੀ ਅੰਕੜਾ ਵਧ ਕੇ ਅੱਠ ਲੱਖ 90 ਹਜ਼ਾਰ ਤੱਕ ਪਹੁੰਚ ਗਿਆ। ਇਹ ਤਾਂ ਸਿਰਫ ਸੀ.ਬੀ.ਐਸ.ਈ. ਦੇ ਵਿਦਿਆਰਥੀਆਂ ਦੀ ਗੱਲ ਹੈ। ਜੇਕਰ ਅਸੀਂ ਆਈ.ਸੀ.ਐਸ.ਈ. ਦੇ ਨਾਲ-ਨਾਲ ਰਾਜ ਬੋਰਡ ਦੇ ਵਿਦਿਆਰਥੀਆਂ ਦੀ ਗਿਣਤੀ 'ਤੇ ਗੌਰ ਕਰੀਏ ਤਾਂ ਇਹ ਅੰਕੜਾ ਦਸ ਗੁਣਾ ਤੋਂ ਵੀ ਜ਼ਿਆਦਾ ਹੋਵੇਗਾ। ਇਸ ਲਿਹਾਜ ਨਾਲ ਇਕ ਮੋਟਾ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਸ ਸਾਲ ਬਾਰ੍ਹਵੀਂ ਦੀ ਪ੍ਰੀਖਿਆ ਵਿਚ ਤਕਰੀਬਨ ਇਕ ਕਰੋੜ ਵਿਦਿਆਰਥੀ ਬੈਠੇ ਹੋਣਗੇ। ਅਜਿਹੇ ਵਿਚ ਕਹਿ ਸਕਦੇ ਹਾਂ ਕਿ ਇਨ੍ਹਾਂ 1 ਕਰੋੜ ਵਿਦਿਆਰਥੀਆਂ ਵਿਚੋਂ ਘੱਟ ਤੋਂ ਘੱਟ ਦਸ ਫੀਸਦੀ ਬਿਹਤਰੀਨ ਯਾਨਿ 10 ਲੱਖ ਵਿਦਿਆਰਥੀ ਤਾਂ ਕਿਸੇ ਵਧੀਆ, ਪ੍ਰਤਿਭਾਸ਼ਾਲੀ ਕਾਲਜ ਵਿਚ ਦਾਖਲਾ ਪਾਉਣ ਦੇ ਹੱਕਦਾਰ ਹਨ।

ਪਰ ਕੀ ਅਸੀਂ ਹਰ ਸਾਲ ਬਿਹਤਰੀਨ ਦਸ ਲੱਖ ਕਾਲਜੀ ਸੀਟਾਂ ਮੁਹੱਈਆ ਕਰਵਾ ਸਕਦੇ ਹਾਂ? ਆਖਰ ਸਾਲ-ਦਰ-ਸਾਲ ਇਸ ਤਰ੍ਹਾਂ ਦੇ ਵਿਦਿਆਰਥੀਆਂ ਨਾਲ ਕੀ ਹੁੰਦਾ ਹੈ? ਅਜਿਹੇ ਵਿਚ ਉਹ ਕਿੱਧਰ ਜਾਣ? ਜੇਕਰ ਅਸੀਂ ਆਪਣੇ ਬਿਹਤਰੀਨ ਵਿਦਿਆਰਥੀਆਂ ਨੂੰ ਸਿੱਖਿਆ ਦੇ ਬੇਹਤਰ ਮੌਕੇ ਮੁਹੱਈਆ ਕਰਵਾ ਰਹੇ ਹਾਂ, ਤਾਂ ਕੀ ਸਾਡਾ ਦੇਸ਼ ਪਛੜ ਨਹੀਂ ਰਿਹਾ ਹੈ? ਦਰਅਸਲ ਸਰਕਾਰ ਨੂੰ ਕਈ ਮਾਮਲਿਆਂ ਵਿਚ ਆਪਣੀ ਟੰਗ ਅੜਾਉਣ ਵਿਚ ਮਜ਼ਾ ਆਉਂਦਾ ਹੈ। ਉਹ ਇਹੋ ਜਿਹੀ ਏਅਰਲਾਈਨ ਚਲਾਉਂਦੀ ਹੈ, ਜੋ ਕਦੇ ਪੈਸਾ ਨਹੀਂ ਬਣਾਉਂਦੀ। ਉਸਨੇ ਸਟੀਲ ਵੀ ਬਣਾਉਣਾ ਹੈ, ਜਿਹੜਾ ਉਸ ਤੋਂ ਕਿਤੇ ਸਮਰੱਥ ਲੋਕ ਅਸਾਨੀ ਨਾਲ ਬਣਾ ਸਕਦੇ ਹਨ। ਪਰ ਸਰਕਾਰ ਨਵੀਂ ਪੀੜ੍ਹੀ ਨੂੰ ਸੰਵਾਰਨ ਦੇ ਕੰਮ ਨਾਲ ਨਹੀਂ ਜੁੜਨਾ ਚਾਹੁੰਦੀ। ਅਸੀਂ ਅਸਲ ਮਸਲਿਆਂ 'ਤੇ ਗੌਰ ਹੀ ਨਹੀਂ ਕਰਨਾ ਚਾਹੁੰਦੇ। ਸਾਨੂੰ ਦੇਸ਼ ਦੇ ਹਰ ਰਾਜ ਦੀ ਰਾਜਧਾਨੀ ਵਿਚ ਨਵੇਂ, ਉੱਚ ਪੱਧਰੀ, ਵੱਡੇ ਵਿਸ਼ਵਵਿਦਿਆਲਿਆਂ ਦੀ ਜ਼ਰੂਰਤ ਹੈ, ਪਰ ਇਸ ਵਿਚ ਸਾਡੀ ਕੋਈ ਦਿਲਚਸਪੀ ਨਹੀਂ ਹੈ। ਅਸੀਂ ਮੌਜੂਦਾ ਕਾਲਜਾਂ ਦੀ ਮੁਲਾਂਕਣ ਪ੍ਰਣਾਲੀ ਅਤੇ ਰੈਗੂਲੇਟਰੀ ਬਾਡੀ ਨੂੰ ਤੈਅ ਕਰਨ ਵਿਚ ਵਕਤ ਬਰਬਾਦ ਕਰ ਸਕਦੇ ਹਾਂ। ਅਸੀਂ ਇਕ ਪ੍ਰੀਖਿਆ ਨੂੰ ਖਤਮ ਕਰਕੇ ਇਸ ਦੀ ਜਗ੍ਹਾ ਦੂਜੀ ਪ੍ਰੀਖਿਆ ਸ਼ੁਰੂ ਕਰਨਾ ਚਾਹੁੰਦੇ ਹਾਂ। ਅਸੀਂ ਇਸ 'ਤੇ ਅੰਤਹੀਣ ਬਹਿਸ ਕਰ ਸਕਦੇ ਹਾਂ। ਇਸ ਵਿਚ ਸਾਡੀ ਇਕ ਪੂਰੀ ਪ੍ਰਤਿਭਾਵਾਨ ਪੀੜ੍ਹੀ ਬਰਬਾਦ ਹੁੰਦੀ ਹੈ ਤਾਂ ਹੋ ਜਾਵੇ, ਪਰ ਅਸੀਂ ਤਾਂ ਠਾਨ ਲਿਆ ਹੈ ਕਿ ਅਸੀਂ ਇਸ ਬਾਰੇ ਕੁਝ ਨਹੀਂ ਕਰਾਂਗੇ। ਮੈਂ 94 ਪੰਨਿਆਂ ਦੀ ਯਸ਼ਪਾਲ ਰਿਪੋਰਟ ਪੜ੍ਹੀ ਹੈ। ਇਸ ਵਿਚ ਕੁਲ ਮਿਲਾ ਕੇ ਇਹੀ ਕਿਹਾ ਗਿਆ ਹੈ ਕਿ ਵਿਸ਼ਵਵਿਦਿਆਲਿਆਂ ਨੂੰ ਇਹੋ ਜਿਹੇ ਕੰਮ ਕਰਨੇ ਚਾਹੀਦੇ ਹਨ, ਸਿੱਖਿਆ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ। ਹੋਰ ਵੀ ਕਈ ਗੱਲਾਂ ਇਸ ਰਿਪੋਰਟ ਵਿਚ ਹਨ, ਪਰ ਕਿਸੇ ਬਾਰੇ ਪੱਕਾ ਕੁਝ ਨਹੀਂ ਕਿਹਾ ਗਿਆ। ਇਸ ਵਿਚ ਕੋਈ ਪੁਖਤਾ ਕਦਮ ਚੁੱਕਣ ਦੀ ਗੱਲ ਨਹੀਂ ਹੈ। ਇਸ ਵਿਚ ਕੋਈ ਅੰਕੜੇ ਨਹੀਂ ਹੁੰਦੇ। ਇਹ ਬੇਹੱਦ ਅਲੰਕਾਰਿਕ, ਪੁਰਾਣੀ ਅਤੇ ਉਕਾਊ ਅੰਗ੍ਰੇਜ਼ੀ ਵਿਚ ਲਿਖੀ ਗਈ ਹੈ, ਜਿਸ ਵਿਚੋਂ ਬਾਬੂਸ਼ਾਹੀ ਦੀ ਬੋਅ ਆਉਂਦੀ ਹੈ। ਸਾਨੂੰ ਸਿੱਖਿਆ ਦੇ ਭਵਿੱਖ ਲਈ 94 ਪੇਜਾਂ ਦੀ ਰਿਪੋਰਟ ਅਤੇ 900 ਵਿਸ਼ਲੇਸ਼ਣਾਂ ਦੀ ਜ਼ਰੂਰਤ ਨਹੀਂ ਹੈ। ਜਲਦੀ ਤੋਂ ਜਲਦੀ ਨਵੇਂ ਕਾਲਜ ਖੋਲਣ ਦੀ ਜ਼ਰੂਰਤ ਹੈ। ਅਸੀਂ ਯੂਨੀਵਰਸਿਟੀ ਦਾ ਜਿਹੜਾ ਟਾਈਮ ਬੰਬ ਬਣਾਇਆ ਹੈ, ਉਸ ਬਾਰੇ ਜੇਕਰ ਜਲਦੀ ਕੁਝ ਨਾ ਕੀਤਾ ਗਿਆ ਤਾਂ ਦੇਸ਼ ਦਾ ਬੇਹਤਰੀਨ ਟੇਲੈਂਟ ਨਰਾਜ਼ ਹੋ ਜਾਵੇਗਾ ਅਤੇ ਉਹ ਵਿਵਸਥਾ ਖਿਲਾਫ ਸੜਕਾਂ 'ਤੇ ਉਤਰ ਆਵੇਗਾ। ਵਿਦਿਆਰਥੀਆਂ ਦੀ ਗਿਣਤੀ ਅਤੇ ਉਨ੍ਹਾਂ ਦੀ ਸਮਰੱਥਾ ਦੇ ਹਿਸਾਬ ਨਾਲ ਕਾਲਜਾਂ ਨੂੰ ਲੈ ਕੇ ਸਾਡਾ ਸਪੱਸ਼ਟ ਨਜ਼ਰੀਆ ਹੋਣਾ ਚਾਹੀਦਾ। ਇਸ ਲਿਹਾਜ਼ ਨਾਲ ਸਾਡੇ ਇਥੇ ਸਮੁੱਚਿਤ ਅਨੁਪਾਤ ਵਿਚ ਏ-ਗ੍ਰੇਡ, ਬੀ-ਗ੍ਰੇਡ ਤੇ ਸੀ-ਗ੍ਰੇਡ ਕਾਲਜ ਹੋਣ।

ਅਮਰੀਕਾ ਵਿਚ ਸਭ ਤੋਂ ਜ਼ਿਆਦਾ ਅੰਕ ਹਾਸਲ ਕਰਨ ਵਾਲੇ ਪਹਿਲੇ ਦਸ ਤੋਂ ਪੰਦਰ੍ਹਾਂ ਫੀਸਦੀ ਵਿਦਿਆਰਥੀਆਂ ਨੂੰ ਵਧੀਆ ਕਾਲਜਾਂ ਵਿਚ ਦਾਖਲਾ ਮਿਲਦਾ ਹੈ। ਇਸ ਲਿਹਾਜ਼ ਨਾਲ ਸਾਨੂੰ ਹਰ ਸਾਲ ਦਸ ਤੋਂ ਪੰਦਰਾਂ ਫੀਸਦੀ ਏ-ਗ੍ਰੇਡ ਕਾਲਜ ਸੀਟਾਂ ਦੀ ਦਰਕਾਰ ਹੈ। ਅਸਲ ਵਿਚ ਭਵਿੱਖ ਦੇ ਵਿਕਾਸ ਦੇ ਲਿਹਾਜ ਨਾਲ ਇਹ ਅੰਕੜਾ ਦੁਗਣਾ ਹੋਣਾ ਚਾਹੀਦਾ ਹੈ। ਹਰ ਰਾਜ ਨੂੰ ਇਹ ਜ਼ਿੰਮੇਵਾਰੀ ਉਠਾਉਣੀ ਚਾਹੀਦੀ ਕਿ ਉਹ ਜਿਵੇਂ ਸੰਭਵ ਹੋਵੇ ਬੇਹਤਰੀਨ ਯੂਨੀਵਰਸਿਟੀ ਬਣਾਉਣ। ਉਸ ਲਈ ਜ਼ਮੀਨ, ਬੁਨਿਆਦੀ ਸੰਰਚਨਾ ਸਮੇਤ ਬਾਕੀ ਮਦਦ ਵੀ ਮੁਹੱਈਆ ਕਰਾਏ ਤਾਂ ਕਿ ਅਸੀਂ ਅਗਲੇ ਪੰਜ ਸਾਲ ਵਿਚ ਇਸ ਟੀਚੇ ਨੂੰ ਹਾਸਲ ਕਰ ਸਕੀਏ। ਨਹੀਂ ਤਾਂ ਅਸੀਂ ਇਕ ਪ੍ਰੀਖਿਆ ਨੂੰ ਖ਼ਤਮ ਕਰਕੇ ਦੂਜੀ ਬਣਾਵਾਂਗੇ। ਅਸੀਂ ਇਕ ਕੋਟੇ ਦਾ ਸਮਰਥਨ ਅਤੇ ਦੂਜੇ ਦਾ ਵਿਰੋਧ ਕਰਾਂਗੇ। ਇਹ ਪੁਰਾਣੇ ਥੱਕੇ ਹੋਏ, ਅਸਮਰੱਥ ਭਾਰਤ ਦੀ ਪਹਿਚਾਣ ਹੈ। ਅਸੀਂ ਚਰਚਾਵਾਂ ਤਾਂ ਖੂਬ ਕਰਦੇ ਹਾਂ, ਪਰ ਕਰਨਾ ਕੁਝ ਨਹੀਂ ਚਾਹੁੰਦੇ।

# ਇਕ ਦਰ ਦਾ ਹੋ ਕੇ ਬਹਿ ਜਾ!

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਪੰਜਾਬ ਦੀ ਸਰਹੱਦ ਦੇ ਨਾਲ ਲਗਦੀਆਂ ਹਿਮਾਚਲ ਪ੍ਰਦੇਸ਼ ਦੀਆਂ ਪਹਾੜੀਆਂ ਵਿਚ ਸਥਿਤ ਕਿਸੇ ਬਾਬੇ ਦੇ ਡੇਰੇ ਦੀ ਯਾਤਰਾ ਕਰਨ ਲਈ ਸਾਡੇ ਪਿੰਡ ਦੇ ਕੁਝ ਬੰਦੇ ਇਕੱਠੇ ਹੋ ਕੇ ਗਏ। ਕਾਫੀ ਲੰਮੇਰਾ ਪੰਧ ਅਤੇ ਰਸਤੇ ਦੀਆਂ ਉਤਰਾਈਆਂ-ਚੜ੍ਹਾਈਆਂ ਕਾਰਨ, ਉਨ੍ਹਾਂ ਜਾਂਦੇ ਸਮੇਂ ਰਾਤ ਦਾ ਪੜਾਅ ਸ੍ਰੀ ਅਨੰਦਪੁਰ ਸਾਹਿਬ ਦੇ ਗੁਰੂ-ਘਰ ਵਿਖੇ ਕੀਤਾ। ਦੂਸਰੇ ਦਿਨ ਇਥੋਂ ਸੁਵਖ਼ਤੇ ਚਾਹ-ਪਾਣੀ ਛਕ ਕੇ, ਇਹ ਅਗਲੀ ਯਾਤਰਾ 'ਤੇ ਚੱਲ ਪਏ। ਪਹਿਲਾਂ ਤੋਂ ਹੀ ਵਿਉਂਤੇ ਪ੍ਰੋਗਰਾਮ ਮੁਤਾਬਕ, ਇਨ੍ਹਾਂ ਨੇ ਰਾਹ ਵਿਚ ਪੈਂਦੇ ਕਿਸੇ ਪਿੰਡ ਵਿਚ ਰਹਿੰਦੇ ਆਪਣੇ ਰਿਸ਼ਤੇਦਾਰਾਂ ਦੇ ਘਰੇ ਦੁਪਹਿਰ ਦੀ ਰੋਟੀ ਖਾਣੀ ਸੀ। ਸੋ ਸਮੇਂ ਅਨੁਸਾਰ ਹੀ ਇਹ ਜਥਾ ਆਪਣੇ ਰਿਸ਼ਤੇਦਾਰਾਂ ਦੇ ਘਰ ਜਾ ਪਹੁੰਚਾ। ਰੋਟੀ-ਪਾਣੀ ਛਕਦਿਆਂ ਆਪਸੀ ਗੱਲਾਂਬਾਤਾਂ ਚੱਲ ਪਈਆਂ। ਰਿਸ਼ਤੇਦਾਰਾਂ ਵਲੋਂ ਪੁੱਛੇ ਜਾਣ 'ਤੇ ਇਨ੍ਹਾਂ ਨੇ ਦੱਸਿਆ ਕਿ ਬੀਤੀ ਰਾਤ ਅਸੀਂ ਅਨੰਦਪੁਰ ਸਾਹਿਬ ਗੁਜਾਰੀ ਸੀ ਅਤੇ ਹੁਣ ਅੱਗੇ 'ਬਾਬੇ' ਦੇ ਜਾ ਰਹੇ ਹਾਂ। ਇਹ ਸੁਣ ਕੇ ਇਨ੍ਹਾਂ ਦਾ ਰਿਸ਼ਤੇਦਾਰ, ਜੋ ਗੁਰੂ-ਘਰ ਦਾ ਪ੍ਰੇਮੀ ਹੋਵੇਗਾ, ਹੈਰਾਨੀ ਤੇ ਗੰਭੀਰਤਾ ਨਾਲ ਇਨ੍ਹਾਂ ਨੂੰ ਪੁੱਛਣ ਲੱਗਾ-

"ਅਸਲ ਅਤੇ ਸਭ ਤੋਂ ਵੱਡਾ ਬਾਬਾ ਤਾਂ ਤੁਸੀ ਪਿੱਛੇ ਛੱਡ ਆਏ ਹੋ? ਹੁਣ ਅੱਗੇ ਕਿੱਥੇ ਝੱਖਾਂ ਮਾਰਨ ਚੱਲੇ ਹੋ?"

ਉਹ ਵਾਪਸ ਆਪਣੇ ਪਿੰਡ ਪਰਤ ਕੇ ਇਹ ਦਿਲਚਸਪ ਵਾਰਤਾ ਮੇਰੇ ਪਿਤਾ ਜੀ ਨੂੰ ਹੱਸ-ਹੱਸ ਕੇ ਸੁਣਾਉਣ ਲੱਗ ਪਏ। ਪਿਤਾ ਜੀ ਨੇ ਸਗੋਂ ਉਨ੍ਹਾਂ ਦੀ ਅੱਗਿਉਂ ਹੋਰ 'ਭੰਡ' ਕਰ ਦਿੱਤੀ। ਅਖੇ, ਸੁਘੜ ਸਿਆਣੇ ਰਿਸ਼ਤੇਦਾਰ ਦੀ ਇਹ ਅਕਲ ਵਾਲੀ ਗੱਲ ਸੁਣ ਕੇ, ਤੁਹਾਨੂੰ ਫਿਰ ਬਾਬੇ ਦੇ ਜਾਣ ਲੱਗਿਆਂ ਸੰਗ ਨਾ ਆਈ ਭੋਰਾ? ਪਿਤਾ ਜੀ ਦੇ ਮੂੰਹੋਂ ਇਹ ਸਵਾਲ ਸੁਣ ਕੇ, ਇਨ੍ਹਾਂ 'ਚੋਂ ਬਹੁਤੇ ਜਣੇ ਤਾਂ ਖਿਸਿਆਨੇ ਜਿਹੇ ਹੋ ਕੇ 'ਹੀ-ਹੀ-ਹੀ' ਕਰਨ ਲੱਗ ਪਏ, ਪਰ ਦੋ ਬੰਦੇ ਕਹਿਣ ਲੱਗੇ- "ਗਿਆਨੀ ਜੀ, ਅਸੀਂ ਤਾਂ ਉਸ ਅਕਾਲ ਵਾਲੇ ਭਲੇ ਪੁਰਸ਼ ਦੀ ਨਸੀਹਤ ਪੱਕੀ ਲੜ ਬੰਨ੍ਹ ਲਈ। ਬੱਸ, ਇਕੋ ਵਾਰੀ 'ਚਾਲੇ' 'ਤੇ ਜਾ ਆਏ, ਜਿਹੜਾ ਜਾ ਆਏ। ਇਹ ਜਿੱਥੇ ਮਰਜ਼ੀ ਖੇਹ ਛਾਣਦੇ ਫਿਰਨ!" ਸ਼ਰਮਿੰਦੇ ਜਿਹੇ ਹੋ ਕੇ ਹੱਸਣ ਵਾਲਿਆਂ ਵਲ ਇਸ਼ਾਰਾ ਕਰਕੇ ਉਨ੍ਹਾਂ ਦੋਹਾਂ ਨੇ ਗੱਲ ਮੁਕਾਈ।

***

ਇਹ ਤਾਂ ਮੈਨੂੰ ਪੱਕਾ ਯਾਦ ਨਹੀਂ ਕਿ ਇਹ ਕਿਹੜੇ ਧਾਰਮਿਕ ਅਸਥਾਨ ਦੀ ਗੱਲ ਹੈ। ਹਾਂ, ਇੰਨਾ ਕੁ ਯਾਦ ਹੈ ਕਿ ਮੈਂ ਆਪਣੇ ਪਿਤਾ ਜੀ ਦੇ ਨਾਲ ਫਿਲੌਰ ਵਾਲੇ ਪਾਸੇ ਤੋਂ ਰਾਹੋਂ ਵਲ ਨੂੰ ਬਿਸਤ ਦੁਆਬ ਨਹਿਰ ਦੀ ਪਟੜੀ ਆ ਰਿਹਾ ਸਾਂ। ਨਾਲ ਪਿਤਾ ਜੀ ਦੇ ਤਿੰਨ ਚਾਰ ਮਿੱਤਰ ਦੋਸਤ ਵੀ ਸਨ। ਸਾਈਕਲਾਂ 'ਤੇ ਚੜ੍ਹੇ ਹੋਏ ਅਸੀਂ ਪੰਧ ਮੁਕਾਉਂਦੇ ਆ ਰਹੇ ਸਾਂ ਕਿ ਰਸਤੇ ਵਿਚ ਨਹਿਰ ਦੀ ਪਟੜੀ ਤੋਂ ਕੁਝ ਹਟਵੀਂ ਇਕ ਗੁਰਦੁਆਰਾ ਸਾਹਿਬ ਦੀ ਇਮਾਰਤ ਨਜ਼ਰੀਂ ਪਈ। ਸਾਡੀ ਮੁਸਾਫਰ-ਮੰਡਲੀ ਨੇ ਸਲਾਹ ਕੀਤੀ ਕਿ ਜਾਂਦੇ ਜਾਂਦੇ ਨਾਲੇ ਗੁਰੂ ਮਹਾਰਾਜ ਨੂੰ ਨਮਸਕਾਰ ਕਰ ਚੱਲੀਏ ਅਤੇ ਨਾਲੇ ਚਾਹ ਦਾ ਘੁੱਟ-ਘੁੱਟ ਪੀ ਚੱਲੀਏ। ਸਾਈਕਲ ਕੰਧ ਨਾਲ ਲਾ ਕੇ ਅਸੀਂ ਨਲਕੇ ਉੱਤੇ ਮੂੰਹ ਹੱਥ ਧੋਤਾ ਤੇ ਗੁਰਦੁਆਰਾ ਸਾਹਿਬ ਦੇ ਅੰਦਰ ਚਲੇ ਗਏ। ਸ਼ਾਇਦ ਅੰਦਰ ਅਖੰਡ ਪਾਠ ਚੱਲ ਰਿਹਾ ਸੀ। ਅਸੀਂ ਮੱਥਾ ਟੇਕ ਕੇ ਅੱਧਾ ਕੁ ਘੰਟਾ ਪਾਠ ਸੁਣਿਆ, ਫਿਰ ਪ੍ਰਸ਼ਾਦ ਲੈ ਕੇ ਲੰਗਰ ਵਲ ਚਲੇ ਗਏ। ਗਰਮਾ ਗਰਮ ਚਾਹ ਪੀਣ ਤੋਂ ਬਾਅਦ, ਸਾਡੇ ਜਥੇ ਦਾ ਇਕ ਸਿੰਘ ਜਿਹੜਾ ਕਿ ਇਸ ਗੁਰੂ-ਘਰ ਬਾਰੇ ਥੋੜ੍ਹੀ ਬਹੁਤੀ ਜਾਣਕਾਰੀ ਰੱਖਦਾ ਸੀ, ਸਾਨੂੰ ਦੱਸਣ ਲੱਗਾ ਕਿ ਜਦੋਂ ਇਸ ਗੁਰਦੁਆਰੇ ਦੀ ਇਮਾਰਤ ਬਣਾਉਣ ਲਈ ਨੀਹਾਂ ਪੁੱਟੀਆਂ ਜਾ ਰਹੀਆਂ ਸਨ, ਤਾਂ ਖੁਦਾਈ ਵੇਲੇ ਥੱਲਿਉਂ ਇਕ ਮੱਟ ਨਿਕਲਿਆ ਸੀ।

ਚਾਹ ਵਾਲੀਆਂ ਜੂਠੀਆਂ ਬਾਟੀਆਂ ਮਾਂਜਣ ਤੋਂ ਬਾਅਦ ਸਾਨੂੰ ਮੱਟ ਵਾਲੀ ਜਾਣਕਾਰੀ ਦੇਣ ਵਾਲਾ ਬੰਦਾ, ਲੰਗਰ 'ਚ ਘੁੰਮਦੇ ਨਿਹੰਗ ਸਿੰਘ ਨੂੰ ਬੜੀ ਸ਼ਰਧਾ-ਭਿੰਨੀ ਆਵਾਜ਼ 'ਚ ਪੁੱਛਣ ਲੱਗਿਆ- "ਬਾਬਾ ਜੀ, ਜਿਹੜਾ ਉਹ 'ਮੱਟ ਸਾਹਿਬ' ਇਥੋਂ ਲੱਭਿਆ ਸੀ, ਉਹ ਕਿੱਥੇ ਹੈ? ਅਸੀਂ ਉਹਦੇ 'ਦਰਸ਼ਨ' ਕਰਨੇ ਚਾਹੁੰਦੇ ਹਾਂ?"

ਨਿਹੰਗ ਸਿੰਘ ਸ਼ਾਇਦ ਪਹਿਲੋਂ ਹੀ ਭਰਿਆ ਭਿੱਜਿਆ ਪਿਆ ਸੀ। ਉਹ ਮੱਟ ਸਾਹਿਬ ਦਾ ਨਾਂ ਸੁਣਦਿਆਂ ਹੀ ਛਿੜ ਪਿਆ- "ਕੰਚਿਆ ਪਿਲਿਆ, ਗੁਰੂ ਦੇ ਦਰਸ਼ਨ ਕਰ ਕੇ ਤੇਰੀ ਰੂਹ ਨਹੀਂ ਰੱਜੀ, ਹੁਣ ਮੱਟ ਦੇਖ ਕੇ ਤ੍ਰਿਪਤ ਹੋ ਜਾਏਂਗਾ? ਜਿਹਦੇ ਅੱਗੇ ਕਲਗੀਆਂ ਵਾਲੇ ਪਾਤਸ਼ਾਹ ਨੇ ਵੀ ਸੀਸ ਝੁਕਾਇਆ ਸੀ, ਉਸਨੂੰ ਮੱਥਾ ਟੇਕ ਕੇ ਤਸੱਲੀ ਨਹੀਂ ਹੋਈ ਤੇਰੀ?...ਤੂੰ ਮੱਟ ਦਾ ਪੁਜਾਰੀ ਐਂ ਕਿ ਗੁਰੂ-ਗ੍ਰੰਥ ਦਾ?" ਨਿਹੰਗ ਸਿੰਘ ਦਾ ਗਗਨ ਦਮਾਮਾ ਵੱਜਣ ਜੈਸਾ ਉਪਦੇਸ਼, ਤੀਰਾਂ ਵਾਂਗ ਸ਼ੂਕਦਾ ਰਿਹਾ। ਉਸ ਦੀਆਂ ਲਾਲ ਹੋਈਆਂ ਅੱਖਾਂ ਅਤੇ ਉਸਦੇ ਕਮਰਕੱਸੇ ਵਿਚਲੀ ਸ੍ਰੀ ਸਾਹਿਬ ਦੇਖ ਕੇ ਅਸੀਂ ਕਾਹਲੀ ਕਾਹਲੀ ਬਾਹਰ ਆ ਕੇ ਜੋੜੇ ਪਾਉਣ ਲੱਗ ਪਏ।

ਹਾਲੇ ਅਸੀਂ ਜੁੱਤੀਆਂ ਪਾ ਕੇ, ਗੁਰੂਘਰ ਵਲ ਨੂੰ ਹੱਥ ਜੋੜਦਿਆਂ ਸਿਰ ਨਿਵਾ ਕੇ ਤੁਰੇ ਹੀ ਸਾਂ ਕਿ ਉਹੀ ਨਿਹੰਗ ਸਿੰਘ ਫਿਰ ਸਾਡੇ ਕੋਲ ਨੂੰ ਆ ਗਿਆ। ਅੱਖਾਂ ਤਾਂ ਉਸ ਦੀਆਂ ਹਾਲੇ ਵੀ ਲਾਲੀ ਦੀ ਭਾਅ ਮਾਰ ਰਹੀਆਂ ਸਨ, ਪਰ ਹੁਣ ਉਹ ਥੋੜਾ ਨਰਮਾਈ 'ਚ ਬੋਲਿਆ- "ਗੁਰਮੁਖੋ, ਉਹ ਮੱਟ ਅਸੀਂ ਰੱਖਿਆ ਤਾਂ ਸੀ, ਪਰ ਅੰਨ੍ਹੇ ਸ਼ਰਧਾਲੂ ਪਹਿਲਾਂ ਗੁਰੂ ਮਹਾਰਾਜ ਨੂੰ ਮੱਥਾ ਟੇਕ ਕੇ, ਫੇਰ ਮੱਟ ਨਾਲ ਮੱਥੇ ਰਗੜਨ ਲੱਗ ਪੈਂਦੇ ਸਨ। ਇਹ ਅਨਰਥ ਹੁੰਦਾ ਦੇਖ ਕੇ ਅਸੀਂ ਉਹ ਮੱਟ ਭੰਨ ਕੇ ਜਲ ਪ੍ਰਵਾਹ ਕਰ 'ਤਾ!"

ਸਾਡੇ ਵਿਚੋਂ ਹੋਰ ਤਾਂ ਕੋਈ ਨਾ ਬੋਲਿਆ। ਮੱਟ ਦੇ ਦਰਸ਼ਨਾਂ ਦਾ 'ਅਭਿਲਾਸ਼ੀ', ਆਪਣੇ ਸੁੱਕੇ ਬੁੱਲ੍ਹਾਂ 'ਤੇ ਜੀਭ ਫੇਰਦਿਆਂ ਭਰੜਾਈ ਜਿਹੀ 'ਵਾਜ਼ ਇੰਨਾ ਹੀ ਕਹਿ ਸਕਿਆ- "ਸਤਿ ਬਚਨ ਬਾਬਾ ਜੀ!"

***

ਸੱਠ ਕੁ ਸਾਲ ਦੀ ਉਮਰ ਨੂੰ ਢੁੱਕੀ ਇਕ ਮਾਤਾ, ਕਿਸੇ ਸੰਤਾਂ ਦੇ ਡੇਰੇ ਪਹੁੰਚੀ। ਡੇਰੇ ਦੇ ਮੁਖੀਏ ਬਾਬਾ ਜੀ ਦੇ ਮਨੋਹਰ ਬਚਨਾਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਬਿਨੈ ਕਰਨ ਲੱਗੀ- "ਮਹਾਰਾਜ, ਮੈਂ ਆਪ ਜੀ ਨੂੰ ਗੁਰੂ ਧਾਰਨਾ ਚਾਹੁੰਦੀ ਹਾਂ?" ਸੰਤ ਜੀ, ਮਾਈ ਦੇ ਧੌਲੇ ਸਿਰ ਵਲ ਗਹੁ ਨਾਲ ਦੇਖਦਿਆਂ ਕਹਿੰਦੇ ਕਿ ਮਾਤਾ ਤੂੰ ਹਾਲੇ ਤੱਕ ਨਿਗੁਰੀ ਹੀ ਐਂ? ਇੰਨੀ ਉਮਰ ਗਫ਼ਲਤ ਵਿਚ ਹੀ ਲੰਘਾ ਦਿੱਤੀ?"

"ਨਹੀਂ ਬਾਬਾ ਜੀ, ਐਸੀ ਗੱਲ ਤਾਂ ਨਹੀਂ!" ਸੰਤ ਜੀ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਮਾਤਾ ਨੇ ਸ਼ਿਜ਼ਰਾ ਖੋਲ੍ਹਿਆ-"ਸੰਤਾਂ-ਮਹਾਂਪੁਰਸ਼ਾਂ ਦੇ ਰਸੀਏ ਪਰਿਵਾਰ ਵਿਚ ਮੈਂ ਜਨਮੀ ਸਾਂ, ਉਦੋਂ ਮੈਂ ਹਾਲੇ ਬਚਪਨ ਵਿਚ ਹੀ ਸਾਂ ਜਦੋਂ ਸਾਡੇ ਟੱਬਰ ਦੇ ਗੁਰੂ ਜੀ ਚੜ੍ਹਾਈ ਕਰ ਗਏ। ਫਿਰ ਅਸੀਂ ਇਕ ਹੋਰ ਬਾਬਾ ਜੀ ਨੂੰ ਗੁਰੂ ਧਾਰ ਲਿਆ। ਜਵਾਨੀ ਤੱਕ ਮੈਂ ਉਨ੍ਹਾਂ ਦੀ ਹੀ ਸ਼ਰਧਾਲੂ ਰਹੀ। ਵਿਆਹ ਤੋਂ ਬਾਅਦ ਮੈਂ ਆਪਣੇ ਸਹੁਰਾ ਪਰਿਵਾਰ ਦੇ ਪੂਜਨੀਕ ਮਹਾਂਪੁਰਸ਼ਾਂ ਨੂੰ ਗੁਰੂ ਧਾਰ ਲਿਆ। ਲੇਕਿਨ ਮੇਰੀ ਨਿਕਰਮਣ ਦੀ ਬਦਕਿਸਮਤੀ, ਮੇਰੇ ਵਿਆਹ ਤੋਂ ਬਾਅਦ ਉਹ ਬਾਬਾ ਜੀ ਪ੍ਰਲੋਕ ਸਿਧਾਰ ਗਏ। ਬੜੀ ਮੁਸ਼ਕਿਲ ਨਾਲ ਅਸੀਂ ਇਕ ਹੋਰ ਮਹਾਂਪੁਰਖ ਢੂੰਡ ਕੇ, ਉਨ੍ਹਾਂ ਤੋਂ ਗੁਰ-ਦੀਖਿਆ ਲਈ। ਕੁਝ ਹੀ ਮਹੀਨਿਆਂ ਬਾਅਦ ਉਹ ਵੀ ਚੜ੍ਹਾਈ ਕਰ ਗਏ। ਸੋ ਹੁਣ ਆਪ ਦੇ ਚਰਨਾਂ 'ਚ ਹਾਜ਼ਰ ਹੋਈ ਹਾਂ ਜੀ।"

"ਬੀਬੀ, ਮੈਂ ਤੇਰਾ ਕੀ ਵਿਗਾੜਿਆ ਐ?" ਮਿੰਨ੍ਹੇ ਜਿਹੇ ਸ਼ਰਾਰਤੀ ਅੰਦਾਜ਼ ਨਾਲ ਬਾਬਾ ਜੀ ਆਖਣ ਲੱਗੇ- "ਮੈਂ ਤੈਨੂੰ ਤੁਰਦਾ ਫਿਰਦਾ ਚੰਗਾ ਨਹੀਂ ਲਗਦਾ?...ਹੁਣ ਤੂੰ ਮੇਰਾ ਭੋਗ ਪਾਉਣਾ ਚਾਹੁੰਨੀ ਏਂ?"

***

ਗੇਰੂਏ ਰੰਗੇ ਚੋਲੇ ਵਾਲੇ ਇਕ ਮਹਾਤਮਾ ਜੀ ਆਪਣੇ ਡੇਰੇ ਰਹਿੰਦੀ ਇਕ ਪਾਲਤੂ ਕੁੱਤੀ ਦੁਆਲੇ ਡੰਡਾ ਲੈ ਕੇ ਪਏ ਹੋਏ ਸਨ। ਉਸਦੇ ਇੱਧਰ ਉੱਧਰ ਸੋਟਾ ਮਾਰਦੇ ਹੋਏ ਕਹੀ ਜਾ ਰਹੇ ਸਨ- "ਦਫਾ ਹੋ ਜਾ ਇਥੋਂ, ਕਮਜਾਤ ਕਿਸੇ ਥਾਂ ਦੀ!" ਕੁੱਤੀ ਉੱਤੇ ਤਰਸ ਕਰਦਿਆਂ ਕਿਸੇ ਸ਼ਰਧਾਲੂ ਨੇ ਕ੍ਰੋਧੀ ਹੋਏ ਮਹਾਤਮਾ ਪਾਸੋਂ ਡੰਡਾ ਫੜਦਿਆਂ ਉਨ੍ਹਾਂ ਨੂੰ ਪੁੱਛਿਆ-"ਮਹਾਂਪੁਰਸ਼ੋ ਇਹਨੂੰ ਵਿਚਾਰੀ ਨੂੰ ਕਿਉਂ ਮਾਰੀ ਜਾ ਰਹੇ ਹੋ? ਕੁੱਤੇ ਤਾਂ ਬਹੁਤ ਵਫ਼ਾਦਾਰ ਹੁੰਦੇ ਨੇ!"

"ਸੁਆਹ ਏਹਦੀ ਵਫਾਦਾਰੀ!" ਖਫੇ ਹੋਏ ਸਾਧੂ ਨੇ ਕੁੱਤੀ ਦਾ 'ਕਸੂਰ' ਦੱਸਿਆ- "ਇਹਨੂੰ ਤਾਂ ਆਪਣੇ ਮਾਲਕ ਦੀ ਪਛਾਣ ਈ ਹੈ ਨਹੀਂ। ਜਿਹਦੇ ਭਗਵੀਂ ਧੋਤੀ ਜਾਂ ਭਗਵਾਂ ਚੋਲਾ ਪਾਇਆ ਦੇਖਦੀ ਐ, ਉਹਦੇ ਈ ਮਗਰੇ ਲੱਗ ਤੁਰਦੀ ਐ!!"

**ਗੇਰੂਏ ਰੰਗੇ ਚੋਲੇ ਵਾਲੇ ਇਕ ਮਹਾਤਮਾ ਜੀ ਆਪਣੇ ਡੇਰੇ ਰਹਿੰਦੀ ਇਕ ਪਾਲਤੂ ਕੁੱਤੀ ਦੁਆਲੇ ਡੰਡਾ ਲੈ ਕੇ ਪਏ ਹੋਏ ਸਨ। ਉਸਦੇ ਇੱਧਰ ਉੱਧਰ ਸੋਟਾ ਮਾਰਦੇ ਹੋਏ ਕਹੀ ਜਾ ਰਹੇ ਸਨ- "ਦਫਾ ਹੋ ਜਾ ਇਥੋਂ, ਕਮਜਾਤ ਕਿਸੇ ਥਾਂ ਦੀ!" ਕੁੱਤੀ ਉਤੇ ਤਰਸ ਕਰਦਿਆਂ ਕਿਸੇ ਸ਼ਰਧਾਲੂ ਨੇ ਕ੍ਰੋਧੀ ਹੋਏ ਮਹਾਤਮਾ ਪਾਸੋਂ ਡੰਡਾ ਫੜਦਿਆਂ ਉਨ੍ਹਾਂ ਨੂੰ ਪੁੱਛਿਆ- "ਮਹਾਂਪੁਰਸ਼ੋ ਇਹਨੂੰ ਵਿਚਾਰੀ ਨੂੰ ਕਿਉਂ ਮਾਰੀ ਜਾ ਰਹੇ ਹੋ? ਕੁੱਤੇ ਤਾਂ ਬਹੁਤ ਵਫ਼ਾਦਾਰ ਹੁੰਦੇ ਨੇ!" "ਸੁਆਹ ਏਹਦੀ ਵਫਾਦਾਰੀ!" ਖਫੇ ਹੋਏ ਸਾਧੂ ਨੇ ਕੁੱਤੀ ਦਾ 'ਕਸੂਰ' ਦੱਸਿਆ- "ਇਹਨੂੰ ਤਾਂ ਆਪਣੇ ਮਾਲਕ ਦੀ ਪਛਾਣ ਈ ਹੈ ਨਹੀਂ। ਜਿਹਦੇ ਭਗਵੀਂ ਧੋਤੀ ਜਾਂ ਭਗਵਾਂ ਚੋਲਾ ਪਾਇਆ ਦੇਖਦੀ ਐ, ਉਹਦੇ ਈ ਮਗਰੇ ਲੱਗ ਤੁਰਦੀ ਐ!!**

***

ਦੁਆਬੇ ਦੇ ਪਿੰਡਾਂ ਵਿਚ ਬਰਸਾਤ ਦੇ ਮੌਸਮ ਤੋਂ ਅਗੇਤਾ ਜਾਂ ਪਛੇਤਾ, ਪਸ਼ੂਆਂ ਦੀ ਸੁਖ-ਸਬੀਲੀ ਵਾਸਤੇ ਪਿੰਡ ਵਾਸੀਆਂ ਵਲੋਂ ਟੂਣਾ ਕਰਵਾਇਆ ਜਾਂਦਾ ਹੁੰਦਾ ਸੀ। ਅਨਪੜ੍ਹਤਾ ਅਤੇ ਘੋਰ ਜ਼ਹਾਲਤ ਨਾਲ ਡਕਾ-ਡੀਕ ਭਰਿਆ ਹੋਇਆ ਇਹ ਰਿਵਾਜ਼, ਹੁਣ ਬਹੁਤੇ ਪਿੰਡਾਂ ਵਿਚੋਂ ਤਾਂ ਉਡ ਗਿਐ, ਪਰ ਕਈ ਲਕੀਰ ਦੇ ਫਕੀਰ ਹਾਲੇ ਵੀ ਇਸ ਟੂਣੇਟਾਮਣ ਦੇ ਮੁਰੀਦ ਹੈਗੇ ਨੇ। ਕੋਈ ਚੇਲਾ, ਕੋਈ ਜੋਗੀ ਪੀਰ (ਜਿਸਨੂੰ ਆਮ ਪੇਂਡੂ ਲੋਕ 'ਸਿਆਣਾ' ਸੱਦਦੇ ਹੁੰਦੇ ਸਨ) ਇਕ ਰਾਤ ਪਹਿਲਾਂ ਆ ਕੇ ਪਿੰਡ ਦੀ ਕਿਸੇ ਸਾਂਝੀ ਥਾਂ ਬੈਠ ਜਾਂਦਾ। ਅੱਧੀ ਰਾਤ ਤੱਕ ਉਹ ਪਿੰਡ ਦੇ ਚੋਣਵੇਂ ਬੰਦਿਆਂ ਕੋਲੋਂ ਕਈ ਤਰ੍ਹਾਂ ਦੇ ਕਰਮ-ਕਾਂਡ ਜਿਹੇ ਕਰਵਾਉਂਦਾ ਰਹਿੰਦਾ। ਸੁਵਖ਼ਤੇ ਉੱਠ ਕੇ ਉਹ ਕੱਚੀ ਲੱਸੀ ਦੇ ਭਰੇ ਕੜਾਹੇ ਕੋਲ ਖੜਾ ਮੂੰਹ ਵਿਚ ਕੁਝ ਪੜ੍ਹਦਾ ਹੋਇਆ ਕੜਾਹੇ ਵਲ ਨੂੰ 'ਫੂ-ਫੂ' ਕਰਦਾ ਰਹਿੰਦਾ। ਉਸ ਤੋਂ ਬਾਅਦ ਜਾਂ ਤਾਂ ਇਕੋ ਥਾਂ ਤੋਂ ਪਿੰਡ ਦਾ ਸਾਰਾ ਚੌਣਾ ਲੰਘਾਇਆ ਜਾਂਦਾ ਤੇ ਲੰਘਦੇ ਪਸ਼ੂਆਂ ਉੱਪਰ ਸਪਰੇਅ ਕਰਨ ਵਾਂਗ, ਚੇਲਾ ਨਿੰਮ ਦੀਆਂ ਡਾਲੀਆਂ ਨਾਲ ਕੱਚੀ ਲੱਸੀ ਦੇ ਛਿੱਟੇ ਮਾਰਦਾ ਰਹਿੰਦਾ। ਜਾਂ ਫਿਰ ਪਿੰਡ ਦੇ ਤੇਜ਼-ਤਰਾਰ ਗੱਭਰੂ ਬਾਲਟੀਆਂ ਵਿਚ 'ਮੰਤਰੀ ਹੋਈ' ਕੱਚੀ ਲੱਸੀ, ਘਰ ਘਰ ਘੁੰਮ ਕੇ ਪਸ਼ੂਆਂ 'ਤੇ ਛਿੜਕਾਉਂਦੇ ਤੇ ਨਾਲ ਗੁੱਗਲ ਦਾ ਧੂੰਆਂ ਦਿੰਦੇ।

ਇਸ ਗੱਲ ਦਾ ਬਹੁਤ ਖਾਸ ਖਿਆਲ ਰੱਖਿਆ ਜਾਂਦਾ ਸੀ ਕਿ ਪਿੰਡ ਦੇ ਬਸੀਮੇਂ ਅੰਦਰ ਕੋਈ ਇਕ ਪਸ਼ੂ ਵੀ ਛਿੱਟਿਆਂ ਤੋਂ ਸੁੱਕਾ ਨਾ ਰਹਿ ਜਾਏ! ਨਹੀਂ ਤਾਂ 'ਇੱਲ-ਬਲਾ' ਦਾ ਖਤਰਾ ਬਰਕਰਾਰ ਰਹਿੰਦਾ ਸੀ। ਇਕ ਵਾਰ ਸਾਡੇ ਪਿੰਡ ਦੇ ਪਸ਼ੂਆਂ ਦਾ 'ਇਲਾਜ' ਕਰਨ ਵਾਸਤੇ 'ਬੀਤ' ਦੇ ਕਿਸੇ ਪਿੰਡ ਦਾ 'ਔਘੜ' ਆਇਆ ਹੋਇਆ ਸੀ। ਰਾਤ ਨੂੰ ਹੀ ਪਿੰਡ 'ਚ ਡੌਂਡੀ ਪਿਟਾਈ ਗਈ ਕਿ ਸਵੇਰੇ ਟੂਣੇ ਵੇਲੇ ਸਾਰੇ ਪਸ਼ੂ ਸੋਧੀਆਂ ਦੇ ਖੂਹ ਕੋਲੋਂ ਲੰਘਾਏ ਜਾਣ। ਹੋਰ ਸਾਰਾ ਕੁਝ ਤਾਂ ਠੀਕ ਠਾਕ ਚੱਲੀ ਗਿਆ, ਪਰ ਸਵੇਰੇ ਸਾਝਰੇ ਪੰਗਾ ਪੈ ਗਿਆ।

ਪਿੰਡ ਵਿਚ ਸਭ ਤੋਂ ਵਧ ਗਿਣਤੀ 'ਚ ਪਸ਼ੂ ਰੱਖਣ ਵਾਲੇ ਗਿਆਨੀ ਹਰਭਜਨ ਸਿੰਘ ਨੇ ਟੂਣੇ ਦੇ ਪ੍ਰਬੰਧਕਾਂ ਨੂੰ ਠੋਕ ਕੇ ਜਵਾਬ ਦੇ ਦਿੱਤਾ, ਕਿ ਮੈਂ ਆਪਣੇ ਕਿਸੇ ਪਸ਼ੂ 'ਤੇ ਵੀ ਟੂਣੇ ਦੇ ਛਿੱਟੇ ਨਹੀਂ ਮਰਵਾਉਣੇ ਅਤੇ ਨਾ ਹੀ ਮੈਂ ਇਸ ਭੰਡ-ਪਖੰਡ ਵਿਚ ਕਿਸੇ ਤਰ੍ਹਾਂ ਸ਼ਾਮਲ ਹੋਣਾ ਹੈ। ਮੈਂ ਤਾਂ ਗੁਰੂ ਘਰ ਦਾ ਨਿਮਾਣਾ ਜਿਹਾ ਸਿੱਖ ਹਾਂ। ਇਸ ਤੋਂ ਛੁੱਟ ਮੇਰਾ ਹੋਰ ਕਿਸੇ 'ਤੇ ਵੀ ਵਿਸ਼ਵਾਸ ਨਹੀਂ ਹੈ। ਪਿੰਡ ਦੇ ਕਈ ਬੰਦਿਆਂ ਨੇ ਉਸਨੂੰ ਮਨਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਟੱਸ ਤੋਂ ਮੱਸ ਨਾ ਹੋਇਆ। ਉਹ ਇਸ ਗੱਲ 'ਤੇ ਵੀ ਸਹਿਮਤ ਨਾ ਹੋਇਆ ਕਿ ਉਹਦੇ ਘਰੇ ਆ ਕੇ ਪਸ਼ੂਆਂ ਨੂੰ ਛਿੱਟੇ ਮਾਰ ਦਿੱਤੇ ਜਾਣ। ਆਖਰ ਉਸ ਦੇ ਇਕੋ ਇਕ ਘਰ ਨੂੰ ਛੱਡ ਕੇ ਬਾਕੀ ਸਾਰੇ ਪਿੰਡ ਦੇ ਚੌਣੇ ਦਾ ਟੂਣਾ ਕਰ ਦਿੱਤਾ ਗਿਆ।

ਕਰਨੀ ਰੱਬ ਦੀ, ਹਫਤੇ ਕੁ ਬਾਅਦ ਹੀ ਗਿਆਨੀ ਹਰਭਜਨ ਸਿੰਘ ਦੀ ਇਕ ਚੰਗੀ ਭਲੀ ਝੋਟੀ ਫੁੜਕ ਗਈ। ਇਹਤੋਂ ਦੋ ਦਿਨ ਮਗਰੋਂ ਇਕ ਬਲਦ ਮਰ ਗਿਆ। ਸਾਰੇ ਪਿੰਡ 'ਚ ਭਾਂਤ-ਭਾਂਤ ਦੀਆਂ ਗੱਲਾਂ ਹੋਣ ਲੱਗ ਪਈਆਂ। ਕੋਈ ਕਹੇ ਕਿ ਔਘੜ ਸਰਾਪ ਦੇ ਗਿਆ, ਕੋਈ ਉਸਨੂੰ 'ਸਿੱਖੀ ਦਾ ਚੱਕਿਆ' ਕਹੀ ਜਾਏ। ਜਿੰਨੇ ਮੂੰਹ ਉਨੀਆਂ ਗੱਲਾਂ! ਦੋਹ ਚਹੁੰ ਦਿਨਾਂ ਵਿਚ ਹੀ ਤੀਸਰੇ ਡੰਗਰ ਦੀ ਮੌਤ ਹੋ ਜਾਣ 'ਤੇ ਸਾਡੇ ਪਿੰਡ ਦੇ ਕਈ ਮੋਹਤਬਰ ਸੱਜਣ ਇਕੱਠੇ ਹੋ ਕੇ ਗਿਆਨੀ ਜੀ ਦੇ ਘਰ ਗਏ।

ਪਸ਼ੂਆਂ ਦੀ ਮੌਤ ਦਾ ਅਫਸੋਸ ਕਰਦਿਆਂ ਉਨ੍ਹਾਂ ਗਿਆਨੀ ਜੀ ਨੂੰ ਇਸ ਗੱਲ ਲਈ ਰਾਜੀ ਕਰਨ ਦੀ ਕੋਸ਼ਿਸ਼ ਕੀਤੀ ਕਿ ਹੁਣ ਤਾਂ ਉਹ ਔਖੜ ਕੋਲੋਂ ਆਪਣੇ ਪਸ਼ੂਆਂ ਦਾ 'ਬੰਨ੍ਹਣ' ਕਰਵਾਉਣ ਲਈ ਮੰਨ ਜਾਵੇ? ਪਰ ਹਮੇਸ਼ਾ ਅਡੋਲ ਰਹਿਣ ਵਾਲਾ ਸਿਦਕੀ ਹਰਭਜਨ ਸਿੰਘ ਪਿੰਡ ਵਾਸੀਆਂ ਨੂੰ ਧੀਰਜ ਤੇ ਤਹੰਮਲ ਨਾਲ ਕਹਿਣ ਲੱਗਾ- "ਭਰਾਵੋ, ਜੀਵਾਂ ਦਾ ਜੰਮਣ-ਮਰਨ ਸਭ ਵਾਹਿਗੁਰੂ ਦੇ ਹੱਥ-ਵੱਸ ਹੈ।...ਪਸ਼ੂਆਂ ਦਾ ਨੁਕਸਾਨ ਤਾਂ ਇਕ ਪਾਸੇ ਰਿਹਾ, ਜੇ ਮੇਰੇ ਟੱਬਰ 'ਤੇ ਵੀ ਕੋਈ ਹਬੀ-ਨਬੀ ਆ ਜਾਏ, ਮੈਂ ਤਾਂ ਫਿਰ ਵੀ ਕਿਸੇ ਔਘੜ ਅੱਗੇ ਹੱਥ ਨਹੀਂ ਅੱਡਣਾ।"

ਸਾਡੇ ਦੇਖਦਿਆਂ ਦੇਖਦਿਆਂ ਇਸ ਜਥੇਦਾਰ ਦੇ ਪਰਿਵਾਰ 'ਤੇ ਬੜੇ ਝੱਖੜ ਝੁੱਲੇ, ਪਰ ਇਹ ਅੱਜ ਕਲ ਵੀ ਇਕ ਗੁਰੂ-ਘਰ ਵਿਖੇ ਸੇਵਾ ਕਰਦਿਆਂ ਇਹ ਪੰਕਤੀਆਂ ਗੁਣਗੁਣਾਉਂਦਾ ਰਹਿੰਦਾ ਹੈ-

ਦਰ ਦਰ 'ਤੇ ਭਟਕਣ ਨਾਲੋਂ
ਇਕ ਦਰ ਦਾ ਹੋ ਕੇ ਬਹਿ ਜਾ!

# ਕੁੜਤੇ ਚੁੱਕ ਚੁੱਕ ਜ਼ਖਮ ਖੁਰਚਣ ਵਾਲੇ ਲੋਕ

–ਹਰਦੀਪ ਸਿੰਘ ਜਟਾਣਾ

ਸਾਡੇ ਜਿੰਨੇ ਵੀ ਲੋਕ ਅਣ-ਆਈ ਮੌਤੇ ਜਾਂ ਸਮੇਂ ਤੋਂ ਪਹਿਲਾਂ ਸੁਰਗਾਪੁਰੀ ਜਾ ਬਿਰਾਜਦੇ ਹਨ, ਉਨ੍ਹਾਂ ਵਿਚੋਂ ਵੱਡਾ ਹਿੱਸਾ ਕਿਸੇ ਦੇ ਸਤਾਏ ਹੋਏ ਮਰਦੇ ਹਨ। ਗੱਲ ਚਾਹੇ ਆਤਮ-ਹੱਤਿਆ ਕਰਨ ਵਾਲਿਆਂ ਦੀ ਹੋਵੇ ਜਾਂ ਫਿਰ ਬਹੁਤੇ ਲਾ ਇਲਾਜ ਰੋਗਾਂ ਵਾਲਿਆਂ ਦੀ। ਜਿੰਨਿਆਂ ਨੇ ਵੀ ਹੁਣ ਤਕ ਰੱਸੇ, ਰੱਸੀਆਂ, ਚੁੰਨੀਆਂ ਅਤੇ ਪੱਗਾਂ ਨਾਲ ਲਮਕ ਕੇ ਆਪਣੀ ਜੀਵਨ ਲੀਲਾ ਖਤਮ ਕੀਤੀ ਹੈ, ਉਨ੍ਹਾਂ ਵਿਚੋਂ ਬਹੁਤੇ ਲੋਕ ਹੱਦੋਂ ਵਧ ਸਤਾਏ ਹੋਏ ਸਨ। ਰੇਲਗੱਡੀ ਦੇ ਉੱਪਰ ਚੜ੍ਹਨ ਦੀ ਥਾਂ ਹੇਠਾਂ ਆਉਣ ਵਾਲੇ ਵੀ ਲੋਕਾਂ ਦੀਆਂ ਉਂਗਲਾਂ ਦੇ ਧੱਕੇ ਟੋਟੇ-ਟੋਟੇ ਹੋਏ ਹਨ। ਅੰਮ੍ਰਿਤ ਵਾਂਗ ਜ਼ਹਿਰਾਂ ਦੇ ਘੁੱਟ ਭਰਨ ਵਾਲਿਆਂ ਦਾ ਵੀ ਅੰਦਰੋਂ ਤਾਂ ਜਿਉਣ ਨੂੰ ਬੜਾ ਮਨ ਕਰਦਾ ਹੁੰਦੈ, ਪਰ ਕੌੜੀਆਂ ਅਤੇ ਬਦਲੇ-ਖੋਰ ਜੀਭਾਂ ਦੇ ਚੋਭਵੇਂ ਸ਼ਬਦ ਜੀਵਨ ਨੂੰ ਭਾਰੀ ਲੱਗਣ ਲਾ ਦਿੰਦੇ ਹਨ।

ਲੱਖਾਂ ਅਣ-ਆਈਆਂ ਮੌਤਾਂ ਦੇ ਸਬੰਧ ਵਿਚ ਹੋਈਆਂ ਖੋਜਾਂ ਅਤੇ ਪੜਤਾਲਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਆਤਮ-ਹੱਤਿਆ ਦਾ ਵੱਡਾ ਕਾਰਨ ਧੱਕੇਸ਼ਾਹੀਆਂ, ਧੋਖੇ, ਲੋਭ, ਕਾਣੀ ਵੰਡ ਅਤੇ ਦੂਸਰਿਆਂ ਵਲੋਂ ਪੈਦਾ ਕੀਤੀਆਂ ਪ੍ਰੇਸ਼ਾਨੀਆਂ ਹਨ। ਕਈ ਬੰਦੇ ਪੰਜ ਮਿੰਟਾਂ ਵਿਚ ਕਿਸੇ ਦੇ 24 ਘੰਟੇ ਖਰਾਬ ਕਰ ਜਾਂਦੇ ਹਨ। ਇਹ ਗੱਲ ਬਿਲਕੁਲ ਸਹੀ ਹੈ। ਇਸ ਤੋਂ ਵੀ ਵਧਕੇ ਕਈ ਲੋਕ ਪੰਜ ਮਿੰਟਾਂ ਵਿਚ ਕਿਸੇ ਦਾ ਪੂਰਾ ਜੀਵਨ ਹੀ ਖਰਾਬ ਕਰ ਦਿੰਦੇ ਹਨ। ਭਾਵੇਂ ਇਹ ਲੋਕ ਕਦੇ-ਕਦੇ ਅਣਜਾਣੇ ਵਿਚ ਹੀ ਬਹੁਤ ਵੱਡੀਆਂ ਘਟਨਾਵਾਂ ਨੂੰ ਅੰਜਾਮ ਦੇ ਦਿੰਦੇ ਹਨ।

ਸਾਨੂੰ ਬਹੁਤ ਸਾਰੇ ਐਸੇ ਇਨਸਾਨ ਮਿਲਣਗੇ ਜੋ ਨਾ ਆਪ ਜਿਉਂਦੇ ਨੇ ਅਤੇ ਨਾ ਹੀ ਕਿਸੇ ਹੋਰ ਨੂੰ ਚੈਨ ਨਾਲ ਜਿਉਣ ਦਿੰਦੇ ਨੇ। ਇਨ੍ਹਾਂ ਨੂੰ ਤੁਸੀਂ ਨਾਂਹ-ਪੱਖੀ ਸਮਾਜ ਦੇ ਸਿਖਰਲੇ ਕਲਕਾਰ ਕਹੋ ਜਾਂ ਫਿਰ ਸਿਰੇ ਦੇ ਨਿੰਜੀਵਦੀ, ਜੋ ਆਪਣੀ ਜੁਬਾਨ ਦੇ ਨਿੱਕੇ ਜਿਹੇ ਸ਼ਬਦਾਂ ਨਾਲ ਸੁਖੀ ਜੀਵਨ ਬਤੀਤ ਕਰਦੇ ਬੰਦਿਆਂ ਨੂੰ ਨਰਕ ਕੁੰਡ ਵਿਚ ਧੱਕ ਦਿੰਦੇ ਹਨ।

ਕਈ ਔਰਤਾਂ ਅਤੇ ਮਰਦ ਸਾਰਾ ਸਾਰਾ ਦਿਨ ਲੋਕਾਂ ਦੇ ਕਾਲਜੇ ਸਾੜਨ ਦਾ ਹੀ ਕੰਮ ਕਰਦੇ ਹਨ। ਇਹ ਲੋਕ ਤੁਰੇ ਜਾਂਦੇ ਹੀ ਰਾਹ 'ਚ ਮਿਲਣ ਵਾਲਿਆਂ ਨੂੰ ਆਪਣੇ ਮੈਲੇ ਸ਼ਬਦੀ ਖਜ਼ਾਨੇ 'ਚੋਂ ਦੋ ਚਾਰ ਐਸੇ ਸ਼ਬਦ ਆਖਦੇ ਨੇ ਕਿ ਸੁਣਨ ਵਾਲਾ ਸਾਰਾ ਸਾਰਾ ਦਿਨ ਸ਼ਬਦਾਂ ਦੀ ਉਧੇੜ-ਬੁਣ ਵਿਚ ਉਲਝ ਕੇ ਭੁੱਜਦਾ ਰਹਿੰਦਾ ਹੈ। ਪਿੰਡਾਂ ਦੇ ਲੋਕ ਐਸੇ ਲੋਕਾਂ ਨੂੰ ਭਾਵੇਂ ਕਾਲੀ ਜੀਭ ਵਾਲੇ ਆਖਦੇ ਹਨ, ਪਰ ਇਹ ਕੁਲਹਿਣੇ ਮਨੁੱਖ ਆਪਣੇ ਸ਼ਿਕਾਰ ਭਾਲ-ਭਾਲ ਹਮਲੇ ਕਰਦੇ ਹਨ। ਇਨ੍ਹਾਂ ਦਾ ਮੁੱਖ ਹਥਿਆਰ ਕਿਸੇ ਨੂੰ ਬੀਤੇ ਦੀਆਂ ਕੌੜੀਆਂ ਗੱਲਾਂ ਯਾਦ ਕਰਵਾਉਣਾ ਹੁੰਦਾ ਹੈ। ਇਹ ਲੋਕ ਬੰਦੇ ਨਾਲ ਬੀਤੀਆਂ ਗੱਲਾਂ ਦੇ ਕੌੜੇ ਤਜਰਬਿਆਂ ਨੂੰ ਉਜ ਦਾ ਪਾਣੀ ਪਾ ਕੇ ਹਰਾ ਕਰਦੇ ਹਨ। ਇਹ ਲੋਕ ਭਰਾਵਾਂ ਨੂੰ ਭੈਣ-ਭਰਾਵਾਂ ਵਲੋਂ ਕੀਤੇ ਅਹਿਸਾਨ ਯਾਦ ਕਰਵਾਉਂਦੇ ਹਨ।

ਇਨ੍ਹਾਂ ਦੇ ਗੁੱਝੇ ਤਾਅਨੇ, ਮਰ ਮਿਟਣ ਦੀਆਂ ਗੱਲਾਂ, ਚੱਪਣੀ 'ਚ ਨੱਕ ਡੁਬੋ ਕੇ ਮਰ ਜਾਣ ਦੀ ਨਸੀਹਤ ਅਤੇ ਨੱਕ ਵੱਢੇ ਜਾਣ ਦੀ ਦੁਹਾਈ ਘੁੱਗ ਵਸਦੇ ਘਰਾਂ ਨੂੰ ਯੁੱਧ ਦਾ ਮੈਦਾਨ ਬਣਾ ਦਿੰਦੀ ਹੈ। ਇਨ੍ਹਾਂ ਦਾ ਬਹੁਤਾ ਸਮਾਂ ਹੋਰਨਾਂ ਨੂੰ ਨਰਕ ਦੁਆਰ ਧੱਕਦੇ ਹੀ ਗੁਜ਼ਰਦਾ ਹੈ। ਇਹ ਨਿਕੰਮੇ ਮਨੁੱਖ ਸਵੇਰ ਦੇ ਸੁੱਚੇ ਵੇਲੇ ਜਾਂ ਫਿਰ ਸ਼ਾਮ ਨੂੰ ਸੂਰਜ ਦੀ ਵਿਦਾਈ ਸਮੇਂ ਜਿਵੇਂ ਹਮਲੇ ਕਰਦੇ ਹਨ। ਕੋਇਲਾ ਬਣ ਧੁਖਦੀਆਂ ਜਿੰਦਾ 'ਤੇ ਛੇੜਖਾਨੀਆਂ ਦੀ ਫੂਕ ਮਾਰ, ਇਹ ਲੋਕ ਝੱਟ ਦੇ ਕੇ ਮਿਹਣਿਆਂ ਦਾ ਫੂਸ ਸੁੱਟ ਜਾਂਦੇ ਹਨ ਅਤੇ ਧਰਮੀ ਲੋਕਾਂ ਵਲੋਂ ਸਬਰ ਸੰਤੋਖ ਦੇ ਛਿੱਟਿਆਂ ਨਾਲ ਠੰਢੀਆਂ ਕੀਤੀਆਂ ਟੁੱਟੇ ਰਿਸ਼ਤਿਆਂ ਦੀਆਂ ਭੱਠੀਆਂ ਭਾਂਬੜ ਬਣ ਲਟ-ਲਟ ਬਲਦੀਆਂ ਹਨ।

ਮਾੜੇ ਤਜ਼ਰਬਿਆਂ ਅਤੇ ਗੰਧਲੀ ਸੋਚ ਨਾਲ ਪਰੁੰਨੇ ਇਹ ਲੋਕ, ਲੋਕਾਂ ਦੇ ਕੁੜਤੇ ਚੁੱਕ-ਚੁੱਕ ਅੱਲ੍ਹੇ ਜ਼ਖਮ ਭਾਲਦੇ ਅਤੇ ਖੁਰਚਦੇ ਰਹਿੰਦੇ ਹਨ। ਮੇਰੇ ਧਿਆਨ ਮੁਤਾਬਕ ਤਾਂ ਪੰਜਾਬ ਦਾ ਕੋਈ ਵੀ ਐਸਾ ਨਾਗਰਿਕ ਨਹੀਂ ਹੋਣਾ, ਜੋ ਇਨ੍ਹਾਂ ਦੇ ਵਾਰ ਤੋਂ ਬਚਿਆ ਹੋਵੇ। ਕਦੇ ਨਾ ਕਦੇ ਕਿਸੇ ਨਾ ਕਿਸੇ ਥਾਂ ਹਰ ਇਕ ਨੂੰ ਹੀ ਐਸੇ ਲੋਕਾਂ ਦੀਆਂ ਹਰਕਤਾਂ ਅਤੇ ਸ਼ਬਦਾਂ ਦੇ ਜ਼ਹਿਰੀ ਹਮਲਿਆਂ ਕਾਰਨ ਪੂਰਾ ਪੂਰਾ ਦਿਨ ਤੜਫਣਾ ਪਿਆ ਹੋਵੇਗਾ। ਸਾਨੂੰ ਔਖਾ ਕਰਨ ਵਾਲੇ ਇਹ ਲੋਕ ਵੀ ਖੁਦ ਜ਼ਖ਼ਮੀ ਹੁੰਦੇ ਹਨ। ਅਸਲ ਵਿਚ ਆਪੇ 'ਤੇ ਬੀਤੀਆਂ ਘਟਨਾਵਾਂ ਨੂੰ ਇਹ ਲੋਕ ਹੋਰਨਾਂ 'ਤੇ ਵਰਤ ਕੇ ਖ਼ੁਦ ਸੌਖਾ ਹੋਣਾ ਚਾਹੁੰਦੇ ਹਨ।

ਆਪਣੇ ਘਰ ਮਚਦੇ ਭਾਂਬੜਾਂ ਦੀ ਤਿੱਖੀ ਰੋਸ਼ਨੀ ਅਤੇ ਰੂਹ ਪਿਘਲਾਉਂਦੇ ਸੇਕ ਤੋਂ ਡਰਦੇ ਇਹ ਲੋਕ ਸ਼ਾਂਤ ਵਸਦੇ ਘਰਾਂ ਦੇ ਠੰਢੇ ਪਰਿਵਾਰਕ ਸਰੋਵਰਾਂ ਵਿਚ ਨਫ਼ਰਤ ਦੇ ਰੋੜੇ ਮਾਰ ਕੇ ਐਸੀਆਂ ਭਿਆਨਕ ਲਹਿਰਾਂ ਪੈਦਾ ਕਰ ਜਾਂਦੇ ਹਨ, ਜੋ ਨਾ ਅੱਗੇ ਤੁਰਦੀਆਂ ਹਨ ਅਤੇ ਨਾ ਹੀ ਪਰਿਵਾਰਕ ਕਿਸ਼ਤੀ ਨੂੰ ਟਿਕਣ ਦਿੰਦੀਆਂ ਹਨ।

ਇਨ੍ਹਾਂ ਕਾਤਲ ਬਿਰਤੀ ਦੇ ਕੋਝੇ ਲੋਕਾਂ ਤੋਂ ਬਚਣ ਲਈ ਸਾਨੂੰ ਖੁਦ ਨੂੰ ਸ਼ਾਂਤੀ, ਸਬਰ ਅਤੇ ਸੋਝੀ ਦੇ ਕਵਚ ਪਹਿਨਣੇ ਪੈਣਗੇ, ਤਾਂ ਜੋ ਰਾਹ ਜਾਂਦੇ ਉਖੜੇ ਲੋਕਾਂ ਦੀਆਂ ਨਿੱਕੀਆਂ ਗੱਲਾਂ ਸੁਣ ਕੋਈ ਰਾਮ ਚੰਦਰ ਵਾਂਗ ਸੀਤਾ ਦਾ ਅਗਨੀ ਪਰੀਖਣ ਨਾ ਲਵੇ। ਬਚਣਾ, ਸਾਨੂੰ ਹੀ ਪੈਣਾ ਹੈ। ਇਹ ਨਾ ਤਾਂ ਆਪ ਜਿਉਂਦੇ ਨੇ ਅਤੇ ਨਾ ਜਿਉਣ ਦਿੰਦੇ ਨੇ।

## ਹਾਊਸਿੰਗ ਮਾਰਕੀਟ

# ਕੀ ਹੈ ਹੋਮਬਾਇਰ ਟੈਕਸ ਕਰੈਡਿਟ?

**ਬੀ.ਜੇ. ਸਿੰਘ**

ਸਾਲ 2009 ਦਾ ਅੱਧ ਗੁਜਰ ਗਿਆ ਹੈ ਪਰ ਅਜੇ ਵੀ ਅਜਿਹੇ ਘਰ ਖਰੀਦਦਾਰਾਂ ਦੀ ਕਮੀ ਨਹੀਂ ਜਿਹੜੇ ਇਸ ਦੁਚਿੱਤੀ ਵਿਚ ਪਏ ਹੋਏ ਹਨ ਕਿ ਮੈਂ ਘਰ ਹੁਣ ਖਰੀਦ ਲਵਾਂ ਜਾਂ ਅਜੇ ਕੁਝ ਹੋਰ ਮਹੀਨੇ ਉਡੀਕਾਂ ਕਿਉਂਕਿ ਉਹ ਸੋਚਦੇ ਹਨ ਜਾਂ ਉਨ੍ਹਾਂ ਨੂੰ ਜਾਇਦਾਦ ਮਾਹਿਰਾਂ ਨੇ ਦੱਸਿਆ ਹੈ ਕਿ ਜਾਇਦਾਦ ਦੀਆਂ ਕੀਮਤਾਂ ਅਜੇ ਹੋਰ ਥੱਲੇ ਆ ਸਕਦੀਆਂ ਹਨ। ਕੀ ਜਾਇਦਾਦ ਦੀਆਂ ਕੀਮਤਾਂ ਹੋਰ ਥੱਲੇ ਆਉਣਗੀਆਂ ਕਿ ਨਹੀਂ ਇਸ ਬਾਰੇ ਮੈਂ ਅਗਲੇ ਲੇਖ ਵਿਚ ਜ਼ਿਕਰ ਕਰਾਂਗਾ। ਇਸ ਲੇਖ ਵਿਚ ਮੈਂ ਹੋਮਬਾਇਰ ਟੈਕਸ ਕਰੈਡਿਟ ਜਾਂ ਘਰ ਦੇ ਖਰੀਦਦਾਰ ਨੂੰ ਮਿਲਣ ਵਾਲੀ ਟੈਕਸ ਛੋਟ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਜਿਵੇਂ ਕਿ ਤੁਹਾਨੂੰ ਪਤਾ ਹੀ ਹੈ ਹੋਮਬਾਇਰ ਟੈਕਸ ਕਰੈਡਿਟ ਬਾਰੇ ਖਰੀਦਦਾਰਾਂ, ਵਿਕਰੇਤਾਵਾਂ, ਲੋਨ ਅਫਸਰਾਂ ਅਤੇ ਰਿਐਲਟਰਾਂ ਵਿਚ ਚੋਖਾ ਭੰਬਲਭੂਸਾ ਹੈ। ਆਪਣੇ ਇਸ ਲੇਖ ਵਿਚ ਮੈਂ 2 ਟੈਕਸ ਕਰੈਡਿਟ ਕਾਨੂੰਨਾਂ ਬਾਰੇ ਸੰਖੇਪ ਵਿਚ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਜੇ ਤੁਹਾਨੂੰ ਇਨ੍ਹਾਂ ਟੈਕਸ ਛੋਟਾਂ ਬਾਰੇ ਹੋਰ ਸਵਾਲ ਹੋਣ ਤਾਂ ਤੁਸੀਂ ਟੈਕਸ ਸਲਾਹਕਾਰ ਜਾਂ ਸੀ ਪੀ ਏ ਨਾਲ ਸਲਾਹ ਮਸ਼ਵਰਾ ਕਰ ਸਕਦੇ ਹੋ। ਕੈਲੀਫੋਰਨੀਆ ਦੇ ਮਕਾਨ ਖਰੀਦਦਾਰਾਂ ਲਈ ਟੈਕਸਾਂ ਦਾ ਸਮਾਂ ਹੁਣ ਟੈਕਸ ਛੋਟਾਂ ਦਾ ਸਮਾਂ ਵੀ ਹੈ। ਹਾਲ ਹੀ ਵਿਚ ਬਣੇ ਦੋ ਕਾਨੂੰਨਾਂ ਸਦਕਾ ਕੈਲੀਫੋਰਨੀਆ ਵਿਚ ਘਰ ਖਰੀਦਦਾਰ ਨੂੰ ਆਪਣੇ ਅਮਰੀਕਨ ਸੁਪਨੇ ਦਾ ਟੁਕੜਾ ਖਰੀਦਣ ਉਤੇ 18 ਹਜ਼ਾਰ ਡਾਲਰ ਤੱਕ ਦੇ ਟੈਕਸ ਕਰੈਡਿਟ ਜਾਂ ਛੋਟਾਂ ਮਿਲ ਸਕਦੀਆਂ ਹਨ। ਇਹ ਦੋਵੇਂ ਟੈਕਸ ਛੋਟਾਂ ਪਹਿਲੀ ਵਾਰ ਘਰ ਖਰੀਦਣ ਵਾਲੇ ਲਈ ਹਨ, ਜਿਨ੍ਹਾਂ ਵਿਚੋਂ 8 ਹਜ਼ਾਰ ਡਾਲਰ ਫੈਡਰਲ ਕਾਨੂੰਨ ਅਧੀਨ ਅਤੇ 10 ਹਜ਼ਾਰ ਡਾਲਰ ਤੱਕ ਕੈਲੀਫੋਰਨੀਆ ਦੇ ਕਾਨੂੰਨ ਅਧੀਨ ਛੋਟ ਮਿਲਦੀ ਹੈ। ਇਨ੍ਹਾਂ ਦੋਹਾਂ ਟੈਕਸ ਛੋਟ ਕਾਨੂੰਨਾਂ ਬਾਰੇ ਸੰਖੇਪ ਜਾਣਕਾਰੀ ਹੇਠਾਂ ਦਰਜ ਕੀਤੀ ਗਈ ਹੈ:

### ਟੈਕਸ ਕਰੈਡਿਟ ਦੀ ਰਕਮ

**ਫੈਡਰਲ:**ਮਕਾਨ ਦੀ ਕੀਮਤ ਦਾ 10 ਫੀਸਦ ਜਿਸ ਦੀ ਹੱਦ 8 ਹਜ਼ਾਰ ਡਾਲਰ ਹੈ।

**ਕੈਲੀਫੋਰਨੀਆ:**ਖਰੀਦ ਕੀਮਤ ਦਾ 5% ਅਤੇ ਵੱਧ ਤੋਂ ਵੱਧ 10 ਹਜ਼ਾਰ ਡਾਲਰ।

ਸਭ ਟੈਕਸ ਅਦਾਕਾਰਾਂ ਨੂੰ ਦਿੱਤੀ ਜਾਣ ਵਾਲੀ ਕੁੱਲ ਟੈਕਸ ਛੋਟ ਵੱਧ ਤੋਂ ਵੱਧ 100 ਮਿਲੀਅਨ ਜਾਂ 10 ਕਰੋੜ ਡਾਲਰ ਹੋ ਸਕਦੀ ਹੈ ਜੋ ਕਿ ਪਹਿਲਾਂ ਆਓ, ਪਹਿਲਾਂ ਪਾਓ ਦੇ ਆਧਾਰ ਉਤੇ ਦਿੱਤੀ ਜਾਏਗੀ।

### ਮੁਢਲੀ ਰਿਹਾਇਸ਼

**ਫੈਡਰਲ:**ਹਾਂ, ਖਰੀਦੀ ਗਈ ਜਾਇਦਾਦ ਟੈਕਸ ਅਦਾਕਾਰ ਦੀ ਮੁਢਲੀ ਰਿਹਾਇਸ਼ ਹੋਣੀ ਚਾਹੀਦੀ ਹੈ ਜੋ ਕਿ ਆਮ ਕਰਕੇ ਟੈਕਸ ਅਦਾਕਾਰ ਦਾ ਘਰ ਹੈ, ਜਿਥੇ ਕਿ ਉਹ ਬਹੁਤਾ ਸਮਾਂ ਰਹਿੰਦਾ ਹੈ।

**ਕੈਲੀਫੋਰਨੀਆ:**ਹਾਂ, ਖਰੀਦੀ ਗਈ ਜਾਇਦਾਦ ਯੋਗ ਮੁਢਲੀ ਰਿਹਾਇਸ਼ ਹੋਣੀ ਚਾਹੀਦੀ ਹੈ ਅਤੇ ਮਕਾਨ ਮਾਲਕ ਲਈ ਜਾਇਦਾਦ ਟੈਕਸ ਤੋਂ ਛੋਟ ਲਈ ਯੋਗ ਹੋਣੀ ਚਾਹੀਦੀ ਹੈ।

### ਜਾਇਦਾਦ ਦੀ ਕਿਸਮ

**ਫੈਡਰਲ:**ਮਕਾਨ, ਕਾਂਡੋਮੀਨੀਅਮ, ਟਾਊਨ ਹੋਮ, ਨਿਰਮਿਤ ਘਰ (ਮੈਨਿਊਫੈਕਚਰਡ ਹੋਮ), ਅਪਾਰਟਮੈਂਟ ਕੋਆਪ੍ਰੇਟਿਵ, ਹਾਊਸ ਬੋਟ, ਹਾਊਸ ਟਰੇਲਰ ਜਾਂ ਅਮਰੀਕਾ ਵਿਚ ਸਥਿਤ ਹੋਰ ਕਿਸੇ ਤਰ੍ਹਾਂ ਦੀ ਜਾਇਦਾਦ।

**ਕੈਲੀਫੋਰਨੀਆ:**ਸਿੰਗਲ ਫੈਮਿਲੀ ਮਕਾਨ ਨਾਲ ਲੱਗਦਾ ਹੋਵੇ ਜਾਂ ਵੱਖਰਾ, ਕਾਂਡੋਮੀਨੀਅਮ, ਕੋਆਪ੍ਰੇਟਿਵ ਪ੍ਰਾਜੈਕਟ ਯੂਨਿਟ, ਨਿਰਮਿਤ ਘਰ ਜਾਂ ਮੋਬਿਲ ਹੋਮ।

### ਪਹਿਲੀ ਵਾਰ ਘਰ ਖਰੀਦਿਆ ਹੋਵੇ

**ਫੈਡਰਲ:**ਹਾਂ, ਖਰੀਦਦਾਰ (ਜਾਂ ਉਸ ਦੇ ਜੀਵਨ-ਸਾਥੀ) ਨੇ ਖਰੀਦ ਦੀ ਤਾਰੀਖ ਤੋਂ ਪਿਛਲੇ ਤਿੰਨ ਸਾਲ ਅੰਦਰ ਆਪਣੀ ਮੁਖ ਰਿਹਾਇਸ਼ ਲਈ ਘਰ ਨਾ ਖਰੀਦਿਆ ਹੋਵੇ।

**ਕੈਲੀਫੋਰਨੀਆ:**ਨਹੀਂ। ਜ਼ਰੂਰੀ ਨਹੀਂ ਕਿ ਖਰੀਦਦਾਰ ਪਹਿਲੀ ਵਾਰ ਘਰ ਖਰੀਦ ਰਿਹਾ ਹੋਵੇ।

### ਵਸੋਂ ਰਹਿਤ ਜਾਇਦਾਦ

**ਫੈਡਰਲ:**ਨਹੀਂ, ਜ਼ਰੂਰੀ ਨਹੀਂ ਕਿ ਜਾਇਦਾਦ ਵਿਚ ਪਹਿਲਾਂ ਵਸੋਂ ਹੋਈ ਹੋਵੇ ਜਾਂ ਨਾ।

**ਕੈਲੀਫੋਰਨੀਆ:**ਹਾਂ, ਵਿਕਰੇਤਾ ਇਸ ਗੱਲ ਦੀ ਤਸਦੀਕ ਕਰੇ ਕਿ ਜਾਇਦਾਦ ਵਿਚ ਪਹਿਲਾਂ ਕਦੇ ਵਸੋਂ/ਰਿਹਾਇਸ਼ ਨਹੀਂ ਸੀ। ਇਸ ਦਾ ਮਤਲਬ ਇਹ ਹੈ ਕਿ ਘਰ ਬਿਲਕੁਲ ਨਵਾਂ ਬਣਿਆ ਹੈ।

### ਮਾਲਕੀ ਦਾ ਘੱਟੋ ਘੱਟ ਸਮਾਂ

**ਫੈਡਰਲ:**ਖਰੀਦਦਾਰ ਖਰੀਦ ਤੋਂ ਬਾਅਦ ਘੱਟੋ ਘੱਟ 36 ਮਹੀਨੇ ਆਪਣੀ ਮੁਢਲੀ ਰਿਹਾਇਸ਼ ਰੱਖੇ, ਨਹੀਂ ਤਾਂ ਟੈਕਸ ਕਰੈਡਿਟ ਵਾਪਿਸ ਮੋੜਿਆ ਜਾਵੇ।

**ਕੈਲੀਫੋਰਨੀਆ:**ਖਰੀਦ ਤੋਂ ਬਾਅਦ ਖਰੀਦਦਾਰ ਦੀ 2 ਸਾਲ ਲਈ ਮੁਢਲੀ ਰਿਹਾਇਸ਼ ਰਹੇ। ਨਹੀਂ ਤਾਂ ਟੈਕਸ ਕਰੈਡਿਟ ਵਾਪਸ ਮੋੜਨਾ ਪਵੇਗਾ।

### ਆਮਦਨ ਦੀ ਹੱਦ

**ਫੈਡਰਲ:**ਹਾਂ, ਟੈਕਸ ਕਰੈਡਿਟ ਦੀ ਰਕਮ ਸੋਧੀ ਹੋਈ ਛੋਟਾਂ ਤੋਂ ਬਾਅਦ ਦੀ ਆਮਦਨ 75 ਹਜ਼ਾਰ ਡਾਲਰ (ਸਾਂਝੇ ਤੌਰ 'ਤੇ ਫਾਈਲ ਕਰਨ ਵਾਲਿਆਂ ਲਈ 150 ਹਜ਼ਾਰ ਡਾਲਰ) ਤੋਂ ਵਧਣ ਤੋਂ ਬਾਅਦ ਘਟਣ ਲੱਗ ਜਾਂਦੀ ਹੈ। ਜੇ ਆਮਦਨ 95 ਹਜ਼ਾਰ ਡਾਲਰ (ਜਾਂ ਸਾਂਝੇ ਤੌਰ 'ਤੇ ਫਾਈਲ ਕਰਨ ਵਾਲਿਆਂ ਲਈ 170 ਹਜ਼ਾਰ ਡਾਲਰ) ਹੋ ਜਾਵੇ ਤਾਂ ਕੋਈ ਟੈਕਸ ਛੋਟ ਨਹੀਂ ਮਿਲਦੀ।



*ਬਲਜੀਤ "ਬੀਜੇ" ਸਿੰਘ*
**ਫੋਨ: 559-908-6070**
e-mail:bj@usmorgagecenter.com

**ਕੈਲੀਫੋਰਨੀਆ:**ਆਮਦਨ ਦੀ ਕੋਈ ਬੰਦਸ਼ ਨਹੀਂ।

### ਖਰੀਦ ਦੀ ਤਾਰੀਖ

**ਫੈਡਰਲ:**ਪਹਿਲੀ ਜਨਵਰੀ 2009 ਤੋਂ 30 ਨਵੰਬਰ 2009 ਤੱਕ।

**ਕੈਲੀਫੋਰਨੀਆ:**ਪਹਿਲੀ ਮਾਰਚ 2009 ਤੋਂ 28 ਫਰਵਰੀ 2010, ਬਸ਼ਰਤੇ ਕਿ 100 ਮਿਲੀਅਨ ਡਾਲਰ ਦਾ ਫੰਡ ਖਤਮ ਨਾ ਹੋ ਜਾਵੇ।

### ਵਾਪਸੀਯੋਗ

**ਫੈਡਰਲ:**ਹਾਂ, ਦੇਣਯੋਗ ਟੈਕਸ ਨੂੰ ਘਟਾਉਣ ਲਈ ਨਾ ਵਰਤੀ ਗਈ ਟੈਕਸ ਕਰੈਡਿਟ ਦੀ ਕੋਈ ਵੀ ਰਕਮ ਟੈਕਸ ਅਦਾਕਾਰ ਨੂੰ ਮਿਲਣ ਵਾਲੇ ਟੈਕਸ ਦੇ ਰਿਫੰਡ ਦੀ ਚੈਕ ਵਿਚ ਜੋੜੀ ਜਾ ਸਕਦੀ ਹੈ।

**ਕੈਲੀਫੋਰਨੀਆ:**ਨਹੀਂ, ਤੁਸੀਂ ਸਿਰਫ ਕੈਲੀਫੋਰਨੀਆ ਸਟੇਟ ਨੂੰ ਦੇਣੇ ਬਣਦੇ ਟੈਕਸ ਨੂੰ ਹੀ ਘਟਾ ਸਕਦੇ ਹੋ।

### ਮੁੜ ਭੁਗਤਾਨ

**ਫੈਡਰਲ:**ਜੇ ਖਰੀਦਦਾਰ ਖਰੀਦੀ ਗਈ ਜਾਇਦਾਦ ਦਾ 36 ਮਹੀਨੇ ਤੱਕ ਮਾਲਕ ਰਹਿੰਦਾ ਹੈ ਅਤੇ ਉਸ 'ਤੇ ਆਪਣੀ ਮੁਢਲੀ ਰਿਹਾਇਸ਼ ਕਰਦਾ ਹੈ ਤਾਂ ਟੈਕਸ ਕਰੈਡਿਟ ਵਾਪਸ ਮੋੜਨ ਦੀ ਲੋੜ ਨਹੀਂ।

**ਕੈਲੀਫੋਰਨੀਆ:**ਜੇ ਖਰੀਦਦਾਰ ਖਰੀਦੀ ਗਈ ਜਾਇਦਾਦ ਦਾ 2 ਸਾਲ ਤੱਕ ਮਾਲਕ ਰਹਿੰਦਾ ਹੈ ਅਤੇ ਆਪਣੀ ਮੁਢਲੀ ਰਿਹਾਇਸ਼ ਰੱਖਦਾ ਹੈ ਤਾਂ ਟੈਕਸ ਕਰੈਡਿਟ ਮੋੜਨ ਦੀ ਲੋੜ ਨਹੀਂ।

### ਇਕ ਤੋਂ ਵੱਧ ਖਰੀਦਦਾਰ (ਆਪੋ ਵਿਚ ਵਿਆਹੇ ਹੋਏ ਨਹੀਂ)

**ਫੈਡਰਲ:**8 ਹਜ਼ਾਰ ਡਾਲਰ ਦੀ ਟੈਕਸ ਛੋਟ ਯੋਗ ਖਰੀਦਦਾਰਾਂ ਵਿਚ ਕਿਸੇ ਵੀ ਵਾਜਬ ਤਰੀਕੇ ਨਾਲ ਵੰਡੀ ਜਾ ਸਕਦੀ ਹੈ।

**ਕੈਲੀਫੋਰਨੀਆ:**10,000 ਡਾਲਰ ਦਾ ਟੈਕਸ ਕਰੈਡਿਟ ਯੋਗ ਟੈਕਸ ਅਦਾਕਾਰਾਂ ਵਿਚ ਉਨ੍ਹਾਂ ਦੀ ਮਾਲਕੀ ਦੀ ਪ੍ਰਤੀਸ਼ਤਤਾ ਦੇ ਹਿਸਾਬ ਵੰਡੀ ਜਾ ਸਕਦੀ ਹੈ।

### ਕਲੇਮ ਕਦੋਂ ਕੀਤਾ ਜਾਵੇ?

**ਫੈਡਰਲ:**ਪੂਰਾ ਟੈਕਸ ਕਰੈਡਿਟ ਸਾਲ 2008 ਜਾਂ 2009 ਦੀ ਟੈਕਸ ਰਿਟਰਨ ਉਤੇ ਕਲੇਮ ਕੀਤਾ ਜਾ ਸਕਦਾ ਹੈ।

**ਕੈਲੀਫੋਰਨੀਆ:**ਕੁਲ ਟੈਕਸ ਕਰੈਡਿਟ ਦਾ ਇਕ ਤਿਹਾਈ ਆਉਣ ਵਾਲੇ ਤਿੰਨ ਸਾਲਾਂ ਵਿਚ ਹਰ ਸਾਲ ਕਲੇਮ ਕੀਤਾ ਜਾ ਸਕਦਾ ਹੈ। (ਅਰਥਾਤ 2009 'ਚ 3333 ਡਾਲਰ, 2010 ਵਿਚ 3333 ਡਾਲਰ ਅਤੇ 2011 ਵਿਚ 3333 ਡਾਲਰ)

### ਕਿਵੇਂ ਫਾਈਲ ਕੀਤਾ ਜਾਵੇ?

**ਫੈਡਰਲ:**ਪਹਿਲੀ ਵਾਰ ਘਰ ਖਰੀਦਦਾਰ ਟੈਕਸ ਕਰੈਡਿਟ ਆਈ ਆਰ ਐਸ ਫਾਰਮ 5405 ਭਰਕੇ 2008 ਜਾਂ 2009 ਦੀ ਟੈਕਸ ਰਿਟਰਨ ਨਾਲ ਫਾਈਲ ਕੀਤਾ ਜਾ ਸਕਦਾ ਹੈ।

**ਕੈਲੀਫੋਰਨੀਆ:**ਟੈਕਸ ਕਰੈਡਿਟ ਲੈਣ ਲਈ ਇਕ ਖਾਸ ਵਿਧੀ ਨਿਰਧਾਰਿਤ ਹੈ ਜਿਸ ਵਿਚ ਨਿਊ ਹੋਮ ਕਰੈਡਿਟ ਫਾਰਮ 3528-ਏ ਲਈ ਅਰਜੀ ਦੇਣਾ ਵੀ ਸ਼ਾਮਲ ਹੈ।

### ਕਦੋਂ ਫਾਈਲ ਕੀਤਾ ਜਾਵੇ?

**ਫੈਡਰਲ:**ਫਾਰਮ 5405 ਸਾਲ 2008 ਜਾਂ 2009 ਦੀ ਟੈਕਸ ਰਿਟਰਨ ਨਾਲ ਦਾਇਰ ਕੀਤਾ ਜਾ ਸਕਦਾ ਹੈ।

**ਕੈਲੀਫੋਰਨੀਆ:**ਐਸਕਰੋ ਕਲੋਜ਼ ਹੋਣ ਦੇ ਇਕ ਹਫਤੇ ਦੇ ਅੰਦਰ ਅੰਦਰ ਫਰੈਂਚਾਈਜ਼ ਟੈਕਸ ਬੋਰਡ ਫਾਰਮ 3528-ਏ ਐਸਕਰੋ ਵਲੋਂ ਫੈਕਸ ਕੀਤਾ ਜਾਵੇ ਅਤੇ ਖਰੀਦਦਾਰ ਦੀ 2009 ਜਾਂ 2010 ਦੀ ਟੈਕਸ ਰਿਟਰਨ ਨਾਲ ਦਾਇਰ ਕੀਤਾ ਜਾਵੇ।

ਮੇਰਾ ਖਿਆਲ ਹੈ ਕਿ ਇਸ ਸੰਖੇਪ ਵੇਰਵੇ ਨਾਲ ਮੈਂ ਟੈਕਸ ਕਰੈਡਿਟ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇ ਦਿੱਤੇ ਹਨ। ਸੋ, ਜੇ ਤੁਸੀਂ ਘਰ ਖਰੀਦਿਆ ਹੈ ਅਤੇ ਇਸ ਕਰੈਡਿਟ ਦਾ ਲਾਭ ਅਜੇ ਨਹੀਂ ਉਠਾਇਆ, ਤੁਹਾਨੂੰ ਪਤਾ ਹੈ ਕਿ ਤੁਸੀਂ ਕੀ ਕਰਨਾ ਹੈ ਅਤੇ ਉਮੀਦ ਹੈ ਕਿ ਇਨ੍ਹਾਂ ਟੈਕਸ ਛੋਟਾਂ ਕਰਕੇ ਅੱਛੀ ਖਾਸੀ ਰਕਮ ਵੀ ਬਚਾ ਸਕੋਗੇ। ਜਿਹੜੇ ਖਰੀਦਦਾਰ ਅਜੇ ਘਰ ਖਰੀਦਣ ਦੇ ਅਮਲ ਵਿਚ ਹਨ ਉਨ੍ਹਾਂ ਨੂੰ ਐਸਕਰੋ ਟੈਕਸ ਕਰੈਡਿਟ ਖਤਮ ਹੋਣ ਤੋਂ ਪਹਿਲਾਂ ਪਹਿਲਾਂ ਕਲੋਜ਼ ਕਰ ਲੈਣੀ ਚਾਹੀਦੀ ਹੈ। ਇਕ ਗੱਲ ਪੱਕੀ ਹੈ ਕਿ ਜੇ ਅਰਥਚਾਰਾ ਜ਼ਰਾ ਵੀ ਮੋੜੇ ਦੇ ਸੰਕੇਤ ਦਿੰਦਾ ਹੈ ਤਾਂ ਕਾਂਗਰਸ ਭਵਿੱਖ ਵਿਚ ਅਜਿਹੇ ਟੈਕਸ ਕਰੈਡਿਟ ਦੇਣ ਦੀ ਫਰਾਖਦਿਲੀ ਨਹੀਂ ਦਿਖਾਏਗੀ। ਜਿਵੇਂ ਕਿ ਤੁਹਾਨੂੰ ਪਤਾ ਹੀ ਹੈ ਕਿ ਸਰਕਾਰ ਸਾਡੇ ਉਤੇ ਟੈਕਸ ਲਾਉਣ ਲਈ ਰਾਹ ਲੱਭਦੀ ਹੀ ਰਹਿੰਦੀ ਹੈ। ਕੌਣ ਜਾਣਦਾ ਹੈ ਕਿ ਸਰਕਾਰ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਉਤੇ ਹੀ ਟੈਕਸ ਠੋਕ ਦੇਵੇ। ਮੈਂ ਸਿਰਫ ਮਜ਼ਾਕ ਕਰ ਰਿਹਾ ਹਾਂ, ਪਰ ਮੇਰਾ ਖਿਆਲ ਹੈ ਕਿ ਤੁਸੀਂ ਮੇਰੀ ਗੱਲ ਸਮਝ ਗਏ ਹੋਵੋਗੇ। ਸੋ, ਜਾਓ ਛੇਤੀ ਕਰੋ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦੋ ਅਤੇ ਜੇ ਲੋਨ ਲੈਣ ਜਾਂ ਇਸ ਦੇ ਕਾਬਲ ਹੋਣ ਬਾਰੇ ਤੁਹਾਨੂੰ ਕੋਈ ਸਵਾਲ ਹੋਵੇ ਤਾਂ ਮੈਨੂੰ ਫੋਨ ਕਰਨ ਲਈ ਨਾ ਝਿਜਕੋ। ਚੇਤੇ ਰੱਖਣਾ ਕਿ ਕੈਲੀਫੋਰਨੀਆ ਵਿਚ ਤੁਸੀਂ ਕਿਤੇ ਵੀ ਘਰ ਖਰੀਦੋ ਜੇ ਤੁਸੀਂ ਯੋਗ ਹੋ ਤਾਂ ਮੈਂ ਤੁਹਾਨੂੰ ਲੋਨ ਲੈ ਕੇ ਦੇ ਸਕਦਾ ਹਾਂ।

ਇਸ ਲੇਖ ਬਾਰੇ ਤੁਹਾਡੇ ਮਨ ਵਿਚ ਜੇ ਕੋਈ ਸਵਾਲ ਹੈ ਤਾਂ ਤੁਸੀਂ ਮੈਨੂੰ ਫੋਨ 559-908-6070 'ਤੇ ਕਾਲ ਕਰ ਸਕਦੇ ਹੋ।

## ਜੀਵੇ ਪੰਜਾਬ

ਵਤਨ ਨੂੰ ਛੋੜ ਆਏ ਹਾਂ, ਜਿੱਥੇ ਉਮਰਾ ਬਿਤਾਈ ਸੀ।
ਵਤਨ ਦੇ ਨਾਲ ਕਰ ਆਏ, ਬੜੀ ਹੀ ਬੇ ਵਫ਼ਾਈ ਸੀ।
'ਹਰੇ ਪੱਤ' ਦਾ ਸੁਨੇਹਾ ਸੀ, ਜੜ੍ਹਾਂ ਤਕ ਹਿਲ ਗਿਆ ਸਾਰਾ,
ਜ਼ਮੀਂ ਦੇ ਵਾਸਤੇ ਜਿਸਨੇ, ਮਰਨ ਦੀ ਬਾਤ ਪਾਈ ਸੀ।
ਗਰਾਂ ਦੇ ਲੋਕ ਸਭ ਮੈਨੂੰ, ਰੁਖ਼ਸਤ ਕਰਨ ਲਈ ਆਏ,
ਜਿਵੇਂ ਇਸ ਜਨਮ ਦੇ ਅੰਦਰ, ਸੁਰਗ ਦੀ ਝਾਤ ਪਾਈ ਸੀ।

ਗੁਰੂ ਨੂੰ ਯਾਦ ਕਰ ਕਰ ਕੇ, ਸ਼ੁਕਰ ਲੱਖ ਕਰਦੀਆਂ ਮਾਂਵਾਂ,
ਜਿਗਰ 'ਚ ਬਹਤ ਹੀ ਗਹਿਰੀ, ਉਨ੍ਹਾਂ ਪੀੜਾ ਲੁਕਾਈ ਸੀ।
ਅਸਾਡੇ ਬਾਪ ਤਾਂ ਪਹਿਲਾਂ, ਸਮੇਂ ਤੋਂ ਬਿਰਧ ਹੋਏ ਸੀ,
ਤੁਰੇ ਜਦ, ਹੋਂਵਦੀ ਵੇਖੀ, ਡੰਗੋਰੀ ਵੀ ਪਰਾਈ ਸੀ।
ਘਰਾਂ ਨੂੰ ਲੱਗ ਗਏ ਤਾਲੇ, ਦਰਾਂ ਨੂੰ ਖਾ ਗਿਆ ਘੁਣ ਸੀ,
ਜਿਥੇ ਜੀ ਆਇਆਂ ਲਿਖਿਆ ਸੀ, ਉਥੇ ਸ਼ਮਸ਼ਾਨ ਛਾਈ ਸੀ।

ਬੜਾ ਸੀ ਸ਼ੋਰ ਪੱਤਣਾਂ 'ਤੇ, ਗ਼ਜ਼ਬ ਦੀ ਇਹ ਜੁਦਾਈ ਸੀ,
ਮੁਸਾਫ਼ਿਰ ਬਣ ਰਹੇ ਸਨ ਸਭ, ਦੁਹਾਈ ਹੀ ਦੁਹਾਈ ਸੀ।
ਵਤਨ ਵੀ ਸਾਂਭ ਨਾ ਸਕਿਆ, ਬੜਾ ਸੀ ਮਾਣ ਜਿਸ ਉਤੇ,
ਅਮੀਬੇ ਵਾਂਗ ਵਧ ਕੇ ਹੋ ਗਈ, ਵਸੋਂ ਸਵਾਈ ਸੀ।
ਤਖ਼ਤ 'ਤੇ ਬੈਠ ਕੇ ਜੋ ਕਰ ਰਹੇ ਸੇਵਾ ਪੁਜਾਰੀ ਸੀ,
ਉਨ੍ਹਾਂ ਨਾਟਕ ਰਚਾ ਕੇ ਖੂਬ ਖ਼ਲਕਤ ਮਗਰ ਲਾਈ ਸੀ।

ਵਤਨ ਬਰਬਾਦ ਸੀ ਕੀਤਾ,ਵਤਨ ਦੇ ਰਹਿਬਰਾਂ ਨੇ ਹੀ,
ਵਤਨ ਨੂੰ ਸੰਨ੍ਹ ਲਾ ਲਾ ਕੇ ਇਦ੍ਹੀ ਹਸਤੀ ਮਿਟਾਈ ਸੀ।
ਬਹੁਤ ਸੁਥਰਾ ਜਿਹਾ ਬੰਦਾ,ਤਖ਼ਤ ਨੂੰ ਰਾਸ ਆਇਆ ਸੀ,
ਵਤਨ ਨੂੰ ਬਹੁ ਚਿਰਾਂ ਮਗਰੋਂ,ਰਤਾ ਹੁਣ ਸੂਝ ਆਈ ਸੀ।
ਲਿਆਕਤ ਤੇ ਠਰ੍ਹੰਮੇ ਵਿਚ ਨਹੀਂ ਉਸਦਾ ਕੋਈ ਸਾਨੀ,
ਚੁਫੇਰੇ ਧਰਤ ਸਾਰੀ 'ਤੇ ਨਜ਼ਰ ਆਪਣੀ ਦੁੜਾਈ ਸੀ।
ਰਿਹਾ ਮਸਜਿਦ ਮੰਦਰ ਦੇ ਗਿਰਨ ਦਾ ਹੁਣ ਖ਼ੌਫ਼ ਨਾ ਕੋਈ,
ਦਿਲਾਂ ਦੀ ਬਾਤ ਹੀ ਜੀਕਣ ਜ਼ੁਬਾਂ 'ਤੇ ਉਤਰ ਆਈ ਸੀ।

*-ਸੁਹਿੰਦਰ ਬੀਰ*

*Visit us on the web: www.punjabtimesusa.com*

Welcome
Shan Indian Cuisine & Sweets
Welcome
LUNCH BUFFET
7.99 + TAX
11:00 am To 3:00 pm
Children under 7 years
Half Price
7610 B-1 PACIFIC AVE
STOCKTON, CA. 95207
PH: (209) 957-4995
FAX: (209) 957-1443
DINNER SERVE
5:00 pm To 10:00 pm
CATERING AVAILABLE
SPECIAL DISCOUNT
FOR RELIGIOUS FUNCTION
ਸਾਡੇ ਪਾਸ ਤਾਜ਼ਾ ਮਿਠਾਈਆਂ ਵੀ ਮਿਲਦੀਆਂ ਹਨ



several more verity available
We take orders on the phone
special discount for
religious function and wedding
OPEN 7 DAYS WEEK
11:00 AM TO 10:00 PM
BANQUET HALL IS AVAILABLE
FOR WEDDING AND PRIVATE PARTY
www.shanindiancuisine.com

# 'ਕੌਣ ਸਾਰ ਲਵੇ ਹਰ ਪੱਖੋਂ ਨਿਘਰ ਰਹੇ ਪੰਜਾਬ ਦੀ'

## ਮੁਲਾਕਾਤ

**ਦਲਬਾਰਾ ਸਿੰਘ ਮਾਂਗਟ**

ਪੰਜਾਬ ਦੇ ਬੌਧਿਕ ਅਤੇ ਚਿੰਤਕ ਹਲਕਿਆਂ ਵਿਚ ਇਹ ਚਿੰਤਾ ਦਿਨੋਂ ਦਿਨ ਵਧਦੀ ਜਾ ਰਹੀ ਹੈ ਕਿ ਪੰਜਾਬ ਨਾ ਸਿਰਫ ਸਭਿਆਚਾਰਕ ਅਤੇ ਆਰਥਿਕ ਪੱਖੋਂ ਦਿਨ ਬ ਦਿਨ ਗਰਕੀ ਵੱਲ ਵਧਦਾ ਜਾ ਰਿਹਾ ਹੈ ਸਗੋਂ ਇਥੋਂ ਦਾ ਪੌਣ ਪਾਣੀ ਵੀ ਦੂਸ਼ਿਤ ਹੁੰਦਾ ਜਾ ਰਿਹਾ ਹੈ। ਕਈ ਹਲਕਿਆਂ ਦਾ ਤਾਂ ਇਹ ਵੀ ਖਿਆਲ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਬਿਮਾਰੀਆਂ ਦਾ ਘਰ ਬਣ ਕੇ ਰਹਿ ਜਾਵੇਗਾ। ਇਸ ਸਬੰਧੀ ਸਭ ਤੋਂ ਵੱਡਾ ਦੋਸ਼ੀ ਪੰਜਾਬ ਦੇ ਤਥਾ ਕਥਿਤ ਹਰੇ ਇਨਕਲਾਬ ਨੂੰ ਮੰਨਿਆ ਜਾ ਰਿਹਾ ਹੈ ਜਿਸ ਦਾ ਲੜ ਫੜ੍ਹ ਕੇ ਪੰਜਾਬ ਦੇ ਲੋਕਾਂ ਨੇ ਇਕ ਪਾਸੇ ਤਾਂ ਫਸਲਾਂ ਉਤੇ ਰਸਾਇਣਾਂ ਦੀ ਅੰਨੀ ਵਰਤੋਂ ਕੀਤੀ ਅਤੇ ਦੂਜੇ ਪਾਸੇ ਕਣਕ ਝੋਨੇ ਦੇ ਚੱਕਰ ਵਿਚ ਪੈ ਕੇ ਧਰਤੀ ਹੇਠਲੇ ਪਾਣੀ ਦਾ ਨਾਸ ਮਾਰ ਕੇ ਰੱਖ ਦਿਤਾ। ਜੇ ਕੋਈ ਕਸਰ ਬਾਕੀ ਸੀ ਤਾਂ ਉਹ ਝੋਨੇ ਦੀ ਪਰਾਲੀ ਨੂੰ ਅੱਗ ਲਾ ਕੇ ਵਾਤਾਵਰਣ ਦੂਸ਼ਿਤ ਕਰ ਕੇ ਪੂਰੀ ਕਰ ਦਿੱਤੀ। ਪੰਜਾਬ ਦੀ ਸਨਅਤ ਤਾਂ ਪਹਿਲਾਂ ਹੀ ਰਸਾਇਣਕ ਜ਼ਹਿਰ ਬਿਨਾ ਰੋਕ ਦਰਿਆਵਾਂ ਵਿਚ ਰੋੜ੍ਹੀ ਜਾ ਰਹੀ ਸੀ। ਇਸ ਸਮੇਂ ਇਕ ਪਾਸੇ ਪੰਜਾਬ ਦਾ ਕਿਸਾਨ ਆਰਥਿਕ ਮਾਰ ਹੇਠ ਖੁਦਕੁਸ਼ੀਆਂ ਵੱਲ ਵਧ ਰਿਹਾ ਹੈ ਦੂਜੇ ਪਾਸੇ ਪੌਣ ਪਾਣੀ ਦੇ ਗੰਧਲੇਪਣ ਕਾਰਨ ਪੰਜਾਬ ਦੇ ਲੋਕਾਂ ਦੀ ਸਿਹਤ ਸਮੁੱਚੇ ਤੌਰ 'ਤੇ ਖਤਰੇ ਉਤੇ ਟੰਗੀ ਹੋਈ ਹੈ ਪਰ ਦੁਖਾਂਤ ਇਹ ਹੈ ਕਿ ਕਿਸੇ ਨੂੰ ਵੀ ਇਸ ਦੀ ਗੰਭੀਰ ਚਿੰਤਾ ਨਹੀਂ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਪੰਜਾਬ ਦੀ ਖੇਤੀ ਨੂੰ ਵਿਕਸਿਤ ਕਰਨ ਵਿਚ ਇਕ ਅਹਿਮ ਭੂਮਿਕਾ ਨਿਭਾਈ ਹੈ। ਕੈਲਮਜ਼ੂ (ਮਿਸ਼ੀਗਨ) ਦੇ ਦੌਰੇ ਉਤੇ ਆਏ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਰਿਟਾਇਰਡ ਹੋ ਚੁੱਕੇ ਅਧਿਆਪਕ ਡਾਕਟਰ ਹਰਦਿਆਲ ਸਿੰਘ ਬੈਂਸ ਨਾਲ ਇਨ੍ਹਾਂ ਹਾਲਾਤ ਬਾਰੇ ਪੱਤਰਕਾਰ ਦਲਬਾਰਾ ਸਿੰਘ ਮਾਂਗਟ ਦੀ ਲੰਮੀ ਵਿਚਾਰ ਹੋਈ। ਇਸ ਵਿਚਾਰ ਵਿਚੋਂ ਕੁਝ ਅੰਸ਼ ਪੇਸ਼ ਹਨ।

**ਸਵਾਲ-ਡਾਕਟਰ ਸਾਹਿਬ ਪਹਿਲਾਂ ਆਪਣੇ ਪਰਿਵਾਰਕ ਪਿਛੋਕੜ ਤੇ ਵਿਦਿਆ ਬਾਰੇ ਦੱਸੋ?**

-ਮੇਰਾ ਜਨਮ ਪਿੰਡ ਸਰਹਾਲੀ (ਅੰਮ੍ਰਿਤਸਰ) ਵਿਚ ਮਾਤਾ ਬਲਵੰਤ ਕੌਰ ਅਤੇ ਪਿਤਾ ਮਾਸਟਰ ਸ਼ੇਰ ਸਿੰਘ ਦੇ ਘਰ 1928 ਵਿਚ ਹੋਇਆ। ਮੁੱਢਲੀ ਵਿਦਿਆ ਪਿੰਡ ਦੇ ਹੀ ਸਕੂਲ ਤੋਂ ਹਾਸਲ ਕੀਤੀ। ਸੰਨ 1948 ਵਿਚ ਖਾਲਸਾ ਕਾਲਜ (ਅੰਮ੍ਰਿਤਸਰ) ਤੋਂ ਬੀ.ਐਸ.ਸੀ. (ਐਗਰੀ) ਕਰਕੇ 1965 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ-ਲੁਧਿਆਣਾ ਤੋਂ ਐਮ.ਐਸ.ਸੀ. ਮੁਕੰਮਲ ਕੀਤੀ। ਇਥੋਂ ਹੀ 1980 ਵਿਚ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ।

**ਸਵਾਲ-ਆਪਣੇ ਅਧਿਆਪਕ ਜੀਵਨ ਬਾਰੇ ਕੁਝ ਦੱਸੋ?**

-ਮੈਂ 1962 ਵਿਚ ਪੰਜਾਬ ਸਰਕਾਰ ਦੇ ਹੀ ਖੇਤੀ ਮਹਿਕਮੇ ਵਿਚ ਇੰਸਪੈਕਟਰ ਦੀ ਨੌਕਰੀ ਸ਼ੁਰੂ ਕੀਤੀ ਅਤੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਚ ਬਾਅਦ ਵਿਚ ਆਇਆ। ਉਦੋਂ ਤੋਂ ਹੀ ਪੀ.ਏ.ਯੂ. ਵਿਚ ਲਗਾਤਾਰ ਕੰਮ ਕੀਤਾ। ਐਮ.ਐਸ.ਸੀ. ਕਰਨ ਉਪਰੰਤ ਅਸਿਸਟੈਂਟ ਪ੍ਰੋਫੈਸਰ ਦੀ ਪਰਮੋਸ਼ਨ ਮਿਲ ਗਈ ਅਤੇ ਕਰਤਾਰ ਸਿੰਘ ਦੇ ਸਹਿਯੋਗ ਨਾਲ "ਕੈਰੋਂ ਕਿਸਾਨ ਘਰ" ਦੀ ਸੇਵਾ ਕਰਨ ਦਾ ਮੌਕਾ ਮਿਲਿਆ। ਮੈਂ ਯੂਨੀਵਰਸਿਟੀ ਵਿਚ ਪੰਜਾਬ ਕਿਸਾਨ ਕਲੱਬ ਦੀ 22 ਸਾਲ ਡਟ ਕੇ ਸੇਵਾ ਨਿਭਾਈ, ਜਿਸ ਦੌਰਾਨ ਪਿੰਡ ਪਿੰਡ ਜਾ ਕੇ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਸਮਝਿਆ ਅਤੇ ਵੱਖੋ-ਵੱਖ ਪ੍ਰੋਗਰਾਮਾਂ ਰਾਹੀਂ ਹੱਲ ਕਰਨ ਦੇ ਯਤਨ ਕੀਤੇ। ਹਰ ਸਾਲ ਨਵੇਂ ਵਿਦਿਆਰਥੀਆਂ ਦਾ ਪੂਰ ਲੰਘਾ ਕੇ ਮਨ ਨੂੰ ਤਸੱਲੀ ਰਹੀ ਕਿ ਸਮਾਜ ਲਈ ਕੁਝ ਕਰ ਰਿਹਾ ਹਾਂ। ਵਿਦਿਆਰਥੀਆਂ ਦੀ ਸੱਚੀ ਸੁੱਚੀ ਮੁਹੱਬਤ ਮੇਰਾ ਸਰਮਾਇਆ ਰਹੇਗੀ। ਇਸ ਸਮੇਂ ਦੀਆਂ ਬਹੁਤ ਸਾਰੀਆਂ ਯਾਦਾਂ ਬਹੁਤ ਸਾਲਾਂ ਤੱਕ ਮੇਰੇ ਨਾਲ ਨਿਭਦੀਆਂ ਰਹੀਆਂ ਹਨ। ਇਸ ਤੋਂ ਪਹਿਲਾਂ ਬਚਪਨ ਤੋਂ ਹੀ ਨਾਮਬਾਣੀ ਨਾਲ ਜੁੜੇ ਹੋਣ ਕਰਕੇ ਕੀਰਤਨ ਰਾਹੀਂ ਲੋਕਾਂ ਨੂੰ ਗੁਰੂਆਂ ਦੇ ਦੱਸੇ ਮਾਰਗ 'ਤੇ ਚੱਲਣ ਲਈ ਸੇਵਾ ਕੀਤੀ।

**ਸਵਾਲ-ਹਰੀ ਕ੍ਰਾਂਤੀ ਅਤੇ ਚਿੱਟੀ ਕ੍ਰਾਂਤੀ ਦਾ ਪੰਜਾਬ ਵਿਚ ਕੀ ਰੋਲ ਰਿਹਾ ਹੈ, ਕਿਉਂਕਿ ਇਹ ਦੋਵੇਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਮਦਦ ਨਾਲ ਹੀ ਚੱਲੀਆਂ?**

-ਹਰੀ ਕ੍ਰਾਂਤੀ ਦੇ ਜ਼ਰੀਏ ਫਸਲਾ ਦੇ ਵਧੀਆ ਬੀਜ ਅਤੇ ਖੇਤੀ ਦੇ ਨਵੇਂ ਸੰਦਾਂ ਦੀ ਵਰਤੋਂ ਰਾਹੀਂ ਪੰਜਾਬ ਵਿਚ ਖੇਤੀ ਉਤਪਾਦਨ ਕਈ ਗੁਣਾਂ ਵਧਿਆ। ਇਹ ਸੀ ਹਰੀ ਕ੍ਰਾਂਤੀ। ਚਿੱਟੀ ਕ੍ਰਾਂਤੀ ਨੂੰ ਸਹਿਕਾਰੀ ਧੰਦੇ ਵੀ ਕਿਹਾ ਜਾਂਦਾ ਹੈ, ਜਿਸ ਵਿਚ ਪੋਲਟਰੀ, ਦੁੱਧ, ਮੱਖਣ ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਮੱਛੀ ਪਾਲਣ ਅਤੇ ਸੂਰ ਪਾਲਣ ਜਿਹੇ ਸਹਾਇਕ ਧੰਦੇ ਵੀ ਕਿਸਾਨ ਦੀ ਮਾਲੀ ਹਾਲਤ ਸੁਧਾਰਨ ਲਈ ਵਿਕਸਿਤ ਕੀਤੇ ਗਏ। ਇਹ ਤਜ਼ਰਬਾ ਕਾਫੀ ਹੱਦ ਤੱਕ ਕਾਮਯਾਬ ਸਿੱਧ ਹੋਇਆ।

**ਸਵਾਲ-ਪੰਜਾਬ ਵਿਚ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾਣਾ ਇਕ ਗੰਭੀਰ ਚਿੰਤਾ ਦਾ ਵਿਸ਼ਾ ਬਣ ਰਿਹਾ ਹੈ, ਉਤੋਂ ਦਰਿਆਈ ਪਾਣੀ ਦਾ ਵਿਵਾਦ ਵੀ ਉਸੇ ਤਰ੍ਹਾਂ ਖੜ੍ਹਾ ਹੈ, ਇਸ ਦਾ ਕੋਈ ਹੱਲ?**



-ਇਸ ਵਿਚ ਕੋਈ ਸ਼ੱਕ ਵਾਲੀ ਗੱਲ ਨਹੀਂ ਹੈ ਕਿ ਅੱਜ ਪੰਜਾਬ ਲਈ ਪਾਣੀ ਇਕ ਸੰਕਟ ਬਣਿਆ ਹੋਇਆ ਹੈ ਅਤੇ ਕੁਝ ਇਲਾਕੇ ਜਿਵੇਂ ਕਿ ਸੰਗਰੂਰ, ਮੋਗਾ ਅਤੇ ਲੁਧਿਆਣਾ ਆਦਿ ਗੰਭੀਰ ਸਥਿਤੀ ਵਿਚ ਹਨ। ਕਿਉਂਕਿ ਕੁਝ ਵਰ੍ਹਿਆਂ ਵਿਚ ਪਾਣੀ 15 ਤੋਂ 20 ਮੀਟਰ ਥੱਲੇ ਚਲਿਆ ਗਿਆ ਹੈ। ਹਕੀਕਤ ਇਹ ਹੈ ਕਿ ਪੰਜਾਬ ਵਿਚ ਲੱਖਾਂ ਦੀ ਤਦਾਦ ਵਿਚ ਟਿਊਬਵੈਲ ਝੋਨੇ ਦੀ ਫਸਲ ਦੀ ਪਾਣੀ ਦੀ ਲੋੜ ਪੂਰੀ ਕਰਨ ਕਰਕੇ ਧਰਤੀ ਦੇ ਹੇਠਲੇ ਪੱਧਰ ਨੂੰ ਘਟਾਉਣ ਦੀ ਭੂਮਿਕਾ ਨਿਭਾਅ ਰਹੇ ਹਨ। ਇਸ ਨੂੰ ਘੱਟ ਪਾਣੀ ਦੀ ਲੋੜ ਵਾਲੀਆਂ ਫਸਲਾਂ, ਸਬਜ਼ੀਆਂ, ਦਾਲਾਂ, ਫਰੂਟ ਆਦਿ ਵਿਚ ਤਬਦੀਲ ਕਰਨਾ ਫਾਇਦੇਵੰਦ ਹੋ ਸਕਦਾ ਹੈ। ਦੂਸਰੀ ਸਮੱਸਿਆ ਇਹ ਕਿ ਪੰਜਾਬ ਦੇ ਦਰਿਆਈ ਪਾਣੀਆਂ, ਸਤਲੁਜ, ਬਿਆਸ ਨੂੰ ਨਹਿਰਾਂ ਰਾਹੀਂ ਰਾਜਸਥਾਨ, ਹਰਿਆਣਾ ਵਰਗੇ ਰਾਜਾਂ ਦੇ ਹਵਾਲੇ ਕਰਨ ਕਰਕੇ ਵੀ ਪੰਜਾਬ ਦੀ ਧਰਤੀ ਮਾਰੂਥਲੀ ਜਕੜ ਵਿਚ ਆਈ ਹੈ। ਇਹ ਕੇਂਦਰੀ ਅਤੇ ਰਾਜਸੀ ਸਰਕਾਰਾਂ ਦੀਆਂ ਗਲਤ ਨੀਤੀਆਂ ਦਾ ਸਿੱਟਾ ਹੈ।

**ਸਵਾਲ-ਪ੍ਰਦੂਸ਼ਣ ਅਤੇ ਗਲੋਬਲ ਵਾਰਮਿੰਗ ਦਾ ਪੰਜਾਬ ਦੇ ਵਾਤਾਵਰਣ ਉਪਰ ਕੀ ਪ੍ਰਭਾਵ ਪੈ ਰਿਹਾ ਹੈ?**

-ਇਹ ਦੋਵੇਂ ਅੱਜ ਸੰਸਾਰ ਪੱਧਰੀ ਸਮੱਸਿਆਵਾਂ ਹਨ, ਜਿਸ ਬਾਰੇ ਸੰਯੁਕਤ ਰਾਸ਼ਟਰ ਅਤੇ ਵਿਸ਼ਵ ਸਿਹਤ ਸੰਗਠਨ ਵਲੋਂ ਲੋੜੀਂਦੀਆਂ ਹਦਾਇਤਾਂ ਵੀ ਦਿੱਤੀਆਂ ਜਾਂਦੀਆਂ ਹਨ। ਜਿਥੋਂ ਤੱਕ ਪੰਜਾਬ ਦਾ ਸਬੰਧ ਹੈ ਕਿਸੇ ਨੂੰ ਕੋਈ ਪ੍ਰਵਾਹ ਹੀ ਨਹੀਂ ਅਤੇ ਨਾ ਹੀ ਇਸ ਬਾਰੇ ਕੋਈ ਬਹੁਤੀ ਜਾਣਕਾਰੀ ਹੈ। ਕਿਉਂਕਿ ਅਜੇ ਵੀ ਪਿੰਡਾਂ ਵਿਚ ਪਰਾਲੀ, ਗੋਹਾ, ਪਾਥੀਆਂ ਦਾ ਇਸਤੇਮਾਲ ਉਸੇ ਤਰ੍ਹਾਂ ਜਾਰੀ ਹੈ। ਇਸ 'ਤੇ ਕਾਬੂ ਪਾਉਣ ਲਈ ਲੰਮੀ ਯੋਜਨਾਬੰਦੀ ਦੀ ਲੋੜ ਹੈ। ਸਨਅਤੀ ਗੰਧਲੇਪਣ ਦੇ ਬੇਰੋਕ ਨਿਕਾਸ ਕਰਕੇ ਖਾਸ ਕਰ ਲੁਧਿਆਣਾ ਦੇ ਇਰਦ ਗਿਰਦ ਦਾ ਇਲਾਕਾ ਜ਼ਹਿਰੀਲਾ ਬਣ ਚੁੱਕਿਆ ਹੈ, ਜਿਸ ਦਾ ਨਤੀਜਾ ਇਹ ਹੈ ਕਿ ਲੋਕ ਤਰ੍ਹਾਂ-ਤਰ੍ਹਾਂ ਦੀਆਂ ਬੀਮਾਰੀਆਂ ਦੇ ਸ਼ਿਕਾਰ ਬਣ ਰਹੇ ਹਨ। ਕੈਮੀਕਲ ਫੈਕਟਰੀਆਂ ਨੂੰ ਰਿਹਾਇਸ਼ੀ ਏਰੀਏ ਤੋਂ ਦੂਰ ਰੱਖਿਆ ਜਾਣਾ ਚਾਹੀਦਾ ਹੈ ਅਤੇ ਪ੍ਰਦੂਸ਼ਣ ਸਬੰਧੀ ਉਲੰਘਣਾ ਕਰਨ ਵਾਲਿਆਂ ਨੂੰ ਮੋਟੇ ਜੁਰਮਾਨੇ ਹੋਣੇ ਚਾਹੀਦੇ ਹਨ। ਕੁਝ ਦੇਸ਼ਾਂ ਫਰਾਂਸ, ਹਾਲੈਂਡ ਅਤੇ ਸਵਿਟਜਰਲੈਂਡ ਆਦਿ ਵਿਚ ਪ੍ਰਦੂਸ਼ਣ ਸਿਫਰ ਦੇ ਬਰਾਬਰ ਹੈ ਅਤੇ ਇਸ ਬਾਰੇ ਸਕੂਲਾਂ ਕਾਲਜਾਂ ਵਿਚ ਇਹ ਇਕ ਸਿਲੇਬਸ ਬਣ ਚੁੱਕਿਆ ਹੈ।

**ਸਵਾਲ-ਪੰਜਾਬ ਅੱਜ ਨਸ਼ਿਆਂ ਦੀ ਲਪੇਟ ਵਿਚ ਹੈ, ਇਸ ਦਾ ਜ਼ਿੰਮੇਵਾਰ ਕੌਣ?**

-ਨਸ਼ੇ ਪੰਜਾਬ ਲਈ ਇਕ ਕੈਂਸਰ ਦੀ ਬਿਮਾਰੀ ਬਣ ਚੁੱਕੇ ਹਨ। ਕੀ ਬੱਚਾ ਤੇ ਕੀ ਵੱਡਾ ਸੱਭ ਨਸ਼ਿਆਂ ਦੀ ਲਪੇਟ ਵਿਚ ਘਿਰੇ ਹੋਏ ਹਨ। ਇੱਥੋਂ ਤੱਕ ਕਿ ਲੜਕੀਆਂ ਵੀ ਇਸ ਦਾ ਸਵਾਦ ਲੈ ਚੁੱਕੀਆਂ ਹਨ, ਜਿਹੜਾ ਸਮਾਜ ਲਈ ਇਕ ਬੜੀ ਬੇਭਾਗੀ ਗੱਲ ਹੈ। ਪੰਜਾਬ ਵਿਚ ਜਦੋਂ ਦਾ ਭੱਈਆ ਪ੍ਰਵੇਸ਼ ਹੋਇਆ, ਉਦੋਂ ਤੋਂ ਨਸ਼ਿਆਂ ਵਿਚ ਵਾਧਾ ਹੋਇਆ ਹੈ ਅਤੇ ਅੱਜ ਇਹ ਸਮੱਸਿਆ ਇਕ ਵੱਡੀ ਚੁਣੌਤੀ ਬਣੀ ਹੋਈ ਹੈ। ਪਰ ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ, ਭਾਵ ਸਰਕਾਰੀ ਏਜੰਸੀਆਂ ਹੀ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਚੇਟਕ ਲਾਉਣ ਵਿਚ ਰੁਝ ਜਾਣ, ਫਿਰ ਸੁਧਾਰ ਦੀ ਗੁੰਜਾਇਸ਼ ਪਤਲੀ ਪੈ ਜਾਂਦੀ ਹੈ। ਇਹੋ ਜਿਹੇ ਹਾਲਾਤ ਵਿਚ "ਤੂੰ ਮੇਰਾ ਰਾਖਾ ਸਭਨੀ ਥਾਈਂ" ਦੇ ਸ਼ਬਦਾਂ ਨਾਲ ਹੀ ਮਨ ਨੂੰ ਤਸੱਲੀ ਦਿੱਤੀ ਜਾ ਸਕਦੀ ਹੈ। ਬਿਹਤਰ ਇਹੋ ਹੋਵੇਗਾ ਕਿ ਪੰਜਾਬ ਦੇ ਲੋਕ ਖੁਦ ਹੀ ਇਸ ਜ਼ਹਿਰ ਤੋਂ ਵਾਕਫ ਹੋਣ।

**ਸਵਾਲ-ਆਪਣੀ ਕਿਤਾਬ "ਰੂਹਾਨੀ ਸਧਰਾਂ" ਬਾਰੇ ਕੁਝ ਦੱਸੋ?**

-ਇਹ ਕਿਤਾਬ ਨਵੀਂ ਪੀੜ੍ਹੀ ਦੇ ਗੁਰਸਿੱਖ ਬੱਚਿਆਂ ਵਿਚ ਗੁਰਮਤਿ ਦੇ ਪ੍ਰਚਾਰ ਨੂੰ ਸਮਰਪਿਤ ਹੈ। ਇਸ ਪੁਸਤਕ ਵਿਚ ਕਵਿਤਾ ਅਤੇ ਵਾਰਤਕ ਰਾਹੀਂ ਗੁਰੂ ਸਾਹਿਬਾਨਾਂ ਵਲੋਂ ਦਰਸਾਏ ਮਾਰਗ ਦੀ ਸਰਲ ਵਿਆਖਿਆ ਕਰਨ ਦਾ ਯਤਨ ਕੀਤਾ ਗਿਆ ਹੈ। ਮੇਰੀ ਇਹੋ ਇੱਛਾ ਹੈ ਕਿ ਇਸ ਨੂੰ ਪੜ੍ਹ ਕੇ ਵਧ ਤੋਂ ਵਧ ਲੋਕ ਲਾਭ ਲੈਣ ਅਤੇ ਰੱਬ ਕਰੇ ਮਨੁੱਖ ਦੇ ਮਨ ਵਿਚ ਸਰਬੱਤ ਦੇ ਭਲੇ ਜਿਹੀ ਭਾਵਨਾ ਬਰਕਰਾਰ ਰਹੇ। ਲੋਕ ਦੇਹੀ ਦੇ ਸੁੱਖ ਸਾਧਨ ਜੁਟਾਉਣ ਵਿਚ ਹੀ ਨਾ ਲੱਗੇ ਰਹਿਣ ਬਲਕਿ ਕੁਝ ਪਲ ਰੂਹ ਦੇ ਰੱਜ ਲਈ ਵੀ ਕੱਢਣ।

**ਸਵਾਲ-ਪੰਜਾਬ ਬਾਰੇ ਹੋਰ ਕੁਝ ਕਹਿਣਾ ਚਾਹੋਗੇ?**

-ਪੰਜਾਬ ਵਿਚ ਬਿਜਲੀ, ਤੇਲ, ਪਾਣੀ, ਮਾਰਕੀਟਿੰਗ ਦਾ ਬੁਨਿਆਦੀ ਢਾਂਚਾ ਲਗਾਤਾਰ ਗਰਕ ਰਿਹਾ ਹੈ। ਰਾਜਨੀਤਕ ਢਾਂਚੇ ਦਾ ਵਿਗਾੜ ਇਸ ਸਭ ਕਾਸੇ ਦੀ ਜੜ੍ਹ ਹੈ। ਰਿਸ਼ਵਤ ਇਕ ਆਮ ਰਸਤਾ ਬਣ ਗਿਆ ਹੈ। ਰਾਜ ਨੂੰ ਹਰਿਆ ਭਰਿਆ ਰੱਖਣ ਲਈ ਦਰਖ਼ਤਾਂ ਨੂੰ ਗੰਨਿਆਂ ਵਾਂਗ ਵੱਢਣ ਦੀ ਬਜਾਏ, ਨਵੇਂ ਦਰਖ਼ਤ ਲਾਉਣੇ ਚਾਹੀਦੇ ਹਨ। ਇਹੋ ਜਿਹਾ ਕੰਮ ਸਕੂਲਾਂ ਦੇ ਬੱਚਿਆਂ ਤੋਂ ਸ਼ੁਰੂ ਕੀਤਾ ਜਾ ਸਕਦਾ ਹੈ। ਨਸ਼ਿਆਂ, ਪ੍ਰਦੂਸ਼ਣ ਗਲੋਬਲ ਵਾਰਮਿੰਗ ਬਾਰੇ ਕਾਉਂਸਲਿੰਗ, ਸਮੇਂ ਦੀ ਬੇਹੱਦ ਜ਼ਰੂਰਤ ਹੈ। ਖੇਤੀ ਸਬੰਧੀ ਖੋਜ ਤੇਜ ਕਰਕੇ ਕਿਸਾਨ ਦੀ ਹਾਲਤ ਸੁਧਾਰਨੀ ਜ਼ਰੂਰੀ ਹੈ। ਕਣਕ-ਝੋਨੇ ਦੇ ਫਸਲੀ ਚੱਕਰ ਵਿਚੋਂ ਨਿਕਲ ਕੇ ਖੇਤੀ ਵਿਚ ਭਿੰਨਤਾ ਲਿਆਉਣਾ ਜ਼ਰੂਰੀ ਹੈ ਤਦ ਹੀ ਕਿਸਾਨ ਦੀ ਮਾਲੀ ਹਾਲਤ ਸੁਧਰ ਸਕਦੀ ਹੈ। ਇਸ ਦਾ ਇਕ ਲਾਭ ਪੰਜਾਬ ਦੇ ਪੌਣ ਪਾਣੀ ਨੂੰ ਗੰਧਲਾ ਹੋਣ ਤੋਂ ਬਚਾਉਣ ਵਿਚ ਵੀ ਹੋਵੇਗਾ। ਪੰਜਾਬ ਦੇ ਭਵਿੱਖ ਲਈ ਚਿੰਤਾਤੁਰ ਵਿਦਵਾਨਾਂ ਅਤੇ ਸਿਆਸਤਦਾਨਾਂ ਨੂੰ ਰਲ ਕੇ ਬੈਠਣਾ ਹੋਵੇਗਾ ਤਦ ਹੀ ਪੰਜਾਬ ਨੂੰ ਬਚਾਇਆ ਜਾ ਸਕਦਾ ਹੈ।

**ਨੋਟ:** ਸੇਵਾਮੁਕਤ ਹੋਣ ਮਗਰੋਂ ਡਾ. ਹਰਦਿਆਲ ਸਿੰਘ ਬੈਂਸ ਸਰੀ, ਕੈਨੇਡਾ ਵਿਚ ਖਾਲਸਾ ਹਾਕੀ ਸਕੂਲ ਧਾਰਮਿਕ ਵਿਭਾਗ ਦੇ ਚੇਅਰਮੈਨ ਰਹੇ। ਡਾ. ਬੈਂਸ ਅੱਜ ਕੱਲ ਸਾਨ ਫਰਾਂਸਿਸਕੋ ਵਿਚ ਗੁਰੂ ਦੀ ਬਾਣੀ ਦਾ ਪ੍ਰਸਾਰ ਕਰਕੇ ਨਾਮ ਦਾ ਸੁਨੇਹਾ ਘਰ ਘਰ ਪਹੁੰਚਾ ਰਹੇ ਹਨ।

## ਬੇਕਰਸਫੀਲਡ ਦੇ 14 ਲੱਖ ਡਾਲਰ ਦੇ ਡਰੱਗ ਸਕੈਂਡਲ ਵਿਚ ਇਕ ਮੁਲਜ਼ਮ ਵਲੋਂ ਜ਼ੁਲਮਾਂ ਦਾ ਇਕਬਾਲ

**ਫਰਿਜ਼ਨੋ:** ਬੇਕਰਸਫੀਲਡ ਵਿਚ ਕੋਈ ਸਾਲ ਭਰ ਪਹਿਲਾਂ ਬੇਨਕਾਬ ਹੋਏ 14 ਲੱਖ ਡਾਲਰ ਦੇ ਡਰੱਗ ਸਕੈਂਡਲ ਵਿਚ ਇਕ ਮੁਲਜ਼ਮ ਨੇ ਗਿਲਟੀ ਪਲੀ ਲੈ ਲਈ ਹੈ ਯਾਨਿ ਆਪਣੇ ਜੁਰਮ ਦਾ ਇਕਬਾਲ ਕਰ ਲਿਆ ਹੈ। ਇਸ ਕੇਸ ਵਿਚ ਸੋਖਾ ਭੋਪਾਲ ਅਤੇ ਦਵਿੰਦਰ ਸਿੰਘ ਨਾਂ ਦੇ ਦੋ ਪੰਜਾਬੀ ਵੀ ਸ਼ਾਮਲ ਹਨ।

ਐਕਟਿੰਗ ਫੈਡਰਲ ਅਟਾਰਨੀ ਲਾਰੈਂਸ ਜੀ ਬਰਾਊਨ ਅਤੇ ਡਰੱਗ ਇਨਫੋਰਸਮੈਂਟ ਦੇ ਸਪੈਸ਼ਲ ਏਜੰਟ ਐਂਥਨੀ ਡੀ ਵਿਲੀਅਮਜ਼ ਨੇ ਦੱਸਿਆ ਹੈ ਕਿ ਕੋਈ 85 ਕਿਲੋ ਕੋਕੀਨ ਖਰੀਦਣ ਅਤੇ ਅੱਗੋਂ ਵੇਚਣ ਦੇ ਮਾਮਲੇ ਵਿਚ ਮੁਲਜ਼ਮ ਥਾਈ ਹੋਆਂਗ ਨਗੁਯੇਨ (32) ਨੇ ਜੁਰਮ ਦਾ ਇਕਬਾਲ ਕਰ ਲਿਆ ਹੈ। ਇਸੇ ਕੇਸ ਵਿਚ ਕੈਲੀਫੋਰਨੀਆ ਦੇ ਵਾਸੀ ਸੋਖਾ ਭੋਪਾਲ (50 ਸਾਲ) ਤੇ ਵਾਥ ਲਿਮ (34) ਅਤੇ ਕੈਨੇਡਾ ਵਾਸੀ ਦਵਿੰਦਰ ਸਿੰਘ ਵੀ ਕੋਕੀਨ ਵੇਚਣ ਦੀ ਸ਼ਾਜ਼ਿਸ਼ ਵਿਚ ਮੁਲਜ਼ਿਮ ਹਨ।

ਇਹ ਕੇਸ ਬੇਕਰਸਫੀਲਡ ਡਰੱਗ ਇਨਫੋਸਮੈਂਟ, ਕਰਨ ਕਾਊਂਟੀ ਸ਼ੈਰਿਫ ਅਤੇ ਆਰਗੇਨਾਈਜ਼ਡ ਕਰਾਈਮ ਐਂਡ ਡਰੱਗ ਇਨਫੋਰਸਮੈਂਟ ਟਾਸਕ ਫੋਰਸ ਦੀ ਸਾਂਝੀ ਜਾਂਚ ਪੜਤਾਲ ਦਾ ਸਿੱਟਾ ਹੈ। ਇਸ ਮਾਮਲੇ ਵਿਚ ਇਮੀਗ੍ਰੇਸ਼ਨ ਤੇ ਕਸਟਮ ਵਿਭਾਗ ਦੀ ਵੀ ਮਦਦ ਲਈ ਗਈ।

ਇਸ ਕੇਸ ਦੀ ਪੜਤਾਲ ਕਰ ਰਹੇ ਜਾਂਚ ਅਧਿਕਾਰੀ ਕੈਰਨ ਏ ਐਸਕੋਬਾਰ ਅਨੁਸਾਰ ਡੀ.ਈ.ਏ. ਏਜੰਟਾਂ ਨੇ ਸੋਖੇ, ਲਿਮ ਅਤੇ ਨਗੁਯੇਨ ਪਾਸੋਂ ਕੋਈ ਬਾਰਾਂ ਲੱਖ ਡਾਲਰ ਦੀ ਰਕਮ ਜ਼ਬਤ ਕੀਤੀ ਸੀ ਜੋ ਕਿ ਉਹ ਕੋਕੀਨ ਦਾ ਇਕ ਸੌਦਾ ਕਰਨ ਲਈ ਲੈ ਕੇ ਆਏ ਸਨ। ਇਹ ਨਕਦੀ ਅਤੇ ਸੋਖੇ ਦੇ ਇਕ ਬੈਂਕ ਖਾਤੇ ਵਿਚ ਜਮ੍ਹਾ 106,806 ਡਾਲਰ ਦੀ ਰਕਮ ਵੀ ਡਰੱਗ ਤੋਂ ਆਈ ਹੋਣ ਕਰਕੇ ਡੀ.ਈ.ਏ. ਨੇ ਜ਼ਬਤ ਕਰ ਲਈ ਹੈ।

ਨਗੁਯੇਨ ਨੇ ਇਕਬਾਲ ਕੀਤਾ ਹੈ ਕਿ ਸੋਖੇ ਭੋਪਾਲ ਨੇ ਇਕ ਅੰਡਰਕਵਰ ਏਜੰਟ ਨਾਲ 85 ਕਿਲੋ ਕੋਕੀਨ ਖਰੀਦਣ ਦਾ ਸੌਦਾ ਤੈਅ ਕੀਤਾ ਜਿਸ ਲਈ ਸੋਖੇ ਅਤੇ ਦਵਿੰਦਰ ਦੇ ਨਾਲ ਉਸ ਨੂੰ ਵੀ ਕੋਕੀਨ ਦੀ ਖੇਪ ਦਿਖਾਈ ਗਈ। ਅਗਲੇ ਦਿਨ ਖੁਦ ਉਹ, ਸੋਖਾ, ਦਵਿੰਦਰ ਅਤੇ ਲਿਮ ਦੋ ਕਾਲੇ ਸੂਟਕੇਸਾਂ ਵਿਚ ਬਾਰਾਂ ਲੱਖ ਡਾਲਰ ਦੀ ਰਕਮ ਲੈ ਕੇ ਆਏ ਅਤੇ 85 ਕਿਲੋ ਕੋਕੀਨ ਖਰੀਦਣ ਲਈ ਅੰਡਰ ਕਵਰ ਅਫਸਰ ਨੂੰ ਦੇ ਦਿੱਤੀ।

ਇਥੇ ਜ਼ਿਕਰਯੋਗ ਹੈ ਕਿ ਡੀ.ਈ.ਏ. ਅਤੇ ਕਰਨ ਕਾਊਂਟੀ ਸ਼ੈਰਿਫ ਨੇ ਬੇਕਰਸਫੀਲਡ ਵਿਚ ਅਜਿਹੇ ਹੀ ਇਕ ਹੋਰ ਅਪਰੇਸ਼ਨ ਵਿਚ ਬੇਕਰਸਫੀਲਡ ਵਾਸੀ ਸੁਖਰਾਜ ਧਾਲੀਵਾਲ, ਲਿਵਿੰਗਸਟਨ ਵਾਸੀ ਗੁਰਮੀਤ ਬੀਸਲਾ ਅਤੇ ਕੈਨੇਡੀਅਨ ਸਿਟੀਜ਼ਨ ਹਰਜੀਤ ਮਾਨ ਪਾਸੋਂ ਕੋਈ 10 ਲੱਖ ਡਾਲਰ ਦੀ ਰਕਮ ਜ਼ਬਤ ਕੀਤੀ ਸੀ। ਤਿੰਨ ਹਫਤੇ ਦੀ ਜਿਊਰੀ ਟਰਾਇਲ ਤੋਂ ਬਾਅਦ ਇਨ੍ਹਾਂ ਸਾਰਿਆਂ ਨੂੰ ਜੁਰਮਾਂ ਦਾ ਦੋਸ਼ੀ ਪਾਇਆ ਗਿਆ ਸੀ। ਬੇਕਰਸਫੀਲਡ ਦਾ 34 ਸਾਲਾ ਜਸਦੇਵ ਸਿੰਘ ਇਸ ਮਾਮਲੇ ਵਿਚ ਪਹਿਲਾਂ ਹੀ ਇਕਬਾਲੀਆ ਬਣ ਚੁੱਕਾ ਸੀ। ਇਨ੍ਹਾਂ ਦੋਹਾਂ ਕੇਸਾਂ ਦੇ ਨਤੀਜੇ ਵਜੋਂ ਡੀ.ਈ.ਏ. ਅਤੇ ਕਰਨ ਕਾਊਂਟੀ ਸ਼ੈਰਿਫ ਕੋਈ 24 ਲੱਖ ਡਾਲਰ ਦੀ ਰਕਮ ਜ਼ਬਤ ਕਰ ਚੁੱਕੇ ਹਨ।

ਨਗੁਯੇਨ ਨੂੰ ਸਜ਼ਾ ਆਉਂਦੀ 14 ਸਤੰਬਰ ਨੂੰ ਸੁਣਾਈ ਜਾਣੀ ਹੈ ਅਤੇ ਉਸ ਨੂੰ ਘੱਟੋ ਘੱਟ ਦਸ ਸਾਲ ਅਤੇ ਵੱਧੋ ਵੱਧ ਉਮਰ ਕੈਦ ਤੋਂ ਇਲਾਵਾ 40 ਲੱਖ ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਸੋਖੇ ਭੋਪਾਲ ਅਤੇ ਲਿਮ ਦੀ ਅਗਲੀ ਪੇਸ਼ੀ 3 ਅਗਸਤ ਨੂੰ ਹੈ ਜਦੋਂਕਿ ਦਵਿੰਦਰ ਸਿੰਘ ਦੀ ਅਗਲੀ ਪੇਸ਼ੀ 27 ਜੁਲਾਈ ਨੂੰ।







ਸੈਂਟਰਲ ਕੈਲੀਫੋਰਨੀਆ ਇੰਟਰ ਫੇਥ ਅਲਾਇੰਸ, ਫਰਿਜ਼ਨੋ ਵਲੋਂ ਓ'ਨੀਲ ਪਾਰਕ ਵਿਚ 'ਇਕ ਕੌਮ-ਕਈ ਵਿਸ਼ਵਾਸ' ਨਾਂ ਹੇਠ ਕੀਤੀ ਗਈ ਬਾਰਵੀਂ ਚਾਰ ਜੁਲਾਈ ਪੇਸ਼ਕਾਰੀ ਮੌਕੇ ਭਾਰਤੀ ਤੇ ਪੰਜਾਬੀ ਭਾਈਚਾਰੇ ਦੇ ਲੋਕ ਸ਼ਾਮਲ ਹੋਏ। ਇਸ ਮੌਕੇ ਨਾਸ਼ਤਾ ਸਿੱਖ ਭਾਈਚਾਰੇ ਵਲੋਂ ਮੁਹੱਈਆ ਕੀਤਾ ਗਿਆ। ਜੀ.ਐਚ.ਜੀ. ਸੰਗੀਤ ਅਤੇ ਡਾਂਸ ਅਕਾਡਮੀ ਦੀ ਜੂਨੀਅਰ ਟੀਮ ਨੇ ਭੰਗੜਾ ਪਾਇਆ ਅਤੇ ਸਤਿੰਦਰ ਢੀਂਡਸਾ ਨੇ ਢੋਲ ਦੀ ਤਾਲ ਦਿੱਤੀ। ਇਸ ਮੌਕੇ ਡਾ. ਦਲਜਿੰਦਰ ਸਿੰਘ ਜੌਹਲ ਨੇ ਭੰਗੜੇ ਦੇ ਇਤਿਹਾਸ ਬਾਰੇ ਤਕਰੀਰ ਕੀਤੀ, ਪਰਮਜੀਤ ਧਾਲੀਵਾਲ ਅਤੇ ਹੋਰ ਪਤਵੰਤਿਆਂ ਨੇ ਨਾਸ਼ਤਾ ਪਰੋਸਣ ਵਿਚ ਮਦਦ ਕੀਤੀ। (ਤਸਵੀਰਾਂ-ਸ਼ਿਆਰਾ ਢੀਂਡਸਾ)





ਸਟੇਟ ਬੋਰਡ ਆਫ ਇਕੁਈਲਾਈਜੇਸ਼ਨ ਦੀ ਚੇਅਰਪਰਸਨ ਬੈਟੀ ਯੀ ਦੀ ਮੁੜ ਚੋਣ ਲਈ ਸੈਫਰਨ ਰੈਸਟੋਰੈਂਟ ਵਿਚ ਹੋਈ ਰਿਸ਼ੈਪਸ਼ਨ ਮੌਕੇ ਸ੍ਰੀ ਰਾਜ ਭਨੋਟ ਬੈਟੀ ਯੀ ਨਾਲ ਅਤੇ (ਹੇਠਾਂ) ਬੈਟੀ ਯੀ ਭਾਰਤੀ ਭਾਈਚਾਰੇ ਦੇ ਪਤਵੰਤੇ ਸੱਜਣਾਂ ਨਾਲ। ਰਿਸ਼ੈਪਸ਼ਨ ਦਾ ਬੰਦੋਬਸਤ ਡਾ. ਮਨਦੀਪ ਘੁੰਮਣ ਅਤੇ ਰਾਜ ਭਨੋਟ ਨੇ ਕੀਤਾ ਸੀ।


Bob Lynn Edwards, Jr.

Free Initial Consultation

Attorney at Law



Over 17 Years Handling Family Law Cases in Fremont, CA, All Aspects of Divorce Including Child Support, Child Custody, Spousal Support, Property Division, Restraining Orders, Modification of Support, Etc.

www.BobEdwards.com

3869 Peralta Boulevard, Fremont CA 94536-3712

Ph:510-770-0500



Attention Business Owners!!

Are You Worried About Your Business When You`re Not There?

Are Worries Keeping You Awake?

Watch Your Business AnyTime Any Place.

Promotion For July

Free Cash Register Interface With Purchase Of Our DVR System

NO PAYMENTS For 3 Months

Financing & Lease Options For 12, 24, 36 Months Available.

ਵਾਜਬ ਕੀਮਤ, ਸਹੀ ਕੰਮ

ਆਪਣੇ ਘਰ ਜਾਂ ਬਿਜਨਸ ’ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

DVR UNLIMITED

Call:1-800-780-0032 www.dvrunlimited.com




*New York NY July 25, 2009*
*Call:Tony-347-723-2533 OR*
*Jay:917-681-4211*
*Fairfax VA July 31, 2009*
*Call:Jay-703-980-6203 Or*
*Nisha-571-212-1855*
*Philadelphia PA August 01, 2009*
*Call:Jay-703-980-6203*
*Open August 08, 2009*
*Open August 09, 2009*
*Spokane WA Call Nagra 509-994-7844*
*And Seattle WA August 16, 2009*
*(1:00pm to 7:00pm-Kabaddi Mela )*
*Call:Channa Alamgeer-206-478-7744*
*Bakersfield CA August 22, 2009*
*Los Vages NV August 23, 2009*

*Show In USA In August 2009*
*Call- Satti:916-410-9741*

# ਸਿੱਖ ਸਪੋਰਟਸ ਐਸੋਸੀਏਸ਼ਨ ਦਾ ਤੀਜਾ ਖੇਡ ਮੇਲਾ 22 ਅਤੇ 23 ਅਗਸਤ ਨੂੰ

**ਫਰੀਮਾਂਟ:** ਸਿੱਖ ਸਪੋਰਟਸ ਐਸੋਸੀਏਸ਼ਨ ਵਲੋਂ ਤੀਸਰਾ ਸਾਲਾਨਾ ਖੇਡ ਮੇਲਾ 22 ਅਤੇ 23 ਅਗਸਤ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਹੋ ਗਈਆਂ ਹਨ। ਖੇਡ ਮੇਲਾ ਕੈਲੇਫੋਰਨੀਆ ਸਟੇਟ ਯੂਨੀਵਰਸਟੀ ਹੇਵਰਡ ਦੀਆਂ ਸ਼ਾਨਦਾਰ ਗਰਾਊਂਡਾਂ ਵਿਚ ਹੋਵੇਗਾ। ਇਸ ਟੂਰਨਾਮੈਂਟ ਵਿਚ ਮੁੱਖ ਤੌਰ 'ਤੇ ਬਾਸਕਟਬਾਲ, ਟੈਨਿਸ, ਟਰੈਕ ਐਂਡ ਫੀਲਡ, ਵਾਲੀਬਾਲ, ਹਾਕੀ, ਫੁੱਟਬਾਲ (ਸਾਕਰ), ਕੁਸ਼ਤੀਆਂ, ਕਬੱਡੀ ਅਤੇ ਕ੍ਰਿਕਟ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਇਸ ਸਾਲ ਟੂਰਨਾਮੈਂਟ ਵਿਚ ਗੌਲਫ ਨੂੰ ਵੀ ਸ਼ਾਮਲ ਕਰ ਲਿਆ ਗਿਆ ਹੈ। ਮੁਕਾਬਲੇ ਵਿਚ ਭਾਗ ਲੈਣ ਲਈ ਲੜਕੇ ਅਤੇ ਲੜਕੀਆਂ ਦੇ ਉਮਰ ਦੇ ਹਿਸਾਬ ਨਾਲ ਵਖ ਵਖ ਗਰੁਪ ਬਣਾਏ ਗਏ ਹਨ।

ਸਿੱਖ ਸਪੋਰਟਸ ਐਸੋਸੀਏਸ਼ਨ ਦੇ ਚੈਅਰਮੇਨ ਸ. ਹਰਵਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਹ ਟੂਰਨਾਮੈਂਟ ਕਰਵਾਉਣ ਦਾ ਮੁੱਖ ਨਿਸ਼ਾਨਾ ਨੌਜਵਾਨ ਪੀੜ੍ਹੀ ਨੂੰ ਵਧ ਤੋਂ ਵਧ ਖੇਡਾਂ ਵਿਚ ਭਾਗ ਲੈਣ ਲਈ ਉਤਸ਼ਾਹਿਤ ਕਰਨਾ ਅਤੇ ਇਕ ਐਸਾ ਪਲੇਟਫਾਰਮ ਤਿਆਰ ਕਰਨਾ ਹੈ ਜੋ ਕਿ ਨਾਨ ਪੋਲੀਟੀਕਲ ਅਤੇ ਧੜੇਬੰਦੀ ਤੋਂ ਰਹਿਤ ਹੋਵੇ। ਸ. ਧਾਲੀਵਾਲ ਨੇ ਕਿਹਾ ਕਿ ਟੂਰਨਾਮੈਂਟ ਵਿਚ ਪਿਛਲੇ ਸਾਲ ਦੀ ਤਰ੍ਹਾਂ ਪਰਿਵਾਰਕ ਮਾਹੌਲ ਹੋਵੇਗਾ। ਉਨ੍ਹਾਂ ਦੱਸਿਆ ਕਿ ਸੰਸਥਾ 2006 ਵਿਚ ਹੋਂਦ ਵਿਚ ਆਈ ਸੀ ਅਤੇ ਹੁਣ ਤਕ ਦੋ ਵੱਡੇ ਟੂਰਨਾਮੈਂਟ ਅਤੇ ਦੋ ਗੁਰੂ ਨਾਨਕ ਮੈਰਾਥਨ ਮੁਕਾਬਲੇ ਕਰਵਾ ਚੁੱਕੀ ਹੈ।

ਟੂਰਨਾਮੈਂਟ ਮੁਕਾਬਲਿਆਂ ਵਿਚ ਭਾਗ ਲੈਣ ਲਈ ਰਜਿਸਟਰੇਸ਼ਨ ਸੰਸਥਾ ਦੀ ਵੈਬ ਸਾਈਟ www.sikhsports.com 'ਤੇ ਕਰਵਾਈ ਜਾ ਸਕਦੀ ਹੈ।

# ਕੈਲੀਫੋਰਨੀਆ ਸਾਹਿਤ ਸਭਾ ਵਲੋਂ ਪ੍ਰੋ. ਅਨੂਪ ਵਿਰਕ ਦਾ ਸਨਮਾਨ

**ਸੈਕਰਾਮੈਂਟੋ:** ਕੈਲੀਫੋਰਨੀਆਂ ਪੰਜਾਬੀ ਸਾਹਿਤ ਸਭਾ ਦਾ ਵਿਸ਼ੇਸ਼ ਅਜਲਾਸ ਪੰਜਾਬ ਤੋਂ ਆਏ ਪ੍ਰੋਫੈਸਰ ਅਨੂਪ ਸਿੰਘ ਵਿਰਕ ਦੇ ਸਨਮਾਨ ਵਿਚ ਇਥੇ ਕਹਾਣੀਕਾਰ ਮਨਜੀਤ ਕੌਰ ਸੇਖੋਂ ਦੇ ਗ੍ਰਿਹ ਵਿਖੇ ਕੀਤਾ ਗਿਆ। ਇਸ ਮੌਕੇ ਸਭਾ ਦੇ ਪ੍ਰਧਾਨ ਹਰਬੰਸ ਸਿੰਘ ਜਗਿਆਸੂ ਨੇ ਸਭਾ ਦੀਆਂ ਗਤੀਵਿਧੀਆਂ ਬਾਰੇ ਸੰਖੇਪ ਚਾਨਣਾ ਪਾਇਆ। ਤੂੰਬੀ ਮਾਸਟਰ ਜੋਗਿੰਦਰ ਸਿੰਘ ਸ਼ੌਂਕੀ ਨੇ ਤੂੰਬੀ ਤੇ ਗੀਤ ਗਾ ਕੇ ਜਮਲਾ ਜੱਟ ਯਾਦ ਕਰਵਾ ਦਿੱਤਾ।

ਕਹਾਣੀ ਦੇ ਦੌਰ ਵਿਚ ਸਟੇਜ ਸਕੱਤਰ ਮਹਿੰਦਰ ਸਿੰਘ ਘੱਗ, ਤਜਿੰਦਰ ਕੌਰ, ਰਵਿੰਦਰ ਅਟਵਾਲ, ਚਰਨਜੀਤ ਸਿੰਘ ਪੰਨੂ, ਮਨਜੀਤ ਸੇਖੋਂ, ਰਾਠੇਸ਼ਵਰ ਸਿੰਘ ਅਤੇ ਹਰਜਿੰਦਰ ਪੰਧੇਰ ਨੇ ਆਪੋ ਆਪਣੀਆਂ ਕਹਾਣੀਆਂ ਪੜ੍ਹੀਆਂ। ਆਪਣੇ ਸੰਬੋਧਨ ਵਿਚ ਪ੍ਰੋ. ਅਨੂਪ ਸਿੰਘ ਵਿਰਕ ਨੇ ਕਿਹਾ ਕਿ ਸਾਰੀਆਂ ਕਹਾਣੀਆਂ ਅਮਰੀਕਾ ਦੀਆ ਰੰਗੀਨੀਆਂ, ਤਨਹਾਈਆਂ, ਭੁ-ਹੇਰਵੇ ਤੇ ਉਦਾਸ ਪਲਾਂ ਦੀ ਮਿਲਗੋਭੀ ਤਸਵੀਰ ਬੜੀ ਖੂਬਸੂਰਤੀ ਨਾਲ ਪੇਸ਼ ਕਰਦੀਆਂ ਹਨ। ਪ੍ਰੋ. ਵਿਰਕ ਨੇ ਕਿਹਾ ਮੈਂ ਹੁਣ ਇਸ ਗੱਲ ਦਾ ਖਿਆਲ ਰੱਖਾਂਗਾ ਕਿ ਇਨਾਮਾਂ ਵਾਸਤੇ ਵਿਦੇਸ਼ੀ ਸਾਹਿਤ ਵੀ ਵਿਚਾਰਿਆ ਜਾਵੇ। ਸਭਾ ਦੇ 15 ਮੈਂਬਰਾਂ ਨੇ ਕੇਂਦਰੀ ਲੇਖਕ ਸਭਾ ਦੇ ਮੈਂਬਰ ਬਣਨ ਲਈ ਚੰਦਾ ਦਿੱਤਾ।

ਇਸ ਮੌਕੇ ਪ੍ਰੋ. ਅਨੂਪ ਵਿਰਕ ਨੂੰ ਹਰਬੰਸ ਸਿੰਘ ਜਗਿਆਸੂ ਦੀ ਕਿਤਾਬ 'ਜਗਿਆਸਾ', ਕਮਲ ਬੰਗਾ ਦੀ 'ਕਹਿਕਸ਼ਾਂ', ਚਰਨਜੀਤ ਸਿੰਘ ਪੰਨੂ ਦੀ 'ਅੰਬਰ ਦੀ ਫੁਲਕਾਰੀ' ਪ੍ਰਮਿੰਦਰ ਰਾਏ ਦੀ 'ਰੱਬਾ ਨੂਰ ਤੇਰਾ' ਡਾ. ਗੁਰਦੀਪ ਸਿੰਘ ਦਾ 'ਸ੍ਰਿਸ਼ਟੀ ਦਾ ਸੰਗੀਤ' ਕਿਤਾਬਾਂ ਭੇਟ ਕੀਤੀਆਂ ਗਈਆਂ। ਪ੍ਰੋ. ਅਨੂਪ ਵਿਰਕ, ਡਾ. ਸੋਹਿੰਦਰਬੀਰ ਸਿੰਘ ਅਤੇ ਡਾ. ਗੁਰਦੀਪ ਸਿੰਘ ਬਾਜਵਾ ਨੂੰ ਸਭਾ ਵਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਸਭਾ ਦੇ ਮੈਂਬਰ ਦਲਵੀਰ ਸਿੰਘ ਨਿੱਜਰ ਨੇ ਸਭਾ ਦੇ ਪੁਰਾਣੇ ਮੈਂਬਰ ਤਜਿੰਦਰ ਸਿੰਘ ਬਿੰਦ ਦੀ ਕਿਤਾਬ ਦੀ ਛਪਾਈ ਲਈ 500 ਡਾਲਰ ਮਾਲੀ ਇਮਦਾਦ ਦਿੱਤੀ। ਸਭਾ ਦੇ ਪ੍ਰਧਾਨ ਸ੍ਰੀ ਜਗਿਆਸੂ ਨੇ ਦੱਸਿਆ ਕਿ ਸਭਾ ਆਪਣੇ ਖਰਚ 'ਤੇ ਸ਼ਾਇਰ ਗੁਰਚਰਨ ਸਿੰਘ ਜ਼ਖਮੀ ਦੀ ਕਿਤਾਬ ਛਪਵਾਏਗੀ।



ਕਵੀ ਦਰਬਾਰ ਦੇ ਦੌਰ ਵਿਚ ਵਧ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਕਮਲ ਬੰਗਾ ਨੇ ਨਿਭਾਈ। ਹਰਜਿੰਦਰ ਪੰਧੇਰ, ਗੁਰਜਤਿੰਦਰ ਸਿੰਘ ਰੰਧਾਵਾ, ਨਰਿੰਦਰਪਾਲ ਸਿੰਘ ਹੁੰਦਲ, ਗੁਰਪਾਲ ਸਿੰਘ ਖਹਿਰਾ, ਮਨਜੀਤ ਸੇਖੋਂ, ਗੁਰਚਰਨ ਸਿੰਘ ਜ਼ਖਮੀ, ਜੱਸ ਫਿਜ਼ਾ, ਹਰਭਜਨ ਢਿੱਲੋਂ, ਤਾਰਾ ਸਾਗਰ, ਰਾਠੀ ਸੁਰਾਪੁਰੀ, ਦਲਵੀਰ ਸਿੰਘ ਨਿੱਜਰ, ਗੁਰਬਚਨ ਸਿੰਘ ਭਾਟੀਆ, ਅਨੂਪ ਵਿਰਕ, ਮੇਜਰ ਭੁਪਿੰਦਰ ਦਲੇਰ, ਡਾ. ਪ੍ਰਗਟ ਸਿੰਘ, ਡਾ. ਅਮਰੀਕ ਸਿੰਘ, ਕਮਲ ਬੰਗਾ, ਨੀਲਮ ਸੈਣੀ, ਗੁਰਦੀਪ ਸਿੰਘ ਬਾਜਵਾ ਤੇ ਹੋਰਨਾਂ ਨੇ ਆਪੋ ਆਪਣੇ ਕਲਾਮ ਨਾਲ ਰੌਣਕ ਲਾਈ। ਹਰਬੰਸ ਸਿੰਘ ਜਗਿਆਸੂ ਨੇ 'ਪਿਆਰ ਤੇਰੇ ਦੀ ਖਿੱਚ...' ਡਾ. ਸੋਹਿੰਦਰ ਬੀਰ ਨੇ 'ਵਸਤਰ ਟਾਕੀਆ ਵਾਲਾ...' ਨਾਲ ਵਾਹ ਵਾਹ ਖੱਟੀ। ਅਨੂਪ ਵਿਰਕ ਨੂੰ ਸੁਣ ਕੇ ਸ੍ਰੋਤੇ ਆਪਣਾ ਅਸ਼ ਅਸ਼ ਕਰ ਉਠੇ। ਚਰਨਜੀਤ ਸਿੰਘ ਪੰਨੂ ਨੇ ਗਰੀਨ ਕਾਰਡ ਦੀ ਜਗਿਆਸਾ ਉਧੇੜਦੀ ਕਵਿਤਾ ਕਹੀ। ਮਹਿੰਦਰ ਸਿੰਘ ਘੱਗ ਨੇ 'ਗਰਮੀ ਗਰਮੀ ਹਾਏ ਗਰਮੀ' ਸੁਣਾ ਕੇ ਮਹੌਲ 'ਚ ਹਾਸਾ ਬਿਖੇਰ ਦਿੱਤਾ। ਮਨਜੀਤ ਸੇਖੋਂ ਨੇ ਟੱਪੇ ਸੁਣਾਏ। ਜੋਤੀ ਸਿੰਘ ਨੇ ਹਰਮੋਨੀਅਮ 'ਤੇ ਗੀਤ ਗਾਇਆ।

## ਯੂਨੀਅਨ ਸਿਟੀ ਦੀ 50ਵੀਂ ਵਰ੍ਹੇਗੰਢ ਮੌਕੇ ਜਸ਼ਨ

**ਯੂਨੀਅਨ ਸਿਟੀ:** ਯੂਨੀਅਨ ਸਿਟੀ ਦੀ 50ਵੀਂ ਵਰ੍ਹੇਗੰਢ ਮੌਕੇ ਵਖ ਵਖ ਧਰਮਾਂ ਦਾ ਸਾਂਝਾ ਉਤਸਵ 27 ਜੂਨ ਨੂੰ ਕੈਨੇਡੀ ਪਾਰਕ ਵਿਚ ਸਵੇਰ ਤੋਂ ਸ਼ਾਮ ਤਕ ਮਨਾਇਆ ਗਿਆ। ਸਾਰਾ ਦਿਨ ਚਲੇ ਜਸ਼ਨਾਂ ਵਿਚ ਬੋਧੀ, ਮੁਸਲਿਮ, ਯਹੂਦੀ, ਕ੍ਰਿਸ਼ਚਨ ਤੇ ਸਿਖ ਭਾਈਚਾਰੇ ਦੇ ਲੋਕ ਇਕੋ ਪਰਿਵਾਰ ਦੇ ਮੈਂਬਰਾਂ ਵਜੋਂ ਵਿਚਰਦੇ ਰਹੇ। ਸਿੱਖ ਭਾਈਚਾਰੇ ਵਲੋਂ ਲੰਗਰ ਲਾਇਆ ਗਿਆ। ਸਿੱਖਾਂ ਨੇ ਪੰਜਾਬੀ ਵਿਚ ਅਰਦਾਸ ਕੀਤੀ, ਜਿਸ ਦੇ ਅੰਗ੍ਰੇਜ਼ੀ ਵਿਚ ਵੀ ਮਾਈਨੇ ਕੀਤੇ ਗਏ। ਕਾਕਾ ਹਰਵਿੰਦਰ ਸਿੰਘ ਜੋ ਕਿ ਰਵਾਇਤੀ ਖਾਲਸਾ ਲਿਬਾਸ ਵਿਚ ਸੀ, ਨੇ ਮੁਖ ਭਾਸ਼ਣ ਦਿਤਾ। ਉਸ ਨੇ ਤਿੰਨ ਫੁੱਟ ਲੰਮੀ ਕਿਰਪਾਨ ਸਜਾਈ ਹੋਈ ਸੀ ਤੇ ਦਰਸ਼ਕਾਂ ਦੀ ਖਿਚ ਦਾ ਕੇਂਦਰ ਬਣਿਆ ਹੋਇਆ ਸੀ। ਪ੍ਰੋ. ਦਲਬੀਰ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਜਸਪ੍ਰੀਤ ਸਿੰਘ ਲਵਲਾ ਦੀ ਅਗਵਾਈ ਹੇਠ ਸਿੱਖ ਜਵਾਨਾਂ ਨੇ ਗਤਕਾ ਖੇਡਿਆ। ਹਾਜ਼ਰੀਨ ਦਾ ਧਿਆਨ ਉਦੋਂ ਹੋਰ ਵੀ ਖਿਚਿਆ ਗਿਆ ਜਦੋਂ ਸਿੱਖ ਕੁੜੀਆਂ ਨੇ ਵੀ ਗਤਕੇ ਦੇ ਜੌਹਰ ਵਿਖਾਏ।

ਸੈਕਰਾਮੈਂਟੋ ਤੋਂ ਆਏ ਡਾ. ਅਮਰੀਕ ਸਿੰਘ ਨੇ 1708 ਤੋਂ ਬਾਦ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਦਾ ਜਿਕਰ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਗੁਰਬਾਣੀ ਦਾ ਖਜ਼ਾਨਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਇਆ ਮਾਰਗ ਸੱਚ ਦਾ ਮਾਰਗ ਹੈ।

ਇਸ ਮੌਕੇ ਸਿੱਖ ਭਾਈਚਾਰੇ ਦੇ ਜਸਵਿੰਦਰ ਸਿੰਘ ਜੰਡੀ, ਨਿਰਮਲ ਸਿੰਘ ਬਾਠ, ਸਰੂਪ ਸਿੰਘ ਝੱਜ, ਗੁਰਨਾਮ ਸਿੰਘ, ਰਾਜਾ ਸਵੀਟਸ ਵਾਲੇ ਮੱਖਣ ਸਿੰਘ ਬੈਂਸ, ਭਾਈ ਜੋਗਿੰਦਰ ਸਿੰਘ, ਕਰਨੈਲ ਸਿੰਘ ਖਾਲਸਾ, ਭਾਈ ਰਜਿੰਦਰ ਸਿੰਘ, ਭਾਈ ਦਰਸ਼ਨ ਸਿੰਘ ਟਕਸਾਲ, ਗੁਰਦਵਾਰਾ ਫਰੀਮਾਂਟ ਦੇ ਸਾਬਕਾ ਹੈਡ ਗ੍ਰੰਥੀ ਭਾਈ ਰਾਏ ਸਿੰਘ, ਅਵਤਾਰ ਸਿੰਘ ਮਿਸ਼ਨਰੀ, ਮਲਕੀਤ ਸਿੰਘ ਸੂਬੇਦਾਰ ਅਤੇ ਹੋਰ ਪਤਵੰਤੇ ਹਾਜ਼ਰ ਸਨ।

ਬੀਬੀ ਸਰਵਜੀਤ ਕੌਰ ਚੀਮਾ ਨੇ ਸਿੱਖ ਭਾਈਚਾਰੇ ਵਲੋਂ ਸਟੇਜ ਦਾ ਸੰਚਾਲਨ ਕੀਤਾ। ਸਿੱਖ ਬੱਚਿਆਂ ਨੇ ਵੀ ਸੇਵਾ ਵਿਚ ਚੋਖਾ ਹਿੱਸਾ ਪਾਇਆ।

# ਸੈਕਰਾਮੈਂਟੋ 'ਚ ਗਦਰੀ ਬਾਬਿਆਂ ਦਾ ਮੇਲਾ 4 ਅਕਤੂਬਰ ਨੂੰ

**ਸੈਕਰਾਮੈਂਟੋ:** ਇੰਡੋ ਅਮੈਰਿਕਨ ਆਰਗੇਨਾਈਜੇਸ਼ਨ ਵਲੋਂ ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ ਇਥੇ 4 ਅਕਤੂਬਰ ਨੂੰ ਕੀਤਾ ਜਾਏਗਾ। ਇਹ ਮੇਲਾ ਕੂਕਾ ਲਹਿਰ ਨੂੰ ਸਮਰਪਿਤ ਹੋਵੇਗਾ। ਇਸ ਸਬੰਧੀ ਫੈਸਲਾ ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਦੀ ਇਥੇ ਪ੍ਰਧਾਨ ਸੁਰਿੰਦਰ ਬਿੰਦਰਾ ਦੀ



*ਮੀਟਿੰਗ ਵਿਚ ਹਾਜ਼ਰ ਇੰਡੋ ਅਮੈਰਿਕਨ ਆਰਗੇਨਾਈਜੇਸ਼ਨ ਦੇ ਅਹੁਦੇਦਾਰ*

ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਲਿਆ ਗਿਆ ਜਿਸ ਵਿਚ ਹੋਰਨਾਂ ਤੋਂ ਇਲਾਵਾ ਜਰਨੈਲ ਸਿੰਘ ਸਰਪੰਚ, ਸਮਿਤਰ ਉਪਲ, ਕਸ਼ਮੀਰ ਸਿੰਘ ਕਾਂਗਣਾ, ਜੁਝਾਰ ਸਿੰਘ ਗਿੱਲ, ਜਗਜੀਤ ਗਿੱਲ, ਸਕੱਤਰ ਬਲਜਿੰਦਰ ਭੱਟੀ, ਸੁਰਿੰਦਰ ਬਾਠ, ਪਰਮਜੀਤ ਸੰਧੂ, ਨਿਰਮਲ ਭੁਲਰ, ਅਮਰਜੀਤ ਰਾਏ, ਕਰਮਜੀਤ ਕੰਗ, ਪ੍ਰਿਤਪਾਲ ਸਿੰਘ ਭੋਗਲ ਅਤੇ ਕਿਰਪਾਲ ਸਿੰਘ ਸੰਧੂ ਸ਼ਾਮਲ ਹੋਏ।

ਮੀਟਿੰਗ ਵਿਚ ਗਦਰੀ ਮੇਲੇ ਦੇ ਮੌਕੇ ਕੂਕਾ ਲਹਿਰ ਬਾਰੇ ਜਾਣਕਾਰੀ ਭਰਪੂਰ ਇਕ ਸੋਵੀਨਾਰ ਕੱਢਣ ਦਾ ਵੀ ਫੈਸਲਾ ਲਿਆ ਗਿਆ ਜਿਸ ਦੀ ਤਿਆਰੀ ਦੀ ਜ਼ਿੰਮੇਵਾਰੀ ਕਸ਼ਮੀਰ ਸਿੰਘ ਕਾਂਗਣਾ ਦੀ ਲਾਈ ਗਈ। ਇਸ ਮੌਕੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਪ੍ਰਧਾਨ ਅਤੇ ਆਜ਼ਾਦੀ ਘੁਲਾਟੀਏ ਬਾਬਾ ਭਗਤ ਸਿੰਘ ਬਿਲਗਾ ਅਤੇ ਕਮਿਊਨਿਸਟ ਆਗੂ ਬੀਬੀ ਬਿਮਲਾ ਡਾਂਗ ਦੇ ਚਲਾਣੇ ਸਬੰਧੀ ਇਕ ਸ਼ੋਕ ਮਤਾ ਪਾਸ ਕੀਤਾ ਗਿਆ। ਦੋਵਾਂ ਹਸਤੀਆਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਤੋਂ ਪਹਿਲਾਂ ਸਾਰੇ ਆਗੂ ਪ੍ਰਧਾਨ ਸ੍ਰੀ ਸੁਰਿੰਦਰ ਸਿੰਘ ਬਿੰਦਰਾ ਦੀ ਮਾਤਾ ਬੀਬੀ ਸਵਰਨ ਕੌਰ ਦੀ ਬਰਸੀ ਮੌਕੇ ਗੁਰਦੁਆਰਾ ਦਸ਼ਮੇਸ਼ ਦਰਬਾਰ, ਐਲਕ ਗਰੂਵ ਵਿਚ ਕੀਤੇ ਗਏ ਸਮਾਗਮ ਵਿਚ ਸ਼ਰੀਕ ਹੋਏ। ਗੁਰਬਾਣੀ ਕੀਰਤਨ ਤੋਂ ਬਾਅਦ ਬੇਕਰਜ਼ਫੀਲਡ ਤੋਂ ਗਿਆਨ ਸਿੰਘ ਬਿਲਗਾ ਅਤੇ ਕਸ਼ਮੀਰ ਸਿੰਘ ਕਾਂਗਣਾ, ਫਰਿਜ਼ਨੋ ਤੋਂ ਕਿਰਪਾਲ ਸਿੰਘ ਸੰਧੂ, ਯੂਬਾ ਸਿਟੀ ਤੋਂ ਸਮਿੱਤਰ ਸਿੰਘ ਉਪਲ ਨੇ ਮਾਤਾ ਜੀ ਦੀ ਯਾਦ ਨੂੰ ਤਾਜ਼ਾ ਕਰਦਿਆਂ ਸ਼ਰਧਾਂਜਲੀ ਭੇਂਟ ਕੀਤੀ।

## ਨਗਰ ਸੁਧਾਰ ਟਰਸਟ ਦਾ ਚੇਅਰਮੈਨ ਬਣਨ 'ਤੇ ਛੀਨੇ ਨੂੰ ਵਧਾਈ

**ਸੈਕਰਾਮੈਂਟੋ:** ਖਾਲਸਾ ਕਾਲਜ ਅੰਮ੍ਰਿਤਸਰ ਦੇ ਪੁਰਾਣੇ ਵਿਦਿਆਰਥੀਆਂ ਦੀ ਸਥਾਨਕ ਇਕਾਈ ਨੇ ਇਸੇ ਕਾਲਜ ਦੇ ਪੁਰਾਣੇ ਵਿਦਿਆਰਥੀ ਅਤੇ ਇਸ ਦੇ ਸਕੱਤਰ ਰਾਜਿੰਦਰ ਮੋਹਨ ਸਿੰਘ ਛੀਨਾ ਨੂੰ ਅੰਮ੍ਰਿਤਸਰ ਇੰਪਰੂਵਮੈਂਟ ਟਰਸਟ ਦਾ ਚੇਅਰਮੈਨ ਨਾਮਜ਼ਦ ਕੀਤੇ ਜਾਣ ਉਤੇ ਵਧਾਈ ਦਿੱਤੀ ਹੈ।

ਖਾਲਸਾ ਕਾਲਜ ਦੇ ਇਥੇ ਰਹਿੰਦੇ ਪੁਰਾਣੇ ਵਿਦਿਆਰਥੀਆਂ ਦੀ ਇਕ ਮੀਟਿੰਗ ਹੋਈ ਜਿਸ ਵਿਚ ਪ੍ਰੋ. ਮੁਖਤਾਰ ਸਿੰਘ ਗਿੱਲ, ਬਚਿੱਤਰ ਸਿੰਘ ਟਰਲਕ, ਖਾਲਸਾ ਕਾਲਜ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਦਲਜੀਤ ਸਿੰਘ ਸੰਧੂ, ਨਰਿੰਦਰਪਾਲ ਸਿੰਘ ਹੁੰਦਲ, ਗੁਰਬਚਨ ਸਿੰਘ ਢਿੱਲੋਂ, ਦਵਿੰਦਰਪਾਲ ਸਿੰਘ ਢਿੱਲੋਂ ਅਤੇ ਕਈ ਹੋਰ ਵਿਦਿਆਰਥੀ ਸ਼ਾਮਲ ਹੋਏ।

# ਸੁਖਬੀਰ ਬਾਦਲ ਵਲੋਂ ਲਏ ਗਏ ਫੈਸਲਿਆਂ ਦੀ ਨਜ਼ਰਸਾਨੀ ਹੋਵੇ-ਜੱਸੀ ਖੰਘੂੜਾ

**ਲੁਧਿਆਣਾ:** ਕਿਲਾ ਰਾਏਪੁਰ ਤੋਂ ਕਾਂਗਰਸੀ ਵਿਧਾਇਕ ਸ੍ਰੀ ਜੱਸੀ ਖੰਘੂੜਾ ਨੇ ਸ੍ਰੀ ਸੁਖਬੀਰ ਬਾਦਲ ਵਲੋਂ ਰਾਜ ਦਾ ਉਪ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਹੁੰਦਿਆਂ ਲਏ ਗਏ ਸਾਰੇ ਫੈਸਲਿਆਂ ਦੀ ਨਜ਼ਰਸਾਨੀ ਦੀ ਮੰਗ ਕੀਤੀ ਹੈ। ਸ੍ਰੀ ਖੰਘੂੜਾ ਨੇ ਆਖਿਆ ਕਿ ਉਪ ਮੁੱਖ ਮੰਤਰੀ ਹੁੰਦਿਆਂ ਸ੍ਰੀ ਬਾਦਲ ਵਲੋਂ ਲਏ ਗਏ ਸਾਰੇ ਫੈਸਲੇ ਵਿਧਾਨ ਸਭਾ ਲਈ ਚੁਣੇ ਨਾ ਜਾ ਸਕਣ ਕਾਰਨ ਅਸਤੀਫਾ ਦੇਣ ਪਿਛੋਂ ਗੈਰ ਵਿਧਾਨਿਕ ਬਣ ਜਾਂਦੇ ਹਨ। ਉਨ੍ਹਾਂ ਆਖਿਆ ਕਿ ਇਹੋ ਹੀ ਚੋਰ ਮੋਰੀ ਹੈ ਜਿਸ ਸਦਕਾ ਬਿਨਾ ਚੁਣੇ ਗਿਆਂ ਹੀ ਸਰਕਾਰੀ ਕੰਮ ਕਾਜ ਅਤੇ ਵਿਧਾਨ ਸਭਾ ਦੀ ਕਾਰਵਾਈ ਵਿਚ ਦਖਲ ਦੇ ਪਾਉਂਦੇ ਹਨ। ਮੌਜੂਦਾ ਯੂ ਪੀ ਏ ਸਰਕਾਰ ਨੂੰ ਅਜਿਹਾ ਕਾਨੂੰਨ ਬਣਾਉਣਾ ਚਾਹੀਦਾ ਹੈ ਕਿ ਮੁੜ ਅਜਿਹਾ ਨਾ ਵਾਪਰੇ। ਨਾ ਚੁਣੇ ਗਏ ਲੋਕਾਂ ਨੂੰ ਸਰਕਾਰ ਉਤੇ ਆਪਣਾ ਗਲਬਾ ਪਾਉਣ ਅਤੇ ਵਿਧਾਨਿਕ ਅਮਲ ਦਖਲ ਅੰਦਾਜ਼ੀ ਕਰਨ ਦੀ ਇਜਾਜ਼ਤ ਬਿਲਕੁਲ ਨਹੀਂ ਦਿਤੀ ਜਾਣੀ ਚਾਹੀਦੀ।

ਇਥੇ ਜਾਰੀ ਇਕ ਬਿਆਨ ਵਿਚ ਕਿਲਾ ਰਾਏਪੁਰ ਤੋਂ ਵਿਧਾਇਕ ਨੇ ਆਖਿਆ ਕਿ ਸੁਖਬੀਰ ਬਾਦਲ ਨੂੰ ਉਪ ਮੁੱਖ ਮੰਤਰੀ ਬਣਨ ਦਾ ਕੋਈ ਇਖਲਾਕੀ ਹੱਕ ਹੀ ਨਹੀਂ ਸੀ। ਉਸ ਨੂੰ ਪਹਿਲਾਂ ਵਿਧਾਨ ਸਭਾ ਦੀ ਚੋਣ ਜਿੱਤ ਕੇ ਫਿਰ ਉਪ ਮੁੱਖ ਮੰਤਰੀ ਬਣਨਾ ਚਾਹੀਦਾ ਸੀ। ਸੁਖਬੀਰ ਬਾਦਲ ਦਾ ਅਸਤੀਫਾ ਬਾਦਲ ਪਰਿਵਾਰ ਲਈ ਵੀ ਇਕ ਸਬਕ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਕਦੇ ਵੀ ਲੋਕਾਂ ਉਪਰ ਉਪਰੋਂ ਲੀਡਰ ਥੋਪਣ ਜਾਂ ਚੋਰ ਮੋਰੀਓਂ ਲੀਡਰ ਥੋਪਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਸ੍ਰੀ ਖੰਘੂੜਾ ਨੇ ਆਖਿਆ ਕਿ ਪਹਿਲਾਂ ਤਾਂ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਇਸ ਗੱਲ ਦਾ ਕੋਈ ਇਖਲਾਕੀ ਹੱਕ ਹੀ ਨਹੀਂ ਸੀ ਕਿ ਉਹ ਆਪਣੇ ਪੁਤਰ ਨੂੰ ਉਪ ਮੁੱਖ ਮੰਤਰੀ ਬਣਾਵੇ ਕਿਉਂਕਿ ਉਸ ਨੂੰ ਲੋਕਾਂ ਤੋਂ ਫਤਵਾ ਹੀ ਹਾਸਲ ਨਹੀਂ ਸੀ, ਦੂਜੇ ਇਸ ਤਰੀਕੇ ਨਾਲ ਲੋਕਾਂ ਦਾ ਭਲਾ ਵੀ ਨਹੀਂ ਹੁੰਦਾ। ਸ੍ਰੀ ਖੰਘੂੜਾ ਨੇ ਇਹ ਵੀ ਆਖਿਆ ਕਿ ਸੁਖਬੀਰ ਦਾ ਇਹ ਅਸਤੀਫਾ ਬਹੁਤ ਹੀ ਵਿਕੋਲਿਤਰਾ ਮੌਕਾ ਹੈ ਜਦੋਂ ਉਸ ਨੇ ਦੇਸ਼ ਦੇ ਕਾਨੂੰਨ ਅਧੀਨ ਸਿਰ ਝੁਕਾਇਆ ਹੈ। ਕਿਉਂਕਿ ਉਹ ਤਾਕਤ ਦੇ ਨਸ਼ੇ ਵਿਚ ਇੰਨਾ ਧੁੱਤ ਹੈ ਕਿ ਆਪਣੇ ਆਪ ਨੂੰ ਕਿਸੇ ਵੀ ਕਾਇਦੇ ਕਾਨੂੰਨ ਤੋਂ ਉਤੇ ਸਮਝਦਾ ਹੈ। ਪੰਜਾਬ ਦੇ ਲੋਕ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਉਸ ਨੂੰ ਮੂੰਹ ਤੋੜਵਾਂ ਜਵਾਬ ਦੇਣਗੇ।

# ਟੈਲੀ ਫਿਲਮ 'ਲੋਹੜੀ ਦੀ ਰਾਤ' ਇਕ ਚੰਗਾ ਯਤਨ

**ਫਰੀਮਾਂਟ:** ਭਾਵੇਂ ਇਸ ਧਾਰਨਾ ਵਿਚ ਬੇਹੱਦ ਸੱਚਾਈ ਹੈ ਕਿ ਮਨੁੱਖ ਸਲਾਹ ਜਾਂ ਦਲੀਲ ਨਹੀਂ ਚਾਹੁੰਦਾ, ਸਿਰਫ ਆਪਣੇ ਕੀਤੇ ਫੈਸਲਿਆਂ ਨੂੰ ਜਾਇਜ਼ ਠਹਿਰਾਏ ਜਾਣ ਦੀ ਪ੍ਰੋੜਤਾ ਚਾਹੁੰਦਾ ਹੈ। ਪਰ ਇਹ ਵੀ ਹੈ ਕਿ ਨਿੱਕੀਆਂ ਪਹਾੜੀਆਂ 'ਤੇ ਚੜ੍ਹਨ ਵਾਲਿਆਂ ਨੂੰ ਹੀ ਪ੍ਰਸ਼ੰਸਾ-ਪੱਤਰ ਦਿੰਦਿਆਂ ਪਿੱਠ ਥਾਪੜਨੀ ਚਾਹੀਦੀ ਹੈ ਕਿ ਐਵਰੈਸਟ 'ਤੇ ਵੀ ਚੜ੍ਹ ਸਕਦੇ ਹੋ। ਨਾਲੇ ਸ਼ੁਰੂਆਤੀ ਕੰਮਾਂ ਦੀ ਪ੍ਰਸ਼ੰਸਾ ਕੀਤੀ ਹੀ ਜਾਣੀ ਚਾਹੀਦੀ ਹੈ। ਮਮਤਾ ਦੇ ਸੁਪਨੇ ਨਾਲ ਮੇਲ ਨਾ ਖਾਂਦਾ ਨਕਸ਼ਾ ਵੀ ਸ਼ਾਹ ਜਹਾਨ ਨੇ ਕਈ ਵਾਰ ਰੱਦ ਕੀਤਾ ਸੀ। ਖੈਰ! ਅਮਰੀਕਾ ਦੀ ਧਰਤੀ 'ਤੇ ਰੰਗ-ਮੰਚ ਦੇ ਖਿਲਾਰੇ-ਪਸਾਰੇ ਤੋਂ ਬਾਅਦ ਛੋਟੀਆਂ ਫਿਲਮਾਂ ਦਾ ਦੌਰ ਚੱਲਿਆ ਹੈ ਤਾਂ ਪੰਜਾਬੀ ਭਾਈਚਾਰੇ ਨੂੰ ਓਪਰੀ ਧਰਤੀ 'ਤੇ ਕਲਾਕਾਰਾਂ ਵਲੋਂ ਕੀਤੇ ਯਤਨਾਂ ਲਈ ਪ੍ਰਸ਼ੰਸਾ ਦੇ ਹੱਕ ਵਿਚ ਵੋਟ ਦੇਣੀ ਚਾਹੀਦੀ ਹੈ। ਯਾਨਿ ਕਿ ਹਾਲ ਹੀ ਵਿਚ ਰਾਮਾ ਵੀਡੀਓ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਟੈਲੀ ਫਿਲਮ 'ਲੋਹੜੀ ਦੀ ਰਾਤ' ਜੇ ਵਿਸ਼ੇ ਨਾਲ ਪੂਰਾ ਇਨਸਾਫ ਨਾ ਵੀ ਕਰਦੀ ਹੋਵੇ ਤਦ ਵੀ ਗੰਭੀਰਤਾ, ਉਦਾਸੀ, ਸੰਗੀਤ ਤੇ ਹਾਸ-ਰਸ ਦੇ ਚਾਰ ਪਹਿਲੂਆਂ ਨਾਲ ਜੁੜਦੀ ਜ਼ਰੂਰ ਹੈ।

ਲੋਹੜੀ ਦੇ ਤਿਓਹਾਰ ਦੀ ਮਹਾਨਤਾ ਦੇ ਨਾਲ ਨਾਲ ਇਸ ਦੀ ਵਿਰਾਸਤ ਤੇ ਵਿਰਸੇ ਦੇ ਵਾਰਿਸ ਪੁੱਤਰ ਦੀ ਇੱਛਾ ਨੂੰ ਉਜਾਗਰ ਤੇ ਰੂਪਮਾਨ ਕਰਦੀ ਹੈ। ਛੋਟੀ ਬੱਚੀ ਦਾ ਵੀਰ ਲਈ ਗੁਰੂ ਘਰ ਅਰਦਾਸ ਕਰਨਾ, ਪੁੱਤਰ ਤੋਂ ਸੱਖਣੇ ਮਾਂ-ਬਾਪ ਦੀ ਸੋਚ ਵਿਚ ਹੂਕ ਤੇ ਫਿਰ ਪੁੱਤਰ ਜੰਮਣ 'ਤੇ ਹਾਸ ਰਸ ਤੇ ਸੰਗੀਤ ਜਸ਼ਨਾਂ ਦਾ ਉਭਾਰ ਹੁੰਦਾ ਹੈ। ਫਿਲਮਾਂ ਤੇ ਰੰਗ-ਮੰਚ ਦੇ ਖੇਤਰ ਦੀ ਜਾਣੀ-ਪਹਿਚਾਣੀ ਹਸਤੀ ਅਸ਼ੋਕ ਟਾਂਗਰੀ ਨੇ ਇਸ ਦਾ ਨਿਰਦੇਸ਼ਨ ਦਿੱਤਾ ਹੈ। ਰਾਮਾ ਪਟਿਆਲਾ ਨੇ ਆਪਣੇ ਅਨੁਭਵੀ ਤਜਰਬੇ ਨਾਲ ਦ੍ਰਿਸ਼ਾਂ ਨੂੰ ਕਈ ਥਾਂ ਕਮਾਲ ਨਾਲ ਕੈਮਰਾਬੱਧ ਕੀਤਾ ਹੈ। ਕੁਝ ਵਿਚਾਰਨਾ ਹੋਵੇ ਤਾਂ ਪਹਿਲੀ ਗੱਲ ਇਹ ਹੈ ਕਿ ਅਸ਼ੋਕ ਟਾਂਗਰੀ ਦੀ ਕਾਮੇਡੀ ਵਧੀਆ ਹੈ, ਖਾਸ ਤੌਰ 'ਤੇ ਮਾਈਕ ਤੇ ਜੈਸਿਕਾ ਵਾਲਾ ਡਾਕਟਰ ਰਾਜਵਿੰਦਰ ਕੌਰ ਨਾਲ ਅੰਦਾਜ਼। ਹਾਲਾਂਕਿ ਇਸ ਗੱਲ ਦੀ ਕਿਧਰੋਂ ਵੀ ਸਮਝ ਨਹੀਂ ਪੈਂਦੀ ਕਿ ਇਸ਼ਮੀਤ ਨਰੂਲਾ ਦਾ ਗੀਤ ਕਿਵੇਂ ਜੋੜ ਦਿੱਤਾ ਗਿਆ ਹੈ, ਪਰ ਲੋਹੜੀ ਦਾ ਤਿਓਹਾਰ ਮਨਾਉਂਦਿਆਂ ਧਰਮ ਵੀਰ ਥਾਂਦੀ-ਮਿਸ ਪੂਜਾ, ਜਸ ਔਲਖ, ਜੀ.ਐਸ. ਚੰਦਨ ਦੇ ਗੀਤ ਖੂਬ ਜਚੇ ਹਨ। ਸੰਵਾਦੀ ਪ੍ਰਭਾਵ ਐਸ. ਅਸ਼ੋਕ ਭੌਰਾ ਦਾ ਹੈ ਤੇ ਸੰਗੀਤ ਗੋਬਿੰਦ ਬਾਜਪੁਰੀਆ ਦਾ। ਮਾਸਟਰ ਰੈਂਕੋ ਤੇ ਸੁਲਤਾਨ ਅਖਤਰ ਨੇ ਭੰਡਾਂ ਦਾ ਵਧੀਆ ਰੋਲ ਕੀਤਾ ਹੈ। ਇਸ ਟੈਲੀ ਫਿਲਮ ਵਿਚ ਮੁੱਖ ਭੂਮਿਕਾ ਨਿਭਾਉਣ ਵਾਲੇ ਬਿਕਰਮਜੀਤ ਸਿੰਘ ਬਿੱਟੂ, ਖੁਸ਼ੀ, ਡਾ. ਰਾਜਵਿੰਦਰ ਕੌਰ ਤੇ ਮਾਸਟਰ ਰੈਂਕੋ ਭਵਿੱਖ ਵਿਚ ਹੋਰ ਵਧੀਆ ਅਦਾਕਾਰ ਸਿੱਧ ਹੋ ਸਕਦੇ ਹਨ।

ਤਜਰਬੇਕਾਰ ਕੈਮਰਾਮੈਨ ਰਾਮੇ ਨੇ ਚੰਗਾ ਕੰਮ ਕੀਤਾ ਹੈ ਅਤੇ ਫਿਲਮਾਂਕਣ ਤੇ ਸੰਪਾਦਨ ਦੀ ਆਧੁਨਿਕ ਤਕਨੀਕ ਨੂੰ ਨਾ ਅਪਨਾਉਂਦਿਆਂ ਵੀ ਚੰਗਾ ਕੰਮ ਕਰ ਲਿਆ ਹੈ।

# ਹਾਈਕੋਰਟ ਵਲੋਂ ਬਾਲਗਾਂ 'ਚ ਸਮਲਿੰਗੀ ਸਬੰਧ ਜਾਇਜ਼ ਕਰਾਰ

**ਨਵੀਂ ਦਿੱਲੀ :** ਸਥਾਪਤ ਸਮਾਜਿਕ ਮਾਨਤਾਵਾਂ ਤੋਂ ਹਟ ਕੇ ਇਕ ਮਹੱਤਵਪੂਰਨ ਫ਼ੈਸਲਾ ਲੈਂਦਿਆਂ ਦਿੱਲੀ ਹਾਈ ਕੋਰਟ ਨੇ ਬਾਲਗਾਂ ਦਰਮਿਆਨ ਸਹਿਮਤੀ ਨਾਲ ਬਣਾਏ ਜਾਣ ਵਾਲੇ ਸਮਲਿੰਗੀ ਸਬੰਧਾਂ ਨੂੰ ਜਾਇਜ਼ ਕਰਾਰ ਦਿੱਤਾ ਹੈ।




*ਕਲਕੱਤਾ ਵਿਖੇ ਸਮਲਿੰਗੀ ਜੋੜੇ ਪ੍ਰਦਰਸ਼ਨ ਕਰਦੇ ਹੋਏ।*

ਲੰਘੀ 2 ਜੁਲਾਈ ਨੂੰ ਹਾਈ ਕੋਰਟ ਨੇ ਇਕ ਫੈਸਲਾ ਦਿੰਦਿਆਂ ਕਿਹਾ ਕਿ ਇਸ ਨੂੰ ਅਪਰਾਧ ਦੱਸਣ ਵਾਲਾ ਕਾਨੂੰਨ ਬੁਨਿਆਦੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਹਾਲਾਂਕਿ ਸਮਲਿੰਗੀ ਸਬੰਧਾਂ ਨੂੰ ਅਪਰਾਧ ਮੰਨਣ ਵਾਲੇ ਭਾਰਤੀ ਦੰਡ ਕਾਨੂੰਨ ਦੀ ਧਾਰਾ 377 ਅਸਹਿਮਤੀ ਤੇ ਗ਼ੈਰ-ਕੁਦਰਤੀ ਸਰੀਰਕ ਸਬੰਧਾਂ ਦੇ ਮਾਮਲੇ 'ਚ ਜਾਰੀ ਰਹੇਗੀ। ਜਸਟਿਸ ਏ.ਪੀ. ਸ਼ਾਹ ਅਤੇ ਜਸਟਿਸ ਐਸ. ਮੁਰਲੀਧਰ ਦੇ ਬੈਂਚ ਨੇ ਇਹ ਫ਼ੈਸਲਾ ਸੁਣਾਉਂਦਿਆਂ ਕਿਹਾ ਕਿ ਜਿੱਥੋਂ ਤੱਕ ਬਾਲਗਾਂ 'ਚ ਸਹਿਮਤੀ ਨਾਲ ਬਣੇ ਸਮਲਿੰਗੀ ਸਬੰਧਾਂ ਨੂੰ ਧਾਰਾ 377 ਤਹਿਤ ਅਪਰਾਧ ਠਹਿਰਾਏ ਜਾਣ ਦੀ ਗੱਲ ਹੈ, ਇਹ ਸੰਵਿਧਾਨ ਦੀ ਧਾਰਾ 14, 21 ਤੇ 15 ਦਾ ਉਲੰਘਣ ਹੈ। ਬਾਲਗਾਂ ਸਬੰਧੀ ਸਪੱਸ਼ਟ ਕਰਦਿਆਂ ਅਦਾਲਤ ਨੇ ਕਿਹਾ ਕਿ ਬਾਲਗ ਤੋਂ ਸਾਡਾ ਭਾਵ 18 ਸਾਲ ਜਾਂ ਇਸ ਤੋਂ ਵਧ ਉਮਰ ਦਾ ਵਿਅਕਤੀ ਹੈ। ਫੈਸਲੇ 'ਚ ਕਿਹਾ ਗਿਆ ਹੈ ਕਿ ਜਦੋਂ ਤੱਕ ਸੰਸਦ ਕਾਨੂੰਨ 'ਚ ਸੋਧ ਕਰਕੇ ਇਸ ਸਬੰਧੀ ਸਪੱਸ਼ਟ ਤਜਵੀਜ਼ ਨਹੀਂ ਦਿੰਦੀ, ਉਦੋਂ ਤੱਕ ਇਹ ਫ਼ੈਸਲਾ ਪ੍ਰਭਾਵੀ ਰਹੇਗਾ।

ਅਦਾਲਤ ਨੇ ਕਿਹਾ ਕਿ ਸਾਡੇ ਵਿਚਾਰ 'ਚ ਭਾਰਤੀ ਸੰਵਿਧਾਨਕ ਕਾਨੂੰਨ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ ਕਿ ਅਪਰਾਧਿਕ ਕਾਨੂੰਨ ਸਮਲਿੰਗੀਆਂ ਦੇ ਸਬੰਧਾਂ 'ਚ ਫੈਲੀਆਂ ਗ਼ਲਤਫਹਿਮੀਆਂ ਨੂੰ ਮੰਨਦਾ ਰਹੇ। ਬੈਂਚ ਨੇ 105 ਸਫ਼ਿਆਂ ਦੇ ਫ਼ੈਸਲੇ 'ਚ ਕਿਹਾ ਹੈ ਕਿ ਇਹ ਫ਼ੈਸਲਾ ਸਮਾਨਤਾ ਨੂੰ ਮਾਨਤਾ ਦਿੰਦਾ ਹੈ, ਜੋ ਹਰ ਵਿਅਕਤੀ ਦਾ ਮੁਢਲਾ ਅਧਿਕਾਰ ਹੈ।

ਜ਼ਿਕਰਯੋਗ ਹੈ ਕਿ ਇਕ ਗ਼ੈਰ ਸਰਕਾਰੀ ਸੰਗਠਨ ਨਾਜ ਫਾਊਂਡੇਸ਼ਨ ਤੇ ਸਮਲਿੰਗੀ ਅਧਿਕਾਰਾਂ ਲਈ ਲੜ ਰਹੇ ਹੋਰਨਾਂ ਵਿਅਕਤੀਆਂ ਦੀ ਜਨਹਿਤ ਪਟੀਸ਼ਨ ਨੂੰ ਮਨਜ਼ੂਰ ਕਰਦਿਆਂ ਅਦਾਲਤ ਨੇ ਸਪੱਸ਼ਟ ਕੀਤਾ ਕਿ ਫ਼ੈਸਲੇ ਦਾ ਨਤੀਜਾ ਭਾਰਤੀ ਦੰਡ ਕਾਨੂੰਨ ਦੀ ਧਾਰਾ 377 ਤਹਿਤ ਉਨ੍ਹਾਂ ਅਪਰਾਧਿਕ ਮਾਮਲਿਆਂ ਨੂੰ ਮੁੜ ਖੋਲ੍ਹੇ ਜਾਣ ਦੇ ਰੂਪ ਵਿਚ ਨਹੀਂ ਨਿਕਲੇਗਾ, ਜਿਨ੍ਹਾਂ ਨੂੰ ਪਹਿਲਾਂ ਹੀ ਅੰਤਿਮ ਰੂਪ ਮਿਲ ਚੁੱਕਿਆ ਹੈ।

ਬੈਂਚ ਨੇ 13 ਦਸੰਬਰ 1946 ਨੂੰ ਸੰਵਿਧਾਨ ਸਭਾ 'ਚ ਚਰਚਾ ਦੌਰਾਨ ਜਵਾਹਰ ਲਾਲ ਨਹਿਰੂ ਵਲੋਂ ਲਿਆਂਦੇ ਗਏ ਪ੍ਰਸਤਾਵ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਪ੍ਰਸਤਾਵ ਦੇ ਪਿੱਛੇ ਇਹੀ ਭਾਵਨਾ ਸੀ। ਉਨ੍ਹਾਂ ਕਿਹਾ ਕਿ ਜਵਾਹਰ ਲਾਲ ਨਹਿਰੂ ਨੇ ਵੀ ਆਪਣੇ ਵਿਚਾਰ ਇਸ ਦੇ ਪੱਖ 'ਚ ਦਿੱਤੇ ਸਨ। ਯਾਦ ਰਹੇ ਭਾਰਤ ਇਸ ਨੂੰ ਕਾਨੂੰਨੀ ਮੰਨਣ ਵਾਲਾ ਦੁਨੀਆ ਦਾ 127ਵਾਂ ਦੇਸ਼ ਬਣ ਗਿਆ ਹੈ, ਜਦਕਿ 80 ਦੇਸ਼ ਹਾਲ ਵੀ ਇਸ ਨੂੰ ਅਪਰਾਧ ਦੀ ਸ਼੍ਰੇਣੀ ਵਿਚ ਰੱਖਦੇ ਹਨ।

ਸਮਲਿੰਗੀਆਂ ਨੂੰ ਕਾਨੂੰਨੀ ਮਾਨਤਾ ਦੇਣ ਦੀ ਪ੍ਰਕ੍ਰਿਆ 1989 ਵਿਚ ਡੈਨਮਾਰਕ ਵਿਚ ਸ਼ੁਰੂ ਹੋਈ ਸੀ। ਡੈਨਮਾਰਕ ਪਹਿਲਾ ਦੇਸ਼ ਸੀ, ਜਿਸ ਨੇ ਸਮਲਿੰਗੀ ਜੋੜਿਆਂ ਨੂੰ ਵਿਆਹੁਤਾ ਦੇ ਬਰਾਬਰ ਦਾ ਦਰਜਾ ਦਿੱਤਾ ਸੀ।

ਇਸ ਤੋਂ ਬਾਅਦ ਦੇਖਾ-ਦੇਖੀ ਯੂਰਪ ਦੇ ਕੁਝ ਹੋਰ ਦੇਸ਼ਾਂ ਨੇ ਵੀ ਇਸ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ ਸੀ। ਇਸ ਤੋਂ 7 ਸਾਲ ਬਾਅਦ ਨਾਰਵੇ, ਸਵੀਡਨ ਅਤੇ ਆਇਸਲੈਂਡ ਨੇ 1996 ਵਿਚ ਅਤੇ ਫਿਨਲੈਂਡ ਨੇ 6 ਸਾਲ ਬਾਅਦ ਇਸ ਸਬੰਧੀ ਕਾਨੂੰਨ ਬਣਾਇਆ।

ਨੀਦਰਲੈਂਡ ਪਹਿਲਾ ਦੇਸ਼ ਸੀ, ਜਿਸ ਨੇ ਸਮਲਿੰਗੀ ਜੋੜਿਆਂ ਨੂੰ 2001 ਵਿਚ ਪੂਰਨ ਵਿਆਹ ਅਧਿਕਾਰ ਮੁਹੱਈਆ ਕਰਵਾਇਆ ਸੀ। ਬੈਲਜੀਅਮ ਨੇ 2003 ਵਿਚ ਸਮਲਿੰਗੀ ਵਿਆਹਾਂ ਨੂੰ ਮਨਜ਼ੂਰੀ ਦਿੱਤੀ ਸੀ, ਜਦਕਿ ਸਪੇਨ ਨੇ ਜੂਨ 2005 ਵਿਚ ਸਮਲਿੰਗੀ ਜੋੜਿਆਂ ਨੂੰ ਵਿਆਹ ਦਾ ਅਧਿਕਾਰ ਦਿੱਤਾ ਸੀ। ਕੈਨੇਡਾ ਨੇ ਵੀ 2005 ਵਿਚ ਇਨ੍ਹਾਂ ਵਿਆਹਾਂ ਨੂੰ ਕਾਨੂੰਨੀ ਮਾਨਤਾ ਦਿੱਤੀ ਸੀ, ਜਦਕਿ ਨਿਊਜ਼ੀਲੈਂਡ ਨੇ 2004 ਵਿਚ ਹੀ ਸਮਲਿੰਗੀ ਵਿਆਹ ਨੂੰ ਮਾਨਤਾ ਦੇ ਦਿੱਤੀ ਸੀ। ਦੱਖਣੀ ਅਫਰੀਕਾ ਨੇ 2002 ਵਿਚ ਸਮਲਿੰਗੀ ਸੰਬੰਧਾਂ ਨੂੰ ਜਾਇਜ਼ ਠਹਿਰਾਇਆ ਸੀ। ਅਰਜਨਟਾਈਨਾ ਵਿਚ ਸਮਲਿੰਗੀ ਸੰਬੰਧਾਂ ਦਾ ਪਹਿਲਾ ਮਾਮਲਾ 2003 ਵਿਚ ਹੋਇਆ ਅਤੇ ਉਹ ਲਤੀਨੀ ਅਮਰੀਕਾ ਦਾ ਅਜਿਹੇ ਸੰਬੰਧਾਂ ਨੂੰ ਮਾਨਤਾ ਦੇਣ ਵਾਲਾ ਪਹਿਲਾ ਦੇਸ਼ ਬਣ ਗਿਆ।

## ਸਾਰੇ ਧਾਰਮਿਕ ਮੁਖੀਆਂ ਵਲੋਂ ਫੈਸਲੇ ਦਾ ਤਿੱਖਾ ਵਿਰੋਧ

**ਕੋਚੀ :** ਦਿੱਲੀ ਹਾਈਕੋਰਟ ਵਲੋਂ ਸਮਲਿੰਗੀ ਸਬੰਧਾਂ ਬਾਰੇ ਫੈਸਲੇ 'ਤੇ ਟਿੱਪਣੀ ਕਰਦਿਆਂ ਤਕਰੀਬਨ ਸਾਰੇ ਪ੍ਰਮੁੱਖ ਧਰਮਾਂ ਨੇ ਇਸ ਦੀ ਅਲੋਚਨਾ ਕੀਤੀ ਹੈ। ਕੈਥੋਲਿਕ ਚਰਚ ਨੇ ਕਿਹਾ ਕਿ ਇਸ ਨਾਲ ਸਮਾਜ ਵਿਚ ਅਰਾਜਕਤਾ ਫੈਲ ਜਾਵੇਗੀ। ਸ਼੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਫੈਸਲੇ ਨੂੰ ਕੁਦਰਤ ਤੇ ਸਮਾਜ ਵਿਰੋਧੀ ਕਿਹਾ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਇਸ ਫੈਸਲੇ ਵਿਰੁਧ ਸੁਪਰੀਮ ਕੋਰਟ ਵਿਚ ਜਾਣ ਦਾ ਐਲਾਨ ਕੀਤਾ ਹੈ ਤੇ ਸ਼ਾਹੀ ਇਮਾਮ ਨੇ ਮੁਸਲਮਾਨਾਂ ਨੂੰ ਇਸ ਫੈਸਲੇ ਨੂੰ ਨਾ ਮੰਨਣ ਲਈ ਕਿਹਾ ਹੈ।

ਚਰਚ ਦੇ ਬੁਲਾਰੇ ਸ਼੍ਰੀ ਪਾਲ ਨੇ ਕਿਹਾ ਕਿ ਸਮਲਿੰਗਕਤਾ ਅਨੈਤਿਕ ਹੈ। ਸਾਨੂੰ ਭਾਵੇਂ ਉਨ੍ਹਾਂ ਪ੍ਰਤੀ ਹਮਦਰਦੀ ਰੱਖਣੀ ਚਾਹੀਦੀ ਹੈ, ਜਿਨ੍ਹਾਂ ਵਿਚ ਸਲਿੰਗਕਤਾ ਦੀ ਰੁਚੀ ਪਾਈ ਜਾਂਦੀ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਨੂੰ ਅਜਿਹਾ ਕਰਨ ਦੀ ਕਾਨੂੰਨੀ ਮਾਨਤਾ ਦਿੱਤੀ ਜਾਵੇ।

ਜਦਕਿ ਮੌਲਵੀ ਮੁਫ਼ਤੀ ਮਜਾਹਦ ਨੇ ਕਿਹਾ ਕਿ ਅਜਿਹੇ ਗੈਰ ਕੁਦਰਤੀ ਕਰਮ ਕਰਨ ਵਾਲਿਆਂ ਨੂੰ ਰੱਬ ਸਜ਼ਾ ਦੇਵੇਗਾ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਬੁਲਾਰੇ ਵਿਨੋਦ ਬਾਂਸਲ ਨੇ ਕਿਹਾ ਕਿ ਜੋ ਜਾਨਵਰ ਵੀ ਨਹੀਂ ਕਰਦੇ ਕੀ ਹੁਣ ਉਹ ਮਨੁੱਖਾਂ ਵਲੋਂ ਕੀਤਾ ਜਾਵੇਗਾ। ਇਸ ਦੌਰਾਨ ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਲੀ ਹਾਈਕੋਰਟ ਵਲੋਂ ਸਮਲਿੰਗਕਤਾ ਨੂੰ ਜਾਇਜ਼ ਕਰਾਰ ਦੇਣ ਦੇ ਫੈਸਲੇ ਨਾਲ ਅਸਹਿਮਤੀ ਪ੍ਰਗਟਾਈ ਹੈ।

ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਗਿਆਨੀ




ਗੁਰਬਚਨ ਸਿੰਘ ਨੇ ਕਿਹਾ ਕਿ ਇਹ ਕੁਦਰਤ ਦੇ ਨਿਯਮਾਂ 'ਤੇ ਸਿੱਖ ਸਿਧਾਂਤਾਂ ਵਿਰੁਧ ਹੈ।

ਅਸੀਂ ਸਿੱਖਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਸਮਲਿੰਗਕਤਾ ਤੋਂ ਦੂਰ ਰਹਿਣ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦਾ ਕੋਈ ਕਰਮ ਜਾਨਵਰਾਂ ਵਿਚ ਵੀ ਨਹੀਂ ਵੇਖਿਆ ਗਿਆ। ਉਨ੍ਹਾਂ ਕਿਹਾ ਕਿ ਜਦੋਂ ਜਾਨਵਰ ਵੀ ਅਜਿਹਾ ਨਹੀਂ ਕਰਦੇ ਤਾਂ ਅਸੀਂ ਕਿਉਂ ਕੁਦਰਤ ਦੇ ਸਿਧਾਂਤਾਂ ਦੀ ਉਲੰਘਣਾ ਕਰੀਏ? ਕੁਦਰਤ ਨੇ ਦੁਨੀਆ ਨੂੰ ਚੱਲਦਾ ਰੱਖਣ ਲਈ ਮਰਦ ਤੇ ਔਰਤ ਨੂੰ ਬਣਾਇਆ ਹੈ, ਪਰ ਸਮਲਿੰਗਕਤਾ ਨੂੰ ਕਾਨੂੰਨੀ ਮਾਨਤਾ ਮਨੁੱਖਤਾ ਨੂੰ ਤਬਾਹੀ ਵਲ ਲੈ ਜਾਵੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਸਮਲਿੰਗਕਤਾ ਧਾਰਮਿਕ ਪਰੰਪਰਾਵਾਂ ਦੇ ਉਲਟ ਹੈ। ਸਿੱਖ ਧਰਮ ਵਿਚ ਅਜਿਹੇ ਸਬੰਧਾਂ ਲਈ ਕੋਈ ਸਥਾਨ ਨਹੀਂ।

ਸਿਰਫ ਸਿੱਖ ਹੀ ਨਹੀਂ, ਸਗੋਂ ਹੋਰ ਧਰਮ ਵੀ ਇਸ ਨੂੰ ਸਵੀਕਾਰ ਨਹੀਂ ਕਰਦੇ। ਮੱਕੜ ਨੇ ਹੋਰ ਕਿਹਾ ਕਿ ਜੇ ਸਰਕਾਰ ਨੇ ਸੰਵਿਧਾਨ ਦੀ ਧਾਰਾ 377 ਨੂੰ ਰੱਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਇਸ ਦਾ ਵਿਰੋਧ ਕਰਨਗੇ। ਉਧਰ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਐਲਾਨ ਕੀਤਾ ਕਿ ਉਹ ਇਸ ਫੈਸਲੇ ਦੇ ਅਧਿਐਨ ਤੋਂ ਬਾਅਦ ਇਸ ਨੂੰ ਸੁਪਰੀਮ ਕੋਰਟ ਵਿਚ ਚੈਲੰਜ ਕਰੇਗੀ। ਪ੍ਰੀਸ਼ਦ ਦੇ ਮੀਡੀਆ ਇੰਚਾਰਜ ਵਿਨੋਦ ਬਾਂਸਲ ਨੇ ਕਿਹਾ ਕਿ ਇਸ ਨਾਲ ਦੇਸ਼ ਦੇ ਨੌਜਵਾਨ ਗੁੰਮਰਾਹ ਹੋਣਗੇ ਅਤੇ ਏਡਜ਼ ਦੇ ਰੋਗੀ ਵਧਣਗੇ।

ਭਾਜਪਾ ਦੇ ਸੀਨੀਅਰ ਨੇਤਾ ਮੁਰਲੀ ਮਨੋਹਰ ਜੋਸ਼ੀ ਨੇ ਕਿਹਾ ਕਿ ਸੰਸਦ ਨਿਆਂਪਾਲਿਕਾ ਤੋਂ ਉਪਰ ਹੈ। ਦੇਸ਼ ਅਤੇ ਸਮਾਜ ਵੀ ਇਸ ਤੋਂ ਉਪਰ ਹਨ। ਕਾਨੂੰਨ ਮੰਤਰੀ ਵੀਰੱਪਾ ਮੋਇਲੀ ਨੇ ਕਿਹਾ ਕਿ ਮੈਂ ਫੈਸਲੇ ਦੇ ਅਧਿਐਨ ਤੋਂ ਬਾਅਦ ਹੀ ਕੁਝ ਕਹਾਂਗਾ। ਹਾਈਕੋਰਟ ਦੇ ਇਸ ਫੈਸਲੇ ਨੂੰ ਮਜ਼੍ਹਬੀ ਜਥੇਬੰਦੀਆਂ ਹੀ ਨਹੀਂ ਸਰਕਾਰ ਵੀ ਸੁਪਰੀਮ ਕੋਰਟ ਵਿਚ ਚੈਲੰਜ ਕਰ ਸਕਦੀ ਹੈ। ਅਜੇ ਕੁਝ ਨਹੀਂ ਕਿਹਾ ਜਾ ਸਕਦਾ ਕਿ ਸੁਪਰੀਮ ਕੋਰਟ ਦਾ ਸਟੈਂਡ ਕੀ ਹੋਵੇਗਾ।

ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

Thandi Insurance Brokerage

**Truck Insurance Specialist:** LIC#OBO9151
Auto liability, physical damage, motor truck cargo, general liability and worker's comp.

**Coverage for:**
Long and local haul owner operators, dump trucks, sand/gravel, seasonal vegetable, delivery, catering and ice cream trucks. DUI, new/young drivers accepted.

**Quick Filing:**
Personal auto, medical and homeowners insurance.
SR22, MCP-65, BMC91-X, Form-E, UIIA.

**Business Policies:**
Gas stations, repair shops, mini marts, stores, restaurants, and warehouses.

We proudly represent
GLOBAL HAWK INSURANCE CO.
RRG

ਅਸੀਂ ਤਕਰੀਬਨ ਡੇਢ ਦਹਾਕੇ ਤੋਂ ਤੁਹਾਡੀ ਸੇਵਾ ਕਰਦੇ ਆ ਰਹੇ ਹਾਂ



*For a Free insurance Quote Please Call :*
1-800-917-2639
3090 Independence drive Suite # 246 Livermore CA 94551

# ਮਮਤਾ ਵਲੋਂ ਰੇਲ ਬਜਟ ਪੇਸ਼, ਸੀ.ਪੀ.ਐਮ. ਤੇ ਲਾਲੂ ਵਲੋਂ ਅਲੋਚਨਾ

## 57 ਨਵੀਆਂ ਰੇਲ ਗੱਡੀਆਂ ਸ਼ੁਰੂ ਕਰਨ, 27 ਰੇਲ ਗੱਡੀਆਂ ਦਾ ਆਵਾਜਾਈ ਖੇਤਰ (ਸਫ਼ਰ) ਵਧਾਉਣ ਤੇ 13 ਗੱਡੀਆਂ ਦੇ ਗੇੜੇ ਵਧਾਉਣ ਦਾ ਐਲਾਨ

**ਨਵੀਂ ਦਿੱਲੀ :** ਯਾਤਰੀ ਕਿਰਾਏ ਤੇ ਮਾਲ ਭਾੜੇ ਵਿਚ ਕੋਈ ਵਾਧਾ ਨਾ ਕਰਦਿਆਂ ਰੇਲ ਮੰਤਰੀ ਮਮਤਾ ਬੈਨਰਜੀ ਨੇ ਲੰਘੀ 3 ਜੁਲਾਈ ਨੂੰ ਔਰਤਾਂ, ਪੱਤਰਕਾਰਾਂ, ਵਿਦਿਆਰਥੀਆਂ ਤੇ ਗੈਰ ਜਥੇਬੰਦਕ ਖੇਤਰ ਦੇ ਕਾਮਿਆਂ ਨੂੰ ਵਿਸ਼ੇਸ਼ ਸਹੂਲਤਾਂ ਦੇਣ ਵਾਲਾ ਰੇਲ ਬਜਟ ਪੇਸ਼ ਕੀਤਾ। ਇਸ ਦੌਰਾਨ ਸੀ.ਪੀ.ਐਮ. ਨੇ ਕਿਹਾ ਹੈ ਕਿ ਰੇਲਵੇ ਬਜਟ ਇਸ ਮਹਿਕਮੇ ਦੇ ਵਿੱਤੀ ਖੇਤਰ ਵਿਚ ਨਿਘਾਰ ਦਾ ਪ੍ਰਤੀਕ ਹੈ। ਸਾਬਕਾ ਰੇਲਵੇ ਮੰਤਰੀ ਲਾਲੂ ਪ੍ਰਸਾਦ ਯਾਦਵ ਨੇ ਕਿਹਾ ਹੈ ਕਿ ਮਮਤਾ ਬੈਨਰਜੀ ਨੇ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਹੀ ਦੁਹਰਾਇਆ ਹੈ।

ਲੋਕ ਸਭਾ ਵਿਚ 2009-10 ਦਾ ਰੇਲ ਬਜਟ ਪੇਸ਼ ਕਰਦਿਆਂ ਰੇਲ ਮੰਤਰੀ ਨੇ ਕਿਹਾ, "ਮੈਂ ਗੱਡੀਆਂ ਦੇ ਕਿਸੇ ਵੀ ਦਰਜੇ ਜਾਂ ਸ਼੍ਰੇਣੀ ਦੇ ਯਾਤਰੀ ਕਿਰਾਏ 'ਚ ਵਾਧੇ ਦਾ ਪ੍ਰਸਤਾਵ ਪੇਸ਼ ਨਹੀਂ ਕਰਦੀ, ਇਸੇ ਤਰ੍ਹਾਂ ਮੈਂ ਮਾਲ ਭਾੜੇ ਵਿਚ ਵੀ ਕੋਈ ਵਾਧਾ ਨਹੀਂ ਕਰਨਾ ਚਾਹੁੰਦੀ।" ਐਨ.ਡੀ.ਏ. ਸਰਕਾਰ ਵਿਚ ਰੇਲ ਮੰਤਰੀ ਵਜੋਂ 2 ਬਜਟ ਪੇਸ਼ ਕਰਨ ਤੋਂ ਬਾਅਦ ਯੂ.ਪੀ.ਏ. ਸਰਕਾਰ ਵਿਚ ਪਹਿਲੀ ਵਾਰ ਰੇਲ ਬਜਟ ਪੇਸ਼ ਕਰਨ ਵਾਲੀ ਮਮਤਾ ਬੈਨਰਜੀ ਨੇ 57 ਨਵੀਆਂ ਰੇਲ ਗੱਡੀਆਂ ਸ਼ੁਰੂ ਕਰਨ, 27 ਰੇਲ ਗੱਡੀਆਂ ਦਾ ਆਵਾਜਾਈ ਖੇਤਰ (ਸਫ਼ਰ) ਵਧਾਉਣ ਤੇ 13 ਗੱਡੀਆਂ ਦੇ ਗੇੜੇ ਵਧਾਉਣ ਦਾ ਐਲਾਨ ਵੀ ਕੀਤਾ। ਰੇਲ ਮੰਤਰੀ ਨੇ 12 ਨਾਨ ਸਟਾਪ, ਪੁਆਇੰਟ ਟੂ ਪੁਆਇੰਟ ਦੁਰਾਂਤ (ਤੁਰੰਤ) ਗੱਡੀਆਂ ਚਲਾਉਣ ਦਾ ਐਲਾਨ ਵੀ ਕੀਤਾ। ਇਸ ਤੋਂ ਇਲਾਵਾ ਰੇਲ ਮੰਤਰੀ ਨੇ ਨੌਜਵਾਨਾਂ ਲਈ ਘੱਟ ਕਿਰਾਏ ਵਾਲੀਆਂ ਏ.ਸੀ. ਯੁਵਾ ਗੱਡੀਆਂ ਤੇ ਘੱਟ ਆਮਦਨੀ ਵਾਲੇ ਵਰਗਾਂ ਲਈ ਵਿਸ਼ੇਸ਼ ਗੱਡੀਆਂ ਚਲਾਉਣ ਦਾ ਐਲਾਨ ਵੀ ਕੀਤਾ। ਰੇਲ ਬਜਟ ਦੌਰਾਨ ਦੂਰ-ਦੁਰਾਡੇ ਦੇ ਪੇਂਡੂ ਖੇਤਰਾਂ ਤੋਂ ਵੱਡੇ ਸ਼ਹਿਰਾਂ ਤੇ ਮਹਾਂਨਗਰਾਂ ਲਈ ਵਿਸ਼ੇਸ਼ ਰੇਲ ਗੱਡੀਆਂ ਚਲਾਏ ਜਾਣ ਦੀ ਗੱਲ ਵੀ ਕਹੀ ਗਈ ਹੈ। ਇਨ੍ਹਾਂ ਗੱਡੀਆਂ ਦਾ ਕਿਰਾਇਆ 1500 ਕਿਲੋਮੀਟਰ ਲਈ ਸਿਰਫ਼ 299 ਰੁਪਏ ਤੇ 2500 ਕਿਲੋਮੀਟਰ ਲਈ 399 ਰੁਪਏ ਹੋਵੇਗਾ।



ਰੇਲ ਬਜਟ ਵਿਚ 3 ਮਹੀਨੇ ਦੇ ਅੰਦਰ-ਅੰਦਰ ਮੁੰਬਈ ਤੋਂ ਦਿੱਲੀ ਤੇ ਦਿੱਲੀ ਤੋਂ ਕੋਲਕਾਤਾ ਦਰਮਿਆਨ ਪਾਇਲਟ ਆਧਾਰ 'ਤੇ ਇਹ ਸੇਵਾਵਾਂ ਸ਼ੁਰੂ ਕਰਨ ਦਾ ਜ਼ਿਕਰ ਵੀ ਕੀਤਾ ਗਿਆ ਹੈ। ਰੇਲ ਮੰਤਰੀ ਨੇ ਗੈਰ ਜਥੇਬੰਦਕ ਖੇਤਰ 'ਚ ਕੰਮ ਕਰਦੇ ਮਜ਼ਦੂਰਾਂ ਨੂੰ ਸਨਮਾਨ ਨਾਲ ਸਫ਼ਰ ਕਰਨ ਦਾ ਤੋਹਫ਼ਾ ਦਿੰਦਿਆਂ 'ਇੱਜ਼ਤ' ਨਾਂ ਹੇਠ ਯੋਜਨਾ ਸ਼ੁਰੂ ਕਰਨ ਦਾ ਐਲਾਨ ਵੀ ਕੀਤਾ। ਇਸ ਯੋਜਨਾ ਤਹਿਤ 1500 ਰੁਪਏ ਤੱਕ ਦੀ ਮਹੀਨਾਵਾਰ ਆਮਦਨ ਵਾਲੇ ਗੈਰ ਜਥੇਬੰਦਕ ਖੇਤਰ ਦੇ ਮਜ਼ਦੂਰਾਂ ਨੂੰ 100 ਕਿਲੋਮੀਟਰ ਤੱਕ ਦੇ ਸਫ਼ਰ ਲਈ 25 ਰੁਪਏ ਦਾ ਮਹੀਨੇ ਲਈ ਪਾਸ ਮੁਹੱਈਆ ਕਰਵਾਇਆ ਜਾਵੇਗਾ। ਰੇਲ ਬਜਟ ਵਿਚ ਰੇਲ ਮੰਤਰੀ ਆਪਣੀਆਂ ਸਕੀਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਪੱਤਰਕਾਰਾਂ ਦਾ ਲਾਹਾ ਲੈਣ ਲਈ ਵਿਸ਼ੇਸ਼ ਧਿਆਨ ਦਿੱਤਾ ਹੈ। ਰੇਲ ਮੰਤਰੀ ਨੇ ਮੀਡੀਆ ਮੁਲਾਜ਼ਮਾਂ ਨੂੰ ਰੇਲ ਯਾਤਰਾ ਲਈ ਕਿਰਾਏ ਵਿਚ 30 ਫੀਸਦੀ ਦੀ ਬਜਾਏ 50 ਫੀਸਦੀ ਛੋਟ ਦੇਣ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਪੱਤਰਕਾਰਾਂ ਦੇ ਪਤੀ ਜਾਂ ਪਤਨੀਆਂ ਨੂੰ ਵੀ ਰੇਲ ਯਾਤਰਾ 'ਚ ਸਾਲ 'ਚ ਇਕ ਵਾਰ ਕਿਰਾਏ 'ਚ 50 ਫੀਸਦੀ ਸਬਸਿਡੀ ਦਿੱਤੀ ਜਾਵੇਗੀ। ਰੇਲ ਮੰਤਰੀ ਨੇ ਪੱਤਰਕਾਰਾਂ ਲਈ ਮੌਜੂਦਾ ਕੂਪਨ ਪ੍ਰਣਾਲੀ ਨੂੰ ਖ਼ਤਮ ਕਰਕੇ ਫੋਟੋ ਪਹਿਚਾਣ ਪੱਤਰ ਜਾਂ ਕਰੈਡਿਟ ਕਾਰਡ ਆਧਾਰਤ ਪ੍ਰਣਾਲੀ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਰੇਲ ਬਜਟ ਵਿਚ ਦੇਸ਼ ਦੇ 50 ਵਿਸ਼ੇਸ਼ ਰੇਲਵੇ ਸਟੇਸ਼ਨਾਂ ਨੂੰ ਅੰਤਰਰਾਸ਼ਟਰੀ ਪੱਧਰ ਦਾ ਬਣਾਉਣ ਤੇ 375 ਸਟੇਸ਼ਨਾਂ ਨੂੰ ਆਦਰਸ਼ ਸਟੇਸ਼ਨ ਵਜੋਂ ਵਿਕਸਤ ਕਰਨ ਦਾ ਪ੍ਰਸਤਾਵ ਵੀ ਰੱਖਿਆ ਗਿਆ ਹੈ। ਇਸ ਰੇਲ ਬਜਟ ਵਿਚ ਰੇਲ ਮੰਤਰੀ ਵਲੋਂ ਔਰਤਾਂ ਨੂੰ ਵੀ ਖੁਸ਼ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਰੇਲ ਮੰਤਰੀ ਨੇ ਮੁੰਬਈ ਦੀ ਤਰਜ਼ 'ਤੇ ਦਿੱਲੀ, ਕੋਲਕਾਤਾ ਤੇ ਚੇਨਈ ਵਿਚ ਨੌਕਰੀ ਪੇਸ਼ਾ ਔਰਤਾਂ ਲਈ ਵਿਸ਼ੇਸ਼ ਰੇਲਾਂ ਚਲਾਉਣ ਦਾ ਐਲਾਨ ਕੀਤਾ ਹੈ। ਰੇਲ ਮੰਤਰੀ ਨੇ ਦੇਸ਼ ਦੇ ਅਰਥ ਸ਼ਾਸਤਰੀਆਂ ਤੇ ਸਮਾਜਿਕ ਚਿੰਤਕਾਂ ਨੂੰ ਗਰੀਬਾਂ ਤੇ ਕਮਜ਼ੋਰ ਤਬਕਿਆਂ ਦੇ ਵਿਕਾਸ ਲਈ ਕੰਮ ਕਰਨ ਦਾ ਸੱਦਾ ਵੀ ਦਿੱਤਾ ਹੈ।

ਇਸ ਦੌਰਾਨ ਮਾਰਕਸਵਾਦੀ ਕਮਿਊਨਿਸਟ ਪਾਰਟੀ ਨੇ ਕਿਹਾ ਹੈ ਕਿ ਰੇਲ ਮੰਤਰੀ ਮਮਤਾ ਬੈਨਰਜੀ ਵਲੋਂ ਪੇਸ਼ ਕੀਤਾ ਰੇਲ ਬਜਟ ਰੇਲਵੇ ਦੇ ਵਿੱਤੀ ਖੇਤਰ ਵਿਚ ਲਗਾਤਾਰ ਆ ਰਹੇ ਨਿਘਾਰ ਨੂੰ ਪ੍ਰਗਟਾਉਂਦਾ ਹੈ। ਪੋਲਿਟ ਬਿਊਰੋ ਨੇ ਕਿਹਾ ਕਿ ਸਾਲ 2008-09 ਦੌਰਾਨ ਰੇਲਵੇ ਕੋਲ 20,000 ਕਰੋੜ ਰੁਪਏ ਦਾ ਵਾਧੂ ਨਕਦੀ ਫੰਡ (ਸਰਪਲਸ) ਸੀ, ਜੋ ਫਰਵਰੀ 2009 'ਚ ਪੇਸ਼ ਕੀਤੇ ਗਏ ਅੰਤਰਿਮ ਬਜਟ ਦੌਰਾਨ ਘੱਟ ਕੇ 13,500 ਕਰੋੜ ਰੁਪਏ ਰਹਿ ਗਿਆ ਸੀ। ਇਸ ਦੇ ਨਾਲ ਹੀ ਹੁਣ ਇਹ ਸਰਪਲਸ ਘੱਟ ਕੇ 8700 ਕਰੋੜ ਰੁਪਏ ਰਹਿ ਗਿਆ ਹੈ। ਪੋਲਿਟ ਬਿਊਰੋ ਨੇ ਇਸ ਸਬੰਧ ਵਿਚ ਰੇਲ ਮੰਤਰੀ ਤੇ ਯੂ.ਪੀ.ਏ. ਸਰਕਾਰ ਤੋਂ ਸਪੱਸ਼ਟੀਕਰਨ ਮੰਗਦਿਆਂ ਕਿਹਾ ਹੈ ਕਿ ਇੰਨੇ ਘੱਟ ਸਮੇਂ ਦੌਰਾਨ ਇੰਨੀ ਵੱਡੀ ਮਾਤਰਾ ਵਿਚ ਫੰਡ ਘੱਟਣ ਦਾ ਅਸਲੀ ਕਾਰਨ ਯੂ.ਪੀ.ਏ. ਸਰਕਾਰ ਨੂੰ ਦੱਸਣਾ ਹੀ ਪਵੇਗਾ।

ਪੋਲਿਟ ਬਿਊਰੋ ਨੇ ਕਿਹਾ ਕਿ ਵਿਸ਼ਵੀ ਵਿੱਤੀ ਮੰਦੇ ਕਾਰਨ ਰੇਲਵੇ ਦੀ ਆਮਦਨ ਘਟ ਗਈ ਹੈ ਤੇ ਇਸ ਕਾਰਨ ਹੀ ਰੇਲਵੇ ਵਲੋਂ ਅੰਤਰਿਮ ਬਜਟ ਵਿਚ ਨਿਰਧਾਰਤ ਕੀਤੇ ਗਏ ਟੀਚਿਆਂ ਨੂੰ ਪ੍ਰਾਪਤ ਕਰਨਾ ਮੁਸ਼ਕਲ ਹੋ ਗਿਆ ਹੈ। ਜਦੋਂਕਿ ਮੌਜੂਦਾ ਕੇਂਦਰੀ ਮੰਤਰੀ ਇਸ ਸਬੰਧੀ ਬਹੁਤ ਉਚੇ ਦਾਅਵੇ ਕਰ ਰਹੇ ਹਨ। ਇਸ ਤੋਂ ਇਲਾਵਾ ਰੇਲ ਮੰਤਰੀ ਵਲੋਂ ਪੇਸ਼ ਕੀਤੇ ਗਏ ਬਜਟ 'ਚ ਲਗਾਤਾਰ ਘੱਟ ਰਹੀ ਆਮਦਨ ਸਬੰਧੀ ਕੋਈ ਠੋਸ ਸੁਝਾਅ ਨਹੀਂ ਦਿੱਤਾ ਗਿਆ ਹੈ। ਇਸ ਰੇਲ ਬਜਟ ਵਿਚ ਵੀ ਯੂ.ਪੀ.ਏ. ਸਰਕਾਰ ਦੀ ਪੁਰਾਣੀ ਨੀਤੀ, ਜੋ ਨਿੱਜੀਕਰਨ ਨੂੰ ਬੜਾਵਾ ਦਿੰਦੀ ਹੈ, ਵਲ ਹੀ ਵਧੇਰੇ ਧਿਆਨ ਦਿੱਤਾ ਜਾ ਰਿਹਾ ਹੈ। ਪੋਲਿਟ ਬਿਊਰੋ ਨੇ ਕਿਹਾ ਕਿ ਰੇਲ ਮੰਤਰੀ ਵਲੋਂ ਸਾਬਕਾ ਰੇਲ ਮੰਤਰੀ ਲਾਲੂ ਪ੍ਰਸਾਦ ਯਾਦਵ ਵਲੋਂ ਤਿਆਰ ਕੀਤੀਆਂ ਗਈਆਂ ਯੋਜਨਾਵਾਂ ਦਾ ਹੀ ਜ਼ਿਕਰ ਕੀਤਾ ਗਿਆ ਹੈ।

ਮਮਤਾ ਬੈਨਰਜੀ ਵਲੋਂ ਪੇਸ਼ ਕੀਤੇ ਬਜਟ 'ਤੇ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਸਾਬਕਾ ਰੇਲ ਮੰਤਰੀ ਲਾਲੂ ਪ੍ਰਸਾਦ ਯਾਦਵ ਨੇ ਕਿਹਾ ਕਿ ਉਨ੍ਹਾਂ (ਮਮਤਾ) ਨੇ ਮੇਰੀਆਂ ਪ੍ਰਾਪਤੀਆਂ ਨੂੰ ਅਪਣਾ ਦਾਅਵਾ ਮਜ਼ਬੂਤ ਕਰਨ ਲਈ ਵਰਤਿਆ ਹੈ। ਕਾਂਗਰਸ ਨਾਲ ਅਣਬਣ ਤੋਂ ਬਾਅਦ ਮੰਤਰੀ ਦਾ ਅਹੁਦਾ ਗਵਾ ਬੈਠੇ ਲਾਲੂ ਨੇ ਬਜਟ ਵਿਚ ਬਿਹਾਰ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਵੀ ਲਾਇਆ। ਹਮਲਾਵਰ ਰੁਖ਼ ਵਿਚ ਵਿਖਾਈ ਦੇ ਰਹੇ ਲਾਲੂ ਨੇ ਕਿਹਾ ਕਿ ਮੈਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਰੇਲ ਮੰਤਰੀ ਨੇ ਮਹਿਕਮੇ ਦੀ ਕਾਰਗੁਜ਼ਾਰੀ ਬਾਰੇ ਵਾਈਟ ਪੇਪਰ ਜਾਰੀ ਕਰਨ ਦਾ ਐਲਾਨ ਕੀਤਾ ਹੈ। ਇਹ ਕੋਈ ਨਮੋਸ਼ੀ ਵਾਲੀ ਗੱਲ ਨਹੀਂ, ਉਨ੍ਹਾਂ ਨੂੰ ਵਾਈਟ ਪੇਪਰ ਲੈ ਕੇ ਆਉਣ ਦਿਉ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਕੋਈ ਬਜਟ ਨਹੀਂ ਸੀ, ਮਮਤਾ ਨੇ ਜੋ ਕੁਝ ਵੀ ਪੜ੍ਹਿਆ, ਮੈਂ ਕਾਰਜਕਾਲ ਦੌਰਾਨ ਇਹੋ ਕੁਝ ਐਲਾਨ ਚੁਕਾ ਹਾਂ।

ਉਨ੍ਹਾਂ ਦਾਅਵਾ ਕੀਤਾ ਕਿ ਬਜਟ ਵਿਚ ਕੁਝ ਨਵਾਂ ਨਹੀਂ। ਲਾਲੂ ਨੇ ਕਿਹਾ ਕਿ ਨਵੀਆਂ ਵਿਛਾਈਆਂ ਜਾਣ ਵਾਲੀਆਂ ਰੇਲ ਲਾਈਨਾਂ ਵਿਚੋਂ ਇਕ ਵੀ ਬਿਹਾਰ ਵਿਚ ਨਹੀਂ ਹੈ।

## ਬਜਟ ਤੋਂ ਪਹਿਲਾਂ ਕੇਂਦਰ ਸਰਕਾਰ ਦਾ ਤੋਹਫ਼ਾ

**ਨਵੀਂ ਦਿੱਲੀ :** 100 ਦਿਨਾਂ ਦੇ ਅੰਦਰ-ਅੰਦਰ ਆਮ ਜਨਤਾ ਦੇ ਹਿਤਾਂ 'ਚ ਨੀਤੀਆਂ ਬਣਾਉਣ ਦਾ ਦਾਅਵਾ ਕਰਨ ਵਾਲੀ ਨਵੀਂ ਯੂ.ਪੀ.ਏ. ਸਰਕਾਰ ਨੇ ਲੰਘੀ 1 ਜੁਲਾਈ ਨੂੰ ਉਸ ਸਮੇਂ ਆਮ ਜਨਤਾ ਨੂੰ ਵੱਡਾ ਝਟਕਾ ਦਿੱਤਾ, ਜਦੋਂ ਪੈਟਰੋਲ ਦੀ ਕੀਮਤ 4 ਰੁਪਏ ਤੇ ਡੀਜ਼ਲ ਦੀ ਕੀਮਤ 'ਚ 2 ਰੁਪਏ ਵਾਧਾ ਕਰਨ ਦਾ ਐਲਾਨ ਕਰ ਦਿੱਤਾ। ਤੇਲ ਕੀਮਤਾਂ 'ਚ ਇਹ ਵਾਧਾ ਲੰਘੇ ਬੁੱਧਵਾਰ ਦੀ ਅੱਧੀ ਰਾਤ ਤੋਂ ਹੀ ਲਾਗੂ ਹੋ ਗਿਆ। ਤੇਲ ਦੀਆਂ ਕੀਮਤਾਂ 'ਚ ਵਾਧੇ ਦਾ ਇਹ ਐਲਾਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਤੇਲ ਮੰਤਰੀ ਮੁਰਲੀ ਦਿਓੜਾ ਦਰਮਿਆਨ ਹੋਈ ਮੀਟਿੰਗ ਤੋਂ ਬਾਅਦ ਕੀਤਾ ਗਿਆ।

ਹਾਲਾਂਕਿ ਕੇਂਦਰ ਸਰਕਾਰ ਨੇ ਐਲ.ਪੀ.ਜੀ. ਤੇ ਮਿੱਟੀ ਦੇ ਤੇਲ ਦੀਆਂ ਕੀਮਤਾਂ 'ਚ ਕੋਈ ਵੀ ਵਾਧਾ ਨਾ ਕਰਨ ਦਾ ਫ਼ੈਸਲਾ ਕੀਤਾ ਹੈ। ਤੇਲ ਕੀਮਤਾਂ 'ਚ ਵਾਧੇ ਦਾ ਫ਼ੈਸਲਾ ਲੈਣ ਤੋਂ ਬਾਅਦ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਤੇਲ ਵਿਭਾਗ ਦੇ ਸਕੱਤਰ ਨੇ ਕਿਹਾ ਕਿ ਅੰਤਰਰਾਸ਼ਟਰੀ ਬਜ਼ਾਰ 'ਚ ਤੇਲ ਦੀਆਂ ਕੀਮਤਾਂ ਵਧਣ ਕਾਰਨ ਹੀ ਸਰਕਾਰ ਵਲੋਂ ਤੇਲ ਦੀਆਂ ਕੀਮਤਾਂ 'ਚ ਵਾਧਾ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਐਲ.ਪੀ.ਜੀ. ਤੇ ਮਿੱਟੀ ਦੇ ਤੇਲ 'ਚ ਵਾਧਾ ਨਾ ਕਰਕੇ ਸਰਕਾਰ ਖ਼ੁਦ 30,000 ਕਰੋੜ ਦਾ ਘਾਟਾ ਸਹਿਣ ਕਰੇਗੀ। ਤੇਲ ਵਿਭਾਗ ਦੇ ਸਕੱਤਰ ਨੇ ਕਿਹਾ ਕਿ ਜੇਕਰ ਅੰਤਰਰਾਸ਼ਟਰੀ ਬਜ਼ਾਰ 'ਚ ਤੇਲ ਦੀ ਕੀਮਤ ਘੱਟਦੀ ਜਾਂ ਵਧਦੀ ਹੈ ਤਾਂ ਸਰਕਾਰ ਮੁੜ ਕੀਮਤਾਂ ਬਾਰੇ ਵਿਚਾਰ ਕਰ ਸਕਦੀ ਹੈ।

ਹਾਲਾਂਕਿ ਸ੍ਰੀ ਦਿਓੜਾ ਤੇ ਉਨ੍ਹਾਂ ਹੇਠ ਕੰਮ ਕਰਦੇ ਜਤਿਨ ਪ੍ਰਸਾਦ ਨੇ ਇਸ ਸਬੰਧੀ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

ਤੇਲ ਦੀਆਂ ਕੀਮਤਾਂ ਦੇ ਵਾਧੇ ਪਿੱਛੇ ਉਪਰੋਕਤ ਆਗੂਆਂ ਨੇ ਤਰਕ ਦਿੱਤਾ ਕਿ ਅੰਤਰਰਾਸ਼ਟਰੀ ਬਾਜ਼ਾਰ 'ਚ ਤੇਲ ਦੀ ਕੀਮਤ 35 ਯੂ.ਐਸ. ਡਾਲਰ ਤੋਂ ਵਧ ਕੇ 70 ਯੂ.ਐਸ. ਡਾਲਰ ਦੇ ਕਰੀਬ ਹੋ ਚੁੱਕੀ ਹੈ। ਸ੍ਰੀ ਦਿਓੜਾ ਨੇ ਨਾਲ ਹੀ ਕਿਹਾ ਕਿ ਇਨ੍ਹਾਂ ਕੀਮਤਾਂ ਦੇ ਵਾਧੇ ਦੇ ਬਾਵਜੂਦ ਤੇਲ ਕੰਪਨੀਆਂ ਅਜੇ ਵੀ 2 ਰੁਪਏ ਪੈਟਰੋਲ ਤੇ 1.62 ਪੈਸੇ ਡੀਜ਼ਲ 'ਤੇ ਘਾਟਾ ਸਹਿਣ ਕਰ ਰਹੀਆਂ ਹਨ। ਜ਼ਿਕਰਯੋਗ ਹੈ ਕਿ ਭਾਰਤ 'ਚ ਤੇਲ ਦੀ ਖ਼ਪਤ ਦਾ 70 ਫ਼ੀਸਦੀ ਹਿੱਸਾ ਵਿਦੇਸ਼ਾਂ ਤੋਂ ਬਰਾਮਦ ਕੀਤਾ ਜਾਂਦਾ ਹੈ।

ਸੀ.ਪੀ.ਆਈ. (ਐਮ.) ਪੋਲਿਟ ਬਿਊਰੋ ਨੇ ਕੇਂਦਰ ਸਰਕਾਰ ਵਲੋਂ ਤੇਲ ਕੀਮਤਾਂ 'ਚ ਕੀਤੇ ਵਾਧੇ ਦੀ ਸਖ਼ਤ ਆਲੋਚਨਾ ਕੀਤੀ ਹੈ। ਪੋਲਿਟ ਬਿਊਰੋ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਨੇ ਬਜਟ ਸੈਸ਼ਨ ਤੋਂ ਪਹਿਲਾਂ ਤੇਲ ਕੀਮਤਾਂ 'ਚ ਵਾਧਾ ਕਰਕੇ ਆਪਣਾ ਇਰਾਦਾ ਜ਼ਾਹਰ ਕਰ ਦਿੱਤਾ ਹੈ।

ਪੋਲਿਟ ਬਿਊਰੋ ਨੇ ਕਿਹਾ ਕਿ ਕੇਂਦਰ ਸਰਕਾਰ ਵਲੋਂ ਕੀਤਾ ਗਿਆ ਇਹ ਵਾਧਾ ਸਹੀ ਨਹੀਂ ਹੈ, ਕਿਉਂਕਿ ਅੰਤਰਰਾਸ਼ਟਰੀ ਬਜ਼ਾਰ 'ਚ ਤੇਲ ਦੀਆਂ ਕੀਮਤਾਂ 'ਚ ਪਿਛਲੇ ਸਾਲ ਦੇ ਮੁਕਾਬਲੇ ਬਹੁਤ ਘੱਟ ਵਾਧਾ ਹੋਇਆ ਹੈ, ਜਦੋਂ ਕਿ ਸਰਕਾਰ ਨੇ ਤੇਲ ਦੀ ਕੀਮਤ 'ਚ ਵਾਧਾ ਬਹੁਤ ਜ਼ਿਆਦਾ ਕਰ ਦਿੱਤਾ ਹੈ। ਪੋਲਿਟ ਬਿਊਰੋ ਨੇ ਕਿਹਾ ਕਿ ਤੇਲ ਕੀਮਤਾਂ 'ਚ ਕੀਤਾ ਗਿਆ ਇਹ ਵਾਧਾ ਆਮ ਵਰਤੋਂ ਵਾਲੀਆਂ ਚੀਜ਼ਾਂ ਦੀ ਕੀਮਤ ਵੀ ਵਧਾ ਦੇਵੇਗਾ, ਜਿਸ ਦਾ ਸਿੱਧਾ ਅਸਰ ਆਮ ਲੋਕਾਂ 'ਤੇ ਪਵੇਗਾ। ਪੋਲਿਟ ਬਿਊਰੋ ਨੇ ਵਧਾਈਆਂ ਤੇਲ ਕੀਮਤਾਂ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ।

## ਸਕੱਤਰ ਦੇ ਅਹੁਦੇ ਤੋਂ ਅਸਤੀਫਾ

ਫਰੀਮਾਂਟ:ਸਰਬਜੀਤ ਸਿੰਘ ਲਾਲ ਗੁਰੂ ਨੇ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੇ ਜਨਰਲ ਸਕੱਤਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਹ ਜਾਣਕਾਰੀ ਇਕ ਬਿਆਨ ਵਿਚ ਦਿੰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਅਸਤੀਫਾ ਘਰੇਲੂ ਕਾਰਨਾਂ ਕਰਕੇ ਦਿੱਤਾ ਹੈ।

## ਅਟਾਰਨੀ ਜਸਪ੍ਰੀਤ ਸਿੰਘ ਨੇ ਦੋ ਹੋਰਨਾਂ ਨੂੰ ਗਰੀਨ ਕਾਰਡ ਦਿਵਾਏ

**ਨਿਊ ਯਾਰਕ:**ਅਟਾਰਨੀ ਜਸਪ੍ਰੀਤ ਸਿੰਘ ਨੇ ਹਰਪ੍ਰੀਤ ਕੌਰ ਅਤੇ ਅਬਦੁਲ ਸੱਤਾਰ-ਦੋ ਹੋਰ ਵਿਅਕਤੀਆਂ ਨੂੰ ਗਰੀਨ ਕਾਰਡ ਦਿਵਾਇਆ ਹੈ।

ਅਟਾਰਨੀ ਜਸਪ੍ਰੀਤ ਸਿੰਘ ਅਨੁਸਾਰ ਹਰਪ੍ਰੀਤ ਕੌਰ ਦਾ ਕੰਡੀਸ਼ਨ ਰਿਮੂਵਲ ਦਾ ਕੇਸ ਸੀ ਜੋ ਪਹਿਲਾਂ ਕਿਸੇ ਹੋਰ ਵਕੀਲ ਨੇ ਖਰਾਬ ਕਰ ਦਿੱਤਾ ਸੀ ਤੇ ਇਮੀਗ੍ਰੇਸ਼ਨ ਵਿਭਾਗ ਨੇ ਡਿਨਾਈ ਕਰਨ ਦਾ ਫੈਸਲਾ ਲਿਆ ਸੀ। ਅਟਾਰਨੀ ਜਸਪ੍ਰੀਤ ਸਿੰਘ ਦੇ ਯਤਨ ਨਾਲ ਹੁਣ ਉਸ ਨੂੰ ਗਰੀਨ ਕਾਰਡ ਵੀ ਮਿਲ ਗਿਆ ਹੈ।

ਅਬਦੁਲ ਸੱਤਾਰ ਦਾ ਲੇਬਰ ਸਰਟੀਫਿਕੇਸ਼ਨ ਦਾ ਕੇਸ ਸੀ ਅਤੇ ਲੋੜੀਂਦੇ ਕਾਗਜ਼ ਪੂਰੇ ਨਾ ਹੋਣ ਕਰਕੇ ਡਿਨਾਈ ਕਰ ਦਿੱਤਾ ਗਿਆ ਸੀ। ਸ. ਜਸਪ੍ਰੀਤ ਸਿੰਘ ਨੇ ਇਹ ਕੇਸ ਅਪੀਲ ਵਿਚ ਜਿਤ ਕੇ ਪਾਸ ਕਰਵਾਇਆ ਅਤੇ ਗਰੀਨ ਕਾਰਡ ਦਿਵਾਇਆ।

## ਵੋਟਿੰਗ ਮਸ਼ੀਨਾਂ ਜਾਂ ਵੋਟ ਪਰਚੀ : ਮਾਮਲਾ ਭਖਿਆ

**ਨਵੀਂ ਦਿੱਲੀ :** ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ. ਐਮਜ਼) ਦੀ ਥਾਂ ਮੁੜ ਬੈਲਟ ਪੇਪਰਾਂ ਨੂੰ ਲਿਆਉਣ ਦੀ ਭਾਜਪਾ ਆਗੂ ਐਲ.ਕੇ. ਅਡਵਾਨੀ ਦੀ ਮੰਗ ਦੀ ਸੀ.ਪੀ.ਆਈ. (ਐਮ.), ਜਨਤਾ ਦਲ (ਐਸ.) ਰਾਸ਼ਟਰੀ ਜਨਤਾ ਦਲ ਅਤੇ ਲੋਕ ਜਨਸ਼ਕਤੀ ਪਾਰਟੀ ਨੇ ਵੀ ਹਮਾਇਤ ਕੀਤੀ ਹੈ।

ਵਿਰੋਧੀ ਧਿਰ ਦੇ ਆਗੂ ਨੇ ਲੋਕ ਸਭਾ ਚੋਣ ਨਤੀਜਿਆਂ 'ਤੇ ਕੋਈ ਕਿੰਤੂ ਨਹੀਂ ਕੀਤਾ, ਪਰ ਉਹ ਮਹਿਸੂਸ ਕਰਦੇ ਹਨ ਕਿ ਦੇਸ਼ ਨੂੰ ਇਸ ਸਾਲ ਅਕਤੂਬਰ ਵਿਚ ਹੋਣ ਵਾਲੀਆਂ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਤੋਂ ਬੈਲਟ ਪੇਪਰਾਂ ਵਲ ਮੋੜਾ ਪਾ ਦੇਣਾ ਚਾਹੀਦਾ ਹੈ, ਕਿਉਂਕਿ ਚੋਣ ਕਮਿਸ਼ਨ 'ਈ.ਵੀ.ਐਮਜ਼' ਨੂੰ ਨੁਕਸ ਰਹਿਤ ਬਣਾਉਣ ਅਤੇ ਇਨ੍ਹਾਂ 'ਚ ਆਉਣ ਵਾਲੀ ਹਰ ਖਰਾਬੀ ਦੀ ਦੇਖ-ਰੇਖ ਕਰਨ ਦੇ ਸਮਰੱਥ ਨਹੀਂ ਹੈ।

ਦੂਜੇ ਬੰਨ੍ਹੇ ਕਾਂਗਰਸ ਨੇ ਇਸ ਨੂੰ ਇਕ ਹਾਰੀ ਹੋਈ ਪਾਰਟੀ ਦਾ ਹੈਰਾਨਕੁਨ ਬਿਆਨ ਕਰਾਰ ਦਿੰਦਿਆਂ ਕਿਹਾ ਕਿ ਉਹ ਆਪਣੀ ਹਾਰ ਦੇ ਗਲਤ ਜਵਾਬ ਲੱਭ ਰਹੀ ਹੈ। ਚੋਣ ਕਮਿਸ਼ਨ ਦੀ ਤਰਫੋਂ ਇਸ ਮੁੱਦੇ 'ਤੇ ਹਾਲੇ ਤਕ ਕੋਈ ਪ੍ਰਤੀਕਰਮ ਨਹੀਂ ਦਿੱਤਾ ਗਿਆ। ਮੁੱਖ ਚੋਣ ਕਮਿਸ਼ਨਰ ਨਵੀਨ ਚਾਵਲਾ ਅਤੇ ਚੋਣ ਕਮਿਸ਼ਨਰ ਐਸ. ਵਾਈ ਕੁਰੈਸ਼ੀ ਵਿਦੇਸ਼ ਯਾਤਰਾ 'ਤੇ ਗਏ ਹੋਏ ਹਨ, ਜਦਕਿ ਇਕ ਹੋਰ ਕਮਿਸ਼ਨਰ ਵੀ ਐਸ. ਸੰਪਤ ਹੈਦਰਾਬਾਦ ਵਿਚ ਛੁੱਟੀਆਂ ਮਨਾ ਰਹੇ ਹਨ। ਉਂਜ ਸ੍ਰੀ ਕੁਰੈਸ਼ੀ ਦਾ ਪਹਿਲਾਂ ਇਹ ਬਿਆਨ ਆਇਆ ਸੀ ਕਿ ਕਮਿਸ਼ਨ 'ਬਟਨ ਵੋਟ ਮਸ਼ੀਨਾਂ' ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੈ ਕਿ ਇਨ੍ਹਾਂ ਮਸ਼ੀਨਾਂ ਨਾਲ ਤੋੜ-ਭੰਨ ਨਹੀਂ ਕੀਤੀ ਜਾ ਸਕਦੀ ਅਤੇ ਆਈ.ਆਈ.ਟੀ.-ਮਦਰਾਸ ਦੇ ਸਾਬਕਾ ਡਾਇਰੈਕਟਰ ਪੀ.ਵੀ. ਇੰਦਰਸੇਨ ਦੀ ਅਗਵਾਈ ਵਾਲੀ ਤਕਨੀਕੀ ਕਮੇਟੀ ਮਸ਼ੀਨਾਂ ਨੂੰ ਨੁਕਸ ਰਹਿਤ ਬਣਾਉਣ ਲਈ ਜ਼ਿੰਮੇਵਾਰ ਹੈ। ਈ.ਵੀ. ਐਮਜ਼ ਬਾਰੇ ਹਾਲ ਹੀ ਵਿਚ ਵਿਵਾਦ ਉਦੋਂ ਛਿੜਿਆ ਸੀ, ਜਦੋਂ ਦਿੱਲੀ ਦੇ ਸਾਬਕਾ ਮੁੱਖ ਸਕੱਤਰ ਉਮੇਸ਼ ਸਹਿਗਲ ਨੇ ਕਮਿਸ਼ਨ ਕੋਲ ਇਹ ਸਿੱਧ ਕਰ ਦਿਖਾਇਆ ਸੀ ਕਿ ਮਨਮਰਜ਼ੀ ਦੇ ਨਤੀਜੇ ਹਾਸਲ ਕਰਨ ਲਈ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਨੂੰ ਕਿਵੇਂ ਪ੍ਰੋਗਰਾਮ ਕੀਤਾ ਜਾ ਸਕਦਾ ਹੈ। ਇਸ ਤੋਂ ਬਾਅਦ ਕਮਿਸ਼ਨ ਨੇ ਇਕ ਡਿਪਟੀ ਕਮਿਸ਼ਨਰ ਨੂੰ ਇਸ ਮਾਮਲੇ ਦੀ ਪੜਤਾਲ ਕਰਨ ਲਈ ਆਖਿਆ ਸੀ। ਭਾਜਪਾ ਦੇ ਬੁਲਾਰੇ ਰਵੀਸ਼ੰਕਰ ਪ੍ਰਸ਼ਾਦ ਨੇ ਇਸ ਖਬਰ ਏਜੰਸੀ ਨੂੰ ਦੱਸਿਆ ਕਿ ਪਾਰਟੀ ਇਹ ਬਿਲਕੁਲ ਸਪੱਸ਼ਟ ਕਰਨਾ ਚਾਹੁੰਦੀ ਹੈ ਕਿ ਕਿਸੇ ਪ੍ਰਤੱਖ ਸਬੂਤ ਦੀ ਅਣਹੋਂਦ ਵਿਚ ਉਹ ਹਾਲੀਆ ਲੋਕ ਸਭਾ ਚੋਣਾਂ ਦੇ ਨਤੀਜਿਆਂ 'ਤੇ ਕਿਸੇ ਕਿਸਮ ਦੇ ਸ਼ੱਕ ਦਾ ਪਰਛਾਵਾਂ ਨਹੀਂ ਪਾਉਣਾ ਚਾਹੁੰਦੀ। ਉਂਜ ਚੋਣ ਕਮਿਸ਼ਨ ਤੋਂ ਇਹ ਤਵੱਜੋ ਜਰੂਰ ਰਹੇਗੀ ਕਿ ਉਹ ਢੁੱਕਵੀਂ ਜਾਂਚ ਰਾਹੀਂ ਇਹ ਯਕੀਨੀ ਬਣਾਵੇ ਕਿ ਈ.ਵੀ. ਐਮਜ਼ ਕਿਸੇ ਗੜਬੜ ਜਾਂ ਨੁਕਸ ਦਾ ਸ਼ਿਕਾਰ ਨਾ ਹੋਣ।

ਜਦੋਂ ਤੱਕ ਇਹ ਨਹੀਂ ਹੁੰਦਾ ਉਦੋਂ ਤੱਕ ਮਹਾਰਾਸ਼ਟਰ, ਹਰਿਆਣਾ ਆਦਿ ਰਾਜਾਂ ਦੀਆਂ ਚੋਣਾਂ ਬੈਲਟ ਪੇਪਰਾਂ ਰਾਹੀਂ ਕਰਵਾਈਆਂ ਜਾਣ। ਸੀ.ਪੀ.ਆਈ.ਐਮ. ਪੋਲਿਟ ਬਿਊਰੋ ਦੇ ਮੈਂਬਰ ਸੀਤਾਰਾਮ ਯੇਚੁਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਈ.ਵੀ.ਐਮਜ਼ ਨਾਲ ਸਬੰਧਤ ਕਈ ਸਵਾਲ ਪਹਿਲਾਂ ਹੀ ਉਠਾਏ ਜਾ ਚੁੱਕੇ ਹਨ।

ਇਹ ਗੰਭੀਰ ਮੁੱਦੇ ਹਨ ਅਤੇ ਜੇ ਅਸੀਂ ਆਪਣੇ ਲੋਕਰਾਜ ਨੂੰ ਮਜ਼ਬੂਤ ਬਣਾਉਣਾ ਹੈ ਤਾਂ ਸਾਨੂੰ ਇਸ ਮਾਮਲੇ 'ਤੇ ਗੰਭੀਰਤਾ ਨਾਲ ਸੋਚ ਵਿਚਾਰ ਕਰਨੀ ਪਵੇਗੀ।" ਉਨ੍ਹਾਂ ਕਿਹਾ ਕਿ ਵਿਕਸਤ ਦੇਸ਼ਾਂ ਸਣੇ ਦੁਨੀਆ ਦੇ ਕਈ ਦੇਸ਼ਾਂ ਵਿਚ ਈ.ਵੀ.ਐਮਜ਼ ਦੀ ਥਾਂ ਮੁੜ ਬੈਲਟ ਪੇਪਰਾਂ ਦੀ ਵਰਤੋਂ ਹੋਣ ਲੱਗ ਪਈ ਹੈ ਅਤੇ ਜਰਮਨੀ ਇਸ ਦੀ ਤਾਜ਼ਾ ਮਿਸਾਲ ਹੈ। ਜਨਤਾ ਦਲ (ਐਸ.) ਦੇ ਨੇਤਾ ਐਚ.ਡੀ. ਦੇਵਗੌੜਾ ਨੇ ਕਿਹਾ ਕਿ ਈ.ਵੀ.ਐਮਜ਼ ਰਾਹੀਂ ਰਾਜਦਾਰੀ ਨਹੀਂ ਰਹਿੰਦੀ ਅਤੇ ਉਨ੍ਹਾਂ ਦੀ ਪਾਰਟੀ ਨੇ ਚੋਣਾਂ ਤੋਂਪਹਿਲਾਂ ਸਰਬ ਪਾਰਟੀ ਮੀਟਿੰਗ ਵਿਚ ਈ.ਵੀ. ਐਮਜ਼ ਦੀਆਂ ਕਮੀਆਂ ਉਠਾਈਆਂ ਸਨ। ਬਿਹਾਰ ਵਿਚ ਵਿਰੋਧੀ ਰਾਸ਼ਟਰੀ ਜਨਤਾ ਦਲ ਨੇ ਕਮਿਸ਼ਨ ਨੂੰ ਸੱਤਾਧਾਰੀ ਐਨ.ਡੀ.ਏ. ਗੱਠਜੋੜ ਵਲੋਂ ਵੋਟਿੰਗ ਮਸ਼ੀਨਾਂ ਵਿਚ ਕਥਿਤ ਤੌਰ 'ਤੇ ਕੀਤੀ ਗੜਬੜ ਬਾਰੇ ਜਾਂਚ ਕਰਾਉਣ ਅਤੇ ਬੈਲਟ ਪੇਪਰਾਂ ਦਾ ਪੁਰਾਣਾ ਤਰੀਕਾ ਲਾਗੂ ਕਰਨ ਦੀ ਮੰਗ ਕੀਤੀ ਹੈ।

## ਬਰਾੜ ਹੋਣਗੇ ਗੁਰੂ ਨਾਨਕ ਵਰਸਿਟੀ ਦੇ ਨਵੇਂ ਵੀ.ਸੀ.

**ਅੰਮ੍ਰਿਤਸਰ :** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਪ੍ਰੋ. ਅਜਾਇਬ ਸਿੰਘ ਬਰਾੜ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਉਪ ਕੁਲਪਤੀ ਲਾਏ ਜਾਣ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ।

ਇਸ ਤੋਂ ਪਹਿਲਾਂ ਪ੍ਰੋ. ਬਰਾੜ (62) 26 ਸਤੰਬਰ, 2007 ਵਿਚ ਲਖਨਊ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਲਾਏ ਗਏ ਸਨ ਤੇ ਉਨ੍ਹਾਂ ਦੇ ਅਹੁਦੇ ਦੀ ਮਿਆਦ ਦਸੰਬਰ 2010 ਤੱਕ ਹੈ। ਪੰਜਾਬ ਦੇ ਰਾਜਪਾਲ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਚਾਂਸਲਰ ਗਵਰਨਰ ਜਨਰਲ ਐਸ.ਐਫ. ਰੌਡਰਿਗਜ਼ ਵਲੋਂ ਇਸ ਸਬੰਧੀ ਪੱਤਰ ਜਾਰੀ ਕਰ ਦਿੱਤਾ ਜਾਏਗਾ। ਪ੍ਰੋ. ਬਰਾੜ ਇਸ ਤੋਂ ਪਹਿਲਾਂ ਆਈ.ਆਈ.ਟੀ. ਨਵੀਂ ਦਿੱਲੀ ਵਿਚ ਕੈਮਿਸਟਰੀ ਦੇ ਪ੍ਰੋਫੈਸਰ ਸਨ। ਪੰਜਾਬ ਸਰਕਾਰ ਦੀ ਸਰਚ ਕਮੇਟੀ ਵਲੋਂ ਤਿਆਰ ਪੈਨਲ ਵਿਚ ਪ੍ਰੋ. ਬਰਾੜ ਦਾ ਨਾਮ ਪਹਿਲੇ ਨੰਬਰ 'ਤੇ ਸੀ। ਇਸ ਕਮੇਟੀ ਦੇ ਪ੍ਰੋ. ਜੇ.ਐਸ. ਬਜਾਜ ਵਾਈਸ ਚੇਅਰਮੈਨ ਪੰਜਾਬ ਰਾਜ ਯੋਜਨਾ ਬੋਰਡ ਸਨ।

## ਬੇ-ਏਰੀਏ ਦੇ ਸਿੱਖਾਂ ਨੇ ਅਮਰੀਕਾ ਦਾ ਆਜ਼ਾਦੀ ਦਿਵਸ ਮਨਾਇਆ

**ਫਰੀਮਾਂਟ:**ਬੇ-ਏਰੀਏ ਦੇ ਸਿੱਖਾਂ ਨੇ 4 ਜੁਲਾਈ ਨੂੰ ਅਮਰੀਕਾ ਦਾ ਆਜ਼ਾਦੀ ਦਿਵਸ ਭਾਰੀ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਫਰੀਮਾਂਟ ਸ਼ਹਿਰ ਵਿਚ ਕੱਢੀ ਗਈ ਆਜ਼ਾਦੀ ਦਿਵਸ ਪ੍ਰੇਡ ਵਿਚ ਸਿੱਖ ਭਾਈਚਾਰੇ ਨੇ ਕੇਵਲ ਸ਼ਮੂਲੀਅਤ ਹੀ ਨਹੀਂ ਕੀਤੀ ਬਲਕਿ ਪ੍ਰੇਡ ਵਿਚ ਭਾਗ ਲੈਣ ਵਾਲਿਆਂ ਦੀ ਸੇਵਾ ਵਿਚ ਠੰਡੇ ਪਾਣੀ ਦੀਆਂ 10 ਹਜ਼ਾਰ ਬੋਤਲਾਂ ਵਰਤਾਈਆਂ। ਸੇਵਾ ਦੇ ਇਸ ਕੰਮ ਵਿਚ 50 ਦੇ ਕਰੀਬ ਸਿੱਖ ਵਾਲੰਟੀਅਰਾਂ ਨੇ ਭਾਗ ਲਿਆ।

ਗੁਰਦੁਆਰਾ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਅਤੇ ਸੰਗਤ ਦੇ ਮੈਂਬਰ ਵੀ ਵੱਡੀ ਗਿਣਤੀ ਵਿਚ ਆਜ਼ਾਦੀ ਦਿਵਸ ਜਸ਼ਨਾਂ ਵਾਲੀ ਇਸ ਪ੍ਰੇਡ ਵਿਚ ਸ਼ਾਮਲ ਹੋਏ।

# ਕਬਰਾਂ ’ਚੋਂ ਲਾਸ਼ਾਂ ਕੱਢ ਕੇ ਦੁਬਾਰਾ ਪੋਸਟਮਾਰਟਮ ਕਰਨ ਦੇ ਆਦੇਸ਼

## ਸ਼ੋਪੀਆਂ ਕਾਂਡ

**–ਪੰਜਾਬ ਟਾਈਮਜ਼ ਨਿਊਜ਼ ਸਰਵਿਸ**

ਜੰਮੂ-ਕਸ਼ਮੀਰ ਹਾਈ ਕੋਰਟ ਵਲੋਂ ਸ਼ੋਪੀਆਂ ਵਿਖੇ 29 ਮਈ ਨੂੰ ਕਤਲ ਕੀਤੀਆਂ ਗਈਆਂ ਦੋ ਮੁਟਿਆਰਾਂ ਦੀਆਂ ਦਫਨਾਈਆਂ ਜਾ ਚੁੱਕੀਆਂ ਲਾਸ਼ਾਂ ਦਾ ਉਨ੍ਹਾਂ ਦੇ ਪਰਿਵਾਰਾਂ ਦੀ ਸਹਿਮਤੀ ਨਾਲ ਕਬਰ ‘ਚੋਂ ਕੱਢ ਕੇ ਮੁੜ ਪੋਸਟਮਾਰਟਮ ਕਰਵਾਏ ਜਾਣ ਦਾ ਆਦੇਸ਼ ਦਿੱਤਾ ਗਿਆ ਹੈ। ਅਦਾਲਤ ਵਲੋਂ ਦਿੱਤੇ ਗਏ ਇਸ ਆਦੇਸ਼ ਦਾ ਮੀਡੀਏ ਅਤੇ ਇਨਸਾਫ ਪਸੰਦ ਜਮਹੂਰੀ ਤਾਕਤਾਂ ਨੇ ਸਵਾਗਤ ਕੀਤਾ ਹੈ। ਇਨ੍ਹਾਂ ਧਿਰਾਂ ਦਾ ਆਖਣਾ ਹੈ ਕਿ ਅਜਿਹਾ ਕੀਤਾ ਜਾਣਾ ਇਨਸਾਫ ਦਾ ਤਕਾਜ਼ਾ ਹੈ। ਕਿਉਂਕਿ ਇਸ ਨਵੀਂ ਮਸ਼ਕ ਦਾ ਉਦੇਸ਼ ਹੀ ਇਸ ਘਟਨਾ ਨੂੰ ਅੰਜ਼ਾਮ ਦੇਣ ਵਾਲਿਆਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਖੜਾ ਕਰਨਾ ਹੈ, ਇਸ ਲਈ ਮ੍ਰਿਤਕ ਮੁਟਿਆਰਾਂ ਦੇ ਵਾਰਸਾਂ ਨੂੰ ਇਸ ਵਿਚ ਰੁਕਾਵਟ ਨਹੀਂ ਬਣਨਾ ਚਾਹੀਦਾ, ਸਗੋਂ ਸੱਚਾਈ ਸਾਹਮਣੇ ਲਿਆਉਣ ਵਿਚ ਪੜਤਾਲੀਆ ਏਜੰਸੀਆਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ।

ਜਸਟਿਸ ਬਾਰਿਨ ਘੋਸ਼ ਅਤੇ ਜਸਟਿਸ ਮੁਹੰਮਦ ਯਾਕੂਬ ਮੀਰ ‘ਤੇ ਆਧਾਰਤ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਨੇ ਘੋਖ ਕਰ ਕੇ ਵੇਖਿਆ ਹੈ ਕਿ ਵਿਸ਼ੇਸ਼ ਜਾਂਚ ਟੀਮ ਵਲੋਂ ਦਿੱਤੀ ਗਈ ਰਿਪੋਰਟ ਦੋ ਗੱਲਾਂ ਕਰ ਕੇ ਮੁਕੰਮਲ ਨਹੀਂ ਮੰਨੀ ਜਾ ਸਕਦੀ। ਇਕ ਤਾਂ ਇਸ ਰਿਪੋਰਟ ਵਿਚੋਂ ਡੀ.ਐਨ.ਏ. ਦੀ ਰਿਪੋਰਟ ਗਾਇਬ ਹੈ, ਦੂਜਾ ਫਾਜ਼ਲ ਜੱਜਾਂ ਦੀ ਸਮਝ ਮੁਤਾਬਕ ਪੋਸਟਮਾਰਟਮ ਵੀ ਠੀਕ ਤਰੀਕੇ ਨਾਲ ਨਹੀਂ ਕੀਤਾ ਗਿਆ ਜਾਪਦਾ। ਹਾਈ ਕੋਰਟ ਦੇ ਨਵੇਂ ਆਦੇਸ਼ਾਂ ਮੁਤਾਬਕ ਨਵੇਂ ਸਿਰੇ ਤੋਂ ਪੋਸਟਮਾਰਟਮ ਸ੍ਰੀਨਗਰ ਦੇ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਦੁਆਰਾ ਬਣਾਈ ਗਈ ਮਾਹਿਰਾਂ ਦੀ ਟੀਮ ਦੁਆਰਾ ਕੀਤਾ ਜਾਵੇਗਾ।

ਇਸ ਦੇ ਨਾਲ ਹੀ ਵਿਸ਼ੇਸ਼ ਟੀਮ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ, ਜੇ ਲੋੜ ਸਮਝੇ ਤਾਂ ਸ਼ੋਪੀਆਂ ਦੇ ਤਤਕਾਲੀਨ ਐਸ.ਪੀ. ਜਾਵੇਦ ਇਕਬਾਲ ਸਮੇਤ ਮੁਅੱਤਲ ਕੀਤੇ ਗਏ ਚਾਰ ਪੁਲਿਸ ਅਫਸਰਾਂ ਦਾ ਅਤੇ ਉਨ੍ਹਾਂ ਦੋ ਗਵਾਹਾਂ ਦਾ ਵੀ ਨਾਰਕੋ-ਟੈਸਟ ਕਰਵਾਏ, ਜਿਨ੍ਹਾਂ ਨੇ ਬਿਆਨ ਦਿੱਤਾ ਹੋਇਆ ਹੈ ਕਿ 29 ਮਈ ਦੀ ਰਾਤ ਨੂੰ ਉਨ੍ਹਾਂ ਨੇ ਨੀਲੇ ਰੰਗ ਦੀ ਪੁਲਿਸ ਗੱਡੀ ਟਾਟਾ 407 ਵੇਖੀ ਸੀ ਅਤੇ ਔਰਤਾਂ ਦੀਆਂ ਚੀਕਾਂ ਸੁਣੀਆਂ ਸਨ। ਘਟਨਾ ਤੋਂ ਬਾਅਦ ਜਾਂਚ ਲਈ ਕਾਇਮ ਕੀਤੇ ਗਏ ਮੁਜ਼ੱਫਰ ਜਾਨ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਪੁਲਿਸ ਵਲੋਂ ਇਸ ਮਾਮਲੇ ਦੀ ਸਹੀ ਢੰਗ ਨਾਲ ਜਾਂਚ ਨਹੀਂ ਕੀਤੀ ਗਈ, ਜਿਸ ਕਰਕੇ ਅਸਿੱਧੇ ਤੌਰ ‘ਤੇ ਸਬੂਤ ਖੁਰਦ-ਬੁਰਦ ਕੀਤੇ ਜਾਣ ਲਈ ਰਾਹ ਪੱਧਰਾ ਹੁੰਦਾ ਰਿਹਾ।

ਨੀਲੋਫਰ ਅਤੇ ਆਸੀਆ ਨਾਂ ਦੀਆਂ ਇਨ੍ਹਾਂ ਦੋ ਮੁਟਿਆਰਾਂ ਦੇ ਕਤਲਾਂ ਤੋਂ ਪਹਿਲਾਂ ਇਨ੍ਹਾਂ ਨਾਲ ਬਲਾਤਕਾਰ ਕੀਤੇ ਜਾਣ ਬਾਰੇ ਫੋਰੈਂਸਿਕ ਸਾਇੰਸ ਲੈਬਾਰਟਰੀ ਦੀ ਰਿਪੋਰਟ ਵਿਚ ਪੁਸ਼ਟੀ ਕਰ ਦਿੱਤੀ ਗਈ ਸੀ। ਇਸ ਨਾਲ ਪੂਰੀ ਵਾਦੀ ਵਿਚ ਸਨਸਨੀ ਫੈਲ ਗਈ ਸੀ ਤੇ ਕਿਸੇ ਜਾਤ, ਨਸਲ ਦੇ ਭਿੰਨ-ਭੇਦ ਤੋਂ ਉੱਪਰ ਉੱਠ ਕੇ ਹਰੇਕ ਦੀ ਜ਼ੁਬਾਨ ‘ਤੇ ਇਹੋ ਆ ਰਿਹਾ ਸੀ ਕਿ ਅਜਿਹਾ ਕੁਕਰਮ ਕਰਨ ਵਾਲਿਆਂ ਨੂੰ ਫੜ੍ਹ ਕੇ ਕਾਨੂੰਨ ਦੇ ਹਵਾਲੇ ਕੀਤਾ ਜਾਵੇ। ਲੋਕਾਂ ਨੇ ਸੜਕਾਂ ‘ਤੇ ਆ ਕੇ ਜ਼ਬਰਦਸਤ ਰੋਸ ਮੁਜ਼ਾਹਰੇ ਕੀਤੇ ਤੇ ਇਥੋਂ ਤਕ ਕਿ ਲੋਕਾਂ ਦੇ ਰੋਹ ਨੂੰ ਕਾਬੂ ਕਰਨ ਦੇ ਯਤਨ ਵਿਚ ਪੁਲਿਸ ਵਲੋਂ ਕੀਤੀ ਗਈ ਫਾਇਰਿੰਗ ਦੌਰਾਨ ਦੋ ਸਿਵਲੀਅਨਾਂ ਦੀ ਮੌਤ ਵੀ ਹੋਈ ਹੈ।

ਹਾਈ ਕੋਰਟ ਦੇ ਤਾਜ਼ਾ ਨਿਰਦੇਸ਼ ਦਾ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸਵਾਗਤ ਕੀਤਾ ਹੈ ਅਤੇ ਦੁਹਰਾਇਆ ਹੈ ਕਿ ਇਸ ਮਾਮਲੇ ਵਿਚ ਲਿਪਤ ਹੋਏ ਦੋਸ਼ੀਆਂ ਨੂੰ ਹਰਗਿਜ਼ ਬਖਸ਼ਿਆ ਨਹੀਂ ਜਾਏਗਾ। ਪਰ ਸ਼ੁਰੂ ਸ਼ੁਰੂ ਵਿਚ ਮੁੱਖ ਮੰਤਰੀ ਨੇ ਇਸ ਮਾਮਲੇ ਨੂੰ ਸਹੀ ਤਰੀਕੇ ਨਾਲ ਨਹੀਂ ਸੰਭਾਲਿਆ।

ਪੁਲਿਸ ਦੀ ਗੱਲ ਨੂੰ ਸੱਚ ਜਾਣ ਕੇ ਪਹਿਲਾਂ ਤਾਂ ਸਰਕਾਰ ਨੇ ਇਸ ਘਟਨਾ ਨੂੰ ‘ਬਲਾਤਕਾਰ ਤੇ ਕਤਲ’ ਦੀ ਘਟਨਾ ਮੰਨਣ ਤੋਂ ਹੀ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਇਹ ਮੌਤਾਂ ਡੁੱਬਣ ਕਾਰਨ ਹੋਈਆਂ ਹਨ, ਪਰ ਬਾਅਦ ਵਿਚ ਲੋਕ-ਰੋਹ ਨੂੰ ਵੇਖਦਿਆਂ ਸਰਕਾਰ ਨੇ ਗੱਲ ਮੰਨ ਲਈ ਕਿਉਂਕਿ ਫੋਰੈਂਸਿਕ ਸਾਇੰਸ ਲੈਬਾਰਟਰੀ ਦੀ ਰਿਪੋਰਟ ਤੋਂ ਬਾਅਦ ਇਹ ਗੱਲ ਮੰਨ ਲੈਣ ਤੋਂ ਬਿਨਾਂ ਸਰਕਾਰ ਕੋਲ ਕੋਈ ਚਾਰਾ ਵੀ ਨਹੀਂ ਸੀ ਰਹਿ ਗਿਆ। ਸਰਕਾਰ ਨੇ ਆਪਣੀ ਗਲਤੀ ਬੇਸ਼ੱਕ ਦਰੁਸਤ ਕਰ ਲਈ, ਫਿਰ ਵੀ ਆਮ ਲੋਕਾਂ ਵਿਚ ਇਹ ਪ੍ਰਭਾਵ ਜ਼ਰੂਰ ਚਲਿਆ ਗਿਆ ਕਿ ਅਪਰਾਧੀਆਂ ਪ੍ਰਤੀ ਸਰਕਾਰ ਨਰਮੀ ਵਰਤ ਰਹੀ ਹੈ। ਇਸ ਘਟਨਾ ਨਾਲ ਕਸ਼ਮੀਰ ਵਾਦੀ ਵਿਚ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ ਅਤੇ ਸੁਰੱਖਿਆ ਜਵਾਨਾਂ ਵਲੋਂ ਆਮ ਲੋਕਾਂ ਨਾਲ ਕਿਸੇ ਨਾ ਕਿਸੇ ਰੂਪ ਵਿਚ ਕੀਤੀ ਜਾਂਦੀ ਵਧੀਕੀ ਦਾ ਮਾਮਲਾ ਵੀ ਉਠਿਆ ਹੈ। ਇਸ ਸਾਰੇ ਕੁਝ ਦੇ ਬਾਵਜੂਦ ਇਸ ਮਾਮਲੇ ਵਿਚ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਦੀ ਭੂਮਿਕਾ ਉਪਰ ਜਿਸ ਤਰ੍ਹਾਂ ਦੀ ਉਂਗਲ ਉਠਾਈ ਗਈ ਹੈ, ਉਸਨੂੰ ਬਹੁਤ ਹੀ ਗੰਭੀਰਤਾ ਨਾਲ ਲਏ ਜਾਣ ਦੀ ਲੋੜ ਹੈ। ਇਨ੍ਹਾਂ ਦੋ ਮੁਟਿਆਰਾਂ ਦੀਆਂ ਲਾਸ਼ਾਂ ਦੇ ਪੋਸਟਮਾਰਟਮ ਸਾਧਾਰਨ ਮਾਮਲੇ ਨਹੀਂ ਸਨ।

ਇਸ ਲਈ ਪੋਸਟਮਾਰਟਮ ਦਾ ਕੋਈ ਵੀ ਪਹਿਲੂ ਅਣਛੋਹਿਆ ਨਹੀਂ ਸੀ ਰਹਿਣਾ ਚਾਹੀਦਾ। ਉਮੀਦ ਹੈ ਕਿ ਦੂਜੀ ਵਾਰੀ ਪੋਸਟਮਾਰਟਮ ਵੇਲੇ ਪਿਛਲੀਆਂ ਖਾਮੀਆਂ ਦੀ ਪੂਰਤੀ ਹੋ ਜਾਵੇਗੀ। ਪੜਤਾਲ ਅਤੇ ਪੋਸਟਮਾਰਟਮ ‘ਚ ਖਾਮੀਆਂ ਕਿਉਂ ਰਹਿਣ ਦਿੱਤੀਆਂ ਗਈਆਂ ਤੇ ਅਜਿਹਾ ਕਰਨ ਵਿਚ ਕਿਸ ਦੇ ਹਿਤਾਂ ਦੀ ਪੂਰਤੀ ਹੁੰਦੀ ਸੀ, ਉਸ ਦੀ ਤਹਿ ਤਕ ਜਾ ਕੇ ਦੋਸ਼ੀਆਂ ਨੂੰ ਸਜ਼ਾ ਦਿਵਾਈ ਜਾਣੀ ਚਾਹੀਦੀ ਹੈ। ਇਸ ਦੇ ਨਾਲ ਹੀ ਵਾਦੀ ਅੰਦਰ ਇਸ ਮਾਮਲੇ ਨੂੰ ਆਧਾਰ ਬਣਾ ਕੇ ਬਦਅਮਨੀ ਵਾਲਾ ਮਾਹੌਲ ਬਣਾਈ ਰੱਖਣ ਵਾਲਿਆਂ ਦੇ ਸਿਆਸੀ ਮਨਸੂਬਿਆਂ ਨੂੰ ਵੀ ਸਮਝਣਾ ਉਮਰ ਅਬਦੁੱਲਾ ਲਈ ਬਹੁਤ ਜ਼ਰੂਰੀ ਹੈ। ਬੇਹਤਰ ਇੰਤਜ਼ਾਮੀਆਂ ਲਈ ਮੁੱਖ ਮੰਤਰੀ ਲਈ ਇਹੋ ਕਸੌਟੀ ਹੋਵੇਗੀ। ਇਸ ਮਾਮਲੇ ਵਿਚ ਸੂਬੇ ਦੀ ਬਾਰ ਐਸੋਸੀਏਸ਼ਨ ਵਲੋਂ ਦਾਇਰ ਪਟੀਸ਼ਨ ਦੀ ਸੁਣਵਾਈ ਕਰਨ ਤੋਂ ਬਾਅਦ ਹਾਈਕੋਰਟ ਨੇ ਇਹ ਫੈਸਲਾ ਸੁਣਾਇਆ ਹੈ। ਬਾਰ ਐਸੋਸੀਏਸ਼ਨ ਦੇ ਪ੍ਰਧਾਨ ਮੀਆਂ ਕਯੂਮ ਨੇ ਖ਼ੁਦ ਅਦਾਲਤ ‘ਚ ਮਾਮਲੇ ਦੀ ਪੈਰਵਾਈ ਕੀਤੀ। ਜ਼ਿਕਰਯੋਗ ਹੈ ਕਿ ਇਨ੍ਹਾਂ ਦੋਹਾਂ ਔਰਤਾਂ ਦੀਆਂ ਲਾਸ਼ਾਂ 30 ਮਈ ਨੂੰ ਇਕ ਨਹਿਰ ਵਿਚੋਂ ਮਿਲੀਆਂ ਸਨ ਤੇ ਇਹ ਦੋਵੇਂ 29 ਮਈ ਦੀ ਸ਼ਾਮ ਤੋਂ ਲਾਪਤਾ ਸਨ। ਇਨ੍ਹਾਂ ਔਰਤਾਂ ਦੇ ਕਤਲ ਤੋਂ ਬਾਅਦ ਸੂਬੇ ਅੰਦਰ ਵੱਡੇ ਪੱਧਰ ‘ਤੇ ਪ੍ਰਦਰਸ਼ਨ ਹੋਏ ਸਨ। ਇਹ ਵੀ ਦੱਸਣਾ ਬਣਦਾ ਹੈ ਕਿ ਸ਼ੋਪੀਆਂ ਵਿਚ ਪਿਛਲੇ 36 ਦਿਨਾਂ ਤੋਂ ਵਪਾਰਕ ਅਦਾਰੇ ਬੰਦ ਹਨ ਤੇ ਉਮੀਦ ਹੈ ਕਿ ਕਮਿਸ਼ਨ ਇਸ ਸਬੰਧ ਵਿਚ ਆਪਣੀ ਰਿਪੋਰਟ 10 ਜੁਲਾਈ ਨੂੰ ਸੌਂਪ ਦੇਵੇਗਾ।

# ਕੋਕੀਨ ਦੀ ਸਮਗਲਿੰਗ ਕੇਸ ‘ਚ ਲੋੜੀਂਦੇ ਕੈਨੇਡੀਅਨ ਅਫਸਰ ਗਰੇਵਾਲ ਦੀ ਹਵਾਲਗੀ ਲਈ ਯਤਨ ਸ਼ੁਰੂ

**ਵੈਨਕੂਵਰ:** ਕੈਨੇਡੀਅਨ ਬਾਰਡਰ ਸਰਵਿਸ ਏਜੰਸੀ ਦਾ ਇਕ ਇੰਡੋ ਕੈਨੇਡੀਅਨ ਅਫਸਰ, ਜਿਸ ਨੇ ਕੈਨੇਡਾ ਨੂੰ ਕੋਕੀਨ ਦੀ ਸਮਗਲਿੰਗ ਹੋਣ ਦਿਤੀ, ਸਿਆਟਲ ਵਿਚ ਇਕ ਅਦਾਲਤ ਵਲੋਂ ਦੋਸ਼ੀ ਠਹਿਰਾਏ ਜਾਣ ਪਿਛੋਂ ਅਮਰੀਕਾ ਨੂੰ ਹਵਾਲਗੀ ਦਾ ਸਾਹਮਣਾ ਕਰ ਰਿਹਾ ਹੈ। ਇਕ ਅਮਰੀਕੀ ਅਦਾਲਤ ਨੇ ਜਸਬੀਰ ਸਿੰਘ ਗਰੇਵਾਲ ਨੂੰ ਵਾਸ਼ਿੰਗਟਨ ਸਟੇਟ ਤੋਂ ਕੋਕੀਨ ਦੀਆਂ ਕੋਈ ਇਕ ਦਰਜਨ ਖੇਪਾਂ ਕੈਨੇਡਾ ਨੂੰ ਢੋਣ ਵਿਚ ਸਹਾਈ ਹੋਣ ਲਈ ਦੋਸ਼ੀ ਠਹਿਰਾਇਆ ਹੈ। ਹਰ ਖੇਪ ਲਈ ਗਰੇਵਾਲ ਨੂੰ ਪੰਜਾਹ ਹਜ਼ਾਰ ਡਾਲਰ ਦੀ ਰਕਮ ਦਿੱਤੀ ਗਈ ਸੀ। ਅੰਗਰੇਜ਼ੀ ਅਖਬਾਰ ਵੈਨਕੂਵਰ ਸਨ ਨੇ ਅਦਾਲਤੀ ਦਸਤਾਵੇਜ਼ਾਂ ਦਾ ਹਵਾਲਾ ਦਿੰਦਿਆਂ ਲਿਖਿਆ ਹੈ ਕਿ 2007 ਦੀ ਪਿਛਲੀ ਛਿਮਾਹੀ ਦੌਰਾਨ ਗਰੇਵਾਲ ਨੇ ਘੱਟੋ ਘੱਟ 6 ਲੱਖ ਡਾਲਰ ਬਣਾਏ। ਅਖਬਾਰ ਅਨੁਸਾਰ ਇਹ ਸਾਰਾ ਸਿਲਸਿਲਾ ਇਸ ਤਰ੍ਹਾਂ ਚਲਦਾ ਸੀ ਕਿ ਜਸਬੀਰ ਸਿੰਘ ਗਰੇਵਾਲ, ਜੋ ਕਿ ਲਿੰਡਨ/ਆਲਡਰਗਰੂਵ ਬਾਰਡਰ ਚੌਕੀ ‘ਤੇ ਤਾਇਨਾਤ ਸੀ, ਸਮਗਲਰਾਂ ਦੀਆਂ ਡਰੱਗ ਨਾਲ ਲੱਦੀਆਂ ਰੀਕ੍ਰੀਏਸ਼ਨਲ ਮੋਟਰ ਗੱਡੀਆਂ ਲੰਘ ਜਾਣ ਦਿੰਦਾ। ਇਸ ਤਰ੍ਹਾਂ ਕੋਕੀਨ ਨਾਲ ਲੱਦੀ ਗੱਡੀ ਲੰਘਾਉਣ ‘ਤੇ ਹਰ ਗੱਡੀ ਪਿਛੇ ਉਸ ਨੂੰ ਪੰਜਾਹ ਹਜ਼ਾਰ ਡਾਲਰ ਦਿੱਤਾ ਜਾਂਦਾ। ਗਰੇਵਾਲ ਨੇ ਇਸ ਤਰ੍ਹਾਂ ਨਾ ਸਿਰਫ ਆਪਣੇ ਅਹੁਦੇ ਦੀ ਹੀ ਦੁਰਵਰਤੋਂ ਕੀਤੀ ਸਗੋਂ ਭਰੋਸੇ ਦੇ ਆਪਣੇ ਰੁਤਬੇ ਅਤੇ ਪ੍ਰਭਾਵ ਦੀ ਵਰਤੋਂ ਵੀ ਇਸ ਗੈਰ ਕਾਨੂੰਨੀ ਧੰਦੇ ਲਈ ਕੀਤੀ। ਅਦਾਲਤ ਵਿਚ ਮੌਜੂਦ ਦਸਤਾਵੇਜ਼ਾਂ ਅਨੁਸਾਰ ਗਰੇਵਾਲ ਆਪਣੇ ਜਾਣੇ ਅਤੇ ਅਣਜਾਣੇ ਸ਼ਾਜ਼ਿਸ਼ੀਆਂ ਨੂੰ ਚੌਕੀ ਉਤੇ ਆਪਣੀ ਡਿਊਟੀ ਸਬੰਧੀ ਅਗਾਊਂ ਜਾਣਕਾਰੀ ਭੇਜ ਦਿੰਦਾ। ਇੰਨਾ ਹੀ ਨਹੀਂ ਉਹ ਜਿਸ ਗੇਟ ਉਤੇ ਤਾਇਨਾਤ ਹੁੰਦਾ ਉਸ ਸਬੰਧੀ ਵੀ ਕੋਕੀਨ ਢੋਣ ਵਾਲੇ ਸ਼ਾਜ਼ਿਸ਼ੀਆਂ ਨੂੰ ਜਾਣਕਾਰੀ ਦੇ ਦਿੰਦਾ। ਅਖਬਾਰ ਨੇ ਇਕ ਮਾਮਲੇ ਦਾ ਹਵਾਲਾ ਦਿੰਦਿਆਂ ਲਿਖਿਆ ਹੈ ਕਿ ਜੁਲਾਈ 2007 ਵਿਚ ਜਸਬੀਰ ਸਿੰਘ ਗਰੇਵਾਲ ਆਲਡਰਗਰੂਵ ਚੌਕੀ ਉਤੇ ਤਾਇਨਾਤ ਸੀ, ਉਸ ਨੇ ਕੈਨੇਡਾ ਬਾਰਡਰ ਸਰਵਿਸ ਏਜੰਸੀ ਵਲੋਂ ਦਿੱਤੀ ਗਈ ਵਰਦੀ ਪਹਿਨੀ ਹੋਈ ਸੀ। ਜਸਬੀਰ ਸਿੰਘ ਗਰੇਵਾਲ ਨੂੰ ਫੋਨ ਉਤੇ ਦੱਸਿਆ ਗਿਆ ਕਿ ਕੋਕੀਨ ਲੱਦੀ ਇਕ ਰੀਕ੍ਰੀਏਸ਼ਨਲ ਗੱਡੀ ਕੌਮਾਂਤਰੀ ਸਰਹੱਦ ਵੱਲ ਆ ਰਹੀ ਹੈ। ਗੱਡੀ ਦੇ ਡਰਾਈਵਰ ਨੂੰ ਆਖਿਆ ਗਿਆ ਕਿ ਉਹ ਉਸ ਖਾਸ ਬੂਥ ਉਤੇ ਗੱਡੀ ਲੈ ਕੇ ਆਵੇ ਜਿਸ ਉਤੇ ਜਸਬੀਰ ਸਿੰਘ ਗਰੇਵਾਲ ਤਾਇਨਾਤ ਸੀ। ਡਰਾਈਵਰ ਨੇ ਇਸ ਹਦਾਇਤ ਦੀ ਪਾਲਣਾ ਕੀਤੀ ਅਤੇ ਗਰੇਵਾਲ ਨੇ ਕੋਕੀਨ ਲੱਦੀ ਗੱਡੀ ਲੰਘ ਜਾਣ ਦਿੱਤੀ। ਇਹ ਗੱਡੀ ਲੰਘ ਜਾਣ ਦੇ ਬਦਲੇ ਜਸਬੀਰ ਸਿੰਘ ਨੂੰ ਪੰਜਾਹ ਹਜ਼ਾਰ ਡਾਲਰ ਮਿਲੇ।

ਅਖਬਾਰ ਅਨੁਸਾਰ ਲਾਅ ਇਨਫੋਰਸਮੈਂਟ ਏਜੰਸੀਆਂ ਨੂੰ ਪਤਾ ਨਾ ਲੱਗੇ ਇਸ ਗੱਲ ਦਾ ਖਿਆਲ ਰੱਖਦਿਆਂ ਗਰੇਵਾਲ ਕੈਨੇਡਾ ਨੂੰ ਕੋਕੀਨ ਸਮਗਲ ਕਰ ਰਹੀਆਂ ਰੀਕ੍ਰੀਏਸ਼ਨਲ ਗੱਡੀਆਂ ਨੂੰ ਰਿਕਾਰਡ ਵਿਚ ਦਰਜ ਹੀ ਨਾ ਕਰਦਾ। ਕੋਈ ਦੋ ਹਫਤੇ ਪਹਿਲਾਂ ਗਰੇਵਾਲ ਵਿਰੁੱਧ ਵਾਰੰਟ ਗ੍ਰਿਫਤਾਰੀ ਜਾਰੀ ਕਰਦਿਆਂ ਅਮਰੀਕਾ ਦੇ ਸਹਾਇਕ ਫੈਡਰਲ ਅਟਾਰਨੀ ਐਡਮ ਕੌਰਨੈਲ ਨੇ ਕਿਹਾ ਕਿ ਮੁਲਜ਼ਮ ਭਗੌੜਾ ਹੈ, ਸਰਕਾਰ ਕੈਨੇਡਾ ਸਰਕਾਰ ਨੂੰ ਹਵਾਲਗੀ ਦੀ ਬੇਨਤੀ ਤਿਆਰ ਕਰ ਰਹੀ ਹੈ।

## 1.60 ਲੱਖ ਰੁਪਏ ਵਿਚ ਵਿਕੀ ਲੇਨਨ ਦੀ ਗਿਟਾਰ

**ਲੰਡਨ:** ਬ੍ਰਿਟਸ਼ ਪਾਪ ਬੈਂਡ ਬੀਟਲਸ ਦੇ ਗਾਇਕ ਜਾਨ ਲੇਨਨ ਦੀ ਗਿਟਾਰ 2 ਲੱਖ 5 ਹਜ਼ਾਰ ਪਾਉਂਡ ਯਾਨੀ ਕਰੀਬ 1 ਕਰੋੜ 60 ਲੱਖ ਰੁਪਏ ਵਿਚ ਵਿਕੀ ਹੈ।

ਕ੍ਰਿਸਟੀ ਨੀਲਾਮੀ ਘਰ ਵਿਚ ਹੋਈ ਨੀਲਾਮੀ ਵਿਚ ਲੇਨਨ ਦੀ ਗਿਟਾਰ ਤੋਂ ਇਲਾਵਾ ਬੀਟਲਸ ਦੇ ਗਾਇਕਾਂਵਾਂ ਦੇ ਪੋਸਟਰ, ਆਟੋਗ੍ਰਾਫ ਅਤੇ ਹੋਰ ਯੰਤਰ ਵੀ ਨੀਲਾਮ ਹੋਏ। ਇਨ੍ਹਾਂ ਤੋਂ ਕੁਲ 6 ਕਰੋੜ 15 ਲੱਖ ਰੁਪਏ ਇਕੱਠਾ ਹੋਏ।

Homeopathic Systems for Health Treatment
When you are tired of all treatments for any disease at any age
Try homeopathic, systems of treatment
ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net
Consultant /Practitioner
GURDIP SINGH SANDHU
DHMS, Hons, BAMS, MDEH, 30 Years experience
Working as per ACT.SB-577 State of CA.
CALL: TOLL FREE: 877-OK-HOMEO
(877-654-6636)OFFICE: 408-729-6691
E-mail: Homeomedicine@yahoo.com

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

G.M. Lawrence Insurance Brokerage
License# 0D79587
ਟਰੱਕ ਇੰਸ਼ੋਰੈਂਸ ਸਪੈਸ਼ਲਿਸਟ ਪਿਛਲੇ 26 ਸਾਲਾਂ ਤੋਂ ਟਰਕਿੰਗ ਇੰਡਸਟਰੀ ਦੀ ਸੇਵਾ ਵਿਚ
LIABILITY
GENERAL LIABILITY
PHYSICAL DAMAGE
CARGO
BONDS
ਜੀ ਐਮ ਲਾਰੈਂਸ ਉਤੇ ਭਰੋਸਾ ਕਿਉਂ?
*ਕੋਈ ਬਰੋਕਰ ਫੀਸ ਨਹੀਂ ਲਈ ਜਾਂਦੀ *ਝਟਪਟ ਇੰਸ਼ੋਰੈਂਸ ਸਰਟੀਫਿਕੇਟ *ਮਾਸਕ ਪ੍ਰੋਗਰਾਮ ਉਪਲਬਧ ਹਨ
New Ventures Are Welcome
ਦਲਜੀਤ ਸਿੰਘ ਖਹਿਰਾ
Ph: 209-474-2771
Fax: 209-474-0215
7746 Lorraine Ave.#214
Stockton CA-95210
SPECIALIZES IN BOTH LOCAL & LONG HAUL
-Flexible down payments
-Excellent customer service
-Committed to each individual client’s needs
-Experienced, knowledgeable & professional staff

ਮਿੱਟੀ ਅਤੇ ਬਜਰੀ ਢੋਣ ਵਾਲੇ ਟਰੱਕਾਂ ਲਈ ਵਿਸ਼ੇਸ਼ ਪ੍ਰੋਗਰਾਮ

ਕੈਲੇਫੋਰਨੀਆ ਤੋਂ ਬਾਹਰ ਚੱਲਣ ਵਾਲੇ ਟਰੱਕਰ ਵੀਰਾਂ ਲਈ ਖੁਸ਼ਖਬਰੀ !
ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:
License plates
IFTA *Fuel tax return
DOT, ICC-MMC
Single state registration services
*New Mexico & Kentucky permit

Rajinder Singh
ਹੁਣ ਤੁਹਾਨੂੰ ਆਪਣੇ ਪੇਪਰ ਵਰਕ ਲਈ ਦੂਰ-ਦੁਰਾਡੇ ਸ਼ਹਿਰਾਂ ਵਿਚ ਜਾਣ ਦੀ ਲੋੜ ਨਹੀਂ, ਅਸੀਂ ਹੁਣ ਟਰਕਿੰਗ ਇੰਡਸਟਰੀ ਦੇ ਕੇਂਦਰ ਸਟਾਕਟਨ ਵਿਚ ਮੂਵ ਹੋ ਗਏ ਹਾਂ
Now in Strockton, the Hub of the Trucking Industry
Financing Available For Buying Trucks

Cell: (510) 557-6988
Ph: 209-982-9996,
Fax:209-982-9997
13465 Basalt Ct, Lathrop CA 95330

# ਰੋਜ਼ਰ ਫੈਡਰਰ ਬਣਿਆ ਗ੍ਰੈਂਡ ਸਲੈਮ ਦਾ ਬੇਤਾਜ ਬਾਦਸ਼ਾਹ

*** ਸੈਰੇਨਾ ਵਿਲਿਅਮਜ਼ ਨੇ ਜਿੱਤਿਆ ਮਹਿਲਾ ਸਿੰਗਲਜ਼ ਦਾ ਖਿਤਾਬ * ਮਹਿਲਾ ਡਬਲਜ਼ ਦਾ ਖਿਤਾਬ ਵਿਲਿਅਮਜ਼ ਭੈਣਾਂ ਦੇ ਨਾਂ * ਨੈਸਟਰ ਤੇ ਜ਼ਿਮੋਨਜਿਕ ਦੀ ਜੋੜੀ ਨੇ ਜਿੱਤਿਆ ਮਰਦਾਂ ਦਾ ਡਬਲਜ਼ ਵਿੰਬਲਡਨ ਖਿਤਾਬ**

**ਲੰਡਨ :** ਰੋਜ਼ਰ ਫੈਡਰਰ ਨੇ ਲੰਘੀ 5 ਜੁਲਾਈ ਨੂੰ ਇਕ ਨਵਾਂ ਇਤਿਹਾਸ ਰਚ ਦਿੱਤਾ। ਉਸ ਨੇ ਅਮਰੀਕਾ ਦੇ ਪੀਟ ਸੈਂਪਰਸ ਦਾ 14 ਗ੍ਰੈਂਡ ਸਲੈਮ ਜਿੱਤਣ ਦਾ ਵਿਸ਼ਵ ਰਿਕਾਰਡ ਤੋੜਨ ਦੇ ਨਾਲ ਹੀ ਟੈਨਿਸ ਇਤਿਹਾਸ ਵਿਚ ਆਪਣਾ ਨਾਂ ਸੁਨਹਿਰੀ ਅੱਖਰਾਂ ਵਿਚ ਦਰਜ ਕਰਵਾ ਲਿਆ। ਫੈਡਰਰ ਨੇ ਲੰਘੇ ਐਤਵਾਰ ਨੂੰ ਅਮਰੀਕਾ ਦੇ ਐਂਡੀ ਰੋਡਿਕ ਨੂੰ 5 ਸੈਟਾਂ ਤੱਕ ਚੱਲੇ ਮਹਾਨ ਮੁਕਾਬਲੇ ਵਿਚ 5-7, 7-6, 7-6, 3-6, 16-14 ਨਾਲ ਹਰਾ ਕੇ 6ਵੀਂ ਵਾਰ ਵਿੰਬਲਡਨ ਦਾ ਖਿਤਾਬ ਜਿੱਤਿਆ ਤੇ ਟੈਨਿਸ ਇਤਿਹਾਸ ਦਾ ਮਹਾਨ ਖਿਡਾਰੀ ਹੋਣ ਦਾ ਮਾਣ ਹਾਸਲ ਕਰ ਲਿਆ।

ਫੈਡਰਰ ਤੇ ਰੋਡਿਕ ਵਿਚਾਲੇ ਅਜਿਹਾ ਯਾਦਗਾਰੀ ਮੁਕਾਬਲਾ ਖੇਡਿਆ ਗਿਆ, ਜਿਸ ਨੂੰ ਟੈਨਿਸ ਪ੍ਰੇਮੀ ਸਾਲਾਂ ਤੱਕ ਯਾਦ ਰੱਖਣਗੇ। ਫੈਡਰਰ ਨੇ ਸ਼ੁਰੂਆਤੀ ਸੈਟ 5-7 ਨਾਲ ਹਾਰਨ ਤੋਂ ਬਾਅਦ ਅਗਲੇ 2 ਸੈਟ ਟਾਈ ਬ੍ਰੇਕਰ ਵਿਚ 7-6, 7-6 ਨਾਲ ਜਿੱਤੇ, ਪਰ ਅਮਰੀਕੀ ਖਿਡਾਰੀ ਨੇ ਚੌਥਾ ਸੈਟ 6-3 ਨਾਲ ਜਿੱਤ ਕੇ ਮੁਕਾਬਲੇ ਵਿਚ 2-2 ਦੀ ਬਰਾਬਰੀ ਕਰ ਲਈ ਤੇ ਮੈਚ ਨੂੰ ਫੈਸਲਾਕੁੰਨ ਸੈਟ ਵਿਚ ਖਿੱਚ ਲਿਆ। ਫੈਸਲਾਕੁੰਨ ਸੈਟ ਵਿਚ ਦੋਵਾਂ ਖਿਡਾਰੀਆਂ ਨੇ ਸਾਹਾਂ ਨੂੰ ਰੋਕ ਦੇਣ ਵਾਲਾ ਰੋਮਾਂਚਕ ਸੰਘਰਸ਼ ਕੀਤਾ। ਕਿਸੇ ਦੀ ਵੀ ਸਰਵਿਸ ਨਹੀਂ ਟੁੱਟ ਰਹੀ ਸੀ ਤੇ ਮੁਕਾਬਲਾ ਸੈਟ ਦਰ ਸੈਟ ਅੱਗੇ ਵਧਦਾ ਜਾ ਰਿਹਾ ਸੀ।

ਆਖਿਰਕਾਰ 30ਵੀਂ ਗੇਮ ਵਿਚ ਫੈਡਰਰ ਨੇ ਮੈਚ ਵਿਚ ਪਹਿਲੀ ਵਾਰ ਰੋਡਿਕ ਦੀ ਸਰਵਿਸ ਤੋੜੀ ਤੇ ਖਿਤਾਬ ਆਪਣੇ ਨਾਂ ਕਰਨ ਦੇ ਨਾਲ ਹੀ 15 ਗ੍ਰੈਂਡ ਸਲੈਮ ਜਿੱਤਣ ਦਾ ਨਵਾਂ ਵਿਸ਼ਵ ਰਿਕਾਰਡ ਬਣਾ ਲਿਆ। ਰਾਡ ਲੇਵਰ, ਪੀਟ ਸੈਂਪ੍ਰਸ ਤੇ ਬਿਓਰਨ ਬੋਰਗ ਵਰਗੇ ਮਹਾਨ ਖਿਡਾਰੀਆਂ ਦੀ ਮੌਜੂਦਗੀ ਵਿਚ ਸਹੀ ਮਾਅਨਿਆਂ ਵਿਚ ਦੁਨੀਆ ਦੇ ਨੰਬਰ-2 ਖਿਡਾਰੀ ਫੈਡਰਰ ਨੇ ਵਿੰਬਲਡਨ ਦੇ ਗ੍ਰਾਸ ਕੋਰਟ 'ਤੇ ਨਵਾਂ ਇਤਿਹਾਸ ਰੱਚਿਆ।

ਪੂਰੇ ਮੈਚ ਵਿਚ ਇਕ ਸਰਵਿਸ ਬ੍ਰੇਕ ਦੀ ਤਲਾਸ਼ ਵਿਚ ਲੱਗਿਆ ਫੈਡਰਰ ਉਸ ਸਮੇਂ ਖੁਸ਼ੀ ਨਾਲ ਉਛਲ ਪਿਆ, ਜਦ 30ਵੀਂ ਗੇਮ ਵਿਚ ਰੋਡਿਕ ਨੇ 1 ਰਿਟਰਨ ਕੋਰਟ ਤੋਂ ਬਾਹਰ ਮਾਰ ਦਿੱਤੀ। ਇਸ ਨਾਲ ਦਰਸ਼ਕ ਖੁਸ਼ੀ ਨਾਲ ਚੀਕ ਉੱਠੇ।



ਖਿਤਾਬ ਨੂੰ ਚੁੰਮਦਾ ਹੋਇਆ ਸਵਿੱਟਜ਼ਰਲੈਂਡ ਦਾ ਰੋਜ਼ਰ ਫੈਡਰਰ।

ਦਰਸ਼ਕਾਂ ਵਿਚ ਉਸ ਦੀ ਗਰਭਵਤੀ ਪਤਨੀ ਵੀ ਮੌਜੂਦ ਸੀ।

ਫੈਡਰਰ ਦੀ ਇਕ ਰਿਟਰਨ 'ਤੇ ਜਿਸ ਤਰ੍ਹਾਂ ਹੀ ਰੋਡਿਕ ਦੀ ਸ਼ਾਟ ਬੇਸਲਾਈਨ ਤੋਂ ਬਾਹਰ ਗਈ, ਉਸ ਦੇ ਨਾਲ ਹੀ 4 ਘੰਟੇ 17 ਮਿੰਟ ਤੱਕ ਚੱਲਿਆ, ਇਹ ਮੈਰਾਥਨ ਮੁਕਾਬਲਾ ਖ਼ਤਮ ਹੋ ਗਿਆ। ਫੈਡਰਰ ਦਾ ਹੁਣ ਰੋਡਿਕ ਵਿਰੁਧ 19-2 ਦਾ ਰਿਕਾਰਡ ਹੋ ਗਿਆ ਹੈ। ਫੈਡਰਰ ਨੇ ਆਪਣੀ ਕਾਮਯਾਬੀ ਤੋਂ ਬਾਅਦ ਦਰਸ਼ਕਾਂ ਦੀ ਵਾਹ-ਵਾਹੀ ਸਵੀਕਾਰ ਕੀਤੀ ਅਤੇ ਜੇਤੂ ਟਰਾਫੀ ਚੁੱਕ ਕੇ ਇਤਿਹਾਸ ਨੂੰ ਸਲਾਮ ਕੀਤਾ। ਆਪਣੀ ਇਸ ਸਫਲਤਾ ਨਾਲ ਫੈਡਰਰ ਏ.ਟੀ.ਪੀ. ਰੈਂਕਿੰਗ ਵਿਚ ਫਿਰ ਤੋਂ ਨੰਬਰ-1 ਖਿਡਾਰੀ ਬਣ ਜਾਵੇਗਾ।

**ਔਰਤਾਂ ਦਾ ਵਿੰਬਲਡਨ ਖਿਤਾਬ ਸਰੇਨਾ ਦੇ ਨਾਂ :** ਆਲ ਇੰਗਲੈਂਡ ਕਲੱਬ ਵਿਖੇ ਬੀਤੀ 5 ਜੁਲਾਈ ਨੂੰ ਦੇਰ ਰਾਤ ਵਿਲੀਅਮਜ਼ ਭੈਣਾਂ ਸੈਰੇਨਾ ਤੇ ਵੀਨਸ ਦਾ ਭੇੜ ਮਹਿਲਾ ਸਿੰਗਲਜ਼ ਵਿੰਬਲਡਨ ਟੈਨਿਸ ਖ਼ਿਤਾਬ ਜਿੱਤਣ ਲਈ ਹੋਇਆ। ਇਸ ਭੇੜ ਵਿਚ ਸੈਰੇਨਾ ਨੇ 7-6 ਤੇ 6-2 ਨਾਲ ਸਿੱਧੇ ਸੈਟਾਂ ਵਿਚ ਜਿੱਤ ਦਰਜ ਕਰਕੇ ਖਿਤਾਬ ਆਪਣੇ ਝੋਲੇ ਪਾ ਲਿਆ।

ਸੈਰੇਨਾ ਦੇ ਕੈਰੀਅਰ ਦਾ ਇਹ ਵਿੰਬਲਡਨ ਪੱਖੋਂ ਤੀਸਰਾ ਅਤੇ ਕੁੱਲ ਮਿਲਾ ਕੇ 11ਵਾਂ ਖ਼ਿਤਾਬ ਹੈ। ਇਸ ਤੋਂ ਪਹਿਲਾਂ ਸੈਰੇਨਾ ਨੇ ਸਾਲ 2002 ਅਤੇ ਸਾਲ 2003 ਦੌਰਾਨ ਵੀ ਆਲ ਇੰਗਲੈਂਡ ਕਲੱਬ ਵਿਖੇ ਹੀ ਵਿੰਬਲਡਨ ਖ਼ਿਤਾਬ ਜਿੱਤਣ ਦੀਆਂ ਵੀਨਸ ਦੀਆਂ ਆਸਾਂ ਨੂੰ ਚਕਨਾਚੂਰ ਕਰ ਦਿੱਤਾ ਸੀ।

ਹੁਣ ਤੱਕ ਦੋਵਾਂ ਭੈਣਾਂ ਦਰਮਿਆਨ 6 ਵੱਡੇ ਟੂਰਨਾਮੈਂਟਾਂ ਦੇ ਫਾਈਨਲ ਮੈਚ ਖੇਡੇ ਜਾ ਚੁੱਕੇ ਹਨ, ਇਨ੍ਹਾਂ ਵਿਚੋਂ 6 ਹੀ ਸੈਰੇਨਾ ਨੇ ਜਿੱਤੇ ਹਨ।

ਮੈਚ ਤੋਂ ਪਿੱਛੋਂ ਸੈਰੇਨਾ ਨੇ ਕਿਹਾ ਕਿ ਉਸ ਨੂੰ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ। ਉਸ ਨੇ ਇਹ ਵੀ ਕਿਹਾ ਕਿ ਉਸ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ।

ਉਧਰ ਵੀਨਸ ਨੇ ਵੀ ਆਪਣੀ ਭੈਣ ਦੀਆਂ ਸਿਫ਼ਤਾਂ ਕਰਦਿਆਂ ਕਿਹਾ ਕਿ ਇਸ ਮੈਚ ਵਿਚ ਸੈਰੇਨਾ ਬਹੁਤ ਵਧੀਆ ਖੇਡੀ ਤੇ ਉਸ ਕੋਲ ਮੇਰੇ ਹਰ ਸ਼ਾਟ ਦਾ ਜਵਾਬ ਮੌਜੂਦ ਸੀ। ਉਧਰ ਦੋਵੇਂ ਭੈਣਾਂ ਨੇ ਮਹਿਲਾ ਡਬਲਜ਼ ਵਰਗ ਦੇ ਫਾਈਨਲ ਵਿਚ ਵੀ ਖ਼ਿਤਾਬੀ ਜਿੱਤ ਹਾਸਿਲ ਕੀਤੀ। ਇਸ ਤਰ੍ਹਾਂ ਸੈਰੇਨਾ ਲਈ ਵਿੰਬਲਡਨ ਟੂਰਨਾਮੈਂਟ ਦੋਹਰੀ ਖੁਸ਼ੀ ਦਾ ਸੁਨੇਹਾ ਲੈ ਕੇ ਆਇਆ ਹੈ।

ਪੁਰਸ਼ ਡਬਲਜ਼ ਵਰਗ 'ਚ ਕੈਨੇਡਾ ਦੇ ਡੈਨੀਅਲ ਨੈਸਟਰ ਅਤੇ ਸਰਬੀਆ ਦੇ ਨਿਨਾਦ ਜ਼ਿਮੋਨਜਿਕ ਦੀ ਜੋੜੀ ਦਾ ਸਾਹਮਣਾ ਅਮਰੀਕੀ ਭਰਾਵਾਂ ਦੀ ਜੋੜੀ ਬੋਬ ਬਰਾਇਨ ਅਤੇ ਮਾਈਕ ਬਰਾਇਨ ਨਾਲ ਹੋਇਆ। ਇਸ 4 ਸੈਟਾਂ ਤੱਕ ਚੱਲੇ ਫਸਵੇਂ ਮੁਕਾਬਲੇ ਵਿਚ ਨੈਸਟਰ ਤੇ ਜ਼ਿਮੋਨਜਿਕ ਦੀ ਜੋੜੀ ਨੇ 7-6, 6-7, 7-6 ਤੇ 6-3 ਨਾਲ ਜਿੱਤ ਦਾ ਝੰਡਾ ਲਹਿਰਾ ਦਿੱਤਾ। ਇੱਥੇ ਇਹ ਦੱਸਣਯੋਗ ਹੈ ਕਿ ਬੀਤੇ ਵਰ੍ਹੇ ਵੀ ਨੈਸਟਰ ਤੇ ਜ਼ਿਮੋਨਜਿਕ ਦੀ ਜੋੜੀ ਨੇ ਹੀ ਵਿੰਬਲਡਨ ਦਾ ਪੁਰਸ਼ ਡਬਲਜ਼ ਖ਼ਿਤਾਬ ਜਿੱਤਿਆ ਸੀ।

ਇਸ ਤਰ੍ਹਾਂ ਇਹ ਜੋੜੀ ਸਾਲ 2004 'ਚ ਪੁਰਸ਼ ਡਬਲਜ਼ ਵਰਗ 'ਚ ਆਪਣਾ ਖ਼ਿਤਾਬ ਬਰਕਰਾਰ ਰੱਖਣ ਵਾਲੀ ਜੋਨਾਸ ਬਜੋਰਕਮੈਨ ਅਤੇ ਟੌਡ ਵੁੱਡਬਰਿਜ ਦੀ ਜੋੜੀ ਤੋਂ ਬਾਅਦ ਦੂਜੀ ਜੋੜੀ ਬਣ ਗਈ ਹੈ। ਜਿੱਥੋਂ ਤੱਕ ਬਰਾਇਨ ਭਰਾਵਾਂ ਦਾ ਸਵਾਲ ਹੈ ਤਾਂ ਉਨ੍ਹਾਂ ਨੇ ਸਾਲ 2006 'ਚ ਇਹ ਖ਼ਿਤਾਬ ਜਿੱਤਿਆ ਸੀ।

ਬਰਾਇਨ ਭਰਾਵਾਂ ਨੇ ਹੁਣ ਤੱਕ ਕੁੱਲ 7 ਗਰੈਂਡ ਸਲੈਮ ਖ਼ਿਤਾਬ ਜਿੱਤੇ ਹਨ। ਆਸਟ੍ਰੇਲੀਆ ਦੀ ਜੋੜੀ ਮਾਰਕ ਵੁੱਡਫੋਰਡ ਅਤੇ ਟੌਡ ਵੁੱਡਬਰਿਜ ਉਨ੍ਹਾਂ ਤੋਂ 4 ਖ਼ਿਤਾਬ ਜ਼ਿਆਦਾ ਜਿੱਤ ਚੁੱਕੀ ਹੈ।

## ਕੈਨੇਡਾ ਦੇ ਐਬਟਸਰਫੋਰਡ ਸ਼ਹਿਰ 'ਚ ਪੰਜਾਬੀ ਨੌਜਵਾਨ ਦਾ ਕਤਲ

**ਐਬਟਸਰਫੋਰਡ :** ਇਥੋਂ ਦੇ ਪੰਜਾਬੀ ਵਸੋਂ ਵਾਲੇ ਇਲਾਕੇ ਵਿਚ ਲੰਘੇ ਮੰਗਲਵਾਰ ਨੂੰ ਤੜਕਸਾਰ ਅੰਨ੍ਹੇਵਾਹ ਗੋਲੀਆਂ ਚਲਾ ਕੇ ਇਕ ਪੰਜਾਬੀ ਨੌਜਵਾਨ ਦੀ ਹੱਤਿਆ ਕਰ ਦਿੱਤੀ ਗਈ। 30 ਮਾਰਚ ਨੂੰ ਐਬਟਸਫੋਰਡ ਵਿਚ ਵਾਪਰੇ ਦਿਲਸ਼ਾਦ ਗਿੱਲ ਤੇ ਅਮਰਜੀਤ ਰੈਡੀ ਨਾਂਅ ਦੇ ਦੋ ਸਕੂਲੀ ਵਿਦਿਆਰਥੀਆਂ ਦੇ ਕਤਲ ਮਗਰੋਂ ਵਾਪਰੀ ਉਕਤ ਘਟਨਾ ਕਾਰਨ, ਲੋਕਾਂ ਅੰਦਰ ਭਾਰੀ ਚਿੰਤਾ ਪਾਈ ਜਾ ਰਹੀ ਹੈ।

ਰੋਇਲ ਕੈਨੇਡੀਅਨ ਪੁਲਿਸ ਅਨੁਸਾਰ ਮੌਂਟੇਡ ਪੁਲਿਸ ਦੇ ਕਾਂਸਟੇਬਲ ਇਆਨ ਮੈਕਡਾਨਲਡ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਲੰਘੀ 1 ਜੁਲਾਈ ਦੀ ਤੜਕਸਾਰ ਉਨ੍ਹਾਂ ਨੂੰ ਟਾਊਨਸ਼ਿਪ ਲਾਈਨ ਅਤੇ ਡਾਊਨਸ 'ਤੇ ਪੈਂਦੇ ਮਾਊਂਟ ਲੇਹਮੈਨ ਰੋਡ ਨੇੜੇ 30200 ਸਪੈਲਿਨ ਐਵੇਨਿਊ ਤੋਂ ਇਕ ਪਿੱਕ ਅੱਪ ਟਰੱਕ ਵਿਚੋਂ ਗੋਲੀਆਂ ਵਿੰਨ੍ਹੀ ਲਾਸ਼ ਬਰਾਮਦ ਹੋਈ। ਪੁਲਿਸ ਮੁਤਾਬਕ ਵਾਰਦਾਤ ਮਿੱਥ ਕੇ ਕੀਤੀ ਗਈ ਸੀ ਅਤੇ ਇਸ ਦਾ ਸਬੰਧ ਗਿਰੋਹ ਹਿੰਸਾ ਨਾਲ ਮੰਨਿਆ ਜਾ ਰਿਹਾ ਹੈ। ਕਤਲ ਕੀਤੇ 36 ਸਾਲਾ ਨੌਜਵਾਨ ਨੂੰ ਪੁਲਿਸ ਪਹਿਲਾਂ ਤੋਂ ਜਾਣਦੀ ਸੀ ਤੇ ਭਰੋਸੇਯੋਗ ਸੂਤਰਾਂ ਅਨੁਸਾਰ ਮ੍ਰਿਤਕ ਬੈਲੀ ਰਾਇ ਨਾਂਅ ਦਾ ਪੰਜਾਬੀ ਵਿਅਕਤੀ ਹੈ।

ਹੱਤਿਆ ਸਬੰਧੀ ਕੋਈ ਗ੍ਰਿਫਤਾਰੀ ਨਹੀਂ ਹੋ ਸਕੀ। ਇਸ ਦੌਰਾਨ 28 ਮਈ ਨੂੰ ਲੋਅਰ ਮੇਨਲੈਂਡ ਦੀ ਗੈਂਗ ਹਿੰਸਾ ਵਿਚ ਕਤਲ ਕੀਤੇ ਗਏ ਨੌਜਵਾਨ ਸਟੀਵ ਨਾਗਰਾ ਦੀ ਹੱਤਿਆ ਦੇ ਮਾਮਲੇ ਵਿਚ ਹਰਸ਼ਾਨ ਸਿੰਘ ਉਰਫ ਸ਼ਾਨ ਬੈਂਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। 28 ਸਾਲਾ ਬੈਂਸ ਦੀ ਗ੍ਰਿਫਤਾਰੀ ਸਬੰਧੀ ਹੱਤਿਆ ਜਾਂਚ ਟੀਮ ਦੇ ਮੁਖੀ ਕਾਰਪੋਰੇਲ ਡੇਲ ਕਾਰ ਨੇ ਦੱਸਿਆ ਕਿ ਬੈਂਸ ਦਾ ਸਬੰਧ ਖ਼ਤਰਨਾਕ ਗਿਰੋਹਾਂ ਨਾਲ ਰਿਹਾ ਹੈ।

# ਆਸਟ੍ਰੇਲੀਆ 'ਤੇ ਨਸਲੀ ਹਮਲਿਆਂ ਬਾਰੇ ਤੱਥ ਛੁਪਾਉਣ ਦਾ ਦੋਸ਼

## ਸਿੱਖ ਫੈਡਰੇਸ਼ਨ ਆਫ ਅਸਟਰੇਲੀਆ ਲੜੇਗੀ ਸਿੱਖ ਵਿਦਿਆਰਥੀਆਂ ਦਾ ਕੇਸ

**ਮੈਲਬੋਰਨ :** ਆਸਟ੍ਰੇਲੀਆ ਦੇ ਵੱਖ-ਵੱਖ ਸ਼ਹਿਰਾਂ 'ਚ ਅੰਤਰਰਾਸ਼ਟਰੀ, ਖਾਸਕਰ ਭਾਰਤੀ ਵਿਦਿਆਰਥੀਆਂ 'ਤੇ ਨਿਰੰਤਰ ਹੋ ਰਹੇ ਜਾਨਲੇਵਾ ਹਮਲਿਆਂ ਦੇ ਚੱਲਦਿਆਂ ਗ਼ੈਰਕੁਦਰਤੀ ਕਾਰਨਾਂ ਕਰਕੇ ਹੋਈਆਂ ਮੌਤਾਂ ਦੀ ਜਾਂਚ ਕਰਦੀ ਦੇਸ਼ ਦੀ ਏਜੰਸੀ ਵਲੋਂ ਇਨ੍ਹਾਂ ਮੌਤਾਂ ਦੀ ਸਹੀ ਜਾਣਕਾਰੀ, ਅੰਕੜੇ ਤੱਥਾਂ ਸਮੇਤ ਦਬਾਉਣ ਦੇ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ।

ਫੇਅਰਫੈਕਸ ਮੀਡੀਆ ਦੀ ਇਕ ਧਿਰ ਵਲੋਂ ਦਾਇਰ ਨੈਸ਼ਨਲ ਕਰੂਨਰਜ਼ ਇਨਫਰਮੇਸ਼ਨ ਸਿਸਟਮ (ਸ਼ੱਕੀ ਮੌਤਾਂ ਦੀ ਜਾਂਚ ਕਰਨ ਵਾਲਾ ਸਿਸਟਮ) ਤਹਿਤ ਸਾਲ ਦੀ ਸ਼ੁਰੂਆਤ ਤੋਂ ਨਵੰਬਰ 2008 ਤੱਕ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਮੌਤਾਂ ਸਬੰਧੀ ਜਾਣਕਾਰੀ ਦੀ ਮੰਗ ਕਰਦੀ ਅਰਜ਼ੀ ਏਜੰਸੀ ਨੇ ਖਾਰਜ ਕਰ ਦਿੱਤੀ ਹੈ। ਵਧੇਰੇ ਸਬੂਤਾਂ ਦੇ ਬਾਵਜੂਦ ਫੈਡਰਲ ਸਰਕਾਰ ਨੇ ਮੌਤਾਂ ਦੀ ਗਿਣਤੀ 50 ਦਰਸਾਈ ਹੈ।

'ਦਿ ਏਜ' ਅਨੁਸਾਰ ਕਰਵਾਈ ਜਾਂਚ ਤਹਿਤ ਇਹ ਗਿਣਤੀ 51 ਤੋਂ ਵੀ ਵਧ ਸਾਹਮਣੇ ਆਈ। ਪਾਰਲੀਮੈਂਟ ਦੇ ਫਰਵਰੀ ਦੇ ਸੈਸ਼ਨ 'ਚ ਸਰਕਾਰ ਨੇ ਇਕ ਸਵਾਲ ਦੇ ਜਵਾਬ 'ਚ ਸਾਲ ਵਿਚ ਕੁੱਲ 51 ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਮੌਤਾਂ ਦੀ ਜਾਣਕਾਰੀ ਦਿੱਤੀ ਸੀ, ਜਿਸ 'ਚ ਹੈਰਾਨੀਜਨਕ ਗੱਲ ਇਹ ਸੀ ਕਿ 34 ਮੌਤਾਂ ਦੇ ਕਾਰਨਾਂ ਨੂੰ 'ਅਣਜਾਣੇ' ਦਰਸਾਇਆ ਗਿਆ ਹੈ, 14 ਮੌਤਾਂ ਨੂੰ ਹਾਦਸੇ ਅਤੇ ਤਿੰਨ ਨੂੰ ਬਿਮਾਰੀਆਂ ਦੇ ਖ਼ਾਤੇ ਪਾਇਆ ਗਿਆ, ਪਰ 'ਦਿ ਏਜ' ਵਲੋਂ ਕਰਵਾਈ ਜਾਂਚ 'ਚ ਇਹ ਗੱਲ ਸਾਹਮਣੇ ਆਈ ਕਿ ਮੌਤਾਂ ਦੀ ਗਿਣਤੀ 51 ਤੋਂ ਵਧ, 51 ਤੋਂ 54 ਵਿਚਕਾਰ ਹੈ। ਇਨ੍ਹਾਂ 'ਚ ਜ਼ਿਆਦਾਤਰ ਅੰਤਰਰਾਸ਼ਟਰੀ ਵਿਦਿਆਰਥੀ ਭਾਰਤ, ਕੋਰੀਆ ਤੇ ਚੀਨ ਨਾਲ ਸਬੰਧਤ ਮਰੇ ਹਨ।

ਜਾਂਚ ਸਮੇਂ ਭਾਰਤੀ ਵਿਦਿਆਰਥੀ ਕੁੱਲ ਵਿਦਿਆਰਥੀ ਵੀਜ਼ੇ ਅਨੁਸਾਰ 1/5 ਸਨ। ਮਰਨ ਵਾਲਿਆਂ 'ਚ ਅੱਧੇ ਭਾਰਤੀ ਦੱਸੇ ਜਾਂਦੇ ਹਨ। ਸਰਕਾਰੀ ਅੰਕੜੇ ਕੋਈ ਆਤਮ ਹੱਤਿਆ ਨਹੀਂ ਦਰਸਾਉਂਦੇ, ਪਰ ਅਸਲ 'ਚ ਤਿੰਨ ਵਿਦਿਆਰਥੀਆਂ ਨੇ ਆਤਮ ਹੱਤਿਆਵਾਂ ਕੀਤੀਆਂ ਹਨ। ਭਾਰਤ 'ਚ ਨਸਲੀ ਹਮਲਿਆਂ ਸਬੰਧੀ ਭਖੇ ਮਾਮਲੇ ਦੌਰਾਨ ਇਹ ਰਿਪੋਰਟ ਸਾਹਮਣੇ ਆਈ ਹੈ। ਉਧਰ ਚੀਨ ਨਾਲ ਸਬੰਧਤ 26 ਸਾਲਾ ਇਕ ਵਿਦਿਆਰਥੀ ਜਾਂਗ ਯੂ ਦੇ ਕਤਲ ਕੇਸ 'ਚ ਤਸਮਾਨੀਆ ਦੇ ਹੋਬਰਟ ਨਾਲ ਸਬੰਧਤ ਦੋ ਹਮਲਾਵਰਾਂ ਨੂੰ ਪੁਲਿਸ ਨੇ ਹਿਰਾਸਤ 'ਚ ਲਿਆ ਹੈ। ਜਾਂਗ ਯੂ ਪਿਛਲੇ ਵੀਰਵਾਰ ਤੋਂ ਲਾਪਤਾ ਸੀ। ਇਥੋਂ ਦੀ ਮਸ਼ਹੂਰ ਮੋਨਾਸ਼ ਯੂਨੀਵਰਸਿਟੀ ਦੇ ਬਿਜ਼ਨਸ ਵਿਸ਼ੇ ਦੇ ਪ੍ਰੋਫੈਸਰ ਸ੍ਰੀ ਕਰਿਸ ਨੇਲੈਂਡ ਨੇ ਕਿਹਾ ਕਿ 15.5 ਬਿਲੀਅਨ ਡਾਲਰ ਦੀ ਵਿਦਿਅਕ ਨੀਤੀ ਨੂੰ ਬਚਾਉਣ ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਨਾਲ ਵਾਪਰੇ ਹਾਦਸਿਆਂ ਨੂੰ ਲੁਕੋਇਆ ਜਾ ਰਿਹਾ ਹੈ।

ਉਨ੍ਹਾਂ ਨੇ ਵਿਦਿਆਰਥੀਆਂ ਦੀ ਸੁਰੱਖਿਆ ਲਈ ਫੈਡਰਲ ਐਡਵਾਈਜ਼ਰੀ ਬਾਡੀ ਬਣਾਏ ਜਾਣ ਦੀ ਮੰਗ ਕੀਤੀ ਹੈ, ਜਿਸ ਦੇ ਮੈਂਬਰ ਆਜ਼ਾਦ ਤੇ ਨਿਰਪੱਖ ਹੋਣ। ਨੈਸ਼ਨਲ ਯੂਨੀਅਨ ਆਫ ਸਟੂਡੈਂਟਸ ਦੇ ਪ੍ਰਧਾਨ ਡੇਵਿਡ ਬੈਰੋ ਨੇ ਕਿਹਾ ਕਿ ਸਰਕਾਰ ਨੂੰ ਤੁਰੰਤ ਨਿਰਪੱਖ ਜਾਂਚ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਆਸਟ੍ਰੇਲੀਆਈ ਭਾਈਚਾਰਾ ਅਸਲ ਤੱਥ ਜਾਣਨਾ ਚਾਹੁੰਦਾ ਹੈ। ਇਸ ਸਬੰਧੀ ਸਿੱਖਿਆ ਮੰਤਰੀ ਦੇ ਬੁਲਾਰੇ ਵਜੋਂ ਜੂਲੀਆ ਗਿਲਰਡ ਨੇ ਕਿਹਾ ਕਿ ਇਸ ਸਾਲ ਦੇ ਅੰਤ ਤੱਕ ਕਾਨੂੰਨ ਨੂੰ ਘੋਖਿਆ ਜਾਵੇਗਾ।

ਅਸਟ੍ਰੇਲੀਆ ਵਿਚ ਮੌਜੂਦਾ ਪ੍ਰਬੰਧਾਂ ਤਹਿਤ ਜੇਕਰ ਕਿਸੇ ਅੰਤਰਰਾਸ਼ਟਰੀ ਵਿਦਿਆਰਥੀ ਦੀ ਮੌਤ ਹੋ ਜਾਂਦੀ ਹੈ ਤਾਂ ਪੜ੍ਹਾਈ ਕਰਵਾਉਂਦੇ ਅਦਾਰੇ ਨੂੰ 15 ਦਿਨਾਂ ਦੇ ਅੰਦਰ ਰੁਜ਼ਗਾਰ ਤੇ ਸਿੱਖਿਆ ਵਿਭਾਗ ਨੂੰ ਸੂਚਿਤ ਕਰਨਾ ਹੁੰਦਾ ਹੈ, ਜਿਸ ਵਿਚ ਮੌਤ ਦੇ ਕਾਰਨ ਦੱਸਣਾ ਵੀ ਜ਼ਰੂਰੀ ਨਹੀਂ ਸਮਝਿਆ ਜਾਂਦਾ। ਇਹ ਉਸ ਵਿਦਿਅਕ ਅਦਾਰੇ 'ਤੇ ਨਿਰਭਰ ਹੁੰਦਾ ਹੈ ਕਿ ਉਹ ਸਬੰਧਤ ਕੇਸ ਨੂੰ ਕਿੰਨੀ ਸੰਜੀਦਗੀ ਨਾਲ ਲੈਂਦਾ ਹੈ। ਉਧਰ ਵਿਰੋਧੀ ਧਿਰ ਦੇ ਅਵਾਸ ਪ੍ਰਵਾਸ ਨਾਲ ਸਬੰਧਤ ਬੁਲਾਰੇ ਨੇ ਕਿਹਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਮੌਤਾਂ ਦੇ ਅੰਕੜੇ ਫਰਵਰੀ 'ਚ ਆਉਣ ਦੀ ਸੰਭਾਵਨਾ ਹੈ, ਪਰ 34 ਮੌਤਾਂ ਦੇ ਕਾਰਨਾਂ ਦਾ ਸਰਕਾਰ ਨੂੰ ਪਤਾ ਹੀ ਨਾ ਹੋਣਾ ਹੈਰਾਨੀ ਵਾਲੀ ਗੱਲ ਹੈ। ਇਸ ਦੌਰਾਨ ਮਿਲੀ ਜਾਣਕਾਰੀ ਤਹਿਤ ਪਿਛਲੇ ਦਿਨਾਂ ਵਿਚ ਸਿੱਖ ਵਿਦਿਆਰਥੀ 'ਤੇ ਹੋਏ ਹਮਲਿਆਂ ਨੂੰ ਲੈ ਕੇ ਸਿੱਖ ਫੈਡਰੇਸ਼ਨ ਆਫ ਆਸਟ੍ਰੇਲੀਆ ਨੇ ਕਾਨੂੰਨੀ ਪੈਰਵਾਈ ਦੀ ਤਿਆਰੀ ਕੀਤੀ ਹੈ।

ਯਾਦ ਰਹੇ ਜ਼ਿਲ੍ਹਾ ਮੁਹਾਲੀ ਦੇ ਪਿੰਡ ਪੜੌਲ ਤੋਂ ਕੁਝ ਸਮਾਂ ਪਹਿਲਾਂ ਪਰਿਵਾਰ ਸਮੇਤ ਆਸਟ੍ਰੇਲੀਆ ਜਾ ਕੇ ਵਸੇ ਜਤਿੰਦਰ ਸਿੰਘ ਨਾਂਅ ਦੇ ਨੌਜਵਾਨ ਨੂੰ ਬੀਤੀ 5 ਜੁਲਾਈ ਦੀ ਰਾਤ ਨੂੰ ਆਸਟ੍ਰੇਲੀਆ ਦੇ ਕੁਝ ਵਿਅਕਤੀਆਂ ਦੇ ਹਮਲੇ ਦਾ ਸ਼ਿਕਾਰ ਹੋਣਾ ਪਿਆ। ਜਤਿੰਦਰ ਸਿੰਘ, ਜੋ ਕਿ ਉਥੇ ਹਫਤੇ ਵਿਚ ਤਿੰਨ ਦਿਨ ਟੈਕਸੀ ਚਲਾਉਣ ਦਾ ਕੰਮ ਕਰਦਾ ਹੈ, 5 ਜੁਲਾਈ ਦੀ ਰਾਤ ਜਦੋਂ ਕੰਮ ਖ਼ਤਮ ਕਰਨ ਤੋਂ ਬਾਅਦ ਟੈਕਸੀ ਸਟੈਂਡ 'ਤੇ ਆਪਣੀ ਗੱਡੀ ਖੜ੍ਹੀ ਕਰਨ ਲਈ ਗਿਆ ਤਾਂ ਉਥੇ ਇਕ ਆਸਟ੍ਰੇਲੀਆਈ ਮੂਲ ਦਾ ਸ਼ਰਾਰਤੀ ਲੜਕਾ ਆ ਗਿਆ। ਜਿਉਂ ਹੀ ਜਤਿੰਦਰ ਸਿੰਘ ਆਪਣੇ ਪੂਰੇ ਦਿਨ ਦੀ ਕਮਾਈ ਵਾਲਾ ਬੈਗ ਲੈ ਕੇ ਬਾਹਰ ਨਿਕਲਿਆ ਤਾਂ ਗੱਡੀ ਵਿਚ ਛੁਪੇ ਬੈਠੇ ਗੋਰਿਆਂ 'ਚੋਂ ਇਕ ਨੇ ਜਤਿੰਦਰ ਸਿੰਘ ਦੇ ਸਿਰ 'ਤੇ ਡੰਡੇ ਨਾਲ ਹਮਲਾ ਕਰ ਦਿੱਤਾ, ਪ੍ਰੰਤੂ ਸਿਰ 'ਤੇ ਪੱਗ ਬੰਨ੍ਹੀ ਹੋਣ ਕਾਰਨ ਉਸ ਦਾ ਬਚਾਅ ਹੋ ਗਿਆ। ਜਤਿੰਦਰ ਨੇ ਤੁਰੰਤ ਪੁਲਿਸ ਨੂੰ ਬੁਲਾ ਲਿਆ। ਇਕ ਹਮਲਾਵਰ ਦਾ ਮੋਬਾਇਲ ਫੋਨ ਵੀ ਉਥੇ ਹੀ ਡਿੱਗ ਪਿਆ, ਜੋ ਪੁਲਿਸ ਨੇ ਬਰਾਮਦ ਕਰ ਲਿਆ ਹੈ।

ਇਸ ਸਬੰਧ ਵਿਚ ਪੁਲਿਸ ਨੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਤੇ ਉਸ ਦੇ ਬਾਕੀ ਸਾਥੀਆਂ ਦਾ ਪਤਾ ਲਗਾ ਰਹੀ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਡੈਡੀਨੌਂਗ ਇਲਾਕੇ ਵਿਚ ਇਕ ਸਿੱਖ ਵਿਦਿਆਰਥੀ ਰੇਸ਼ਮ ਸਿੰਘ ਦੀ ਕੁਝ ਹੁਲੱੜਬਾਜ਼ਾਂ ਵਲੋਂ ਬੇਪਤੀ ਕੀਤੀ ਗਈ ਸੀ। ਡੈਡੀਨੌਂਗ ਇਲਾਕੇ ਦੇ ਸਟੇਸ਼ਨ 'ਤੇ ਵਾਪਰੀ ਇਸ ਘਟਨਾ 'ਤੇ ਆਸਟ੍ਰੇਲੀਆ ਦੀਆਂ ਲਗਭਗ ਸਾਰੀਆਂ ਸਿੱਖ ਸੰਸਥਾਵਾਂ ਨੇ ਸਖ਼ਤ ਰੋਸ ਜਤਾਇਆ ਹੈ।

ਇਸ ਸਬੰਧੀ ਸਿੱਖ ਫੈਡਰੇਸ਼ਨ ਆਫ ਆਸਟ੍ਰੇਲੀਆ ਅਤੇ ਅਖੰਡ ਕੀਰਤਨੀ ਜਥੇ ਵਲੋਂ ਮੈਲਬਰਨ ਦੇ ਸਾਰੇ ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਕਰੇਗੀਬਰਨ ਗੁਰੂਘਰ ਵਿਚ ਐਤਵਾਰ ਨੂੰ ਹੰਗਾਮੀ ਮੀਟਿੰਗ ਦਾ ਸੱਦਾ ਦਿੱਤਾ ਗਿਆ ਹੈ।

ਸਿੱਖ ਫੈਡਰੇਸ਼ਨ ਦੇ ਬੁਲਾਰੇ ਭਾਈ ਦਲਜੀਤ ਸਿੰਘ ਰਾਣਾ ਨੇ ਇਸ ਸਿੱਖ ਵਿਦਿਆਰਥੀ ਦਾ ਕੇਸ ਕਾਨੂੰਨੀ ਤੌਰ 'ਤੇ ਇਸ ਸੰਸਥਾ ਵਲੋਂ ਲੜੇ ਜਾਣ ਦੀ ਗੱਲ ਵੀ ਕਹੀ ਹੈ। ਮੈਲਬਰਨ ਇਕਾਈ ਤੋਂ ਫੈਡਰੇਸ਼ਨ ਦੀ ਪ੍ਰਤੀਨਿਧਤਾ ਕਰਦੇ ਭਾਈ ਜਸਪ੍ਰੀਤ ਸਿੰਘ ਨੇ ਕਿਹਾ ਕਿ ਇਸ ਅਸਹਿਣਯੋਗ ਘਟਨਾ ਦੇ ਸਬੰਧ ਵਿਚ ਵਿਕਟੋਰੀਆ ਦੇ ਪ੍ਰੀਮੀਅਰ ਜੌਹਨ ਬਰੰਬੀ ਨਾਲ ਮੁਲਾਕਾਤ ਦਾ ਪ੍ਰੋਗਰਾਮ ਬਣਾਇਆ ਜਾ ਰਿਹਾ ਹੈ।

ਸਿਡਨੀ ਤੋਂ ਇਸੇ ਸੰਸਥਾ ਦੇ ਕੌਮੀ ਪ੍ਰਧਾਨ ਭਾਈ ਮਨਜੀਤ ਸਿੰਘ ਪੁਰੇਵਾਲ, ਭਾਈ ਜਸਪਾਲ ਸਿੰਘ, ਸੁਖਰਾਜ ਸਿੰਘ ਸੰਧੂ, ਸਰਬਰਿੰਦਰ ਸਿੰਘ ਰੂਮੀ, ਮੈਲਬਰਨ ਤੋਂ ਭਾਈ ਹਰਕੀਰਤ ਸਿੰਘ, ਜਸਵਿੰਦਰ ਸਿੰਘ ਨੇ ਸਾਂਝੇ ਤੌਰ 'ਤੇ ਸਿੱਖ ਪਹਿਚਾਣ ਦੀ ਚੜ੍ਹਦੀ ਕਲਾ ਲਈ ਉਪਰਾਲਿਆਂ ਤਹਿਤ ਭਵਿੱਖ 'ਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ ਕਾਨੂੰਨੀ ਪੈਰਵੀ ਕਰਨ ਅਤੇ ਸਰਕਾਰ ਨਾਲ ਗੱਲਬਾਤ ਦਾ ਫੌਰੀ ਪ੍ਰੋਗਰਾਮ ਉਲੀਕਣ ਦੀ ਗੱਲ ਕਹੀ ਹੈ। ਸਿੱਖ ਵਿਦਿਆਰਥੀਆਂ ਦੇ ਕੇਸਾਂ ਦੀ ਬੇਅਦਬੀ ਕਰਨ ਵਾਲੀ ਘਟਨਾ ਦੀ ਰੇਡੀਓ 'ਤੇ ਟਾਕ ਸ਼ੋਅ 'ਚ ਨਿੰਦਾ ਕੀਤੀ ਗਈ। ਇਥੋਂ ਦੇ ਪ੍ਰਮੁੱਖ ਰੇਡੀਓ ਏ.ਬੀ.ਸੀ. ਅਤੇ ਆਸਟ੍ਰੇਲੀਅਨ ਲੋਕਾਂ ਨੇ ਸਿੱਖਾਂ ਦੇ ਮਾਣਮੱਤੇ ਇਤਿਹਾਸ ਦਾ ਜ਼ਿਕਰ ਕਰਦਿਆਂ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੀ ਮੰਗ ਕੀਤੀ ਹੈ ਅਤੇ ਵਿਸ਼ਵ ਯੁੱਧ ਤਕ ਬਹਾਦਰੀ ਨਾਲ ਜੂਝਣ ਵਾਲੀ ਇਸ ਕੌਮ ਦੇ ਹੱਕਾਂ ਨੂੰ ਸੁਰੱਖਿਅਤ ਕਰਨ ਲਈ ਸਰਕਾਰ ਨੂੰ ਅਪੀਲ ਕੀਤੀ ਹੈ।

## ਆਸਟ੍ਰੇਲੀਆ ਕਾਨੂੰਨ 'ਚ ਸੋਧ ਲਈ ਤਿਆਰ

**ਨਵੀਂ ਦਿੱਲੀ :** ਆਸਟ੍ਰੇਲੀਆ ਵਿਚ ਭਾਰਤੀ ਵਿਦਿਆਰਥੀਆਂ 'ਤੇ ਨਸਲੀ ਹਮਲਿਆਂ ਨੂੰ ਦੇਖਦਿਆਂ ਉਥੋਂ ਦੇ ਕਾਨੂੰਨਾਂ ਵਿਚ ਸੋਧ ਕੀਤੀ ਜਾ ਰਹੀ ਹੈ, ਤਾਂ ਜੋ ਨਸਲੀ ਹਮਲਿਆਂ ਬਾਰੇ ਕਾਨੂੰਨਾਂ ਨੂੰ ਹੋਰ ਸਖ਼ਤ ਅਤੇ ਜ਼ਿਆਦਾ ਸਜ਼ਾ ਵਾਲਾ ਬਣਾਇਆ ਜਾ ਸਕੇ।

ਆਸਟ੍ਰੇਲੀਆ ਦੇ ਸਿੱਖਿਆ ਮੰਤਰੀ ਕਾਲਿਨ ਵਾਲਟਰਜ਼ ਨੇ ਕਿਹਾ ਕਿ ਵਿਕਟੋਰੀਆ ਸਰਕਾਰ ਵਲੋਂ ਮੌਜੂਦਾ ਕਾਨੂੰਨਾਂ ਵਿਚ ਸੋਧ ਕਰਕੇ ਅਜਿਹੇ ਘਿਨਾਉਣੇ ਜੁਰਮਾਂ ਵਿਚ ਸ਼ਾਮਲ ਲੋਕਾਂ ਲਈ ਜ਼ਿਆਦਾ ਅਤੇ ਸਖ਼ਤ ਸਜ਼ਾ ਦੀ ਵਿਵਸਥਾ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਭਾਰਤੀ ਵਿਦਿਆਰਥੀਆਂ ਉੱਤੇ ਸਭ ਤੋਂ ਜ਼ਿਆਦਾ ਹਮਲੇ ਆਸਟ੍ਰੇਲੀਆ ਦੇ ਵਿਕਟੋਰੀਆ ਸੂਬੇ ਵਿਚ ਹੀ ਹੋਏ ਹਨ। ਉਨ੍ਹਾਂ ਕਿਹਾ ਕਿ ਆਸਟ੍ਰੇਲੀਆ ਵਲੋਂ ਵਿਦੇਸ਼ੀ ਭਾਰਤੀਆਂ ਦੀ ਸਿੱਖਿਆ ਬਾਰੇ ਸੇਵਾਵਾਂ ਦਾ ਵੀ ਨਵੇਂ ਸਿਰੇ ਤੋਂ ਜਾਇਜ਼ਾ ਲਿਆ ਜਾਵੇਗਾ, ਕਿਉਂਕਿ ਆਸਟ੍ਰੇਲੀਆ ਲਈ ਵਿਦਿਆਰਥੀ ਭੇਜਣ ਵਾਲੇ ਏਜੰਟ ਉਨ੍ਹਾਂ ਨੂੰ ਸੁਰੱਖਿਆ ਪੱਖੋਂ ਸਹੀ ਅਤੇ ਮੁਕੰਮਲ ਜਾਣਕਾਰੀ ਨਹੀਂ ਦਿੰਦੇ।

# ਲਿਬਰਾਹਨ ਕਮਿਸ਼ਨ ਨੇ ਅਡਵਾਨੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ

–ਪੰਜਾਬ ਟਾਈਮਜ਼ ਨਿਊਜ਼ ਸਰਵਿਸ

ਛੇ ਦਸੰਬਰ 1992 ਨੂੰ ਵਾਪਰੀਆਂ ਤਰਾਸਦਿਕ ਘਟਨਾਵਾਂ ਦੀ ਜਾਂਚ ਕਰਨ ਵਾਲੇ ਐਮ.ਐਸ. ਲਿਬਰਾਹਨ ਕਮਿਸ਼ਨ ਨੇ 48 ਵਾਰ ਆਪਣੀ ਮਿਆਦ ਵਿਚ ਵਧੇ ਕਰਵਾ ਕੇ 18 ਸਾਲ ਲੰਘਾ ਦਿੱਤੇ, ਪਰ ਆਪਣੀ ਸ਼ਾਹਕਾਰ ਰਿਪੋਰਟ ਵਿਚ ਉਸ ਵੇਲੇ ਆਈਆਂ ਅਖ਼ਬਾਰੀ ਰਿਪੋਰਟਾਂ ਤੋਂ ਨਵਾਂ ਕੁਝ ਨਹੀਂ ਦੱਸਿਆ।

ਯਾਦ ਰਹੇ ਬਾਬਰੀ ਮਸਜਿਦ ਦੀ ਤਬਾਹੀ ਨਾਲ ਦੇਸ਼ ਦਾ ਸਿਰ ਸ਼ਰਮ ਨਾਲ ਝੁਕ ਗਿਆ ਸੀ ਅਤੇ ਇਸ ਨਾਲ ਭਾਰਤੀ ਬਹੁਵਾਦ ਦੇ ਮੂਲ ਸਿਧਾਂਤਾਂ 'ਤੇ ਸੱਟ ਵੱਜੀ ਸੀ। ਬਹਰਹਾਲ, ਜੱਜ ਨੂੰ ਇਹ ਗੱਲ ਨਹੀਂ ਰੜਕੀ ਕਿ 1992 ਦੀਆਂ ਉਨ੍ਹਾਂ ਘਿਨਾਉਣੀਆਂ ਘਟਨਾਵਾਂ ਬਾਰੇ ਆਪਣਾ ਫਤਵਾ ਦੇਣ ਵਿਚ ਦੇਰੀ ਆਪਣੇ-ਆਪ ਵਿਚ ਹੀ ਤਕਲੀਫਦੇਹ ਹੈ।

ਲੱਖਾਂ ਲੋਕਾਂ ਨੂੰ ਕਹੀਆਂ, ਤੇਸੇ ਤੇ ਹਥੌੜੇ ਆਦਿ ਲੈ ਕੇ ਅਯੁੱਧਿਆ ਪੁੱਜਣ ਲਈ ਸ਼ਿਸ਼ਕੇਰਿਆ ਅਤੇ ਫੈਜ਼ਾਬਾਦ ਵਿਚ ਭਾਜਪਾ ਅਤੇ ਸੰਘ ਪਰਿਵਾਰ ਦੇ ਚੋਟੀ ਦੇ ਆਗੂ ਢਹਿੰਦੀ ਮਸਜਿਦ ਵੇਖਦੇ ਰਹੇ ਅਤੇ ਉਨ੍ਹਾਂ ਨੂੰ ਰੱਤੀ ਭਰ ਵੀ ਅਹਿਸਾਸ ਨਾ ਹੋਇਆ ਕਿ ਉਹ ਦੇਸ਼ ਦਾ ਕਿੱਡਾ ਵੱਡਾ ਨੁਕਸਾਨ ਕਰ ਰਹੇ ਹਨ। ਖਰੂਦੀ ਕਾਰ ਸੇਵਕਾਂ ਨੂੰ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਦੀ ਅਗਵਾਈ ਹੇਠ ਚਲਾਈ ਅਯੁੱਧਿਆ ਯਾਤਰਾ ਤਹਿਤ ਹਵਾ ਦਿੱਤੀ ਗਈ ਅਤੇ ਇਨ੍ਹਾਂ ਨੂੰ ਸੰਘ ਪਰਿਵਾਰ ਵਲੋਂ ਹੱਲਾਸ਼ੇਰੀ ਦਿੱਤੀ ਜਾ ਰਹੀ ਸੀ, ਜਿਸ ਦਾ ਭਾਰਤੀ ਕੌਮ ਪ੍ਰਤੀ ਇਕ ਵੱਖਰਾ ਤੇ ਖ਼ਤਰਨਾਕ ਨਜ਼ਰੀਆ ਹੈ। ਦਿਨ ਢਲੇ ਜਦੋਂ ਮਸਜਿਦ ਢਾਹ ਦਿੱਤੀ ਗਈ ਤਾਂ ਫੈਜ਼ਾਬਾਦ ਵਿਚ ਭਾਜਪਾ ਆਗੂਆਂ ਦੇ ਖੇਮੇ ਵਿਚ ਜਸ਼ਨ ਮਨਾਇਆ ਗਿਆ।

ਸਰਬ ਸ੍ਰੀ ਅਡਵਾਨੀ, ਜੋਸ਼ੀ, ਕਲਿਆਣ ਸਿੰਘ ਤੇ ਉਮਾ ਭਾਰਤੀ ਨੂੰ ਸਸਤੇ 'ਚ ਛੁਟਕਾਰਾ ਕਰਨ ਬਦਲੇ ਜਸਟਿਸ ਲਿਬਰਾਹਨ ਦਾ ਸ਼ੁਕਰੀਆ ਅਦਾ ਕਰਨਾ ਚਾਹੀਦਾ ਹੈ। ਜੱਜ ਨੇ ਉਨ੍ਹਾਂ ਖਿਲਾਫ ਸਾਜ਼ਿਸ਼ ਦੇ ਸ਼ਬਦ ਵਰਤਣ ਤੋਂ ਵੀ ਗੁਰੇਜ ਕੀਤਾ ਹੈ। ਜੱਜ ਸਾਹਿਬ ਜਦੋਂ ਆਪਣੇ ਕੰਮ ਵਿਚ ਖੁਭੇ ਹੋਏ ਸਨ ਤਾਂ ਸ੍ਰੀ ਅਡਵਾਨੀ ਨੇ ਐਨ.ਡੀ.ਏ. ਸਰਕਾਰ ਵੇਲੇ ਗ੍ਰਹਿ ਮੰਤਰੀ ਹੁੰਦਿਆਂ ਕਲਾਕਾਰੀ ਦਿਖਾ ਕੇ ਸੀ.ਬੀ.ਆਈ. ਦੇ ਦੋਸ਼ਾਂ ਤੋਂ ਆਪਣਾ ਤਾਂ ਛੁਟਕਾਰਾ ਕਰਵਾ ਲਿਆ, ਪਰ ਉਨ੍ਹਾਂ ਜੋਸ਼ੀ ਤੇ ਉਮਾ ਭਾਰਤੀ ਜਿਹੇ ਆਪਣੇ ਸਾਥੀਆਂ ਨੂੰ ਉਨ੍ਹਾਂ ਦੇ ਹਾਲ 'ਤੇ ਛੱਡ ਦਿੱਤਾ।

ਉਂਜ ਰਿਪੋਰਟ ਵਿਚ ਭਾਜਪਾ ਆਗੂ ਐਲ.ਕੇ. ਅਡਵਾਨੀ, ਐਮ.ਐਮ. ਜੋਸ਼ੀ, ਉਮਾ ਭਾਰਤੀ, ਕਲਿਆਣ ਸਿੰਘ, ਵੀ.ਐਚ.ਪੀ., ਬਜਰੰਗ ਦਲ ਅਤੇ ਆਰ.ਐਸ.ਐਸ. ਬਾਰੇ ਨਾਂਹ ਪੱਖੀ ਟਿੱਪਣੀਆਂ ਕੀਤੀਆਂ ਗਈਆਂ ਹਨ, ਪਰ ਇਸ ਤੋਂ ਜ਼ਿਆਦਾ ਕੁਝ ਨਹੀਂ ਹੈ। ਜਸਟਿਸ ਲਿਬਰਾਹਨ ਦੀ ਹਾਲਤ ਉਵੇਂ ਹੈ, ਜਿਵੇਂ ਮੇਜ਼ 'ਤੇ ਲੇਟੇ ਮਰੀਜ਼ ਦੇ ਆਪ੍ਰੇਸ਼ਨ ਤੋਂ ਪਹਿਲਾਂ ਕਿਸੇ ਸਰਜਨ ਦੇ ਹੱਥ ਕੰਬਣ ਲੱਗ ਪੈਣ। ਸੱਚ ਦਾ ਸਾਹਮਣਾ ਕਰਨੋਂ ਉਹ ਘਬਰਾ ਗਏ ਤਾਂ ਕਿ ਕੋਈ ਉਨ੍ਹਾਂ ਨੂੰ ਨੁਕਸਾਨ ਕਰਨ ਦਾ ਦੋਸ਼ੀ ਨਾ ਗਿਣੇ।

**ਜਸਟਿਸ ਲਿਬਰਾਹਨ ਦੀ ਹਾਲਤ ਉਵੇਂ ਹੈ, ਜਿਵੇਂ ਮੇਜ਼ 'ਤੇ ਲੇਟੇ ਮਰੀਜ਼ ਦੇ ਆਪ੍ਰੇਸ਼ਨ ਤੋਂ ਪਹਿਲਾਂ ਕਿਸੇ ਸਰਜਨ ਦੇ ਹੱਥ ਕੰਬਣ ਲੱਗ ਪੈਣ।**

ਐਨ.ਡੀ.ਏ. ਸਰਕਾਰ ਦੀ ਕੋਈ ਸਾਜ਼ਿਸ਼ ਨਹੀਂ ਸੀ ਕਿ ਜਸਟਿਸ ਲਿਬਰਾਹਨ ਰਿਪੋਰਟ ਪੇਸ਼ ਕਰਨ। ਭਾਜਪਾ ਆਗੂਆਂ ਅਤੇ ਸੰਘ ਪਰਿਵਾਰ ਨੂੰ ਇਸ ਤੋਂ ਮਾੜੀ ਮੋਟੀ ਵਜਾਹ ਵੀ ਗਵਾਰਾ ਨਹੀਂ ਸੀ, ਜਿਸ ਕਰਕੇ ਭਾਜਪਾ ਮੰਤਰੀਆਂ ਨੂੰ ਸਰਕਾਰ ਤੋਂ ਅਸਤੀਫੇ ਦੇਣੇ ਪੈਣੇ ਸਨ। ਯੂ.ਪੀ.ਏ. ਸਰਕਾਰ ਨੇ ਵੀ ਜੱਜ ਨੂੰ ਆਪਣੀ ਜਾਂਚ ਤੇਜ਼ ਕਰਨ ਲਈ ਨਾ ਆਖਿਆ। ਸ਼ਾਇਦ ਇਸ ਕਰਕੇ ਕਿ ਕਿਤੇ ਫਿਰਕੂ ਦੰਗਿਆਂ ਦਾ ਭੂਤ ਫੇਰ ਸਿਰ ਨਾ ਚੁੱਕ ਲਵੇ। ਐਨ.ਡੀ.ਏ. ਅਤੇ ਯੂ.ਪੀ.ਏ. ਦੋਵਾਂ ਦੇ ਤੌਖ਼ਲਿਆਂ ਕਰਕੇ ਇਨ੍ਹਾਂ ਵਿਚਕਾਰ ਇਕ ਚੁੱਪ-ਗੜੁੱਪ ਸੂਝ-ਬੂਝ ਬਣ ਗਈ ਕਿ ਸਭ ਦਾ ਭਲਾ ਇਸੇ ਵਿਚ ਹੈ ਕਿ ਉਨ੍ਹਾਂ ਮਾੜੀਆਂ ਘਟਨਾਵਾਂ ਨੂੰ ਮੁੜ ਨਾ ਉਭਾਰਿਆ ਜਾਵੇ।

ਜੱਜ ਵੀ ਕੇਂਦਰ ਵਿਚ ਸਮੇਂ ਦੇ ਹਾਕਮਾਂ ਦੀਆਂ ਖਾਹਸ਼ਾਂ ਮੁਤਾਬਕ ਆਰਾਮ ਨਾਲ ਤੁਰਦਾ ਗਿਆ। ਉਂਜ, ਜਸਟਿਸ ਲਿਬਰਾਹਨ ਇੰਨੀ ਕੁ ਤਸੱਲੀ ਭਾਲ ਸਕਦੇ ਹਨ ਕਿ ਉਨ੍ਹਾਂ ਆਪਣੇ ਤੇ ਸਾਡੇ ਜੀਵਨਕਾਲ ਵਿਚ ਆਪਣੀ ਰਿਪੋਰਟ ਸੌਂਪ ਦਿੱਤੀ ਅਤੇ ਇਕ ਅਜਿਹੀ ਰਿਪੋਰਟ ਜਿਸ ਦਾ ਕਿਸੇ ਨੂੰ ਕੋਈ ਨੁਕਸਾਨ ਨਹੀਂ ਹੈ। ਇਸ 'ਤੇ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਸ਼ਾਸਨ ਦੀ ਭਾਸ਼ਾ ਵਿਚ ਅਕਸਰ ਕਮੇਟੀਆਂ ਤੇ ਕਮਿਸ਼ਨ ਸੱਚ ਦੀ ਤਲਾਸ਼, ਕਿਸੇ ਹੱਲ ਜਾਂ ਕਿਸੇ ਦੋਸ਼ੀ ਨੂੰ ਸਜ਼ਾ ਦੁਆਉਣ ਲਈ ਨਹੀਂ, ਸਗੋਂ ਸਿਰਫ ਮਸਲਾ ਠੰਢਾ ਕਰਨ ਲਈ ਕਾਇਮ ਕੀਤੇ ਜਾਂਦੇ ਹਨ।

## ਸਭ ਤੋਂ ਵੱਡੇ ਨਿਵੇਸ਼ ਘਪਲੇ 'ਚ ਮੈਡਾਫ ਨੂੰ 150 ਸਾਲ ਦੀ ਕੈਦ

**ਨਿਊਯਾਰਕ :** ਅਮਰੀਕਾ ਦੇ ਇਤਿਹਾਸ ਦੇ ਸਭ ਤੋਂ ਵੱਡੇ ਨਿਵੇਸ਼ ਘੁਟਾਲੇ ਦੇ ਮਾਮਲੇ ਵਿਚ ਫਾਈਨੈਂਸਰ ਬਰਨਾਡ ਮੈਡਾਫ ਨੂੰ 150 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਨਿਊਯਾਰਕ ਦੀ ਅਦਾਲਤ ਨੇ ਇਹ ਫੈਸਲਾ ਸੁਣਾਇਆ ਹੈ। ਅਦਾਲਤ ਨੇ ਨਿਵੇਸ਼ਕਾਂ ਨੂੰ 65 ਅਰਬ ਡਾਲਰ ਦਾ ਚੂਨਾ ਲਾਉਣ ਦੇ ਮਾਮਲੇ ਵਿਚ ਉਸ ਨੂੰ ਦੋਸ਼ੀ ਠਹਿਰਾਇਆ ਸੀ। ਇਸ ਸਜ਼ਾ ਦਾ ਮਤਲਬ ਇਹ ਹੋਇਆ ਕਿ ਮੈਡਾਫ ਆਪਣੀ ਬਚੀ ਹੋਈ ਜ਼ਿੰਦਗੀ ਜੇਲ੍ਹ ਵਿਚ ਹੀ ਗੁਜ਼ਾਰੇਗਾ, ਜਿਦਾਂ ਹੀ ਅਦਾਲਤ ਨੇ ਮੈਡਾਫ ਨੂੰ ਸਜ਼ਾ ਸੁਣਾਈ, ਉਥੇ ਹਾਜ਼ਰ ਲੋਕਾਂ ਨੇ ਤਾੜੀਆਂ ਮਾਰ ਕੇ ਇਸ ਫੈਸਲੇ ਦਾ ਸਵਾਗਤ ਕੀਤਾ।



ਬਨਾਰਡ ਮੈਡਾਫ

ਜੱਜ ਡੇਨੀ ਚਿਨ ਨੇ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਉਹ ਇਹ ਸੰਦੇਸ਼ ਦੇਣਾ ਚਾਹੁੰਦੇ ਹਨ ਕਿ ਮੈਡਾਫ ਦਾ ਅਪਰਾਧ ਮਾਫੀਯੋਗ ਨਹੀਂ ਹੈ। ਜੱਜ ਡੇਨੀ ਚਿਨ ਨੇ ਮੈਡਾਫ ਨੂੰ ਸਾਰੇ 11 ਦੋਸ਼ਾਂ ਵਿਚ ਜ਼ਿਆਦਾ ਤੋਂ ਜ਼ਿਆਦਾ ਸਜ਼ਾ ਦਿੱਤੀ। ਇਨ੍ਹਾਂ ਦੋਸ਼ਾਂ ਵਿਚ ਧੋਖਾਧੜੀ ਅਤੇ ਕਾਲੇ ਪੈਸੇ ਨੂੰ ਚਿੱਟੇ ਵਿਚ ਤਬਦੀਲ ਕਰਨ ਦਾ ਦੋਸ਼ ਸੀ। ਜੱਜ ਨੇ ਕਿਹਾ ਕਿ ਲੋਕਾਂ ਵਿਚ ਇਹ ਸੰਦੇਸ਼ ਜ਼ਰੂਰ ਜਾਣਾ ਚਾਹੀਦਾ ਹੈ ਕਿ ਮੈਡਾਫ ਦਾ ਅਪਰਾਧ ਇਕ ਅਸਾਧਾਰਨ ਅਪਰਾਧ ਹੈ, ਇਸ ਤਰ੍ਹਾਂ ਵਿਵਸਥਾ ਦੀ ਵਰਤੋਂ ਕਰਨਾ ਨਾ ਕੇਵਲ ਅਜਿਹਾ ਖ਼ੂਨ ਰਹਿਤ ਅਪਰਾਧ ਹੈ, ਜਿਹੜਾ ਕਾਗਜ਼ਾਂ 'ਤੇ ਹੁੰਦਾ ਹੈ, ਬਲਕਿ ਇਸ ਨਾਲ ਬਹੁਤ ਵੱਡਾ ਨੁਕਸਾਨ ਹੁੰਦਾ ਹੈ।

ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਬਹੁਤ ਵੱਡਾ ਭਰੋਸਾ ਟੁੱਟਿਆ ਹੈ। ਜੱਜ ਚਿਨ ਨੇ ਇਹ ਵੀ ਕਿਹਾ ਕਿ ਮੈਡਾਫ ਦੇ ਕਿਸੇ ਰਿਸ਼ਤੇਦਾਰ, ਦੋਸਤ ਜਾਂ ਹੋਰ ਸਮਰਥਕ ਨੇ ਉਸ ਲਈ ਪੱਤਰ ਲਿਖ ਕੇ ਰਹਿਮ ਦੀ ਅਪੀਲ ਨਹੀਂ ਕੀਤੀ। ਇਸ ਫੈਸਲੇ ਤੋਂ ਬਾਅਦ ਮੈਡਾਫ ਦੀ ਪਤਨੀ ਰੁਥ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਉਹ ਆਪਣੇ-ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰਦੀ ਹੈ। ਉਸ ਨੇ ਕਿਹਾ ਕਿ ਏਨੀ ਵੱਡੀ ਧੋਖਾਧੜੀ ਕਰਨ ਵਾਲਾ ਇਹ ਵਿਅਕਤੀ ਉਹ ਨਹੀਂ ਹੈ, ਜਿਸ ਨੂੰ ਮੈਂ ਸਾਲਾਂ ਤੋਂ ਜਾਣਦੀ ਹਾਂ। ਮੈਡਾਫ ਨੇ ਇਸ ਲਈ ਮਾਫੀ ਮੰਗੀ ਕਿ ਉਸ ਕਾਰਨ ਉਸ ਦੇ ਪਰਿਵਾਰ ਅਤੇ ਇਸ ਇੰਡਸਟਰੀ ਨੂੰ ਸ਼ਰਮਸਾਰ ਹੋਣਾ ਪਿਆ ਹੈ। ਮੈਡਾਫ ਨੇ ਕਿਹਾ ਕਿ ਮੈਂ ਇਸ ਪੀੜ ਅਤੇ ਦੁੱਖ ਲਈ ਜ਼ਿੰਮੇਵਾਰ ਹਾਂ ਤੇ ਮੈਂ ਇਸ ਨੂੰ ਸਮਝਦਾ ਹਾਂ। ਮੈਡਾਫ ਨੇ ਅਦਾਲਤ ਵਿਚ ਉਸ ਦੀ ਧੋਖਾਧੜੀ ਦੇ ਸ਼ਿਕਾਰ ਹੋਏ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਮਾਫੀ ਮੰਗੀ।

ਪੱਤਰਕਾਰ ਮਿਸ਼ੇਲ ਫਲੇਵਰੀ ਦਾ ਕਹਿਣਾ ਹੈ ਕਿ ਧੋਖਾ ਖਾਧੇ ਲੋਕ ਖੁਸ਼ ਤਾਂ ਹਨ, ਪਰ ਉਨ੍ਹਾਂ ਲਈ ਇਹ ਲੜਾਈ ਹਾਲੇ ਖ਼ਤਮ ਨਹੀਂ ਹੋਈ, ਕਿਉਂਕਿ ਉਹ ਆਪਣਾ ਪੈਸਾ ਵਾਪਸ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਸੁਣਵਾਈ ਦੌਰਾਨ ਮੈਡਾਫ ਨੇ ਸਵੀਕਾਰ ਕੀਤਾ ਕਿ ਉਸ ਨੇ ਆਪਣੀ ਬੋਗਸ ਸਕੀਮ ਰਾਹੀਂ ਹਜ਼ਾਰਾਂ ਨਿਵੇਸ਼ਕਾਂ ਨੂੰ ਚੂਨਾ ਲਾਇਆ। ਉਹ ਇਹ ਸਕੀਮ 1990 ਤੋਂ ਚਲਾ ਰਿਹਾ ਸੀ। ਬਰਨਾਰਡ ਮੈਡਾਫ ਨੇ ਆਪਣਾ ਵਿੱਤੀ ਕੈਰੀਅਰ 22 ਸਾਲ ਦੀ ਉਮਰ ਵਿਚ ਪੰਜ ਹਜ਼ਾਰ ਡਾਲਰ ਤੋਂ ਸ਼ੁਰੂ ਕੀਤਾ ਸੀ। 1960 ਵਿਚ ਉਸ ਨੇ ਬਰਨਾਡ ਐਲ. ਮੈਡਾਫ ਇਨਵੈਸਟਮੈਂਟ ਸਕਿਊਰਿਟੀਜ਼ ਦਾ ਗਠਨ ਕੀਤਾ ਸੀ।




# ਲਤੀਫਿਆਂ ਦੀ ਡਾਇਰੈਕਟਰੀ-ਭੂਸ਼ਨ ਧਿਆਨਪੁਰੀ

**ਗੁਰਦੇਵ ਚੌਹਾਨ**

***ਪੰਜਾਬੀ ਸਾਹਿਤ ਜਗਤ ਵਿਚ ਭੂਸ਼ਨ ਧਿਆਨਪੁਰੀ ਕਿਸੇ ਜਾਣ ਪਛਾਣ ਦਾ ਮੁਹਤਾਜ ਨਹੀਂ। ਉਹ ਆਪਣੀ ਪਛਾਣ ਆਪ ਸੀ। ਗੁਰਦੇਵ ਚੌਹਾਨ ਨੇ ਉਸ ਬਾਰੇ ਇਹ ਰੇਖਾਚਿਤਰ ਕਈ ਸਾਲ ਪਹਿਲਾਂ ਲਿਖਿਆ ਸੀ। ਇਹ ਰੇਖਾਚਿਤਰ ਉਸ ਦੀ ਸ਼ਖਸੀਅਤ ਦਾ ਇਕ ਤਰ੍ਹਾਂ ਨਾਲ ਮੁਕੰਮਲ ਬਿੰਬ ਹੈ। ਫਰਕ ਇੰਨਾ ਹੈ ਕਿ ਅੱਜ ਭੂਸ਼ਨ ਹੈ ਤੋਂ ਸੀ ਹੋ ਗਿਆ ਹੈ। ਜਿਨ੍ਹਾਂ ਨੇ ਉਸ ਨਾਲ ਕੁਝ ਵੀ ਪਲ ਗੁਜ਼ਾਰੇ ਹਨ ਉਹ ਉਸ ਨੂੰ ਕਦੀ ਭੁੱਲ ਨਹੀਂ ਸਕਦੇ। -ਸੰਪਾਦਕ***

ਸ਼ਿਵ ਕੁਮਾਰ ਪਿਆਰ ਨਾਲ ਉਸ ਨੂੰ ਬਾਹਮਣ ਆਖਦਾ ਹੁੰਦਾ ਸੀ। ਹੁਣ ਲੇਖਕ ਦੋਸਤ ਉਸ ਨੂੰ ਪੰਡਿਤ ਕਹਿ ਕੇ ਬੁਲਾਉਂਦੇ ਹਨ। ਭਾਵੇਂ ਦੋਹਾਂ ਸ਼ਬਦਾਂ ਦਾ ਮੰਤਵ ਇਕੋ ਹੈ, ਪਰ ਭੂਸ਼ਨ ਸ਼ਿਵ ਦੇ ਵਰਤੇ ਬਾਹਮਣ ਸ਼ਬਦ ਨਾਲ ਭਿੱਜੀ ਬਿੱਲੀ ਬਣ ਜਾਂਦਾ ਸੀ ਅਤੇ ਅੱਜ ਪੰਡਤ ਸ਼ਬਦ ਨਾਲ ਗੋਭੀ ਦੇ ਫੁੱਲ ਵਾਂਗ ਖਿੜ ਜਾਂਦਾ ਹੈ। ਪਹਿਲਾਂ ਭੂਸ਼ਨ ਇਕ ਸੰਗਾਊ, ਲੈਰਾ ਹਿੰਦੂ ਮੁੰਡਾ ਹੁੰਦਾ ਸੀ। ਚੰਡੀਗੜ੍ਹ ਆ ਕੇ ਉਸ ਨੇ ਆਪਣੀ ਸ਼ਰਮ ਅਤੇ 'ਗੁਰਬਤ' ਦੀ ਧੌਣ ਭੰਨੀ। ਕਵਿਤਾ ਨੂੰ ਮੂੰਹ ਮਾਰਨ ਲੱਗ ਪਿਆ ਤਾਂ ਭੂਸ਼ਨ ਧਿਆਨਪੁਰੀ ਅਖਵਾਇਆ। ਅੱਜ ਕੱਲ੍ਹ ਉਹ ਕਵਿਤਾ ਨਾਲ ਕੱਟੀ ਕਰ ਕੇ ਵਿਅੰਗਕਾਰੀ ਵਲ ਹੋ ਗਿਆ ਹੈ ਅਤੇ ਸਿਰਫ਼ ਭੂਸ਼ਨ ਰਹਿ ਗਿਆ ਹੈ-ਇਕਦਮ ਬਾਹਮਣ ਅਤੇ ਬਾਣੀਆ-ਗਾਰਗੀ ਅਤੇ ਸ਼ਿਵ ਦਾ ਸੁਮੇਲ-ਵਾਰਤਕੀ ਕਵਿਤਾ ਅਤੇ ਵਿਅੰਗ ਦੀ ਦੁਮੇਲ। ਬਿਆਨ ਪੱਖੋਂ ਉਹ ਗਾਰਗੀ ਤੇ ਗਿਆ ਹੈ ਅਤੇ ਸ਼ਬਦਾਵਲੀ ਪੱਖੋਂ ਸ਼ਿਵ ਤੇ। ਸ਼ਿਵ ਨੂੰ ਉਸ ਤੇ ਕਰੋੜਾਂ ਆਸਾਂ ਸਨ, ਪਰ 'ਉਦਾਸ ਸੂਰਜ' ਦੀ ਤਖ਼ਲੀਕ ਸ਼ਾਇਦ ਇਨ੍ਹਾਂ ਕਰੋੜਾਂ ਆਸਾਂ ਵਿਚ ਸ਼ੁਮਾਰ ਕਰਨੀ ਉਹ ਭੁੱਲ ਗਿਆ ਸੀ।

ਮੁਨਸ਼ੀ ਪ੍ਰੇਮ ਚੰਦ ਦਾ ਅਸਲੀ ਨਾਂ ਧਨਪਤ ਰਾਏ ਸੀ ਅਤੇ ਨਾਨਕ ਸਿੰਘ ਦਾ ਹੰਸ ਰਾਜ ਸੂਰੀ। ਸਾਡੇ ਭੂਸ਼ਨ ਦਾ ਅਸਲੀ ਨਾਂ ਬੇਨਤੀ ਸਰੂਪ ਸ਼ਰਮਾ ਹੈ। ਪਰ ਨਾਂ ਵਿਚ ਕੀ ਪਿਆ ਹੈ? ਉਹ ਹੱਥਾਂ ਤੇ ਮੂੰਹ ਦਾ ਖਟਿਆ ਖਾਂਦਾ ਹੈ। ਗੱਲ ਭਾਵੇਂ ਕਿਸ਼ਤਾਂ ਵਿਚ ਕਰਦਾ ਹੈ ਪਰ ਨਰੋਈ ਕਰਦਾ ਹੈ। ਪੀਂਦਾ ਜੱਟਾਂ ਵਾਂਗ ਹੈ ਪਰ ਪਿਲਾਉਣ ਤੋਂ ਠੇਠ ਬਾਣੀਏ ਵਾਂਗ ਭੱਜਦਾ ਹੈ। ਲਤੀਫੇ ਘੜਦਾ ਹੈ। ਸਮਾਂ ਕੋਈ ਵੀ ਹੋਵੇ। ਮਸਲਨ ਉਹ ਬਾਰਸ਼ ਵਿਚ ਭਿੱਜਦਾ ਬੱਸ ਉਡੀਕ ਰਿਹਾ ਹੋਵੇ ਜਾਂ ਤੁੰਨੀ ਹੋਈ ਲੋਕਲ ਬੱਸ ਵਿਚ ਫਸ ਕੇ ਸਵਾਰੀ ਬਣਿਆ ਹੋਵੇ, ਉਹ ਲਤੀਫੇ ਦੀ ਲੱਤ ਨਹੀਂ ਛੱਡਦਾ। ਉਸ ਦੇ ਲਤੀਫਿਆਂ ਵਿਚ ਮੱਕੀ ਦੇ ਮੁਰਮੁਰਿਆਂ ਦੀ ਕੜਾਕੇਦਾਰ ਤਾਜ਼ਗੀ ਤੇ ਸਵਾਦ ਹੁੰਦਾ ਹੈ। ਕਹਿੰਦਾ ਹੈ: "ਜਦੋਂ ਜ਼ਿੰਦਗੀ 'ਚੋਂ ਦਿਲਚਸਪੀ ਮੁੱਕ ਗਈ ਤਾਂ ਮਰਨ ਵਿਚ ਪਹਿਲ ਮੇਰੀ ਹੋਵੇਗੀ।" ਉਸ ਦੀ ਜ਼ਿੰਦਗੀ ਵਿਚਲੀ ਦਿਲਚਸਪੀ ਦਾ ਤਾਂ ਸਾਨੂੰ ਪਤਾ ਨਹੀਂ ਪਰ ਆਪਣੇ ਲਤੀਫਿਆਂ ਵਿਚਲੀ ਦਿਲਚਸਪੀ ਅਜੇ ਤੀਕ ਉਸ ਨੇ ਮਰਨ ਨਹੀਂ ਦਿੱਤੀ। ਲਤੀਫੇ ਸੁਣਨ ਲਈ ਵੀ ਉਸਦੇ ਮੂੰਹ ਵੱਲ ਵੇਖਦਿਆਂ ਤੁਹਾਨੂੰ ਇੰਤਜ਼ਾਰ ਕਰਨੀ ਪੈਂਦੀ ਹੈ ਉਸਦੇ ਮੂੰਹ 'ਚੋਂ ਲਤੀਫੇ ਇੰਜ ਨਿਕਲਦੇ ਹਨ ਜਿਵੇਂ ਮਦਾਰੀ ਦੀ ਖਾਲੀ ਪਟਾਰੀ 'ਚੋਂ ਜੀਂਦੇ ਜਾਗਦੇ ਕਬੂਤਰ। ਬੰਦਾ ਉਹ ਬਹੁਤ ਵਧੀਆ ਹੈ, ਪਰ ਲੰਮੀ ਦਾੜ੍ਹੀ ਨਾਲ ਨਕਲੀ ਜਾਪਦਾ ਹੈ ਅਤੇ ਲੰਬੀ ਦਾੜ੍ਹੀ ਤੋਂ ਬਗ਼ੈਰ ਵੀ ਨਕਲੀ।

ਭੂਸ਼ਨ ਨੂੰ ਪਾਠਕ ਸਜ਼ਾ ਵਾਂਗ ਮਿਲੇ ਹਨ। ਇਸ ਹੱਦ ਤੀਕ ਕਿ ਰਾਤ ਦੇ ਗਿਆਰਾਂ ਵਜੇ ਤੋਂ ਬਾਅਦ ਅਤੇ ਚਾਰ ਵਜੇ ਤੋਂ ਪਹਿਲਾਂ ਵੀ ਉਸਦਾ ਦਰਵਾਜ਼ਾ ਖੜਕਦਾ ਰਹਿੰਦਾ ਹੈ। ਖੜਕਦੇ ਦਰਵਾਜ਼ੇ ਦੇ ਬਾਵਜੂਦ ਲਿਖਣਾ, ਪੜ੍ਹਨਾ, ਲਤੀਫੇ ਘੜਨਾ ਅਤੇ ਬੋਲਾ ਹੋ ਜਾਣਾ ਉਸਦੀ ਆਦਤ ਬਣ ਗਈ ਹੈ। ਅੱਜ ਕੱਲ੍ਹ ਆਪਣੇ ਆਪ ਨੂੰ ਉਸ ਕੁਝ ਜ਼ਿਆਦਾ ਹੀ ਸਾਂਭ ਲਿਆ ਹੈ। ਮਸਲਨ ਤੁਹਾਨੂੰ ਚਾਹ ਪੁੱਛਣੀ ਵੀ ਉਸਨੂੰ ਯਾਦ ਨਹੀਂ ਰਹਿੰਦੀ। ਇਸ ਸਭ ਕੁਝ ਦਾ ਇਕ ਅਣ-ਸਾਹਿਤਕ ਕਾਰਣ ਇਹ ਹੈ ਕਿ ਉਸਨੂੰ ਮਿੱਤਰਾਂ ਦੀ ਲੋੜ ਨਹੀਂ, ਕਿਉਂਕਿ ਇਹਨਾਂ ਦੀ ਉਸਨੂੰ ਥੋੜ ਨਹੀਂ। ਹਾਂ, ਮਿੱਤਰਾਂ ਨੂੰ ਉਸਦੀ ਲੋੜ ਜ਼ਰੂਰ ਹੈ, ਚਾਹ-ਪੁਰਸ਼ੀ ਵਾਲੀ ਗੱਲ ਦੇ ਬਾਵਜੂਦ।

ਮੋਹਨ ਭੰਡਾਰੀ ਨਾਲ ਉਸਦੀ ਬਹੁਤ ਪੱਟਦੀ ਹੈ। ਦੋਵੇਂ ਜਣੇ ਕਾਫ਼ੀ ਹਾਊਸ ਦੇ ਨੁੱਕਰ ਵਾਲੀ ਟੇਬਲ 'ਤੇ ਰੋਜ਼ਾਨਾ ਮਿਲਦੇ ਹਨ। ਕਦੇ ਕਦਾਈਂ ਦੋਸਤ ਵੀ ਸ਼ਾਮਿਲ ਹੋ ਜਾਂਦੇ ਹਨ। ਦੋਸਤ ਕੋਈ ਵੀ ਹੋਵੇ ਭੰਡਾਰੀ ਪਹਿਲਾਂ ਉਸਦੀ ਤਾਰੀਫ਼ ਕਰਦਾ ਹੈ ਅਤੇ ਭੂਸ਼ਨ ਆਲਮਾਨਾ-ਫਾਜ਼ਲਾਨਾ ਅੰਦਾਜ਼ ਵਿਚ ਉਸਦੀ ਤਾਈਦ ਕਰਦਾ ਹੈ। ਏਸੇ ਦੌਰਾਨ ਕਾਫੀ ਦੇ ਪਿਆਲੇ ਅਤੇ ਬਰਾਇਲਰ-ਨੁਮਾ ਲਤੀਫੇ ਨਮੂਦਾਰ ਹੋ ਜਾਂਦੇ ਹਨ। ਭੂਸ਼ਨ ਦੇ ਢਿੱਡ ਵਿਚ ਜਨਾਨੀ ਦੇ ਢਿੱਡ ਵਾਂਗ ਕੁਝ ਜੁੰਬਸ਼ ਜਿਹੀ ਹੁੰਦੀ ਹੈ ਅਤੇ ਲਤੀਫਾ ਪਲੇਟ ਵਿਚ ਆ ਡਿੱਗਦਾ ਹੈ। ਭੂਸ਼ਨ ਕੋਲ ਇਕੋ ਲਤੀਫ਼ੇ ਨੂੰ ਵਾਰ ਵਾਰ ਘੜਨ ਸੰਵਾਰਨ ਦੀ ਕਲਾ ਹੈ। ਉਸ ਨੂੰ ਆਪਣਾ ਬੇਹਾ ਮਾਲ ਤਾਜ਼ਾ ਕਰਕੇ ਵੇਚਣਾ ਆਉਂਦਾ ਹੈ। ਇੰਜ ਇਕੋ ਟੇਬਲ ਤੇ ਇਕੋ ਜਿਹੇ ਲਤੀਫਿਆਂ ਨਾਲ ਉਹ ਲਗਾਤਾਰ ਆਪਣੀ ਵਿਅੰਗ-ਰਾਜੀ ਸਰਕਾਰ ਚਲਾ ਸਕਦਾ ਹੈ। ਉਸ ਵਿਚ ਅਸਫਲ ਸਰਕਾਰੀ ਕਰਮਚਾਰੀ ਦੇ ਸਾਰੇ ਗੁਣ ਹਨ। ਇਨ੍ਹਾਂ ਵਿਚੋਂ ਬਹੁਤੇ ਉਸਨੂੰ ਵਿਰਾਸਤਨ ਜਾਂ ਆਦਤਨ ਮਿਲੇ ਹਨ। ਮਸਲਨ ਉਹ ਫੂਲ ਚੰਦ ਮਾਨਵ ਵਾਂਗ ਬੰਦਾ ਕੁਬੰਦਾ ਵੇਖ ਕੇ ਗੱਲ ਨਹੀਂ ਕਰਦਾ (ਖੁਦਾ ਖ਼ੈਰ ਕਰੇ!)। ਜੇ ਕੋਈ ਸਰਕਾਰੂ ਦਰਬਾਰੀ ਅਫਸਰ ਸਾਹਿਤਕਾਰ ਹੋਵੇ ਤਾਂ ਉਹ 'ਬਠਿੰਡੇ ਦਾ ਬਾਣੀਆ' ਲਿਖਣ ਬੈਠ ਜਾਵੇਗਾ ਅਤੇ ਅਗਰ ਕੋਈ ਹਮਾਤੜ੍ਹ ਤਮਾਤੜ੍ਹ ਹੋਵੇ ਤਾਂ ਆਪਣੀ ਠੇਠ ਪੰਡਤਾਈ ਝਾੜਨ ਲੱਗ ਪਵੇਗਾ। ਉਸਦੀ ਨਾਰਾਜ਼ਗੀ ਵੀ ਬੁਰੀ ਹੈ ਅਤੇ ਉਸ ਦੀ ਤੁਹਾਡੀ ਕੀਤੀ ਤਾਰੀਫ਼ ਵੀ।

ਦੇਹਧਾਰੀਆਂ ਨੂੰ ਭੰਡਣ ਲਈ ਉਸ ਕੋਲ ਦੋ-ਧਾਰੀ ਹਥਿਆਰ ਹੈ। ਇਹ ਝੂਠ ਨਹੀਂ ਹੋਵੇਗਾ ਜੇ ਮੈਂ ਕਹਾਂ ਕਿ ਲੋਕ ਉਸਦੇ ਘਰ ਜਾ ਕੇ ਉਸਦੀ ਸੇਵਾ ਪੁੱਛਦੇ ਹਨ ਕਿਉਂਕਿ ਉਹ ਉਸਦੀ ਆਲੋਚਨਾ ਤੋਂ ਡਰਦੇ ਹਨ। ਪਰ ਇਸਦਾ ਦੂਸਰਾ ਪਹਿਲੂ ਵੀ ਹੈ। ਪਾਠਕਾਂ ਦੇ ਨਾਲ ਨਾਲ ਭੂਸ਼ਨ ਨੇ ਆਪਣੇ ਦੁਸ਼ਮਣ ਵੀ ਪਾਲ ਲਏ ਹਨ। ਉਹ ਕਦੇ ਆਪਣੀ ਆਈ ਤੋਂ ਟਲਦਾ ਨਹੀਂ ਅਤੇ ਇਹ ਆਈ ਹਮੇਸ਼ਾ ਆਈ ਰਹਿੰਦੀ ਹੈ। ਉਹ ਕਦੇ ਨਕਲੀ ਸਿੱਕੇ ਨਹੀਂ ਮੰਨਦਾ ਅਤੇ ਨਾ ਕਦੇ ਆਪ ਚਲਾਂਦਾ ਹੈ। ਉਹ ਵਿਅੰਗ ਨੂੰ ਗਲਤ ਕੀਮਤਾਂ ਅਤੇ ਪੁਰਾਣੇ ਮੁੱਢਾਂ ਨੂੰ ਕੱਟਣ ਲਈ ਪਰਸਰਾਮ ਦੇ ਕੁਹਾੜੇ ਵਾਂਗ ਚਲਾਂਦਾ ਹੈ। ਭਾਵੇਂ ਇਹੀ ਕੁਹਾੜਾ ਉਹ ਕਈ ਵਾਰ ਆਪਣੇ ਪੈਰੀਂ ਵੀ ਮਾਰ ਲੈਂਦਾ ਹੈ।

ਬਹੁਤ ਚਿਰ ਦੀ ਗੱਲ ਹੈ ਕਿ ਇਕ ਦਿਨ ਮੈਂ ਅਤੇ ਭੂਸ਼ਨ ਰੋਪੜ ਨੂੰ ਜਾ ਰਹੇ ਸਾਂ ਕਿ ਰਸਤੇ ਵਿਚ ਮੀਸ਼ਾ ਮਿਲ ਗਿਆ। ਮੀਸ਼ੇ ਨੇ ਗੱਲਾਂ ਗੱਲਾਂ ਵਿਚ ਭੂਸ਼ਨ ਨੂੰ ਕਿਹਾ ਕਿ ਉਹ ਉਸ ਦੀ ਕਵਿਤਾ ਦੀ ਆਲੋਚਨਾ ਨਾ ਲਿਖੇ, ਜਿਸ ਤਰ੍ਹਾਂ ਹੋਰ ਕਈਆਂ ਬਾਰੇ ਉਨ੍ਹਾਂ ਦਿਨਾਂ ਵਿਚ ਉਸ ਨੇ ਕੀਤਾ ਸੀ। ਭੂਸ਼ਨ ਅੱਤ ਮਿਤਰਤਾਨਾ ਅੰਦਾਜ਼ ਵਿਚ ਚੁੱਪ ਰਿਹਾ, ਜਿਸ ਦਾ ਭਾਵ ਸੀ 'ਜਾਹ ਮਿੱਤਰਾ ਤੈਨੂੰ ਛੱਡ ਦਿੱਤਾ' ਅਤੇ ਵਿਸਕੀ ਦਾ ਇਕ ਅੱਧਾ ਖ਼ੂਰਾ ਹੋ ਗਿਆ ਜਿਹੜਾ ਅਸੀਂ ਤਿੰਨਾਂ ਨੇ ਇਕ ਵਹੀ ਹੋਈ ਦੁਕਾਨ ਦੇ ਖੋਲ੍ਹੇ ਵਿਚ ਖੜੋਤਿਆਂ ਪੀਤਾ।

ਭੂਸ਼ਨ ਕੋਲ ਨਰੋਈ ਯਾਦਦਾਸ਼ਤ ਹੈ, ਪਰ ਹਵਾ ਦੇ ਬੁੱਲੇ ਨਾਲ ਉਸਨੂੰ ਆਪਣੇ ਕਮਰੇ ਦਾ ਦਰਵਾਜ਼ਾ ਬੰਦ ਕਰਨਾ ਪੈਂਦਾ ਹੈ। ਕਵਿਤਾ ਦੇ ਖਿਲਾਫ਼ ਗੱਲ ਕਰਦਾ ਉਹ ਸ਼ਿਵ ਕੁਮਾਰ ਵਾਂਗ ਉਦਾਸ ਹੋ ਜਾਂਦਾ ਹੈ ਅਤੇ ਭਾਵੁਕ ਵੀ। ਸ਼ਰਾਬ ਪੀ ਕੇ ਪੂਰੇ ਆਪੇ ਵਿਚ ਆ ਜਾਣ ਦੀ ਪਰੰਪਰਾ ਉਸ ਸ਼ਿਵ ਕੁਮਾਰੀ ਅੰਦਾਜ਼ ਵਿਚ ਕਾਇਮ ਰੱਖੀ ਹੈ। ਸ਼ਰਾਬ ਪੀਂਦਿਆਂ ਉਹ ਆਪਣੀ ਜੇਬ ਕੱਟ ਕੇ ਦੂਸਰੇ ਦੇ ਗਿਲਾਸ ਵਿਚ ਪਾ ਦਿੰਦਾ ਹੈ। ਭੂਸ਼ਨ ਦਾ ਸ਼ਿਵ ਨਾਲ ਚੰਡੀਗੜ੍ਹ ਵਿਚ ਸਭ ਤੋਂ ਵੱਧ ਨੇੜ ਸੀ। ਅੱਜ ਹਰ ਜਣੇ ਖਣੇ ਨਾਲ ਉਸਦਾ ਨੇੜ ਹੈ।

ਭੂਸ਼ਨ ਨਾਲ ਮੇਰੀ ਜਾਣ-ਪਛਾਣ 1970 ਦੇ ਕਰੀਬ ਹੋਈ ਜਦੋਂ ਉਹ 'ਕਵਿਤਾ' ਅਤੇ 'ਕਹਾਣੀ' ਦਾ ਲੇਖਕ ਸੀ। ਮੁਲਾਕਾਤ ਦੇ ਪਹਿਲੇ ਹੀ ਦਿਨ ਮੈਂ ਵੇਖਿਆ ਕਿ ਉਸਦੇ ਹੱਥ ਵਿਚ ਸ਼ਿਵ ਕੁਮਾਰ ਦੀ ਕਿਤਾਬ 'ਮੈਂ ਤੇ ਮੈਂ' ਦੇ ਗੇਲੀ ਪਰੂਫ਼ ਸਨ। ਉਹ ਬਹੁਤ ਹੋਣਹਾਰ ਲੱਗਦਾ ਸੀ। ਇਕਦਮ ਦੋਸਤਾਨਾ ਅਤੇ ਉਦਾਸ। ਉਸਦੀ ਉਦਾਸੀ ਵਿਚ ਸ਼ਿਵ ਕੁਮਾਰ ਬੋਲਦਾ ਸੀ ਅਤੇ ਉਸਦੀਆਂ ਕਵਿਤਾਵਾਂ ਵਿਚ ਧਿਆਨਪੁਰ। ਉਹ ਇਕ ਕਸੂਤੀ ਜਿਹੀ ਬਰਸਾਤੀ ਵਿਚ ਰਹਿੰਦਾ ਸੀ ਅਤੇ ਸਿਗਰਟੀ ਧੂਏਂ ਨਾਲ 'ਇਕ ਮਸੀਹਾ ਹੋਰ' ਦੀ ਉਡੀਕ ਕਰ ਰਿਹਾ ਸੀ। ਮੈਨੂੰ ਪਤਾ ਲੱਗਾ ਕਿ ਉਹ ਧਿਆਨਪੁਰ ਤੋਂ ਸਿੱਧਾ ਸਤਾਈ ਸੈਕਟਰ ਦੇ ਮਕਾਨ ਦੀ ਇਕ ਰਸੋਈ ਆ ਡਿੱਗਾ ਸੀ। ਇਸ ਰਸੋਈ ਵਿਚ ਸਟੋਵ ਤੋਂ ਇਲਾਵਾ ਇਕ ਮੰਜੀ ਵੀ ਹੁੰਦੀ ਸੀ ਜਿਸ ਉਤੇ ਬੈਠ ਕੇ ਡਾਕਟਰ ਹਰਿਭਜਨ ਸਿੰਘ ਅਤੇ ਪ੍ਰਿੰਸੀਪਲ ਪ੍ਰੀਤਮ ਸਿੰਘ ਵਰਗੀਆਂ ਹਸਤੀਆਂ ਉਸ ਦੇ ਲਤੀਫਿਆਂ ਨੂੰ ਚਾਹ ਵਿਚ ਡੋਬ ਕੇ ਖਾਂਦੀਆਂ ਸਨ। ਉਨ੍ਹਾਂ ਦਿਨਾਂ ਵਿਚ ਭੂਸ਼ਨ ਕੋਲ ਠੇਕੇ ਵਾਲਿਆਂ ਦੇ ਪਤੇ ਨਹੀਂ ਸਨ ਅਤੇ ਨਾ ਹੀ ਉਦੋਂ ਤੀਕ ਉਹ ਆਪਣੇ ਲਈ ਕਿਸੇ ਸੂਲੀ ਦਾ ਇੰਤਜ਼ਾਮ ਕਰ ਸਕਿਆ ਸੀ। ਫਿਰ ਅਕਸਰ ਉਸ ਨਾਲ ਮੁਲਾਕਾਤ ਹੁੰਦੀ ਰਹੀ। ਕਦੇ ਸ਼ਿਵ ਕੁਮਾਰ ਦੇ ਘਰ, ਕਦੇ ਸ਼ਿਵ ਕੁਮਾਰ ਦੇ 21 ਸੈਕਟਰ ਵਾਲੀਆਂ ਲਾਗਲੀਆਂ ਸੜਕਾਂ ਉਤੇ ਅਤੇ ਕਦੇ ਕਦੇ ਹੋਰ ਸਾਹਿਤਕ ਸਮਾਗਮਾਂ ਸਮੇਂ। ਮੈਂ ਵੇਖਿਆ ਕਿ ਉਸ ਕੋਲ ਹਮੇਸ਼ਾ ਚੋਂਦੀਆਂ ਖ਼ਬਰਾਂ ਦਾ ਭੰਡਾਰ ਹੁੰਦਾ।' ਸ਼ਿਵ ਢਿੱਡ ਭਾਰ ਹੋ ਕੇ ਕਵਿਤਾ ਲਿਖਦਾ ਹੈ। 'ਸੜਕ ਦੇ ਸਫ਼ੇ 'ਤੇ' ਦਿਲ ਰਖ ਕੇ ਰੰਗੀਨ ਜਵਾਨੀਆਂ ਸੋਹਜਵਾਦੀ ਕਵੀ ਨੂੰ ਮਿਲਦੀਆਂ ਹਨ। ਰਵਿੰਦਰ ਰਵੀ ਆਪਣੀ ਚਰਚਾ ਬੋਤਲ ਦੇ ਡੱਟ ਨਾਲ ਕਰਵਾਉਂਦਾ ਹੈ। ਕੱਲ ਨਿਰਮਲ ਅਰਪਨ ਨੇ ਸਤਿਆਰਥੀ ਦਾ ਘੋੜਾ ਬਾਦਸ਼ਾਹ ਗਟਰ ਵਿਚ ਸੁੱਟ ਦਿੱਤਾ ਜਿਸ ਤੋਂ ਨਾਰਾਜ਼ ਹੋ ਕੇ ਸਤਿਆਰਥੀ ਉਸੇ ਵੇਲੇ ਉਸ ਦਾ ਘਰ ਛੱਡ ਕੇ ਚਲੇ ਗਿਆ ਅਤੇ ਰਾਤ ਰੇਲ ਗੱਡੀ ਦੇ ਅਸਤਬਲ ਵਿਚ ਕੱਟੀ। ਵਗ਼ੈਰਾ ਵਗ਼ੈਰਾ। ਹੌਲੇ ਹੌਲੇ ਭੂਸ਼ਨ ਮੇਰੇ ਲਈ ਦੁਰਲੱਭ ਵਸਤ ਹੁੰਦਾ ਗਿਆ, ਕਿਉਂਕਿ ਉਹ ਸਤਾਈ ਸੈਕਟਰ ਛੱਡ ਕੇ ਜਿਥੇ ਮੈਂ ਵੀ ਰਹਿੰਦਾ ਸਾਂ, 20 ਸੈਕਟਰ ਵਿਚ ਚਲਾ ਗਿਆ ਸੀ। ਛੱਟ ਹੀ ਉਹ 20 ਸੈਕਟਰ ਵਿਚ ਦੋ ਤਿੰਨ ਮਕਾਨ ਬਦਲ ਕੇ 21 ਸੈਕਟਰ ਵਿਚ ਜਾ ਚੁੱਕਾ ਸੀ ਜਿੱਥੇ ਉਸ ਦੀ ਹੁਣ ਵਾਲੀ ਵਹੁਟੀ, ਜਿਹੜੀ ਉਦੋਂ ਅਜੇ ਮਿਸ ਸੁਰਿੰਦਰ ਹੁੰਦੀ ਸੀ ਅਤੇ ਸਕੱਤਰੇਤ ਵਿਚ ਨੌਕਰੀ ਕਰਦੀ ਸੀ, ਮੈਂ ਇਕ ਸਵੇਰ ਭੂਸ਼ਨ ਦੇ ਕਪੜੇ ਧੋਂਦੀ ਵੇਖੀ। ਭੂਸ਼ਨ ਹੁਣ ਲਗਾਤਾਰ ਮਿਹਨਤ ਕਰ ਰਿਹਾ ਸੀ ਅਤੇ ਹੰਢੇ ਹੋਏ ਸਾਹਿਤਕਾਰਾਂ ਨਾਲ ਬਹੁਤ ਮੇਲਜੋਲ ਰਖਦਾ ਸੀ। ਉਸ ਨੂੰ ਵਾਹ ਵਾਹ ਮਿਲਣ ਲੱਗ ਪਈ ਸੀ ਅਤੇ ਕੁੜੀਆਂ 'ਇਕ ਮਸੀਹਾ ਹੋਰ' ਦੀਆਂ ਧੜਾ ਧੜ ਗਾਹਕ ਬਣ ਰਹੀਆਂ ਸਨ, ਜਿਸ ਦਾ ਪਤਾ ਉਸ ਨੂੰ ਪੰਜਾਬ ਬੁੱਕ ਸੈਂਟਰ ਦੇ ਇੰਚਾਰਜ ਪ੍ਰਤਾਪ ਮਹਿਤਾ ਤੋਂ ਲੱਗ ਜਾਂਦਾ ਸੀ।

ਸਾਹਿਤ ਵਿਚ ਭੂਸ਼ਨ ਦਾ ਦਾਖਲਾ ਪੈਰੋਡੀ ਨਾਲ ਹੋਇਆ, ਜਿਹੜੀ ਲਿਖਣੀ ਜਾਂ ਜੋੜਨੀ ਉਸ ਹੁਣ ਤੀਕ ਨਹੀਂ ਛੱਡੀ। ਵਿਅੰਗਕਾਰ ਦਾ ਇਕ ਦੁਖਾਂਤ ਹੁੰਦਾ ਹੈ ਕਿ ਲੋਕੀਂ ਉਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਕੁਝ ਅਜਿਹਾ ਹੀ ਸਾਡੇ ਭੂਸ਼ਨ ਨਾਲ ਵੀ ਹੋਇਆ। ਜਦ ਉਹ ਗੰਭੀਰ ਹੁੰਦਾ ਹੈ ਤਾਂ ਸ਼ਰਾਰਤ ਭਰਿਆ ਜਾਪਦਾ ਹੈ ਅਤੇ ਇਸ ਲਈ ਨਾ ਇਤਬਾਰ ਕਰਨ ਯੋਗ, ਸ਼ਾਇਦ ਇਸੇ ਕਰਕੇ ਉਸ ਦੇ ਦੋਸਤ ਉਸ ਦੀ ਆਲੋਚਨਾ ਦੇ ਡਰ ਤੋਂ ਬਣੇ ਹਨ ਨਾ ਕਿ ਪਿਆਰ ਤੋਂ। ਕੁਝ ਇਸੇ ਤਰ੍ਹਾਂ ਹੈ ਕਿ ਲੋਕ ਉਸਦੇ ਲਤੀਫਿਆਂ ਅਤੇ 'ਗਿਆਨ' ਲਈ ਜਾਂਦੇ ਹਨ ਨਾ ਕਿ ਉਸ ਨਾਲ ਦੋਸਤੀ ਦਾ ਦਮ ਭਰਨ। ਉਹ ਵਿਚਾਰਾ ਬਹੁਤ ਇਕੱਲਾ ਹੈ ਆਪਣੇ ਆਲੇ ਦੁਆਲੇ ਜੁੜੀ ਭੀੜ ਵਿਚ, ਇਕ ਰਾਜੇ ਵਾਂਗ, ਜਿਹੜਾ ਭਰੇ ਦਰਬਾਰ ਵਿਚ ਵਿਚ ਇਕੱਲਾ ਹੁੰਦਾ ਹੈ, ਕਿਉਂਕਿ ਕੋਈ ਉਸ ਦੇ 'ਹਾਣ' ਦਾ ਨਹੀਂ ਹੁੰਦਾ।

ਭੂਸ਼ਨ ਭਾਵੇਂ ਕਦੇ ਜ਼ਾਤੀ ਪੱਧਰ ਦਾ ਵਿਅੰਗ ਵੀ ਕੱਸਦਾ ਹੈ ਪਰ ਉਸਦਾ ਵਿਅੰਗ ਇਤਨਾ ਸੂਖਮ ਹੁੰਦਾ ਹੈ ਕਿ ਗੱਲ ਲਗਭਗ ਸਾਫ ਹੁੰਦੀ ਹੋਈ ਵੀ ਸਾਫ਼ ਨਹੀਂ ਹੁੰਦੀ। ਉਸਦਾ ਮਜ਼ਾਕ ਤੁਹਾਡੇ ਨਾਲ ਲਸੂੜੇ ਦੀ ਗਿਟਕ ਵਾਂਗ ਚੰਮੜ ਜਾਂਦਾ ਹੈ। ਉਸ ਦੀ ਉਦਾਸੀ ਵੀ ਕਰਿਏਟਿਵ ਹੁੰਦੀ ਹੈ ਅਤੇ ਉਸਦੀ ਚਿੰਤਾ ਵੀ। ਇਹ ਗੁਣ ਬਹੁਤ ਥੋੜ੍ਹੇ ਲੇਖਕਾਂ ਵਿਚ ਹੁੰਦਾ ਹੈ। ਸ਼ਿਵ ਕੁਮਾਰ ਕੋਲ ਇਹ ਗੁਣ ਸੀ।

ਭੂਸ਼ਨ ਨੇ ਬਹੁਤ ਸਾਰੇ ਸ਼ਾਇਰ ਜੰਮਦੇ, ਮਕਬੂਲ ਹੁੰਦੇ ਅਤੇ ਮਰਦੇ ਵੇਖੇ ਹਨ। ਅਜੇ ਕੱਲ੍ਹ ਦੀ ਗੱਲ ਹੈ ਕਿ ਭੂਸ਼ਨ ਆਪਣੀ ਬਰਸਾਤੀ ਵਿਚ ਸ਼ਿਵ ਕੁਮਾਰ ਦੇ ਗਿਲਾਸ ਨਾਲ ਸਿਗਰਟ ਦੇ ਧੂਏਂ ਵਿਚ ਕਵਿਤਾ ਦੇ ਤਜ਼ਰਬੇ ਕਰਦਾ ਹੁੰਦਾ ਸੀ। ਅਜੇ ਕੱਲ੍ਹ ਉਹ ਅਤੇ ਅਮੀਤੋਜ਼ ਅੱਧੀ ਅੱਧੀ ਰਾਤ ਤੀਕ ਸੜਕਾਂ 'ਤੇ ਬੈਠੇ ਰਾਤ ਦੇ ਸਬੰਧਾਂ ਬਾਰੇ ਵਿਚਾਰ ਕਰਦੇ ਰਹਿੰਦੇ ਸਨ, ਜਿਸ ਦਾ ਗਵਾਹ ਕਰਤਾਰ ਢਾਬੇ ਵਾਲਾ ਸੀ ਅਤੇ ਹੁਣ ਉਹ ਸੁਰਗਵਾਸ ਹੋ ਚੁੱਕਾ ਹੈ। ਅਜੇ ਕੱਲ੍ਹ ਸੁਰਜੀਤ ਪਾਤਰ ਉਸ ਨੂੰ ਆਪਣਾ ਕਲਾਮ ਸੁਣਾਇਆ ਕਰਦਾ ਸੀ ਅਤੇ ਭੂਸ਼ਨ ਵਾਹ ਵਾਹ ਕਰਦਾ ਹੁੰਦਾ ਸੀ, ਜਿਸ ਵਿਚ ਪਾਤਰ ਨੂੰ ਦਾਦ ਘੱਟ ਅਤੇ ਮਜ਼ਾਕ ਵਧੇਰੇ ਲੱਗਦਾ ਸੀ। ਪਰ ਭੂਸ਼ਨ ਦੇ ਮਜ਼ਾਕ ਮਜ਼ਾਕ ਵਿਚ ਹੀ ਉਹ ਮਕਬੂਲ ਸ਼ਾਇਰ ਬਣ ਗਿਆ ਜਿਹੜੀ ਕੋਈ ਮਜ਼ਾਕ ਦੀ ਗੱਲ ਨਹੀਂ। ਅਜੇ ਕੱਲ੍ਹ ਉਰਦੂ ਦਾ ਸ਼ਾਇਰ ਪ੍ਰੇਮ ਬਾਰਬਰਟਨੀ ਉਸ ਦੇ ਘਰ ਬੈਠਾ ਪੰਜਾਬੀ ਦੀਆਂ ਗ਼ਜ਼ਲਾਂ ਸੁਣਾਉਂਦਾ ਕਿਤਾਬ ਛਪਾਉਣ ਬਾਰੇ ਸਲਾਹਾਂ ਕਰਦਾ ਹੁੰਦਾ ਸੀ। ... ਭੂਸ਼ਨ ਨੇ ਬਹੁਤ ਕੁਝ ਵੇਖਿਆ ਸੁਣਿਆ ਅਤੇ ਫੱਕਿਆ ਹੈ। ਫੱਕਣ ਵਾਲੀਆਂ ਚੀਜ਼ਾਂ ਵਿਚ ਚੰਡੀਗੜ੍ਹ ਦੀ ਧੂੜ ਵੀ ਸ਼ਾਮਿਲ ਹੈ। ਇਥੋਂ ਦੀਆਂ ਸੜਕਾਂ, ਕਾਫੀ ਹਾਊਸ, ਠੇਕਿਆਂ ਅਤੇ ਹੋਸਟਲਾਂ ਨੇ ਉਸਦਾ ਘੇਰਾ ਇਤਨਾ ਮੋਕਲਾ ਕੀਤਾ ਹੈ ਕਿ ਉਹ ਖ਼ਬਰਾਂ, ਵਾਕਫੀਆਂ, ਸਾਹਿਤਕ ਅਤੇ ਗ਼ੈਰਸਾਹਿਤਕ ਲਤੀਫਿਆਂ ਦੀ ਡਾਇਰੈਕਟਰੀ ਬਣ ਗਿਆ ਹੈ। ਜਿਹੜੀ ਖ਼ਬਰ ਸਾਰੇ ਪੰਜਾਬ ਦੀ ਖ਼ਾਕ ਛਾਣਿਆਂ ਨਹੀਂ ਮਿਲਦੀ, ਉਹ ਭੂਸ਼ਨ ਨਾਲ ਇਕੋ ਭੇਂਟ ਵਿਚ ਮਿਲ ਜਾਂਦੀ ਹੈ। ਉਸ ਨੇ ਪੰਜਾਬੀ ਦਾ ਜ਼ਿਕਰ ਪੈਦਾ ਕੀਤਾ ਹੈ ਅਤੇ ਪੰਜਾਬੀ ਲਈ ਜ਼ਿਕਰ ਅਤੇ ਇਸ ਰਾਹੀਂ ਆਪਣਾ। ਉਸ ਦੇ ਅੰਦਾਜ਼ ਨੇ ਪੰਜਾਬੀ ਦੀ ਦੰਦ-ਸਿੱਕੜ ਭੰਨੀ ਹੈ। ਪਿੱਛੇ ਜਿਹੇ ਉਹ ਕਵਿਤਾ ਦਾ ਪਿੱਛੇ ਕਲਮ ਦਾ ਸੋਟਾ ਲੈ ਕੇ ਪੈ ਗਿਆ ਸੀ। 'ਕਵਿਤਾ ਦਾ ਯੁੱਗ ਬੀਤ ਗਿਆ' ਦਾ ਜ਼ਿਕਰ ਉਸ ਦੇ ਸਿਰਲੇਖ ਤੋਂ ਚੱਲਿਆ ਹੈ ਅਤੇ ਅੱਜ ਤੀਕ ਜ਼ੋਰ ਪਕੜ ਰਿਹਾ ਹੈ। ਉਸ ਦੇ ਬਕੌਲ ਕਈਆਂ ਨੇ ਉਸ ਦੇ ਲੇਖ ਪੜ੍ਹ ਕੇ ਕਵਿਤਾ ਲਿਖਣੀ ਛੱਡ ਦਿੱਤੀ ਹੈ, ਜਿਹੜੀ ਸਮਾਂ ਪਾ ਕੇ ਪੰਜਾਬੀ ਸਾਹਿਤ ਦੀ ਬਹੁਤ ਵੱਡੀ ਪ੍ਰਾਪਤੀ ਸਿੱਧ ਹੋ ਸਕਦੀ ਹੈ। ਉਸ ਦੇ ਦੋਸਤਾਂ ਵਿਚ ਵੰਨ ਸੁਵੰਨੇ ਲੋਕ ਸ਼ਾਮਿਲ ਹਨ, ਆੜ੍ਹਤੀਆਂ ਤੋਂ ਲੈ ਕੇ ਕਲਾਕਾਰਾਂ ਤੱਕ।

ਭੂਸ਼ਨ ਦੀ ਸੰਗਤ ਪਹਿਲਾਂ ਇਤਨੀ ਮਹਿੰਗੀ ਨਹੀਂ ਸੀ ਪੈਂਦੀ। ਅੱਜ ਕਲ੍ਹ ਤਾਂ ਚਾਰ ਚਾਰ ਚੱਕਰ ਲਾ ਕੇ ਵੀ ਉਸ ਦਾ ਘਰ ਮਿਲਣਾ ਮੁਹਾਲ ਹੁੰਦਾ ਹੈ ਅਤੇ ਜੇਕਰ ਰੱਬ ਸਬੱਬੀਂ ਮਿਲ ਵੀ ਜਾਵੇ, ਤਾਂ ਜਾਂ ਤਾਂ ਸਾਡੇ ਵਰਗਾ ਕੋਈ ਹੋਰ ਵਾਧੂ ਮਿੱਤਰ ਉਸ ਨਾਲ ਹੁੰਦਾ ਹੈ, ਜਾਂ ਕੋਈ ਜਲਦੀ ਹੀ ਬਾਹਰਲੇ ਬੂਹੇ ਵਿਚੋਂ ਜਿੰਨ ਵਾਂਗ ਕਿਸੇ ਛਿਣ ਵੀ ਆ ਟਪਕ ਸਕਦਾ ਹੈ ਅਤੇ ਇਸ ਤਰ੍ਹਾਂ ਭੂਸ਼ਨ ਨਾਲ ਗੱਲ ਨੂੰ ਤੁਸੀਂ ਆਪਣੀ ਤੋਰ ਨਹੀਂ ਦੇ ਸਕਦੇ। ਅਜਿਹੇ ਸਮੇਂ ਭੂਸ਼ਨ ਦੀ ਹਾਲਤ ਉਸ ਨਾਈ ਵਰਗੀ ਹੁੰਦੀ ਹੈ ਜਿਸ ਨੂੰ ਇਕੋ ਸਮੇਂ ਦੋ ਦੋ ਗਾਹਕ ਭੁਗਤਾਉਣੇ ਪੈ ਜਾਣ। ਭੂਸ਼ਨ ਕੋਲ ਮਾਈਮ ਦਾ ਵਧੀਆ ਆਰਟ ਹੈ, ਅਤੇ ਬ੍ਰਾਹਮਣ ਦਾ ਖ਼ਾਲਸ ਦਿਮਾਗ। ਇਹੀ ਕਾਰਨ ਹੈ ਕਿ ਉਸ ਦੇ ਲਤੀਫਿਆਂ ਵਿਚ ਵੀ ਸਤਿਅਮ ਤੋਂ ਸ਼ਿਵੰਮ ਤੀਕ ਦਾ ਸਫ਼ਰ ਜਾਂ ਸਫ਼ਰ ਦਾ ਆਗਾਜ਼ ਹੁੰਦਾ ਹੈ। ਇਹ ਗੁਣ ਵੀ ਪੰਜਾਬੀ ਵਿਚ ਦੁਰਲੱਭ ਹੀ ਕਿਹਾ ਜਾ ਸਕਦਾ ਹੈ। ਅਕਸਰ ਪੰਜਾਬੀ ਦੇ ਵਿਅੰਗਕਾਰ ਘਟਨਾਵਾਂ ਅਤੇ ਬਿਆਨ 'ਚੋਂ ਹਾਸਾ ਪੈਦਾ ਕਰਦੇ ਹਨ ਜਦ ਕਿ ਭੂਸ਼ਨ ਦਿਮਾਗੀ ਹਾਸਾ ਉਪਜਾਉਂਦਾ ਹੈ। ਫਿਰ ਵੀ ਉਸ ਦਾ ਵਿਅੰਗ ਲੋਕਾਂ ਨਾਲੋਂ ਕੱਟਿਆ ਹੋਇਆ ਨਹੀਂ ਹੁੰਦਾ। 'ਮਾਸਟਰ ਬਸੰਤਾ ਰਾਮ' ਉਸ ਦਾ ਟੀ.ਵੀ. ਫੀਚਰ ਅਤੇ ਪੰਜਾਬੀ ਟ੍ਰਿਬਿਊਨ ਦਾ ਕਾਲਮ 'ਬੋਲ ਕਬੋਲ' ਇਸ ਦੀਆਂ ਜਿੰਦਾ ਮਿਸਾਲਾਂ ਹਨ। ਭਾਵੇਂ ਭੂਸ਼ਨ ਦੀ ਬੱਲੇ ਬੱਲੇ ਪੈਰੋਡੀਆਂ ਤੋਂ ਸ਼ੁਰੂ ਹੋਈ ਪਰ ਇਹ ਬਗ਼ੈਰ ਪੈਰ ਨੂੰ ਮੋਚ ਆਇਆਂ ਉਸ ਦੇ ਸੀਰੀਅਸ ਸਾਹਿਤਕ ਲੇਖਾਂ ਵੱਲ ਵੱਧ ਰਹੀ ਹੈ। ਉਸ ਦੀ ਪੁਸਤਕ 'ਸਿਰਜਣਧਾਰਾ' ਅਜਿਹੇ ਸਿਖ਼ਰ ਦੀ ਮਿਸਾਲ ਹੈ, ਜਿਥੋਂ ਡਿੱਗਿਆ ਉਹ ਸਿੱਧਾ ਸੁਰਗ ਨੂੰ ਜਾ ਸਕਦਾ ਹੈ। ਭੂਸ਼ਨ ਤੋਂ ਗੱਲ ਪੈਰੋਡੀ ਤੇ ਆ ਪਹੁੰਚੀ ਹੈ ਤਾਂ ਇਹ ਪੈਰੋਡੀ ਤੋਂ ਭੂਸ਼ਨ ਵੱਲ ਵੀ ਤੁਰੀ ਹੈ। ਅਸਲ ਵਿਚ ਭੂਸ਼ਨ ਵੇਖਣ ਨੂੰ ਬੰਦਾ ਘੱਟ ਅਤੇ ਪੈਰੋਡੀ ਵੱਧ ਲਗਦਾ ਹੈ। ਉਸ ਨੇ ਪੈਰੋਡੀਆਂ ਕੇਵਲ ਉਨ੍ਹਾਂ ਸਾਹਿਤਕਾਰਾਂ ਜਾਂ ਉਨ੍ਹਾਂ ਦੀਆਂ ਕਵਿਤਾਵਾਂ ਆਦਿ ਬਾਰੇ ਲਿਖੀਆਂ ਹਨ, ਜਿਨ੍ਹਾਂ ਨੂੰ ਉਹ ਬੇਹੱਦ ਪਿਆਰ ਕਰਦਾ ਹੈ। ਕੁਝ ਵੰਨਗੀਆਂ ਹਾਜ਼ਰ ਹਨ ਜਿਹੜੀਆਂ ਇਸ਼ਤਿਹਾਰਾਂ ਵਾਂਗ ਭੂਸ਼ਨ ਦੀ ਪਿੱਠ 'ਤੇ ਚੁੰਮੜੀਆਂ ਹੋਈਆਂ ਹਨ:

ਸੰਤ ਸਿੰਘ ਸੇਖੋਂ ਆਖੇ ਤੇਜਵੰਤ ਨੂੰ
ਮੇਰੇ ਵਾਲਾ ਹਾਲ ਹੋਣਾ ਤੇਰਾ ਅੰਤ ਨੂੰ।

ਗਲੀਏਂ ਗਲੀਏਂ ਫਿਰਦੇ ਪੰਜ ਹਜ਼ਾਰੀ ਹੁਣ
ਲੱਭਿਆਂ ਵੀ ਨਹੀਂ ਲੱਭਦੇ,
ਲੋਕ-ਲਿਖਾਰੀ ਹੁਣ।
ਇਕ ਮਸੀਹਾ ਹੋਰ ਚੜ੍ਹਾ ਕੇ ਸੂਲੀ 'ਤੇ
ਰੋਂਦੇ ਫਿਰਦੇ ਸਾਹਿਤ ਦੇ ਪਟਵਾਰੀ ਹੁਣ

ਆਖ ਭੱਠੀ ਵਾਲੀ ਨੂੰ,
ਨੀ ਪੀੜਾਂ ਦਾ ਪਰਾਗਾ ਮੇਰਾ
ਸਾੜ ਕੇ ਸਵਾਹ ਕਰ ਦੇ
ਆਟੇ ਦੀਆਂ ਚਿੜੀਆਂ ਨੂੰ
ਕਾਵਾਂ ਨੇ ਘਿਰਾਓ ਕੀਤਾ
ਝੂਠੀ ਮੂਠੀ ਠਾਹ ਕਰ ਦੇ।

ਡਾਕੀਆ ਅਮਰੂਦ ਲੈ ਕੇ ਆ ਗਿਆ
ਕਰਨ ਲਈ ਕੁਝ ਨਾ ਰਿਹਾ
ਟੱਕਰਾਅ ਗਏ ਰਹਿਮਾਨ ਤੇ ਹਨੂਮਾਨ
ਰਿਹਾਈ ਦਾ ਸ਼ਬਦ ਫਿਰ ਗੂੰਜਿਆ
ਭਗਤਾਂ ਦੀ ਮਹਿਫ਼ਲ 'ਚੋਂ
ਜਗਤ ਜਲਦਾ ਪਿਆ
ਨਕਦ ਸੌਦਾ ਕਰੋ।

ਹੁਣ ਤਾਂ ਪਤਾ ਹੈ, ਮਾਸੂਮੀਅਤ ਕੀ ਹੈ
ਸਾਈਡ ਪੋਜ਼ ਹੈ ਪਾਤਰ ਦਾ।
ਹੁਣ ਤਾਂ ਪਤਾ ਹੈ ਕਿ ਜੰਡ 'ਤੇ ਤਰਕਸ਼
ਸਾਹਿਬਾਂ ਨੇ ਨਹੀਂ,
ਉਸਦੀ ਮਾਂ ਨੇ ਟੰਗਿਆ ਸੀ।
ਗਲੀ ਗਲੀ ਵਣਜਾਰੇ ਫਿਰਦੇ
ਫੜ ਪ੍ਰੀਤਾਂ ਦੇ ਜਾਲ ਓ ਯਾਰ
ਜੈ ਇੰਦਰਾ ਜੈ ਇੰਦਰਾ ਕੂਕਣ
ਹੱਥ ਵਿਚ ਝੰਡੇ ਲਾਲ ਓ ਯਾਰ
ਇਕ ਕੁੜੀ ਨੇ ਇੱਛਿਆਧਾਰੀ
ਸੱਪਣੀ ਵੱਸ ਵਿਚ ਕੀਤੀ ਹੈ
ਵਰਮੀ ਦੇ ਚੌਗਿਰਦੇ ਬੈਠੇ
ਜੋਗੀ ਪਾਲੋ ਪਾਲ ਓ ਯਾਰ

ਅੱਜ ਕੱਲ੍ਹ ਲੋਕਰਾਜ ਬਾਰੇ ਉਸਦੀ ਲੋਰੀ ਅਤੇ ਇਕ ਚੋਣ-ਗਜ਼ਲ ਬਹੁਤ ਮਕਬੂਲ ਹੋ ਰਹੀਆਂ ਹਨ, ਜਿਨ੍ਹਾਂ ਦਾ ਜ਼ਿਕਰ ਕੁਮਾਰ ਵਿਕਲ ਦੇ ਨਾਲ ਨਿਰੂਪਮਾ ਦੱਤ ਨੇ ਸੰਡੇ ਸਟੈਂਡਰਡ ਦੇ ਕਾਲਮ 'ਫਰਾਮ ਦ ਫਰੰਟ ਰੋਅ' ਵਿਚ ਖ਼ੂਬਸੂਰਤੀ ਨਾਲ ਕੀਤਾ ਹੈ। ਪਰ ਸ਼ਾਇਦ ਸਭ ਤੋਂ ਵੱਧ ਉਸਦੇ ਵਿਅੰਗ ਦੀ ਵਧੀਆ ਮਿਸਾਲ ਨਾਗਮਣੀ ਦਾ ਵਿਅੰਗ ਵਿਸ਼ੇਸ਼ ਅੰਕ 'ਦੇਖ ਕਬੀਰਾ ਹੱਸਿਆ' ਹੈ। ਸਵਾਲ ਪੈਦਾ ਹੁੰਦਾ ਹੈ ਕਿ ਕੀ ਭੂਸ਼ਨ ਕੇਵਲ ਵਿਅੰਗਕਾਰ ਹੀ ਹੈ? ਵਿਅੰਗ ਬਾਰੇ ਉਹ ਬਹੁਤ ਸੀਰੀਅਸ ਹੁੰਦਾ ਹੈ। ਭੂਸ਼ਨ ਪੜ੍ਹਾਈ ਲਿਖਾਈ ਵਿਚ ਵੀ ਹੁਸ਼ਿਆਰ ਰਿਹਾ ਹੈ। ਗਿਆਨੀ ਦਾ ਗੋਲਡ ਮੈਡਲ ਅਤੇ ਪੰਜਾਬੀ ਦੀ ਐਮ ਏ ਦੀ ਫਰਸਟ ਡਿਵੀਜ਼ਨ। ਕਵਿਤਾ ਤੋਂ ਪਹਿਲਾਂ ਸ਼ਾਇਦ ਉਹ ਪਤੰਗ ਉਡਾਉਂਦਾ ਹੋਵੇ ਕਿਉਂਕਿ ਕਵਿਤਾ ਤੋਂ ਬਾਅਦ ਉਹ ਅੱਜ ਕੱਲ੍ਹ ਉਹ ਕਵੀਆਂ ਦਾ ਮਖ਼ੌਲ ਉਡਾਉਂਦਾ ਹੈ। 'ਪੰਜਾਬੀ ਕਵਿਤਾ ਦੀ ਇਹ ਹੋਣੀ, ਹਸਰਤ, ਬਾਗੀ, ਬੇਦੀ, ਸੋਨੀ'। ਹੁਣ ਉਹ ਪ੍ਰੋਫੈਸਰ ਹੈ। ਭੂਸ਼ਨ ਸਫਰ ਅਤੇ ਧੂੜ ਦਾ ਨਾਂ ਹੈ। ਇਕ ਵਾਰ ਉਸ ਸਿਗਰਟਾਂ ਛੱਡ ਦੇਣ ਦੀ ਤਿਆਰੀ ਕਰ ਲਈ। ਇਸ ਤਿਆਰੀ ਦੌਰਾਨ ਉਸ ਦੀਆਂ ਸੱਤ ਡੱਬੀਆਂ

(ਅਗਲੇ ਸਫੇ 'ਤੇ ਜਾਰੀ)

***ਸਾਹਿਤ ਵਿਚ ਭੂਸ਼ਨ ਦਾ ਦਾਖਲਾ ਪੈਰੋਡੀ ਨਾਲ ਹੋਇਆ, ਜਿਹੜੀ ਲਿਖਣੀ ਜਾਂ ਜੋੜਨੀ ਉਸ ਹੁਣ ਤੀਕ ਨਹੀਂ ਛੱਡੀ। ਵਿਅੰਗਕਾਰ ਦਾ ਇਕ ਦੁਖਾਂਤ ਹੁੰਦਾ ਹੈ ਕਿ ਲੋਕੀਂ ਉਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਕੁਝ ਅਜਿਹਾ ਹੀ ਸਾਡੇ ਭੂਸ਼ਨ ਨਾਲ ਵੀ ਹੋਇਆ। ਜਦ ਉਹ ਗੰਭੀਰ ਹੁੰਦਾ ਹੈ ਤਾਂ ਸ਼ਰਾਰਤ ਭਰਿਆ ਜਾਪਦਾ ਹੈ ਅਤੇ ਇਸ ਲਈ ਨਾ ਇਤਬਾਰ ਕਰਨ ਯੋਗ, ਸ਼ਾਇਦ ਇਸੇ ਕਰਕੇ ਉਸ ਦੇ ਦੋਸਤ ਉਸ ਦੀ ਆਲੋਚਨਾ ਦੇ ਡਰ ਤੋਂ ਬਣੇ ਹਨ ਨਾ ਕਿ ਪਿਆਰ ਤੋਂ। ਕੁਝ ਇਸੇ ਤਰ੍ਹਾਂ ਹੈ ਕਿ ਲੋਕ ਉਸਦੇ ਲਤੀਫਿਆਂ ਅਤੇ 'ਗਿਆਨ' ਲਈ ਜਾਂਦੇ ਹਨ ਨਾ ਕਿ ਉਸ ਨਾਲ ਦੋਸਤੀ ਦਾ ਦਮ ਭਰਨ।***

# ਫਿਰ ਇਨ੍ਹਾਂ ਸਰਬਣ ਪੁੱਤਰਾਂ ਦਾ ਕੀ ਕਰੀਏ?

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ
ਫੋਨ: 925-752-8025

***ਸਰਬਣ ਦੇ ਨਾਂ ਤੋਂ ਆਪਾਂ ਸਾਰੇ ਵਾਕਿਫ਼ ਹਾਂ। ਐਵੇਂ ਮਾਂ-ਬਾਪ ਦੀ ਵਹਿੰਗੀ ਚੁੱਕੀ ਫਿਰਦਾ ਸੀ ਤੇ ਮਾਮੇ ਤੋਂ ਭਾਣਜਾ ਭੁਲੇਖੇ ਨਾਲ ਮਾਰਿਆ ਗਿਆ। ਮਾਂ-ਬਾਪ ਨੇ ਸਰਾਪ ਦਿੱਤਾ ਸੀ ਕਿ ਤੂੰ ਵੀ ਪੁੱਤਰਾਂ ਦੇ ਵਿਯੋਗ ਵਿਚ ਮਰੇਂਗਾ। ਹੋਇਆ ਵੀ ਸੱਚ। ਤੇ ਸੱਚ ਇਹ ਵੀ ਹੈ ਕਿ ਜੇ ਸਰਵਣ ਅਮਰੀਕਾ ਵਿਚ ਹੁੰਦਾ ਤਾਂ ਵਹਿੰਗੀ ਉਹਨੇ ਵੀ ਚੁਰਾਹੇ ਵਿਚ ਰੱਖ ਦੇਣੀ ਸੀ। ਇਕ ਸ਼ਾਇਰਾਨਾ ਅੰਦਾਜ਼ ਵਿਚ ਗੱਲ ਕਰਦੇ ਆਂ-***

***ਕਿਥੇ ਘੁੰਡ ਦਾ ਰਿਹਾ ਰਿਵਾਜ ਹੁਣ ਤਾਂ, ਪਟੇ ਰੱਖ ਲਏ ਮੁੰਨ ਕੇ ਗੁੱਤ ਮੀਆਂ।***
***ਪਿਉ ਪੂਰਾ ਹੀ ਗੁਰੂ ਦੇ ਲੜ ਲੱਗਿਐ, ਨਹੀਂ ਧੀ ਨੂੰ ਸੇਲ੍ਹੀਆਂ ਬਣਾਉਣ ਵਿਚ ਹੁੱਤ ਮੀਆਂ।***
***ਡਰ ਭੈਣ ਨੂੰ ਵੀਰਾਂ ਤੋਂ ਲਗਦਾ ਏ, ਕਿਹੀ ਆਈ ਕੁਲੱਛਣੀ ਰੁੱਤ ਮੀਆਂ।***
***ਤਾਰਾ ਅੱਖਾਂ ਦਾ ਬਿਗੜਿਆ ਸੁਧਰਦਾ ਨਹੀਂ, ਬਾਪੂ ਫੇਰ ਕੇ ਵੇਖ ਲਿਆ ਜੁੱਤ ਮੀਆਂ।***
***ਮਾਵਾਂ ਇੱਛਰਾਂ ਵਰਗੀਆਂ ਨਹੀਂ ਰਹੀਆਂ ਤੇ ਸਰਬਣ ਜਿਹੇ ਨਾ ਰਹਿ ਗਏ ਪੁੱਤ ਮੀਆਂ।***

***ਕਹਿੰਦੇ ਨੇ ਯੋਗਤਾ ਦੇ ਤਿੰਨ ਪੜਾਅ ਹਨ ਵੇਖਣਾ, ਪਰਖਣਾ, ਸਮਝਣਾ ਸਿੱਖਣਾ ਤੇ ਪੜ੍ਹਨਾ। ਪਰ ਇਨ੍ਹਾਂ ਪੜਾਵਾਂ ਤੋਂ ਸਰਬਣ ਪੁੱਤ ਉੱਕ ਗਏ ਲਗਦੇ ਹਨ। ਜੇ ਘਰ ਵਿਚ ਪੁੱਤਰ ਹੀ ਪੁੱਤਰ ਹੋਣ ਤਾਂ ਬਾਪੂ ਦੇ ਬੋਲਣ ਦੇ ਸਲੀਕੇ ਨੂੰ ਜੰਗਾਲ ਖਾ ਜਾਂਦਾ ਹੈ। ਘਰ ਨੂੰ ਜੇਲ੍ਹ ਬਣਾਉਣਾ ਹੈ ਜਾਂ ਮਹਿਲ-ਇਹ ਤੁਹਾਡੇ ਤੇ ਮੁਨਸਰ ਕਰਦਾ ਹੈ। ਅੱਜ ਦੇ ਯੁੱਗ ਵਿਚ ਸਰਬਣ ਦੇ ਅਰਥ ਬਦਲ ਗਏ ਹਨ। ਪੰਜਵੇਂ ਸਰਬਣ ਦੀ ਗੱਲ ਹੱਥਲੀਂ ਰਚਨਾ ਵਿਚ ਇਸ ਕਰਕੇ ਨਹੀਂ ਕਰ ਸਕਿਆ ਕਿ ਸ਼ਬਦ ਹੱਥ ਖੜੇ ਕਰ ਗਏ ਹਨ। ਕੋਸ਼ਿਸ਼ ਕਰਾਂਗਾ ਕਿ ਕਦੇ ਫਿਰ ਉਹਦੀ ਗੱਲ ਕੀਤੀ ਜਾਵੇ। ਹਾਲੇ ਚਾਰ ਸਰਬਣਾਂ ਦੇ ਸਿਰ 'ਚ ਸੁਆਹ ਪਾ ਕੇ ਸਮਾਜ ਨੂੰ ਸੁਚੇਤ ਕਰਨ ਦੀ ਕੋਸ਼ਿਸ਼ ਕਰਦੇ ਹਨ।***

ਜੇ ਥੋੜ੍ਹਾ ਜਿਹਾ ਕਿਆਸ ਕਰਕੇ ਵੇਖੋ ਤਾਂ ਮਹਿਸੂਸ ਹੋਵੇਗਾ ਕਿ ਗਲਤੀਆਂ ਤੋਂ ਬਚਣ ਲਈ ਤਜ਼ਰਬਾ ਜਰੂਰੀ ਹੈ ਪਰ ਤਜ਼ਰਬਾ ਗਲਤੀਆਂ ਤੋਂ ਬਿਨਾ ਆ ਨਹੀਂ ਸਕਦਾ। ਗਲਤੀਆਂ ਜ਼ਿੰਦਗੀ ਵਿਚ ਕਿਸ ਨੇ ਨਹੀਂ ਕੀਤੀਆਂ? ਇਹ ਵੱਖਰੀ ਗੱਲ ਹੈ ਕਿ ਕਈਆਂ ਦਾ ਪਹੁੰਚਾ ਗਲਤੀਆਂ 'ਚੋਂ ਨਿਕਲਿਆ ਹੀ ਨਹੀਂ। ਲੋੜ ਇਸ ਗੱਲ ਦੀ ਹੈ ਕਿ ਗਲਤੀ ਹੋ ਵੀ ਜਾਵੇ ਤਾਂ ਇਸ ਤੋਂ ਅੱਗੇ ਤੁਰਨ ਦੀ ਕੋਸ਼ਿਸ਼ ਕਰੋ। ਜਵਾਨੀ ਦੇ ਜ਼ੋਰ ਵਿਚ ਗਲਤੀਆਂ ਸਾਰਿਆਂ ਤੋਂ ਹੋਈਆਂ ਹਨ। ਜਵਾਨੀ ਦਾ ਰੰਗ 16ਵੇਂ ਸਾਲ ਤੋਂ ਉਭਰਨਾ ਸ਼ੁਰੂ ਹੋ ਜਾਂਦਾ ਹੈ ਕਿ ਇਸ ਤੋਂ ਅਗਲੇ 10 ਕੁ ਸਾਲਾਂ ਵਿਚ ਕਈ ਸੁਲਫੇ ਦੀ ਲਾਟ ਵਾਂਗ ਮਘਦੇ ਹਨ ਤੇ ਫਿਰ ਕਬੀਲਦਾਰੀ ਦੇ ਗੇੜ ਵਿਚ ਧੌਣ ਗੋਡਿਆਂ ਵਿਚ ਫਸਾ ਲੈਂਦੇ ਹਨ। ਕਈ ਵਾਰ ਜਵਾਨੀ ਵਿਚ ਕੀਤੀਆਂ ਗਲਤੀਆਂ ਨੂੰ ਸਮਾਜ ਵੀ ਮਾਫ ਕਰ ਦਿੰਦਾ ਹੈ ਤੇ ਕਈ ਵਾਰ ਸਾਰੀ ਉਮਰ ਇਨ੍ਹਾਂ ਉਤੇ ਪਛਤਾਵਾ ਤੇ ਸ਼ਰਮ ਵੀ ਆਉਂਦੀ ਹੈ। ਹਰ ਮਾਂ ਬਾਪ ਲਈ ਉਨ੍ਹਾਂ ਦਾ ਪੁੱਤਰ ਸਰਬਣ ਹੀ ਹੁੰਦਾ ਹੈ। ਇਹ ਵੱਖਰੀ ਗੱਲ ਹੈ ਕਿ ਕਈ ਵਹਿੰਗੀ ਚੁੱਕਦੇ ਹਨ ਤੇ ਕਈ ਸਣੇ ਵਹਿੰਗੀ ਮਾਂ-ਬਾਪ ਨੂੰ ਸ਼ਰਮ ਦੇ ਸਮੁੰਦਰ ਵਿਚ ਸੁੱਟ ਦਿੰਦੇ ਹਨ। ਜਿਨ੍ਹਾਂ ਚਾਰ ਸਰਵਣ ਪੁੱਤਰਾਂ ਦੀ ਗੱਲ ਮੈਂ ਕਰਨ ਲੱਗਿਆ ਹਾਂ, ਪਤਾ ਨਹੀਂ ਸਮਾਜ ਉਨ੍ਹਾਂ ਨੂੰ ਕੀ ਨਾਂ ਦਿੰਦਾ ਹੋਵੇਗਾ ਪਰ ਲੱਖ ਯਤਨ ਕਰਨ ਦੇ ਬਾਵਜੂਦ ਵੀ ਮੈਂ ਉਨ੍ਹਾਂ ਦੀ ਗੱਲ ਕਰਨੋਂ ਰਹਿ ਨਹੀਂ ਸਕਦਾ।

ਪੰਜਾਬ ਦੀ ਇਕ ਅਦਾਲਤ ਵਿਚ ਇਕ ਮਹਿਲਾ ਜੱਜ ਦੇ ਸਾਹਮਣੇ ਆਪਣੇ ਹੀ ਤਲਾਕ ਦਾ ਮੁਕੱਦਮਾ ਝਗੜ ਰਹੀ ਇਕ ਮਹਿਲਾ ਵਕੀਲ ਨੇ ਪੰਜਾਬੀ ਦੀਆਂ ਤਿੰਨ ਚਾਰ ਗਾਲਾਂ ਦੀ ਵਿਆਖਿਆ ਕਰਕੇ ਜੱਜ ਤੇ ਮੁਕੱਦਮਾ ਸੁਣ ਰਹੇ ਲੋਕਾਂ ਨੂੰ ਸ਼ਰਮਸਾਰ ਹੀ ਨਹੀਂ ਕੀਤਾ ਸਗੋਂ ਸਮਾਜ ਲਈ ਇਕ ਸਵਾਲ ਵੀ ਖੜ੍ਹਾ ਕਰ ਦਿੱਤਾ।

ਗੱਲ ਇਉਂ ਹੋਈ ਕਿ ਦੁਆਬੇ ਹਲਕੇ ਦੇ ਇਕ ਪਿੰਡ ਦਾ ਬੰਦਾ ਮੋਹਣ ਲਾਲ ਅਰਬ ਦੇ ਇਕ ਮੁਲਕ ਵਿਚ ਕੰਮਕਾਜ ਲਈ ਚਲਾ ਗਿਆ। ਪਿਛੇ ਇਕੋ ਪੁੱਤਰ ਸਰਵਣ ਕੁਮਾਰ ਮਸਾਂ 17-18 ਸਾਲ ਦਾ ਹੋਵੇਗਾ ਕਿ ਛੋਟੀ ਜਿਹੀ ਬਿਮਾਰੀ ਪਿਛੋਂ ਮਾਂ ਰੱਬ ਨੂੰ ਪਿਆਰੀ ਹੋ ਗਈ। ਜਦੋਂ ਮੋਹਨ ਲਾਲ ਪਿੰਡ ਪਰਤਿਆ ਤਾਂ ਲੋਕ ਅਫਸੋਸ ਤਾਂ ਕਰਨ ਆਏ ਪਰ ਨਾਲ ਹੀ ਇਹ ਸਵਾਲ ਵੀ ਕਰ ਦਿੱਤਾ ਕਿ ਤੂੰ ਹਾਲੇ ਜਵਾਨ ਜਹਾਨ ਹੈਂ, ਇੰਝ ਜ਼ਿੰਦਗੀ ਕਿਵੇਂ ਗੁਜ਼ਰੇਗੀ? ਰੱਬ ਦੀ ਮਰਜ਼ੀ ਕਿ ਮੋਹਣ ਲਾਲ ਨੇ ਇਕ ਸੁਨੱਖੀ ਔਰਤ ਨਾਲ ਚਾਦਰਦਾਰੀ ਕਰ ਲਈ ਤੇ ਫਿਰ ਚਾਰ ਟਕੇ ਕਮਾਉਣ ਲਈ ਅਰਬ ਨੂੰ ਤੁਰ ਗਿਆ ਤੇ ਪਿਛੇ ਰਹਿ ਗਿਆ ਜੁਆਨ ਪੁੱਤਰ ਸਰਵਣ ਕੁਮਾਰ ਤੇ ਜਵਾਨ ਪਤਨੀ। ਦੋਹਾਂ ਦੀਆਂ ਅੱਖਾਂ ਚਾਰ ਹੋ ਗਈਆਂ। ਪੁੱਤਰ ਪੜ੍ਹ ਲਿਖ ਕੇ ਸਕੂਲ ਵਿਚ ਅਧਿਆਪਕ ਲੱਗ ਗਿਆ। ਚਾਰ ਪੰਜ ਸਾਲ ਪਿਛੋਂ ਜਦੋਂ ਮੋਹਨ ਲਾਲ ਫਿਰ ਵਾਪਸ ਪਰਤਿਆ ਤਾਂ ਪੁੱਤ ਦਾ ਵਿਆਹ ਇਕ ਵਕੀਲ ਔਰਤ ਨਾਲ ਹੋ ਗਿਆ। ਪਰ ਮਤਰੇਈ ਮਾਂ ਨਾਲ ਇਸ਼ਕ ਦੀ ਕਹਾਣੀ ਚਲਦੀ ਰਹੀ। ਲੱਖ ਸਮਝਾਉਣ 'ਤੇ ਵੀ ਜਦੋਂ ਸਰਵਣ ਕੁਮਾਰ ਲੀਹੇ ਨਾ ਪਿਆ ਤਾਂ ਵਿਚਾਰੀ ਵਕੀਲ ਨੇ ਤਲਾਕ ਦਾ ਮੁਕੱਦਮਾ ਕਰ ਦਿੱਤਾ। ਪਹਿਲੀ ਤਰੀਕ ਤੇ ਜਦੋਂ ਉਸਨੇ ਮਹਿਲਾ ਜੱਜ ਦੇ ਸਾਹਮਣੇ ਤਲਾਕ ਦੀ ਵਿਆਖਿਆ ਕਰਦਿਆਂ ਕਿਹਾ ਕਿ ਮੈਨੂੰ ਤਲਾਕ ਦਿਓ ਜਾਂ ਨਾ, ਪਰ ਮੇਰੀ ਦਰਦਨਾਕ ਕਹਾਣੀ ਜਰੂਰ ਸੁਣੋ। ਆਪਣੇ ਪਤੀ ਵੱਲ ਇਸ਼ਾਰਾ ਕਰਦਿਆਂ ਕਹਿਣ ਲੱਗੀ ਇਹ ਵਿਆਹਿਆ ਮੇਰੇ ਨਾਲ ਹੋਇਆ। ਰਹਿੰਦਾ ਆਪਣੀ ਮਾਂ ਨਾਲ ਹੈ। ਮੈਂ ਇਸਨੂੰ ਆਪਣੀਆਂ ਅੱਖਾਂ ਨਾਲ ਵੇਖਿਆ। ਇਹ ਬੰਦੇ ਦਾ ਨਹੀਂ ਕਿਸੇ ਪਸ਼ੂ ਜਾਨਵਰ ਦਾ ਪੁੱਤ ਲਗਦਾ। ਇਹਨੇ ਸਮਾਜ ਤੇ ਰਿਸ਼ਤਿਆਂ ਨੂੰ ਬੁਰੀ ਤਰ੍ਹਾਂ ਕਲੰਕਿਤ ਕੀਤਾ ਹੋਇਆ ਹੈ। ਛੋਟੀ ਹੁੰਦੀ ਪੰਜਾਬੀ ਦੀਆਂ ਤਿੰਨ ਗਾਲ੍ਹਾਂ ਸੁਣਦੀ ਆਈ ਸੀ ਪਰ ਹਕੀਕਤ ਇਨ੍ਹੇ ਦਿੱਤੀ ਹੈ। ਸੱਚ ਇਹ ਹੈ ਕਿ ਇਹ ਆਪਣੀ ਮਾਂ ਦਾ...ਵੀ ਹੈ...ਵੀ ਤੇ ਮਾਂ...ਵੀ। ਮੈਨੂੰ ਤਲਾਕ ਦੇਣ ਦੇ ਨਾਲ ਨਾਲ ਇਹਦੇ ਸ਼ਰਮ ਹਿਆ ਦੇ ਕਪੜੇ ਵੀ ਪੁਆਓ। ਭਰੀ ਅਦਾਲਤ ਵਿਚ ਖੜ੍ਹਾ ਸਰਬਣ ਕੁਮਾਰ ਚੁੱਪ ਸੀ ਤੇ ਮੂੰਹ 'ਤੇ ਜੰਦਰਾ ਲਗਾ ਕੇ ਕੁਝ ਵੀ ਬੋਲਣੋਂ ਅਸਮਰਥ ਸੀ। ਮਹਿਲਾ ਜੱਜ ਕਦੇ ਉਸ ਭਲੇਮਾਣਸ ਦੇ ਮੂੰਹ ਵੱਲ ਵੇਖਦੀ ਅਤੇ ਕਦੇ ਪੀੜਤ ਵਕੀਲ ਵਲ। ਖੈਰ ਤਲਾਕ ਤਾਂ ਹਾਲੇ ਹੋਵੇਗਾ ਪਰ ਸਮਾਜਿਕ ਰਿਸ਼ਤਿਆਂ ਤੇ ਲੱਗਾ ਕਲੰਕ ਕਦੋਂ ਧੋ ਹੋਵੇਗਾ?

ਮਾਝੇ ਦੀ ਧੁੰਨੀ ਵਿਚ ਪੈਂਦੇ ਇਕ ਪਿੰਡ ਦੇ ਇਕ ਹੋਰ ਸਰਵਣ ਸਿੰਘ ਨੇ ਮਾਂ ਦਾ ਘੋਟਣਾ ਮਾਰ ਕੇ ਕਤਲ ਕਰ ਦਿੱਤਾ। ਇਹ ਸਰਵਣ ਹੁਣ ਭਾਵੇਂ ਜੇਲ੍ਹ ਵਿਚ ਹੈ ਪਰ ਦਰਦਨਾਕ ਕਹਾਣੀ ਤੋਂ ਆਮ ਲੋਕ ਵਾਕਿਫ ਨਹੀਂ ਹਨ। ਹੋਇਆ ਇੰਝ ਕਿ ਇਸ ਸਰਵਣ ਸਿੰਘ ਦਾ ਪਿਉ ਤਪਦਿਕ ਨਾਲ ਰੱਬ ਨੂੰ ਪਿਆਰਾ ਹੋ ਗਿਆ। ਮਾਂ ਵਿਚਾਰੀ ਪੁੱਤ ਦੇ ਐਬਾਂ ਤੋਂ ਦੁਖੀ ਹੋ ਕੇ ਧੀ ਕੋਲ ਜ਼ਿਆਦਾ ਰਹਿਣ ਲੱਗ ਪਈ। ਡੂਢ ਕਨਾਲ ਜ਼ਮੀਨ ਸੀ। ਕਿਸੇ ਨੇ ਸਰਵਣ ਦੇ ਕੰਨ ਭਰ ਦਿੱਤੇ ਕਿ ਮਾਂ ਨੇ ਇਹ ਧੀ ਦੇ ਨਾਂ ਲੁਆ ਦੇਣੀ ਹੈ। ਇਕ ਦਿਨ ਮਾਂ ਜਦੋਂ ਪੁੱਤ ਕੋਲ ਆਈ ਤਾਂ ਖਾਧੀ ਪੀਤੀ ਵਿਚ ਮਾਂ ਨਾਲ ਝਗੜ ਪਿਆ। ਮਾਂ ਨੇ ਬਥੇਰਾ ਕਿਹਾ ਕਿ ਪੁੱਤ ਸਵੇਰੇ ਕਚਹਿਰੀ ਵਿਚ ਚੱਲੀਂ, ਮੈਂ ਅੰਗੂਠਾ ਲਾ ਦਿਆਂਗੀ। ਉਹ ਪਿੰਡੇ ਤੇ ਪਾਣੀ ਨਾ ਪੈਣ ਦੇਵੇ। ਘੋਟਣਾ ਚੁੱਕਿਆ ਤੇ ਫਾੜ ਕਰਦਾ ਮਾਂ ਦੇ ਸਿਰ ਵਿਚ ਮਾਰਿਆ। ਨਾਲ ਹੀ ਜਾਹ ਜਾਂਦੀ ਹੋ ਗਈ। ਮਾਂ ਵੀ ਗਈ ਤੇ ਡੂਢ ਕਨਾਲ ਜ਼ਮੀਨ ਵੀ। ਪੂਹਲੇ ਵਾਲੀ ਕੋਠੜੀ ਦੇ ਨਾਲ ਹੀ ਰਹਿੰਦਾ ਹੈ। ਇਸ ਸਰਵਣ ਲਈ ਇਨ੍ਹਾਂ ਗੱਲਾਂ ਦੇ ਅਰਥ ਕਦੋਂ ਦੇ ਖਤਮ ਹੋ ਚੁੱਕੇ ਹਨ ਕਿ ''ਮਾਂ ਦੀ ਪੂਜਾ-ਰੱਬ ਦੀ ਪੂਜਾ-ਮਾਂ ਤਾਂ ਰੱਬ ਦਾ ਰੂਪ ਹੈ ਦੂਜਾ।''

ਜਿਸ ਤੀਜੇ ਸਰਵਣ ਦੀ ਗੱਲ ਮੈਂ ਕਰਨ ਲੱਗਾ ਹਾਂ ਉਹਦੀ ਸ਼ਰਮਨਾਕ ਵਿਥਿਆ ਸੁਣਾਉਣ ਤੋਂ ਮੇਰੇ ਸ਼ਬਦ ਵੀ ਸੰਗ ਮੰਨਦੇ ਹਨ। ਪਰ ਫਿਰ ਵੀ ਤੁਹਾਡੇ ਨਾਲ ਸਾਂਝੀ ਕਰਨ ਲੱਗਾ ਹਾਂ। ਇਸ ਦਰਦਨਾਕ ਸੱਚ ਨੂੰ ਜੀਭ ਦੰਦਾ ਹੇਠ ਦੇ ਕੇ ਮੰਨ ਜਰੂਰ ਲਿਓ। ਗੱਲ ਇਉਂ ਵਾਪਰੀ ਕਿ ਸਾਡੇ ਪਿੰਡਾਂ ਵੱਲ ਦਾ ਇਕ ਸਰਵਣ ਅਮਰੀਕਾ ਆ ਕੇ ਮਸਾਂ ਸੈਟ ਹੋਇਆ। ਚਾਲੀਆਂ ਕੁ ਸਾਲਾਂ ਦੀ ਉਮਰ ਵਿਚ ਵਾਪਸ ਪਰਤਿਆ ਵਿਆਹ ਕਰਾਉਣ ਲਈ। ਪਿੱਛੇ ਵੱਡੇ ਭਰਾ ਨੇ ਸਰਵਣ ਦੇ ਪੈਸਿਆਂ ਨਾਲ ਚੰਗੀ ਕੋਠੀ ਬਣਾ ਲਈ। ਆਪਣੇ ਦੋ ਮਿੱਤਰਾਂ ਨੂੰ ਵੀ ਵਿਆਹ ਉਤੇ ਇਧਰੋਂ ਨਾਲ ਹੀ ਲੈ ਗਿਆ। ਕੋਹੜੀ ਨੇ ਜਿਹੜਾ ਚੰਦ ਵਿਆਹ ਤੋਂ ਇਕ ਦਿਨ ਪਹਿਲਾਂ ਚੜ੍ਹਾਇਆ ਉਹ ਸ਼ਾਇਦ ਮੁੜ ਕੇ ਕਦੇ ਨਹੀਂ ਚੜ੍ਹੇਗਾ। ਗੱਲ ਇਉਂ ਵਾਪਰੀ ਕਿ ਵਿਆਹ ਤੋਂ ਪਹਿਲੇ ਦਿਨ ਜਾਗੋ ਨਿਕਲੀ। ਖੂਬ ਘੜਮਸ ਪਿਆ। ਚਾਲੀਆਂ ਸਾਲਾਂ ਦਾ ਕੁਮਾਰਾ ਅਮਰੀਕਾ ਦੇ ਚੱਕਰ ਵਿਚ ਨਰਸ ਨਾਲ ਵਿਆਹਿਆ ਜਾਣ ਲੱਗਾ। ਦੋ ਮਿੱਤਰਾਂ 'ਚੋਂ ਇਕ ਤਾਂ ਨੇੜਲੇ ਪਿੰਡਾਂ ਦਾ ਹੋਣ ਕਰਕੇ ਘਰੇ ਚਲਾ ਗਿਆ ਅਤੇ ਦੂਜਾ ਉਥੇ ਰਹਿ ਗਿਆ। ਇਹ ਸਰਵਣ ਦਾਰੂ ਸਿੱਕੇ ਦੇ ਨਾਲ ਹੋਰ ਵੀ ਸਾਰੇ ਨਸ਼ੇ ਕਰਦਾ ਸੀ। ਦੋਸਤ ਕੋਠੀ ਦੇ ਚੁਬਾਰੇ ਚੜ੍ਹ ਕੇ ਸੌਂ ਗਿਆ ਤੇ ਅੱਧੀ ਕੁ ਰਾਤ ਇਹ ਬੇਸ਼ਰਮ ਸਰਵਣ ਵੀ ਨਸ਼ਿਆਂ 'ਚ ਟੂੰਨ ਹੋ ਕੇ ਉਹਦੇ ਕਮਰੇ ਵਿਚ ਆਣ ਵੜਿਆ। ਦੋ ਕੁ ਨਿਆਣੇ ਸੋਫੇ ਤੇ ਸੁੱਤੇ ਪਏ ਸਨ। ਉੱਠੋ ਚਲੋ ਥੱਲੇ ਸੌਂਵੋ, ਕਹਿੰਦਿਆਂ ਇਕ ਮੰਜੇ ਉਤੇ ਨਾਬਾਲਗ ਜਿਹੀ ਕੁੜੀ ਦੇ ਬਿਸਤਰੇ 'ਤੇ ਜਾ ਪਿਆ। ਉਹਨੂੰ ਚੇਤੇ ਨਾ ਰਿਹਾ ਕਿ ਇਥੇ ਕੋਈ ਹੋਰ ਵੀ ਸੁੱਤਾ ਹੋਵੇਗਾ। ਦੋਸਤ ਦੀ ਅੱਖ ਖੁੱਲ੍ਹ ਗਈ ਪਰ ਉਹ ਕੁਝ ਨਾ ਬੋਲਿਆ। ਸਾਰਾ ਕੁਝ ਸੁਣਦਾ ਤੇ ਮਹਿਸੂਸ ਕਰਦਾ ਰਿਹਾ ਤੇ ਉਸ ਵਿਆਹ ਕਰਾਉਣ ਗਏ ਅਮਰੀਕੀ ਮਿੱਤਰ ਨੇ ਸਾਰੀ ਰਾਤ ਉਸ ਕੁੜੀ ਨਾਲ ਜੋ ਕੀਤਾ ਉਹ ਜੱਗੋ ਤੇਰ੍ਹਵਾਂ ਸੀ।

ਤੜਕੇ ਉੱਠਿਆ ਅਤੇ ਹੇਠਾਂ ਚਲੇ ਗਿਆ। ਬਾਹਰੋਂ ਕਿਸੇ ਔਰਤ ਦੀ ਆਵਾਜ਼ ਆਈ, 'ਉੱਠ ਪੁੱਤ ਸੋਨੀਆ ਤਿਆਰ ਹੋ ਜਾ, ਜੰਞ ਵੀ ਚੱਲਣਾ' ਤੇ ਨਾਲ ਹੀ ਉਹ ਬੇਸ਼ਰਮ ਦੋਸਤ ਵੀ ਕਹਿਣ ਲੱਗਾ, 'ਸੋਨੀਆ ਪੁੱਤ ਛੇਤੀ ਤਿਆਰ ਹੋ ਬਰਾਤੇ ਵੀ ਚਲਣਾ।' ਦੋਸਤ ਨੂੰ ਪੁੱਤ ਤੇ ਰਾਤ ਵਾਲੀ ਕਹਾਣੀ ਦੀ ਸਮਝ ਨਾ ਪਵੇ। ਖੈਰ! ਵਿਆਹ ਹੋ ਗਿਆ। ਰਾਤ ਵਾਲੇ ਦੋਸਤ ਨੇ ਆਪਣੇ ਦੂਜੇ ਦੋਸਤ ਨੂੰ ਸਾਰੀ ਕਹਾਣੀ ਦੱਸੀ। ਉਨ੍ਹਾਂ ਸੋਚਿਆ ਕਿ ਇਸ ਹਕੀਕਤ ਦੀ ਤਹਿਕੀਕਾਤ ਕੀਤੀ ਜਾਵੇ ਕਿ ਅਕਸਰ ਇਹ ਸੋਨੀਆ ਕੌਣ ਹੈ? ਪੰਦਰਾਂ ਕੁ ਦਿਨਾਂ ਪਿਛੋਂ ਉਨ੍ਹਾਂ ਨੇ ਆਪਣੇ ਇਸ ਨਵੇਂ ਵਿਆਹੇ ਅਮਰੀਕੀ ਦੋਸਤ ਨੂੰ ਫੋਨ ਕੀਤਾ ਕਿ ''ਸਰਵਣ ਕਿੱਥੇ ਐਂ, ਅਸੀਂ ਤੈਨੂੰ ਮਿਲਣ ਆਉਣਾ''। ''ਯਾਰ ਮੈਂ ਤਾਂ ਕੋਰਟ ਵਿਚ ਹਾਂ, ਕੋਰਟ ਮੈਰਿਜ ਕਰਵਾਉਣ ਆਇਆਂ''। 'ਵੱਡਾ ਵੀਰ ਘਰੇ ਹੈ ਤੁਸੀਂ ਚਲੋ ਮੈਂ ਜਲਦੀ ਪਹੁੰਚ ਜਾਵਾਂਗਾ।' ਤੇ ਉਹ ਦੋਵੇਂ ਘਰੇ ਚਲੇ ਗਏ। ਉਹ ਬੇਸ਼ਰਮ ਤਾਂ ਨਹੀਂ ਆਇਆ ਪਰ ਵੱਡਾ ਭਰਾ ਤਾਂ ਸੀ, ਉਹਨੇ ਚੰਗੀ ਸੇਵਾ ਪਾਣੀ ਕੀਤੀ ਤੇ ਉਨ੍ਹਾਂ ਸਹਿਜ ਸੁਭਾਅ ਪੁਛਿਆ, ''ਤੁਹਾਡੇ ਕਿੰਨੇ ਬੱਚੇ ਨੇ? ਤੁਸੀਂ ਕੀ ਕਰਦੇ ਹੋ?'' ਉਸ ਵੱਡੇ ਭਰਾ ਦਾ ਜੁਆਬ ਵੇਖੋ, ''ਮੈਂ ਤਾਂ ਪ੍ਰਾਇਮਰੀ ਸਕੂਲ 'ਚ ਅਧਿਆਪਕ ਹਾਂ। ਇਹ ਤਿੰਨ ਮੰਜਲੀ ਕੋਠੀ ਤਾਂ ਛੋਟੇ ਸਰਵਣ ਨੇ ਅਮਰੀਕਾ ਦੀ ਕਮਾਈ ਨਾਲ ਬਣਾਈ ਹੈ।'' ਗੱਲ ਅੱਗੇ ਤੋਰਦਿਆਂ ਕਹਿਣ ਲੱਗਾ, ਬੱਚੇ ਮੇਰੇ ਤਿੰਨ ਨੇ। ਵੱਡੀ ਜੱਸੀ ਕਾਲਜ ਪੜ੍ਹਦੀ ਹੈ। ਵਿਚਕਾਰਲੀ ਸੋਨੀਆ 10ਵੀਂ 'ਚ ਹੈ ਤੇ ਛੋਟਾ ਬੇਟਾ ਰਣਜੀਤ 8ਵੀਂ 'ਚ।' ਤੇ ਉਹ ਸਮਝ ਗਏ ਸਨ ਸੋਨੀਆ ਕੌਣ ਸੀ।

ਇਸ ਕਲਯੁਗੀ ਸਰਵਣ ਚਾਚੇ ਦੇ ਸਿਰ ਸੁਆਹ! ਉਨ੍ਹੇ ਆ ਕੇ ਬੜੇ ਫੋਨ ਕੀਤੇ ਕਿ ਇਥੇ ਵਿਆਹ ਦੀ ਪਾਰਟੀ ਕਰਨੀ ਹੈ। ਪਰ ਲੱਖ ਲਾਹਣਤ ਇਦਾਂ ਦੇ ਦੋਸਤਾਂ ਤੇ ਪਾਰਟੀਆਂ ਉਤੇ। ਉਨ੍ਹਾਂ ਨੇ ਉਹਦੀ ਗੱਲ ਦਾ ਜੁਆਬ ਨਹੀਂ ਦਿੱਤਾ। ਇਹ ਦੋਵੇਂ ਦੋਸਤ ਹੁਣ ਇਹ ਸੋਚਦੇ ਰਹਿੰਦੇ ਨੇ ਕਿ ਪਤਾ ਨਹੀਂ ਇਹ ਧਰਤੀ ਇਨ੍ਹਾਂ ਦੁਸ਼ਟਾਂ ਤੇ ਪਾਪੀਆਂ ਦਾ ਭਾਰ ਕਿਵੇਂ ਝਲਦੀ ਹੋਵੇਗੀ।

ਲਗਦੇ ਹੱਥ ਹੀ ਇਕ ਗਾਇਕ ਦੀਆਂ ਲੱਤਾਂ ਵੀ ਖਿੱਚ ਲੈਂਦੇ ਹਾਂ। ਨਾਂ ਤਾਂ ਉਹਦਾ ਸਰਵਣ ਕੁਮਾਰ ਨਹੀਂ ਪਰ ਕਾਰੇ ਵੇਖ ਲਵੋ। ਪਛਾਣ ਦਾ ਥੋੜਾ ਜਿਹਾ ਇਸ਼ਾਰਾ ਕਰਦਾ ਹਾਂ। ਉਹਦਾ ਤਖੱਲਸ ਉਵੇਂ ਹੈ ਜੋ ਅੰਗ੍ਰੇਜ਼ੀ ਦੇ 'ਸਟੇਟ' ਸ਼ਬਦ ਦਾ ਹੁੰਦਾ ਹੈ। ਸੁਨੱਖਾ ਗਾਇਕ ਸੀ। ਕੁੜੀਆਂ ਚਿੜੀਆਂ ਦੇ ਚੱਕਰ ਵਿਚ ਪੈ ਗਿਆ। ਨੱਚਣ ਟੱਪਣ ਵਾਲੀਆਂ ਨੇ ਉਲਝਾ ਲਿਆ। ਘਰੇ ਕਲੇਸ਼ ਰਹਿਣ ਲੱਗਾ। ਇਕ ਦਿਨ ਦੇਰ ਨਾਲ ਆਇਆ ਤਾਂ ਘਰਵਾਲੀ ਭਰੀ ਭੀਤੀ ਕਹਿਣ ਲੱਗੀ। ਅੱਜ ਰੰਗਰਲੀਆਂ ਕਿਥੇ ਮਨਾ ਕਿ ਆਇਆਂ। ਲੱਗ ਪਿਆ ਕੁੱਟਣ। ਅੱਠ ਨੌਂ ਸਾਲ ਦੀ ਬੇਟੀ ਤਰਲੇ ਕਰਦੀ ਰਹੀ। ਪਾਪਾ ਨਾ ਮਾਰੋ ਮੰਮੀ ਨੂੰ। ਉਹਨੇ ਕੁੜੀ ਦੇ ਮਾਰੀ ਵੱਟ ਕੇ ਚਪੇੜ। ਉਹ ਮਾਰੀ ਖੁਦੋ ਵਾਂਗ ਚੁੱਕ ਕੇ। ਇੰਨਾ ਗੁੱਸੇ 'ਚ ਲਾਲ ਹੋਇਆ ਕਿ ਸਟੋਵ 'ਚੋਂ ਤੇਲ ਆਪਣੀ ਵਹੁਟੀ ਤੇ ਸੁੱਟ ਕੇ ਅੱਗ ਲਾ ਦਿੱਤੀ। ਸ਼ੁਕਰ ਰੱਬ ਦਾ ਛੇ ਮਹੀਨੇ ਹਸਪਤਾਲ ਵਿਚ ਰਹਿ ਕੇ ਬਚ ਤਾਂ ਗਈ ਪਰ ਸ਼ਕਲ ਵਿਚਾਰੀ ਦੀ ਚੁੜੇਲ ਵਰਗੀ ਬਣ ਗਈ। ਹੀਰ ਵਰਗਾ ਚਿਹਰਾ ਸੜ ਕੇ ਸੁਆਹ ਹੀ ਨਹੀਂ ਹੋਇਆ ਸਗੋਂ ਅੱਖਾਂ ਇਉਂ ਡਰਾਉਣੀਆਂ ਬਣ ਗਈਆਂ ਨੇ ਕਿ ਚੁੜੇਲ ਲਗਦੀ ਹੈ। ਅਦਾਲਤ ਵਿਚ ਫਿਰ ਵਿਚਾਰੀ ਨੇ ਇਹ ਬਿਆਨ ਦੇ ਕੇ ਪਤੀ ਬਚਾ ਲਿਆ ਕਿ ਸਟੋਵ ਫਟ ਗਿਆ ਸੀ ਤੇ ਇਹ ਸੁਨੀਤਾ ਰਾਣੀ ਫਿਰ ਵੀ ਉਹਦੇ ਨਾਲ ਹੀ ਰਹਿੰਦੀ ਹੈ। ਅਸਲ ਵਿਚ ਸ਼ਾਹੂਕਾਰ ਵਰਤਮਾਨ ਤਾਂ ਪੈਸੇ ਦੇ ਕੇ ਬਚਾ ਲੈਂਦਾ ਹੈ ਪਰ ਭਵਿੱਖ ਉਜਾੜ ਸੁੱਟਦਾ ਹੈ। ਇਹ ਸਰਵਣ ਕੀ ਕਰ ਰਹੇ ਹਨ? ਫੈਸਲਾ ਤੁਹਾਡੇ ਉਤੇ ਹੈ।

## ਭੂਸ਼ਨ ਧਿਆਨਪੁਰੀ

ਲੱਗ ਗਈਆਂ।

ਭੂਸ਼ਨ ਅਨੁਸਾਰ ਸਾਹਿਤ ਦੇ ਤਿੰਨ ਰੂਪ ਹੁੰਦੇ ਹਨ: ਲੋਕ ਸਾਹਿਤ, ਥੋਕ ਸਾਹਿਤ ਅਤੇ ਮੋਕ ਸਾਹਿਤ। ਚੌਥੀ ਵੰਨਗੀ ਵੀ ਉਸ ਦੱਸੀ ਸੀ, ਉਹ ਹੈ ਸੜਕ ਸਾਹਿਤ। ਭੂਸ਼ਨ ਆਪ ਵੀ ਸੜਕ ਸਾਹਿਤ ਦੀ ਵਧੀਆ ਮਿਸਾਲ ਹੈ। ਕਿਧਰੇ ਕਿਸੇ ਨਾਲ ਸਾਹਿਤ ਬਾਰੇ ਜਾਂ ਸਾਹਿਤ ਵਿਚਲੀ ਮਾਯੂਸੀ ਬਾਰੇ ਗੱਲ ਕਰੋ ਤਾਂ ਭੂਸ਼ਨ ਦਾ ਜ਼ਿਕਰ ਆ ਜਾਂਦਾ ਹੈ। ਭੂਸ਼ਨ ਇਕ ਘਸਿਆ ਸਿੱਕਾ ਹੈ, ਪਰ ਹੈ ਅਸਲੀ। ਖੂਬ ਚਲਦਾ ਹੈ ਕਿਉਂਕਿ ਇਸ ਦੀ ਪਛਾਣ ਗੁੰਮ ਨਹੀਂ ਹੋਈ। ਗੁੰਮ ਸ਼ਬਦ ਤੋਂ ਮੈਨੂੰ ਕਸ਼ਮੀਰ ਸਿੰਘ ਪੰਨੂੰ ਦੀਆਂ 'ਗੁੰਮ ਹੋਈਆਂ ਚਾਬੀਆਂ' ਦੀ ਯਾਦ ਆ ਗਈ ਜਿਸ ਦੀ ਭੂਮਿਕਾ ਭੂਸ਼ਨ ਨੇ ਲਿਖੀ ਹੈ: 'ਸੂਤਰਧਾਰ ਦੀ ਭੂਮਿਕਾ'। ਭੂਸ਼ਨ ਸ਼ਾਇਦ ਆਪਣੇ ਬਾਰੇ ਸੱਚ ਬੋਲਦਾ ਹੈ। ਵੈਸੇ ਵੀ ਉਸ ਬਿਨਾ ਪੰਜਾਬੀ ਸਾਹਿਤ ਦਾ ਮੰਚ ਕਿਵੇਂ ਸਜ ਸਕਦਾ ਸੀ। ਭੂਸ਼ਨ ਕੋਲ ਵਧੀਆ ਸਕੀਮਾਂ ਹਨ, ਜਿਨ੍ਹਾਂ ਵਿਚੋਂ ਇਕ ਲੇਖਕ ਕਾਲੋਨੀ ਦੀ ਸਥਾਪਨਾ ਬਾਰੇ ਹੈ, ਜਿੱਥੇ ਅੰਮ੍ਰਿਤਾ ਪ੍ਰੀਤਮ ਪ੍ਰਿੰਟਿੰਗ ਪ੍ਰੈਸ ਹੋਵੇਗੀ, ਸੇਖੋਂ ਝੱਟਕਾ ਸ਼ਾਪ ਅਤੇ ਬਟਾਲਵੀ ਬਟਨ ਹਾਊਸ। ਇਨ੍ਹਾਂ ਸਕੀਮਾਂ ਵਿਚੋਂ ਇਕ ਹੈ ਮੇਰੇ ਨਾਲ ਰਲ ਕੇ ਸ਼ਿਵ ਕੁਮਾਰ ਬਾਰੇ ਵੱਡੀ ਕਿਤਾਬ ਲਿਖਣ ਦੀ।

ਉਸਦੇ ਬਹੁਤ ਦੋਸਤ ਹਨ, ਪਰ ਉਹ ਆਪ ਉਚੇਚ ਕਰਕੇ ਕਿਸੇ ਦਾ ਦੋਸਤ ਨਹੀਂ ਬਣਿਆ। ਉਸਦੇ ਦੋਸਤਾਂ ਵਿਚ ਸੂਬਾ ਸਿੰਘ ਵੀ ਆਉਂਦਾ ਸੀ : 'ਸ਼ਾਹ ਕਾ ਮੁਸਾਹਿਬ'। ਕਵਿਤਾ ਦੇ ਖਿਲ਼ਾਫ ਹੈ, ਪਰ ਉਸ ਨੂੰ ਪੁੱਛੋ ਕਿ ਜੇਕਰ ਕਵਿਤਾ ਦਾ ਮੌਸਮ ਹੀ ਬੀਤ ਗਿਆ ਹੈ ਤਾਂ ਬਿੰਬਾਂ ਦੀ ਭਾਲ ਦਾ ਕੀ ਅਰਥ? ਪਰ ਬਿੰਬਾਵਲੀ ਬਾਰੇ ਕੋਈ ਅਜਿਹੀ ਨਿਯਮਾਵਲੀ ਉਸ ਅਜੇ ਬਣਾਈ ਨਹੀਂ ਜਾਪਦੀ।

ਭੂਸ਼ਨ ਆਲੋਚਕਾਂ ਦਾ ਬੜਾ ਤੇਜ਼ ਤਰਾਰ ਆਲੋਚਕ ਹੈ ਅਤੇ ਘੁਮਿਆਰ ਵਾਂਗ ਘੜ ਘੜ ਕੇ ਖੋਟ ਕਢਦਾ ਹੈ। ਬੰਸਾਵਲੀ ਅਨੁਸਾਰ ਉਹ ਸ਼ੰਕਰਅਚਾਰੀਆ ਦਾ ਆਧੁਨਿਕ ਵਾਰਸ ਹੈ। 'ਕਵਿਤਾ' ਵਾਲਿਆਂ ਉਸਨੂੰ ਪੰਜਾਬੀ ਸਾਹਿਤ ਦਾ ਮਿਰਾਸੀ ਕਿਹਾ ਸੀ; 'ਸੰਕਲਪ' ਵਾਲਿਆਂ ਬੀਰਬਲ ਦੀ ਉਪਾਧੀ ਦਿੱਤੀ ਸੀ, 'ਨਾਗਮਣੀ' ਅਤੇ 'ਲਕੀਰ' ਨੇ ਅਸ਼ਟਵੱਕਰ ਦੀ। ਸ਼ਾਇਦ ਕੱਲ੍ਹ ਨੂੰ ਕੋਈ ਨਾਰਦਮੁਨੀ ਵੀ ਕਹਿ ਦੇਵੇ ਕਿਉਂਕਿ ਭੂਸ਼ਨ ਕਿਸੇ ਦਾ ਸੱਕਾ ਨਹੀਂ, ਆਪਣੀ ਕਲਮ ਤੋਂ ਸਿਵਾ। ਸੁਰਜੀਤ ਪਾਤਰ ਅਨੁਸਾਰ ਸਿਗਰਟ ਉਸਦੀ ਛੇਵੀਂ ਧੁਖਦੀ ਉਂਗਲ ਹੈ, ਜਿਸ ਨਾਲੋਂ ਉਹ ਉੱਤਲੀ ਮੰਜ਼ਲ ਦਾ ਵਿਅੰਗ ਕਵਿਤਾਵਾਂ ਵਾਂਗ ਝਾੜਦਾ ਹੈ। ਨੀਚੇ ਰਹਿਣ ਵਾਲਿਆਂ ਦੇ ਭਾਵੇਂ ਇਹ ਸਿਰ 'ਤੇ ਪਵੇ ਜਾਂ ਮੂੰਹ ਤੇ। ਉਸ ਕੋਲ ਸਾਈਕਲ ਨਹੀਂ ਹੈ, ਪੈਰ ਹਨ, ਦੱਖ ਨਹੀਂ ਹੈ, ਰਾਜਕਪੂਰੀ ਜੋਕਰ ਵਾਲੀ ਨਿਰਾਸ਼ਾ ਹੈ, ਚੁੱਪ ਨਹੀਂ ਮਜ਼ਾਕ ਹੈ। ਭੁੱਖ ਨਹੀਂ ਭੁੱਖ ਦਾ ਸਰਾਪ ਹੈ। ਉਹਦਾ ਬੱਚਾ ਸੌਂਦਾ ਨਹੀਂ ਤਾਂ ਉਹ ਲੋਰੀ ਘੜ ਲੈਂਦਾ ਹੈ, ਜਿਸ ਨਾਲ ਉਹ ਬੁੱਢਿਆਂ ਠੇਰਿਆਂ ਦੀ ਨੀਂਦਰ ਹਰਾਮ ਕਰ ਦਿੰਦਾ ਹੈ। ਇਸੇ ਲੋਰੀ ਨਾਲ ਹੀ ਉਹ ਆਜ਼ਾਦੀ ਦੇ ਨਕਸ਼ ਤਰਾਸ਼ਦਾ ਹੈ ਅਤੇ ਆਜ਼ਾਦੀ ਦੀ ਤ੍ਰਾਸਦੀ ਵੀ। ਆਜ਼ਾਦੀ ਦੇ ਅਰਥ ਉਸ ਘੋੜੇ ਤੋਂ ਪੁੱਛੋ ਜਿਸ ਦੇ ਮੂੰਹ ਵਿਚ ਲਗਾਮ ਹੈ।

ਭੂਸ਼ਨ ਇਕ ਸਿਗਰਟ ਹੈ ਅਤੇ ਉਸ ਦਾ ਧੂੰਆਂ ਵੀ। ਜਨਵਰੀ 1973 ਦਾ ਠੰਢਾ ਅਲਸਾਇਆ ਐਤਵਾਰ ਦਾ ਦਿਨ, ਬਾਈ ਸੈਕਟਰ, ਚੰਡੀਗੜ੍ਹ। ਭੂਸ਼ਨ, ਮੈਂ ਅਤੇ ਗੁਰਦਿਆਲ ਪੰਜਾਬੀ ਦੇਸੀ ਸ਼ਰਾਬ ਦੇ ਠੇਕੇ ਕੋਲ ਖਲੋਤੇ ਸਲਾਹ ਕਰ ਰਹੇ ਸਾਂ ਕਿ ਕਿੱਧਰ ਚਲ ਕੇ ਬੈਠੀਏ। ਭੂਸ਼ਨ ਦੇ ਕੋਟ ਦੀ ਓਟ ਵਿਚ ਪੂਰੀ ਬੋਤਲ ਸੀ ਕਿ ਅਚਾਨਕ ਰੋਡ ਭੋਡ ਹੋਇਆ ਸ਼ਿਵ ਕੁਮਾਰ ਕਿੱਧਰਿਓਂ ਨਿਕਲ ਆਇਆ। ਉਸ ਨੇ ਭੂਸ਼ਨ ਨੂੰ ਬੋਤਲ ਛੁਪਾਉਂਦਿਆਂ ਵੇਖ ਲਿਆ ਸੀ। ਕਹਿਣ ਲੱਗਾ, 'ਓਏ ਬਾਹਮਣਾਂ! ਤੂੰ ਵੀ ਇਹ ਕੰਮ ਕਰ ਦਿੱਤਾ?'' ਅਤੇ ਫਿਰ ਆਪਣੇ ਮੁੰਨੇ ਹੋਏ ਸਿਰ ਨੂੰ ਖੁਰਕਦਾ ਸੋਚਣ ਲੱਗਾ। ਦੋ ਸਾਹ ਲੈਣ ਬਾਅਦ ਬੋਲਿਆ, 'ਯਾਰ ਮੇਰੇ ਖਿਆਲ ਵਿਚ ਐਥੇ ਘਾਹ ਤੇ ਹੀ ਬੈਠ ਜਾਈਏ, ਮੈਂ ਕਿਤਿਓਂ ਗਲਾਸ ਦਾ ਇੰਤਜ਼ਾਮ ਕਰਦਾ ਹਾਂ। ਉਹ ਆਪਣੇ ਘੜੀਆਂ ਵਾਲੇ ਯਾਰ ਦੀ ਦੁਕਾਨ ਹੈ, ਪਰ ਅੱਜ ਤਾਂ ਐਤਵਾਰ ਹੈ''। ਸ਼ਿਵ ਕੁਮਾਰ ਬਹੁਤ ਕਮਜ਼ੋਰ ਹੋ ਗਿਆ ਸੀ। ਉਸ ਦੇ ਗਲੇ ਦੀ ਨਾੜ ਤੇਜ਼ ਤੇਜ਼ ਫੜਕ ਰਹੀ ਸੀ। ਉਸ ਲਈ ਸ਼ਰਾਬ ਘਾਤਕ ਸਿੱਧ ਹੋ ਸਕਦੀ ਸੀ। ਅਸੀਂ ਬੁਰੀ ਤਰ੍ਹਾਂ ਫਸ ਗਏ ਸਾਂ। ਖ਼ੈਰ...

ਖ਼ੈਰ ਗੱਲ ਚੱਲੀ ਸੀ ਸ਼ਬਦ 'ਬਾਹਮਣ' ਤੋਂ ਜਿਹੜਾ ਕਦੇ ਭੂਸ਼ਨ ਲਈ ਸ਼ਿਵ ਕੁਮਾਰ ਵਰਤਦਾ ਹੁੰਦਾ ਸੀ। ਅੱਜ ਥੁਹੜੀ ਜਿਹੀ ਸੁਖਾਵੀਂ ਤਬਦੀਲੀ ਨਾਲ ਲਿਖਾਰੀ ਦੋਸਤ ਭੂਸ਼ਨ ਲਈ 'ਪੰਡਿਤ' ਸ਼ਬਦ ਵਰਤਦੇ ਹਨ। ਅੰਮ੍ਰਿਤਾ ਪ੍ਰੀਤਮ ਦੀ ਨਜ਼ਰ ਵਿਚ ਭੂਸ਼ਨ ਇਕ ਡੂੰਘਾ ਚਿੰਤਕ ਅਤੇ ਤਿੱਖਾ ਵਿਅੰਗਕਾਰ ਹੈ। ਪਰ, ਮੈਂ ਸਿਰਫ਼ ਇਹੀ ਆਖਾਂਗਾ ਕਿ ਉਹ ਪੰਜਾਬੀ ਸਾਹਿਤ ਦਾ ਭੂਸ਼ਨ ਹੈ ਜਿਹੜਾ ਪਤਾ ਨਹੀਂ ਕਦੋਂ ਤੋਂ ਹਾਲਤ ਦੇ ਗਹਿਣੇ ਪਿਆ ਹੋਇਆ ਹੈ!

NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

# ਬਲਿਊ ਸਟਾਰ ਪਿਛੋਂ ਪਾਕਿਸਤਾਨੋਂ ਪਰਤਿਆ ਜਥਾ

## ਖਾਲਸਾ ਪੰਥ

ਕੁਲਵੰਤ ਸਿੰਘ

ਗੁਰਦੁਆਰਾ ਡੇਰਾ ਸਾਹਿਬ ਲਾਹੌਰ ਵਿਖੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ 3 ਜੂਨ 1984 ਨੂੰ ਮਨਾਉਣ ਉਪਰੰਤ ਰੇਲਵੇ ਸਟੇਸ਼ਨ ਬਦਾਮੀ ਬਾਗ ਤੋਂ 4 ਜੂਨ ਦੀ ਸਵੇਰ ਨੂੰ 7:50 ਵਜੇ ਲਗਭਗ 800 ਯਾਤਰੀ, ਸਪੈਸ਼ਲ ਟਰੇਨ ਰਾਹੀਂ ਲਾਹੌਰ ਸਟੇਸ਼ਨ ਲਈ ਚੱਲੇ। 8 ਵਜੇ ਲਾਹੌਰ ਰੇਲਵੇ ਸਟੇਸ਼ਨ 'ਤੇ ਪੁੱਜ ਕੇ ਯਾਤਰੀਆਂ ਨੇ ਇਮੀਗ੍ਰੇਸ਼ਨ ਕਰਵਾਈ। ਯਾਤਰੀਆਂ ਦਾ ਸਾਮਾਨ ਗੱਡੀ ਵਿਚੋਂ ਉਤਾਰਨ ਤੋਂ ਬਿਨਾਂ ਹੀ ਕਸਟਮ ਅਧਿਕਾਰੀਆਂ ਨੇ ਚੈਕਿੰਗ ਕੀਤੀ। 10 ਵਜੇ ਤੀਕ ਯਾਤਰੀ ਗੱਡੀ ਵਿਚ ਆਪਣੀਆਂ ਸੀਟਾਂ 'ਤੇ ਬੈਠ ਚੁੱਕੇ ਸਨ। ਪਰ ਗੱਡੀ ਸਿਗਨਲ ਨਾ ਮਿਲਣ ਕਾਰਨ ਚੱਲ ਨਹੀਂ ਸੀ ਰਹੀ। 15-20 ਮਿੰਟ ਉਡੀਕ ਕਰਨ ਪਿੱਛੋਂ ਅਸਾਂ ਵਕਫ ਬੋਰਡ ਦੇ ਅਧਿਕਾਰੀਆਂ ਤੋਂ ਦੇਰੀ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਅਟਾਰੀ ਰੇਲਵੇ ਸਟੇਸ਼ਨ ਨਾਲ ਸੰਪਰਕ ਨਹੀਂ ਹੋ ਰਿਹਾ, ਭਾਰਤ ਤੋਂ ਕਲੀਅਰੈਂਸ ਦੀ ਉਡੀਕ ਹੈ। ਸਾਡੇ ਦਸ ਵਜੇ ਅਸੀਂ ਰੇਲਵੇ ਕੰਟਰੋਲ ਰੂਮ ਵਿਚ ਗਏ। ਮੇਰੇ ਨਾਲ ਪਾਰਟੀ ਲੀਡਰ, ਵਕਫ ਬੋਰਡ ਦੇ ਅਧਿਕਾਰੀ ਅਤੇ ਇਮਗੀਰੇਸ਼ਨ ਇੰਚਾਰਜ ਸਨ। ਇਸ ਦੌਰਾਨ ਪਾਕਿਸਤਾਨ ਸਥਿਤ ਭਾਰਤੀ ਅੰਬੈਸੀ ਦਾ ਫਸਟ ਸਕੱਤਰ ਅਤੇ ਕੁਝ ਹੋਰ ਅਮਲਾ ਜੋ ਸਾਡੇ ਨਾਲ ਸਨ, ਵਿਚੋਂ ਇਕ ਅਧਿਕਾਰੀ ਸੜਕ ਰਸਤੇ ਵਾਹਗਾ ਬਾਰਡਰ ਤੋਂ ਹੋ ਕੇ ਆਇਆ। ਉਸ ਨੇ ਦੱਸਿਆ ਕਿ ਪੰਜਾਬ ਵਿਚ ਫੌਜ ਨੇ ਸਾਰਾ ਪ੍ਰਬੰਧ ਸੰਭਾਲਿਆ ਹੋਇਆ ਹੈ ਅਤੇ ਸਮੁੱਚੇ ਪੰਜਾਬ ਵਿਚ ਕਰਫਿਊ ਲੱਗਾ ਹੋਇਆ ਹੈ। ਸਰਹੱਦ ਸੀਲ ਕੀਤੀ ਹੋਈ ਹੈ। ਕੋਈ ਭਾਰਤੀ ਅਧਿਕਾਰੀ ਉਨ੍ਹਾਂ ਨੂੰ ਮਿਲਣ ਨਹੀਂ ਆਇਆ। ਇਹ ਗੱਲ ਸੁਣ ਕੇ ਕਈ ਨੌਜਵਾਨ ਮਿਸਟਰ ਨਈਅਰ, ਫਸਟ ਸੈਕਟਰੀ, ਦੇ ਗਲ਼ ਪੈਣ ਤੀਕ ਗਏ। ਬੜੀ ਮੁਸ਼ਕਲ ਨਾਲ ਅਸਾਂ ਕੰਟਰੋਲ ਕੀਤਾ ਅਤੇ ਉਸ ਨੂੰ ਖਿਚ-ਧੂਹ ਤੋਂ ਬਚਾਇਆ। ਸਾਰੇ ਜਥੇ ਵਿਚ ਮਾਯੂਸੀ ਛਾਈ ਹੋਈ ਸੀ। ਫਿਰ ਪਾਕਿਸਤਾਨੀ ਅਧਿਕਾਰੀਆਂ ਨੇ ਫੈਸਲਾ ਲਿਆ ਕਿ ਜਥੇ ਨੂੰ ਵਾਪਸ ਗੁਰਦੁਆਰਾ ਡੇਰਾ ਸਾਹਿਬ ਭੇਜ ਦਿੱਤਾ ਜਾਵੇ।

ਸਥਿਤੀ ਨੂੰ ਭਾਂਪਦਿਆਂ ਮੈਂ ਲੰਗਰ ਨਾਲ ਸਬੰਧਤ ਸਟਾਫ ਨੂੰ ਲੰਗਰ ਤਿਆਰ ਕਰਨ ਲਈ ਟਾਂਗਿਆਂ 'ਤੇ ਗੁਰਦੁਆਰਾ ਡੇਰਾ ਸਾਹਿਬ ਲਈ ਤੋਰ ਦਿੱਤਾ। ਚਾਰ ਵਜੇ ਦੇ ਕਰੀਬ ਐਡੀਸ਼ਨਲ ਡਿਪਟੀ ਕਮਿਸ਼ਨਰ ਲਾਹੌਰ ਨੇ ਆ ਕੇ ਕਿਹਾ ਕਿ ਭਾਰਤ ਸਰਕਾਰ ਦੀ ਬੇਨਤੀ 'ਤੇ ਅਸੀਂ ਤੁਹਾਡਾ ਦੋ ਦਿਨਾਂ ਲਈ ਵੀਜ਼ਾ ਵਧਾ ਦਿੱਤਾ ਹੈ। ਯਾਤਰੀਆਂ ਨੂੰ ਜਦੋਂ ਇਹ ਪਤਾ ਲੱਗਾ ਕਿ ਗੱਡੀ ਭਾਰਤ ਜਾਣ ਦੀ ਬਜਾਏ ਰੇਲਵੇ ਸਟੇਸ਼ਨ ਬਦਾਮੀ ਬਾਗ ਲਈ ਚੱਲਣ ਲੱਗੀ ਹੈ ਤਾਂ ਕੁਝ ਜਜ਼ਬਾਤੀ ਨੌਜਵਾਨ ਰੇਲ ਦੀ ਪਟੜੀ 'ਤੇ ਲੰਮੇ ਪੈ ਗਏ, ਮੰਗ ਕੀਤੀ ਕਿ ਗੱਡੀ ਅਟਾਰੀ ਵਲ ਤੋਰੀ ਜਾਵੇ। ਮੇਰੇ ਨਾਲ ਪਾਰਟੀ ਲੀਡਰ ਸ. ਗੁਰਦੇਵ ਸਿੰਘ ਸ਼ਾਂਤ ਉਨ੍ਹਾਂ ਪਾਸ ਗਏ ਤੇ ਸਮਝਾਉਣ ਦਾ ਯਤਨ ਕੀਤਾ, ਪਰ ਮੁੰਡੇ ਸਾਡੀ ਗੱਲ ਮੰਨਣ ਦੀ ਥਾਂ ਹੋਰ ਗਰਮ ਹੋ ਗਏ। ਸਾਡੇ ਪਾਸ ਡਿਊਟੀ ਮੈਜਿਸਟਰੇਟ ਪੁਲਿਸ ਅਧਿਕਾਰੀਆਂ ਸਮੇਤ ਖੜ੍ਹਾ ਸੀ। ਉਸ ਨੇ ਸਾਨੂੰ ਕਿਹਾ ਕਿ ਸਰਦਾਰ ਜੀ, ਤੁਸੀਂ ਹੁਣ ਪਿੱਛੇ ਹਟ ਜਾਓ, ਮੈਂ ਇਨ੍ਹਾਂ ਨਾਲ ਗੱਲ ਕਰਦਾ ਹਾਂ। ਸਾਡੇ ਪਿੱਛੇ ਹੱਟਣ 'ਤੇ ਉਸ ਨੇ ਨੌਜਵਾਨਾਂ ਨੂੰ ਕਿਹਾ ਕਿ ਤੁਸੀਂ ਇਸ ਸਮੇਂ ਸਾਡੇ ਮਹਿਮਾਨ ਹੋ, ਇਸ ਲਈ ਮੇਰੀ ਬੇਨਤੀ ਮੰਨ ਕੇ ਪਟੜੀ ਖਾਲੀ ਕਰ ਦਿਓ। ਨਰਮੀ ਦਾ ਅਸਰ ਨਾ ਹੋਇਆ। ਉਸ ਨੇ ਦੁਬਾਰਾ ਕਿਹਾ ਕਿ ਪਾਕਿਸਤਾਨ ਵਿਚ ਜਨਾਬ ਜਨਰਲ ਮੁਹੰਮਦ ਜ਼ਿਆ-ਉਲ-ਹੱਕ ਦਾ ਕਾਨੂੰਨ ਲਾਗੂ ਹੈ। ਜੇਕਰ ਤੁਸੀਂ ਤਿੰਨ ਮਿੰਟ ਦੇ ਅੰਦਰ-ਅੰਦਰ ਪਟੜੀ ਤੋਂ ਨਾ ਉੱਠੇ ਤਾਂ ਮੈਂ ਪੁਲਿਸ ਨੂੰ ਹੁਕਮ ਦੇ ਦਿਆਂਗਾ ਕਿ ਤੁਹਾਡੇ ਨਾਲ ਵੀ ਉਹੀ ਸਲੂਕ ਕਰਨ ਜੋ ਇਸ ਸਮੇਂ ਪਾਕਿਸਤਾਨੀ ਸ਼ਹਿਰੀਆਂ ਨਾਲ ਕਰਦੇ ਹਨ। ਇਹ ਗੱਲ ਕਹਿਣ ਦੀ ਦੇਰ ਸੀ ਕਿ ਇਕ ਮਿੰਟ ਤੋਂ ਵੀ ਪਹਿਲਾਂ ਪਟੜੀ ਖਾਲੀ ਹੋ ਗਈ। ਸਾਢੇ ਕੁ ਬਾਰਾਂ ਵਜੇ ਗੱਡੀ ਵਾਪਸ ਬਦਾਮੀ ਬਾਗ ਲਈ ਚੱਲ ਪਈ।



ਗੁਰਦੁਆਰਾ ਸਾਹਿਬ ਵਿਖੇ ਪਹੁੰਚਣ 'ਤੇ ਆਰਥਿਕ ਸਮੱਸਿਆ ਖੜ੍ਹੀ ਹੋ ਗਈ। ਯਾਤਰੀ ਆਪਣੇ ਬੱਚਿਆਂ ਦੇ ਖਰਚੇ ਲਈ ਰਕਮ ਚਾਹੁੰਦੇ ਸਨ। ਜਥੇ ਦਾ ਜਨਰਲ ਪ੍ਰਬੰਧਕ ਹੋਣ ਕਰਕੇ ਸਾਰਾ ਘੇਰਾ ਮੇਰੇ ਦੁਆਲੇ ਸੀ। ਇਸੇ ਕਰਕੇ ਮੈਂ ਅੰਬੈਸੀ ਦੇ ਅਧਿਕਾਰੀਆਂ ਨੂੰ ਕਿਹਾ ਕਿ ਪਾਸਪੋਰਟਾਂ ਦੀ ਗਰੰਟੀ 'ਤੇ ਘੱਟੋ-ਘੱਟ ਸੌ-ਸੌ ਰੁਪਏ ਦੇ ਦੇਣ। ਪਰ ਉਹ ਅਜਿਹਾ ਕਰਨ ਦੀ ਸਾਰੀ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ 'ਤੇ ਸੁੱਟ ਕੇ ਕਰਜ਼ ਦੇ ਰੂਪ ਵਿਚ ਸ਼੍ਰੋਮਣੀ ਕਮੇਟੀ ਨੂੰ ਰਕਮ ਦੇਣ ਲਈ ਤਿਆਰ ਸਨ। ਚੂੰਕਿ ਸਾਰੇ ਭਾਰਤ ਵਿਚੋਂ ਆਏ ਯਾਤਰੂਆਂ ਤੋਂ ਸਾਨੂੰ ਰਕਮ ਵਾਪਸ ਮਿਲਣੀ ਮੁਸ਼ਕਲ ਸੀ, ਇਸ ਲਈ ਸਾਡਾ ਜ਼ੋਰ ਯਾਤਰੀਆਂ ਨੂੰ ਸਿੱਧੇ ਤੌਰ 'ਤੇ ਅੰਬੈਸੀ ਵਲੋਂ ਰਕਮ ਦੇਣ 'ਤੇ ਸੀ ਪਰ ਗੱਲ ਕਿਸੇ ਪਾਸੇ ਨਾ ਲੱਗੀ।

ਪਾਰਟੀ ਲੀਡਰ ਨੂੰ ਨਾਲ ਲੈ ਕੇ ਮੈਂ ਅਤੇ ਪ੍ਰਿੰਸੀਪਲ ਪ੍ਰਕਾਸ਼ ਸਿੰਘ ਏਅਰ ਇੰਡੀਆ ਦੇ ਦਫਤਰ ਫਸਟ ਸੈਕਟਰੀ ਮਿਸਟਰ ਨਈਅਰ ਕੋਲ ਗਏ, ਜਿਥੇ ਇਸਲਾਮਾਬਾਦ ਤੋਂ ਹੋਰ ਜ਼ਿੰਮੇਵਾਰ ਅਧਿਕਾਰੀ ਵੀ ਆ ਗਏ ਸਨ। ਅਸਾਂ ਕਿਹਾ ਕਿ ਸਾਨੂੰ ਹੰਗਾਮੀ ਹਾਲਤ ਵਿਚ ਮਿੱਥੇ ਸਮੇਂ ਤੋਂ ਵਾਧੂ ਰੋਕਿਆ ਗਿਆ ਹੈ, ਇਸ ਲਈ ਵਾਧੂ ਸਮਾਂ ਰੁਕਣ ਤੀਕ ਸਾਡਾ ਲੰਗਰ ਆਦਿ ਦਾ ਖਰਚ ਵੀ ਤੁਹਾਨੂੰ ਕਰਨਾ ਚਾਹੀਦਾ ਹੈ। ਪਰ ਉਹ ਇਕ ਹੀ ਗੱਲ ਕਹਿੰਦੇ ਸਨ ਕਿ ਅਸੀਂ ਕਰਜ਼ ਤਾਂ ਦੇਵਾਂਗੇ, ਪਰ ਸਾਢੇ ਤਿੰਨ ਹਜ਼ਾਰ ਰੁਪਏ ਪ੍ਰਤੀ ਦਿਨ ਦਾ ਰਾਸ਼ਨ ਦੇਣ ਲਈ ਤਿਆਰ ਨਹੀ ਹਾਂ। ਅਸੀਂ ਉਨ੍ਹਾਂ ਨੂੰ ਕਿਹਾ ਕਿ ਰਕਮ ਭਾਵੇਂ ਇਸ ਤੋਂ ਵੀ ਘੱਟ ਖਰਚ ਹੋਵੇ, ਪਰ ਲੰਗਰ ਦਾ ਸਾਰਾ ਰਾਸ਼ਨ ਹੀ ਖਰੀਦ ਦੇਣ। ਅੰਬੈਸੀ ਦੇ ਅਧਿਕਾਰੀ ਇਹ ਗੱਲ ਮੰਨਣ ਲਈ ਤਿਆਰ ਨਹੀਂ ਸਨ। ਦੂਜੇ ਪਾਸੇ ਪਾਕਿਸਾਤਨ ਟੀ.ਵੀ. ਅਤੇ ਰੇਡੀਓ ਪ੍ਰਸਾਰਨਾਂ ਤੋਂ ਇਹ ਪਤਾ ਲੱਗ ਗਿਆ ਸੀ ਕਿ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਫੌਜ ਵਲੋਂ ਹਮਲਾ ਕੀਤਾ ਗਿਆ ਹੈ।

ਸੰਗਤਾਂ ਦੇ ਮਨ ਇਹ ਸੁਣ ਕੇ ਅਤਿਅੰਤ ਦੁਖੀ ਸਨ। ਸ਼ਾਮ ਨੂੰ ਸੱਤ ਵਜੇ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਨੂੰ ਇਕੱਠੇ ਕਰਕੇ ਸਾਰੇ ਹਾਲਾਤ 'ਤੇ ਵਿਚਾਰ ਕਰਨ ਲਈ ਦੀਵਾਨ ਸਜਾਇਆ ਗਿਆ, ਜਿਸ ਵਿਚ ਭਾਰਤੀ ਅੰਬੈਸੀ ਦੇ ਅਤੇ ਵਕਫ ਬੋਰਡ ਦੇ ਉੱਚ ਅਧਿਕਾਰੀ ਹਾਜ਼ਰ ਸਨ। ਸ. ਗੁਰਦੇਵ ਸਿੰਘ ਸ਼ਾਂਤ ਵਲੋਂ ਸੰਗਤਾਂ ਨੂੰ ਸਥਿਤੀ ਤੋਂ ਜਾਣੂ ਕਰਾ ਕੇ ਦੁਖਦਾਈ ਘੜੀ ਵਿਚ ਸੰਜਮ 'ਚ ਰਹਿਣ ਅਤੇ ਪ੍ਰਬੰਧਕਾਂ ਨੂੰ ਮਿਲਵਰਤਨ ਕਰਨ ਦੀ ਅਪੀਲ ਕੀਤੀ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਫੌਜੀ ਹਮਲੇ ਕਰਕੇ ਸਾਰਿਆਂ ਦੇ ਦੁਖੀ ਹਿਰਦੇ ਪੀੜਤ ਤੇ ਵਲੂੰਧਰੇ ਹੋਏ ਸਨ ਅਤੇ ਅੰਬੈਸੀ ਦੇ ਅਧਿਕਾਰੀਆਂ ਦਾ ਰਵੱਈਆ ਵੇਖ ਕੇ ਭਾਰਤ ਸਰਕਾਰ ਵਿਰੁਧ ਨਫਰਤ ਦਾ ਮਾਹੌਲ ਬਣ ਗਿਆ ਸੀ। ਇਸ ਲਈ ਪਾਰਟੀ ਲੀਡਰ ਅਤੇ ਜਥੇ ਵਿਚ ਸ਼ਾਮਲ ਪਤਵੰਤਿਆਂ ਨਾਲ ਮਸ਼ਵਰਾ ਕਰਨ ਪਿੱਛੋਂ ਮੈਂ ਇਹ ਗੱਲ ਸੰਗਤ ਵਿਚ ਕਹੀ ਕਿ ਰੋਸ ਵਜੋਂ ਅਸੀਂ ਭਾਰਤ ਸਰਕਾਰ ਦੀ ਲੰਗਰ ਦੀ ਸਹਾਇਤਾ ਨਹੀਂ ਲਵਾਂਗੇ ਅਤੇ ਨਾ ਹੀ ਪਾਕਿਸਤਾਨ ਸਰਕਾਰ ਪਾਸੋਂ ਮੰਗ ਕਰਾਂਗੇ। ਲੰਗਰ ਦਾ ਪ੍ਰਬੰਧ ਆਪਣੇ ਅਸਰ-ਰਸੂਖ ਦੀ ਵਰਤੋਂ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਕੀਤਾ ਜਾਵੇਗਾ। ਚੂੰਕਿ ਸੰਗਤਾਂ ਦੀ ਮੰਗ ਸੀ ਕਿ ਉਹ ਕਿਸੇ ਹਾਲਤ ਵਿਚ ਵੀ ਵਾਪਸ ਆਪਣੇ ਪਰਿਵਾਰਾਂ ਵਿਚ ਜਾ ਕੇ ਮੁਸੀਬਤ ਦਾ ਟਾਕਰਾ ਰਲ਼-ਮਿਲ ਕੇ ਕਰਨ ਦੇ ਖਾਹਿਸ਼ਮੰਦ ਹਨ, ਇਸ ਲਈ ਜਥੇ ਦਾ ਵੀਜ਼ਾ ਐਕਸਟੈਂਡ ਕਰਨ 'ਤੇ ਪਾਕਿਸਤਾਨ ਸਰਕਾਰ ਖਿਲਾਫ ਵੀ ਰੋਸ ਸੀ। ਇਸ ਦੌਰਾਨ ਵਕਫ ਬੋਰਡ ਦੇ ਡਿਪਟੀ ਐਡਮਨਿਸਟਰੇਟਰ ਮੌਲਵੀ ਮਹਿਮੂਦ ਉਲ ਹਸਨ ਨੇ ਕਿਹਾ ਕਿ ਉਸ ਨੂੰ ਡੀ.ਸੀ. ਲਾਹੌਰ ਵਲੋਂ ਸਿੱਖ ਭਰਾਵਾਂ ਨੂੰ ਅਪੀਲ ਕਰਨ ਲਈ ਹੁਕਮ ਹੋਇਆ ਹੈ। ਲਾਹੌਰ ਸ਼ਹਿਰ ਦੇ ਮੇਅਰ ਨੇ ਸ਼ਹਿਰੀਆਂ ਵਲੋਂ ਇਸ ਔਖੀ ਘੜੀ ਵਿਚ ਹਮਦਰਦੀ ਦਾ ਸੁਨੇਹਾ ਭੇਜਿਆ ਹੈ ਅਤੇ ਗੁਜ਼ਾਰਿਸ਼ ਕੀਤੀ ਹੈ ਕਿ ਸਿੱਖ ਭਰਾ ਸਾਡੇ ਮਹਿਮਾਨ ਹਨ ਅਤੇ ਜਿੰਨਾ ਚਿਰ ਇਥੇ ਠਹਿਰਨਗੇ, ਅਸੀਂ ਆਪਣੇ ਮਹਿਮਾਨਾਂ ਦੇ ਖਾਣ-ਪੀਣ ਦਾ ਪ੍ਰਬੰਧ ਕਰਾਂਗੇ। ਇਸ ਵਿਚ ਸਰਕਾਰ ਦੀ ਕੋਈ ਦਖ਼ਲਅੰਦਾਜ਼ੀ ਨਹੀਂ ਹੋਵੇਗੀ। ਪਾਰਟੀ ਲੀਡਰ ਦੀ ਸਲਾਹ ਨਾਲ ਮੈਂ ਉੱਤਰ ਦਿੱਤਾ ਕਿ ਸ਼ਹਿਰ ਵਾਸੀਆਂ ਵਲੋਂ ਵਿਖਾਈ ਹਮਦਰਦੀ ਅਤੇ ਲੰਗਰ ਦੀ ਪੇਸ਼ਕਸ਼ ਲਈ ਅਸੀਂ ਧੰਨਵਾਦ ਕਰਦੇ ਹਾਂ ਤੇ ਇਹ ਪੇਸ਼ਕਸ਼ ਪ੍ਰਵਾਨ ਵੀ ਕਰਦੇ ਹਾਂ। ਮੈਂ ਨਾਲ ਹੀ ਕਹਿ ਦਿੱਤਾ ਕਿ ਹਾਲ ਦੀ ਘੜੀ ਅਸੀਂ ਕੰਮ ਚਲਾ ਰਹੇ ਹਾਂ, ਲੋੜ ਪੈਣ 'ਤੇ ਸ਼ਹਿਰ ਨਿਵਾਸੀ ਭਰਾਵਾਂ ਦੀਆਂ ਸੇਵਾਵਾਂ ਪ੍ਰਾਪਤ ਕਰ ਲਈਆਂ ਜਾਣਗੀਆਂ। ਦੀਵਾਨ ਵਿਚ ਹਾਜ਼ਰ ਭਾਰਤੀ ਸਫਾਰਤਖ਼ਾਨੇ ਦੇ ਅਧਿਕਾਰੀਆਂ ਨੇ ਆਪਣੀ ਬੇਇੱਜ਼ਤੀ ਮਹਿਸੂਸ ਕੀਤੀ ਅਤੇ ਕਿਹਾ ਕਿ ਉਹ ਸਾਡੀ ਗੱਲ ਭਾਰਤੀ ਰਾਜਦੂਤ ਨਾਲ ਕਰਵਾ ਦੇਣਗੇ, ਕਿਉਂਕਿ ਉਹ ਆਪ ਕੋਈ ਫ਼ੈਸਲਾ ਨਹੀਂ ਲੈ ਸਕਦੇ।

***ਗੱਡੀ ਅਟਾਰੀ ਰੇਲਵੇ ਸਟੇਸ਼ਨ ਤੋਂ ਚੱਲੀ ਤਾਂ ਥੋੜ੍ਹੀ ਰਫ਼ਤਾਰ ਨਾਲ ਚੱਲਦੀ ਹੋਈ ਇਕ ਘੰਟੇ ਪਿੱਛੋਂ ਅੰਮ੍ਰਿਤਸਰ ਵਿਚ ਦਾਖਲ ਹੋਈ। ਰਸਤੇ ਵਿਚ ਅਤੇ ਸ਼ਹਿਰ ਵਿਚ ਬਿਲਕੁਲ ਸੁੰਨਸਾਨ ਮਾਹੌਲ ਸੀ, ਜਿਵੇਂ ਇਥੋਂ ਆਬਾਦੀ ਖ਼ਤਮ ਹੋ ਗਈ ਹੋਵੇ। ਅਸੀਂ ਉਸ ਸਮੇਂ ਕਾਫੀ ਹੈਰਾਨ ਸਾਂ, ਜਦੋਂ ਗੱਡੀ ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਪੁੱਜ ਕੇ ਤੇਜ਼ ਰਫ਼ਤਾਰ ਹੋ ਗਈ। ਪਲੇਟਫਾਰਮ 'ਤੇ ਫੌਜੀ ਇਸ ਤਰ੍ਹਾਂ ਰਾਈਫਲਾਂ ਦੇ ਮੂੰਹ ਗੱਡੀ ਵਲ ਕਰ ਕੇ ਖੜ੍ਹੇ ਸਨ, ਜਿਵੇਂ ਕੋਈ ਯਾਤਰੀ ਗੱਡੀ ਵਿਚੋਂ ਉਤਰੇ ਤਾਂ ਸੂਟ ਕਰ ਦਿੱਤਾ ਜਾਵੇਗਾ। ਸ਼ਹਿਰ ਤੋਂ ਬਾਹਰ ਜਾ ਕੇ ਗੱਡੀ ਦੀ ਚਾਲ ਕੁਝ ਮੱਧਮ ਹੋਈ ਅਤੇ ਇਸੇ ਤਰ੍ਹਾਂ ਬਿਨਾਂ ਕਿਤੇ ਰੁਕਣ ਦੇ ਲਗਾਤਾਰ ਅੱਠ ਘੰਟਿਆਂ ਵਿਚ ਅੰਬਾਲਾ ਕੈਂਟ ਰੇਲਵੇ ਸਟੇਸ਼ਨ 'ਤੇ ਰੁਕੀ। ਸਾਰਾ ਰਸਤਾ ਕਿਸੇ ਆਬਾਦੀ ਵਿਚ ਲਾਈਟ ਨਹੀਂ ਨਜ਼ਰ ਆਈ। ਹਰਿਆਣਾ ਪ੍ਰਾਂਤ ਵਿਚ ਗੱਡੀ ਦਾਖਲ ਹੋਈ ਤਾਂ ਜ਼ਿੰਦਗੀ ਦੇ ਆਸਾਰ ਨਜ਼ਰ ਆਏ।***

ਸ. ਗੁਰਦੇਵ ਸਿੰਘ ਸ਼ਾਂਤ ਸਾਡੇ ਪਾਰਟੀ ਲੀਡਰ ਸਨ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਵੀ ਸਨ। ਉਹ ਮੈਨੂੰ ਤੇ ਪ੍ਰਿੰਸੀਪਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਸ. ਪ੍ਰਕਾਸ਼ ਸਿੰਘ ਨੂੰ ਲੈ ਕੇ ਫਸਟ ਸੈਕਟਰੀ ਨਾਲ ਇੰਡੀਅਨ ਏਅਰ ਲਾਈਨਜ਼ ਦੇ ਦਫ਼ਤਰ ਵਿਚ ਗਏ। ਉਥੋਂ ਪਤਾ ਲੱਗਾ ਕਿ ਸਫ਼ਾਰਤਖਾਨੇ ਦਾ ਕੋਈ ਉੱਚ ਅਧਿਕਾਰੀ ਕਿਸੇ ਪੰਜ ਤਾਰਾ ਹੋਟਲ ਵਿਚ ਪਹੁੰਚ ਚੁੱਕਾ ਹੈ। ਅਸੀਂ ਸਾਰੇ ਹੋਟਲ ਵਿਚ ਪਹੁੰਚੇ ਅਤੇ ਸਬੰਧਤ ਅਧਿਕਾਰੀ ਨੂੰ ਜਥੇ ਦੀਆਂ ਮੁਸ਼ਕਿਲਾਂ ਦੀ ਜਾਣਕਾਰੀ ਦਿੱਤੀ ਅਤੇ ਸਪੱਸ਼ਟ ਤੌਰ 'ਤੇ ਕਿਹਾ ਕਿ ਇਹ ਸਾਡੇ ਲਈ ਕੈਦ ਤੋਂ ਘੱਟ ਨਹੀਂ ਹੈ। ਹੁਣ ਅਸੀਂ ਆਪਣੇ ਆਪ ਨੂੰ ਯਾਤਰੀ ਮਹਿਸੂਸ ਨਹੀਂ ਕਰ ਰਹੇ, ਸਗੋਂ ਕੈਦੀ ਸਮਝ ਰਹੇ ਹਾਂ। ਉਸ ਨੇ ਕਿਹਾ ਕਿ ਉਹ ਸਾਡੀ ਗੱਲ ਰਾਜਦੂਤ ਸ੍ਰੀ ਕੇ.ਡੀ. ਸ਼ਰਮਾ ਨਾਲ ਕਰਵਾ ਦੇਵੇਗਾ। ਕਾਫ਼ੀ ਦੇਰ ਪਿੱਛੋਂ ਸ੍ਰੀ ਸ਼ਰਮਾ ਨਾਲ ਸੰਪਰਕ ਹੋਇਆ। ਮੈਂ ਉਸ ਨਾਲ ਗੱਲਬਾਤ ਸਮੇਂ ਕਿਹਾ ਕਿ ਅਸੀਂ ਭਾਰਤੀ ਨਾਗਰਿਕ ਹਾਂ। ਐਸੀ ਹਾਲਤ ਵਿਚ ਜਥੇ ਨੂੰ ਇਥੇ ਰੋਕਣਾ ਭਾਰਤ ਦੀ ਬੇਇੱਜ਼ਤੀ ਵਾਲੀ ਗੱਲ ਹੈ, ਵੱਡੀਆਂ-ਵੱਡੀਆਂ ਜੰਗਾਂ ਵਿਚ ਵੀ ਹਰ ਮੁਲਕ ਆਪਣੇ ਸ਼ਹਿਰੀ ਨੂੰ ਦੁਸ਼ਮਣ ਦੇਸ਼ਾਂ ਵਿਚੋਂ ਮੰਗ ਕੇ ਸੁਰੱਖਿਅਤ ਆਪਣੇ ਦੇਸ਼ ਵਿਚ ਲਿਆਉਂਦੇ ਹਨ। ਹੁਣ ਕਿਹੜੀ ਜੰਗ ਲੱਗੀ ਹੋਈ ਹੈ ਕਿ ਸਾਨੂੰ ਇਥੇ ਕੈਦੀ ਬਣਾਇਆ ਗਿਆ ਹੈ? ਜੇਕਰ ਕੈਦੀ ਹੀ ਬਣਾਉਣਾ ਹੈ ਤਾਂ ਘੱਟੋ-ਘੱਟ ਆਪਣੇ ਦੇਸ਼ ਵਿਚ ਤਾਂ ਰੱਖਿਆ ਜਾ ਸਕਦਾ ਹੈ। ਮੇਰੀ ਗੱਲ ਸੁਣ ਕੇ ਉਸ ਨੇ ਧੀਰਜ ਵਰਤਣ ਲਈ ਕਿਹਾ ਅਤੇ ਭਰੋਸਾ ਦਿੱਤਾ ਕਿ ਉਹ ਜਥੇ ਦੀ ਵਾਪਸੀ ਦਾ ਪ੍ਰਬੰਧ ਕਰੇਗਾ। ਉਸ ਨੇ ਦੱਸਿਆ ਕਿ ਟੈਲੀਫੋਨ ਰਾਹੀਂ ਭਾਰਤ ਸਰਕਾਰ ਨਾਲ ਸੰਪਰਕ ਨਹੀਂ ਹੋ ਰਿਹਾ। ਫਿਰ ਵੀ ਸੁਨੇਹਾ ਭੇਜਿਆ ਗਿਆ ਹੈ। ਉੱਤਰ ਉਡੀਕ ਰਿਹਾ ਹਾਂ, ਦੂਤ-ਘਰ ਦੇ ਅਧਿਕਾਰੀ ਹਰ ਸਮੇਂ ਤੁਹਾਡੇ ਪਾਸ ਹਾਜ਼ਰ ਰਹਿਣਗੇ। ਮੈਂ ਉਸ ਨੂੰ ਫਿਰ ਕਿਹਾ ਕਿ ਜਥੇ ਦੇ ਯਾਤਰੀ ਪ੍ਰੇਸ਼ਾਨ ਹਨ। ਇਸ ਲਈ ਭਾਰਤੀ ਟੀ.ਵੀ. ਰਾਹੀਂ ਘੱਟੋ-ਘੱਟ ਇਹ ਜਾਣਕਾਰੀ ਤਾਂ ਭੇਜੀ ਜਾ ਸਕਦੀ ਹੈ ਕਿ ਮਜ਼ਬੂਰਨ ਜਥੇ ਦੇ ਯਾਤਰੀਆਂ ਨੂੰ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਵਿਖੇ ਰੋਕ ਲਿਆ ਗਿਆ ਹੈ ਅਤੇ ਇਹ ਸਭ ਸੁਰੱਖਿਅਤ ਹਨ। ਸਫੀਰ ਨੇ ਅਜਿਹਾ ਕਰਨ ਲਈ ਟੈਲਕਸ ਭੇਜਣ ਦਾ ਭਰੋਸਾ ਦਿੱਤਾ।

ਕੁਝ ਸਮੇਂ ਬਾਅਦ ਹੋਟਲ ਵਿਚ ਹੀ ਸਾਨੂੰ ਟੈਲਕਸ ਮੈਸਜ਼ ਵਿਖਾਇਆ ਗਿਆ ਜਿਸ ਦਾ ਅਰਥ ਸੀ ਕਿ ਸਾਰੇ ਸਿੱਖ ਯਾਤਰੀ ਐਜੀਟੇਟਿਵ ਹਨ, ਇਸ ਲਈ ਉਨ੍ਹਾਂ ਨੂੰ ਇਥੇ ਰੋਕਣਾ ਠੀਕ ਨਹੀਂ। ਇਹ ਮੈਸੇਜ ਵੇਖ ਕੇ ਅਸੀਂ ਕਿਹਾ ਕਿ ਸਾਡੀ ਮਜ਼ਬੂਰੀ ਨੂੰ ਵੀ ਤੁਸਾਂ ਮਹਿਸੂਸ ਨਹੀਂ ਕੀਤਾ। ਸਾਡੀਆਂ ਭਾਵਨਾਵਾਂ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਹੈ। ਉਨ੍ਹਾਂ ਸਾਨੂੰ ਖਾਣੇ ਦੀ ਪੇਸ਼ਕਸ਼ ਕੀਤੀ, ਪਰ ਅਸੀਂ ਆਖ ਦਿੱਤਾ ਕਿ ਕੇਵਲ ਲੰਗਰ ਦਾ ਪ੍ਰਸ਼ਾਦਾ ਹੀ ਛਕਾਂਗੇ।

5 ਜੂਨ, 1984 ਨੂੰ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਵਿਖੇ ਆਸਾ ਦੀ ਵਾਰ ਦਾ ਭੋਗ ਪੈਣ ਉਪਰੰਤ ਮੌਲਵੀ ਮਹਿਮੂਦ ਨੇ ਸੰਗਤਾਂ ਨੂੰ ਜਾਣਕਾਰੀ ਦਿੱਤੀ ਕਿ ਪਾਕਿਸਤਾਨ ਸਰਕਾਰ ਨੇ ਸਿੱਖ ਯਾਤਰੀ ਜਥੇ ਦੀਆਂ ਭਾਵਨਾਵਾਂ/ਜਜ਼ਬਾਤਾਂ ਨੂੰ ਗੰਭੀਰਤਾ ਨਾਲ ਵਿਚਾਰਿਆ ਹੈ ਅਤੇ ਭਾਰਤੀ ਰਾਜਦੂਤ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਯਾਤਰੀਆਂ ਦੇ ਵੀਜ਼ੇ ਵਿਚ ਪਹਿਲਾਂ ਕੀਤੇ ਦੋ ਦਿਨਾਂ ਦੇ ਵਾਧੇ ਉਪਰੰਤ ਹੋਰ ਵੀਜ਼ਾ ਨਹੀਂ ਵਧਾਉਣਗੇ। ਜਿਸ ਕਰਕੇ ਹੋਏ ਫੈਸਲੇ ਅਨੁਸਾਰ 6 ਜੂਨ ਨੂੰ ਸਵੇਰੇ ਹਰ ਹਾਲਤ ਵਿਚ ਯਾਤਰੀਆਂ ਨੂੰ ਵਾਪਸ ਭਾਰਤ ਭੇਜ ਦਿੱਤਾ ਜਾਵੇਗਾ। ਇਹ ਸੁਣ ਕੇ ਸੰਗਤਾਂ ਨੇ ਜੈਕਾਰਾ ਬੁਲਾ ਕੇ ਆਪਣੀਆਂ ਭਾਵਨਾਵਾਂ ਜ਼ਾਹਰ ਕੀਤੀਆਂ। ਕਈ ਯਾਤਰੀ ਵੀਜ਼ਾ ਪ੍ਰਾਪਤ ਕਰਨ ਉਪਰੰਤ ਕਿਸੇ ਘਰੇਲੂ ਮਜਬੂਰੀ ਕਾਰਨ ਜਥੇ ਨਾਲ ਨਹੀਂ ਆ ਸਕੇ ਸਨ, ਹਾਲਾਂਕਿ ਉਨ੍ਹਾਂ ਲਈ ਨੀਯਤ ਕਰੰਸੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਪਾਸ ਮੌਜੂਦ ਸੀ। ਇਹ ਬਚੇ ਹੋਏ ਟਰੈਵਲਿੰਗ ਚੈੱਕ ਕੈਸ਼ ਕਰਵਾ ਕੇ ਲੰਗਰ ਦਾ ਪ੍ਰਬੰਧ ਭਲੀ-ਭਾਂਤ ਨੇਪਰੇ ਚਾੜ੍ਹ ਗਿਆ।

ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਸੰਗਤਾਂ ਨੂੰ ਪਾਰਟੀ ਲੀਡਰ ਵਲੋਂ ਬੇਨਤੀ ਕੀਤੀ ਗਈ ਕਿ 6 ਜੂਨ ਨੂੰ ਗੁਰਦੁਆਰਾ ਸਾਹਿਬ ਤੋਂ ਤੁਰਨ ਵੇਲੇ ਘੱਟੋ-ਘੱਟ ਦੁਪਹਿਰ ਦਾ ਲੰਗਰ ਸਾਰੇ ਆਪਣੇ ਨਾਲ ਲੈ ਕੇ ਚੱਲਣ ਅਤੇ ਲੰਗਰ ਤਿਆਰ ਕਰਨ ਲਈ ਵੀ ਪ੍ਰਬੰਧਕਾਂ ਨੂੰ ਸਹਿਯੋਗ ਦੇਣ। ਸੰਗਤਾਂ ਵਲੋਂ ਪੂਰਾ ਮਿਲਵਰਤਨ ਮਿਲਿਆ ਅਤੇ ਜਥੇ ਵਿਚ ਸ਼ਾਮਲ ਬੀਬੀਆਂ ਨੇ ਲੰਗਰ ਪਕਾਉਣ ਵਿਚ ਵਧ-ਚੜ੍ਹ ਕੇ ਕੰਮ ਕੀਤਾ। ਸਾਰੇ ਯਾਤਰੀਆਂ ਨੇ ਦੁਪਹਿਰ ਨੂੰ ਛਕਣ ਲਈ ਲੰਗਰ ਵਿਚ ਪ੍ਰਸ਼ਾਦੇ, ਸਬਜ਼ੀ, ਆਚਾਰ ਆਦਿ ਲੈ ਲਿਆ।

6 ਜੂਨ ਨੂੰ ਦੁਪਹਿਰੇ ਇਕ ਵਜੇ ਦੇ ਕਰੀਬ ਵਾਹਗਾ ਰੇਲਵੇ ਸਟੇਸ਼ਨ ਤੋਂ ਅਟਾਰੀ ਲਈ ਗੱਡੀ ਚੱਲੀ ਤਾਂ ਕੰਡਿਆਲੀ ਤਾਰ ਵਾਲੀ ਥਾਂ 'ਤੇ ਲੋਹੇ ਦੇ ਗੇਟ 'ਤੇ ਗੱਡੀ ਰੁਕ ਗਈ। ਗੇਟ ਦੇ ਤਾਲੇ ਦੀ ਚਾਬੀ ਇਸ ਸਮੇਂ ਤੀਕ ਨਹੀਂ ਪੁੱਜੀ ਸੀ। ਤਕਰੀਬਨ ਅੱਧੇ ਘੰਟੇ ਦੀ ਉਡੀਕ ਪਿੱਛੋਂ ਗੱਡੀ ਅਟਾਰੀ ਰੇਲਵੇ ਸਟੇਸ਼ਨ ਲਈ ਚੱਲੀ ਤਾਂ ਰੇਲਵੇ ਲਾਈਨ ਦੇ ਦੋਵੇਂ ਪਾਸਿਆਂ 'ਤੇ ਜਗ੍ਹਾ-ਜਗ੍ਹਾ 'ਤੇ ਫੌਜੀ ਖੜ੍ਹੇ ਸਨ। ਗੱਡੀ ਹੌਲੀ-ਹੌਲੀ ਚੱਲਦੀ ਦੋ ਵਜੇ ਦੇ ਕਰੀਬ ਅਟਾਰੀ ਪਹੁੰਚੀ ਤਾਂ ਲਾਊਡ ਸਪੀਕਰ ਰਾਹੀਂ ਆਵਾਜ਼ ਆਈ ਕਿ ਗੱਡੀ ਵਿਚੋਂ ਕੋਈ ਵੀ ਬਾਹਰ ਨਾ ਨਿਕਲੇ। ਕੁਝ ਚਿਰ ਬਾਅਦ ਸਮਾਨ ਤੋਂ ਬਿਨਾਂ ਯਾਤਰੀਆਂ ਨੂੰ ਗੱਡੀ ਖਾਲੀ ਕਰਨ ਲਈ ਕਿਹਾ ਗਿਆ। ਪਲੇਟਫਾਰਮ 'ਤੇ ਇਮੀਗ੍ਰੇਸ਼ਨ ਵਿਭਾਗ ਦੀ ਪੁਲਿਸ, ਕਸਟਮ ਅਧਿਕਾਰੀਆਂ ਤੋਂ ਇਲਾਵਾ ਫੌਜ ਵੀ ਡਿਊਟੀ ਉੱਪਰ ਸੀ। ਇਮੀਗ੍ਰੇਸ਼ਨ ਦਰਜ ਕਰਨ ਲਈ ਯਾਤਰੀ ਆਪਣੇ ਨੀਯਤ ਕਾਊਂਟਰਾਂ 'ਤੇ ਚਲੇ ਗਏ। ਡਿਊਟੀ 'ਤੇ ਹਾਜ਼ਰ ਪੁਲਿਸ ਕਰਮਚਾਰੀ ਜ਼ੁਬਾਨ ਨਹੀਂ ਖੋਲ੍ਹ ਰਹੇ ਸਨ, ਕਿਉਂਕਿ ਉਨ੍ਹਾਂ ਦੇ ਨਾਲ ਫੌਜ ਦੇ ਅਧਿਕਾਰੀ ਵੀ ਖੜ੍ਹੇ ਸਨ। ਇਹ ਕੰਮ ਹੋਣ ਪਿੱਛੋਂ ਸਾਮਾਨ ਉਤਾਰ ਕੇ ਕਸਟਮ ਚੈੱਕ ਕਰਾਉਣ ਲਈ ਕਿਹਾ ਗਿਆ। ਕਸਟਮ ਅਧਿਕਾਰੀ ਬੜੀ ਬਾਰੀਕੀ ਨਾਲ ਸਾਮਾਨ ਦੀ ਚੈਕਿੰਗ ਕਰ ਰਹੇ ਸਨ। ਉਨ੍ਹਾਂ ਦੇ ਨਾਲ ਫੌਜੀ ਨੁਮਾਇੰਦੇ ਹਾਜ਼ਰ ਸਨ। ਸਾਮਾਨ ਦੀ ਚੈਕਿੰਗ, ਕਸਟਮ ਅਤੇ ਫੌਜੀ ਅਧਿਕਾਰੀਆਂ ਨੇ ਮਿਲ ਕੇ ਕੀਤੀ, ਪਰ ਕਿਸੇ ਯਾਤਰੀ ਪਾਸੋਂ ਕੋਈ ਇਤਰਾਜ਼ਯੋਗ ਵਸਤੂ ਨਾ ਮਿਲੀ। ਇਸ ਕਾਰਵਾਈ ਦੌਰਾਨ ਦੱਬੀ ਆਵਾਜ਼ ਵਿਚ ਇਮੀਗ੍ਰੇਸ਼ਨ ਕਰਮਚਾਰੀਆਂ ਨੇ ਦੱਸਿਆ ਕਿ ਸਾਰੇ ਪੰਜਾਬ ਵਿਚ ਕਰਫਿਊ ਲੱਗਾ ਹੋਇਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਲਾਂ ਵੀ ਗੋਲਾਬਾਰੀ ਹੋ ਰਹੀ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਬੰਦੀ ਬਣਾ ਲਿਆ ਗਿਆ ਹੈ, ਪਰ ਹੋਰ ਵੇਰਵਾ ਨਹੀਂ ਮਿਲ ਰਿਹਾ।

ਸ਼ਾਮ 6 ਵਜੇ ਤੀਕ ਅਸੀਂ ਸਾਰੀਆਂ ਫਾਰਮੈਲਟੀਆਂ ਪੂਰੀਆਂ ਕਰ ਕੇ ਗੱਡੀ ਵਿਚ ਬੈਠ ਚੁੱਕੇ ਸਾਂ। ਸਰਕਾਰੀ ਅਧਿਕਾਰੀ ਜੋ ਆਬਜ਼ਰਵਰ ਦੀ ਡਿਊਟੀ 'ਤੇ ਸਾਡੇ ਨਾਲ ਸਨ, ਪਾਸੋਂ ਜਾਣਕਾਰੀ ਮਿਲੀ ਕਿ ਗੱਡੀ ਅੰਮ੍ਰਿਤਸਰ ਨਹੀਂ ਖੜ੍ਹੀ ਕਰ ਰਹੇ, ਪਤਾ ਨਹੀਂ ਕੀ ਪ੍ਰੋਗਰਾਮ ਹੈ। ਰੇਲਵੇ ਸਟੇਸ਼ਨ 'ਤੇ ਪਾਣੀ ਤੋਂ ਬਿਨਾਂ ਕੋਈ ਸਟਾਲ ਨਹੀਂ ਸੀ ਕਿ ਕੁਝ ਖਾਣ-ਪੀਣ ਲਈ ਖਰੀਦਿਆ ਜਾ ਸਕੇ। ਖਾਸ ਕਰਕੇ ਬੱਚਿਆਂ ਲਈ ਬਹੁਤ ਮੁਸ਼ਕਿਲ ਨਜ਼ਰ ਆ ਰਹੀ ਸੀ। 6:15 ਵਜੇ ਯਾਤਰੀਆਂ ਨੂੰ ਆਪਣੀਆਂ ਸੀਟਾਂ 'ਤੇ ਬੈਠ ਜਾਣ ਲਈ ਹੁਕਮ ਦਿੱਤਾ ਗਿਆ ਅਤੇ ਬਾਹਰ ਫੌਜੀ ਖੜ੍ਹੇ ਕਰ ਦਿੱਤੇ ਗਏ। 6:30 ਵਜੇ ਗੱਡੀ ਅਟਾਰੀ ਰੇਲਵੇ ਸਟੇਸ਼ਨ ਤੋਂ ਚੱਲੀ ਤਾਂ ਥੋੜ੍ਹੀ ਰਫ਼ਤਾਰ ਨਾਲ ਚੱਲਦੀ ਹੋਈ ਇਕ ਘੰਟੇ ਪਿੱਛੋਂ ਅੰਮ੍ਰਿਤਸਰ ਵਿਚ ਦਾਖਲ ਹੋਈ। ਰਸਤੇ ਵਿਚ ਅਤੇ ਸ਼ਹਿਰ ਵਿਚ ਬਿਲਕੁਲ ਸੁੰਨਸਾਨ ਮਾਹੌਲ ਸੀ, ਜਿਵੇਂ ਇਥੋਂ ਆਬਾਦੀ ਖ਼ਤਮ ਹੋ ਗਈ ਹੋਵੇ। ਅਸੀਂ ਉਸ ਸਮੇਂ ਕਾਫੀ ਹੈਰਾਨ ਸਾਂ, ਜਦੋਂ ਗੱਡੀ ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਪੁੱਜ ਕੇ ਤੇਜ਼ ਰਫ਼ਤਾਰ ਹੋ ਗਈ। ਪਲੇਟਫਾਰਮ 'ਤੇ ਫੌਜੀ ਇਸ ਤਰ੍ਹਾਂ ਰਾਈਫਲਾਂ ਦੇ ਮੂੰਹ ਗੱਡੀ ਵਲ ਕਰ ਕੇ ਖੜ੍ਹੇ ਸਨ, ਜਿਵੇਂ ਕੋਈ ਯਾਤਰੀ ਗੱਡੀ ਵਿਚੋਂ ਉਤਰੇ ਤਾਂ ਸੂਟ ਕਰ ਦਿੱਤਾ ਜਾਵੇਗਾ। ਸ਼ਹਿਰ ਤੋਂ ਬਾਹਰ ਜਾ ਕੇ ਗੱਡੀ ਦੀ ਚਾਲ ਕੁਝ ਮੱਧਮ ਹੋਈ ਅਤੇ ਇਸੇ ਤਰ੍ਹਾਂ ਬਿਨਾਂ ਕਿਤੇ ਰੁਕਣ ਦੇ ਲਗਾਤਾਰ ਅੱਠ ਘੰਟਿਆਂ ਵਿਚ ਅੰਬਾਲਾ ਕੈਂਟ ਰੇਲਵੇ ਸਟੇਸ਼ਨ 'ਤੇ ਰੁਕੀ। ਸਾਰਾ ਰਸਤਾ ਕਿਸੇ ਆਬਾਦੀ ਵਿਚ ਲਾਈਟ ਨਹੀਂ ਨਜ਼ਰ ਆਈ। ਹਰਿਆਣਾ ਪ੍ਰਾਂਤ ਵਿਚ ਗੱਡੀ ਦਾਖਲ ਹੋਈ ਤਾਂ ਜ਼ਿੰਦਗੀ ਦੇ ਆਸਾਰ ਨਜ਼ਰ ਆਏ।

**(ਬਾਕੀ ਅਗਲੇ ਅੰਕ ਵਿਚ)**

# ਦੇਹ ਦਾ ਦਰਦ ਹੀ ਰਾਹ ਦਸੇਰਾ ਸੀ ਫਰੀਦਾ ਲਈ

**ਸਫ਼ਰ ਜ਼ਿੰਦਗੀ ਦਾ**

ਤੇਜਵੰਤ ਗਿੱਲ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ*

ਬਦਲੇ ਵਿਚ ਫਰੀਦਾ ਦੇ ਵੱਖ ਵੱਖ ਬੰਦਿਆਂ ਨਾਲ ਕਾਮ-ਸਬੰਧ ਬਣਦੇ ਬਿਣਸਦੇ ਰਹੇ। ਇਨ੍ਹਾਂ ਵਿਚੋਂ ਕਈ ਸਮਲਿੰਗੀ ਸਬੰਧ ਵੀ ਸਨ। ਜੇ ਉਸਨੂੰ ਸਭ ਤੋਂ ਵਧ ਸੰਤੋਖ ਆਪਣੇ ਡਾਕਟਰ ਨਾਲ ਜੁੜੇ ਸਬੰਧ ਤੋਂ ਮਿਲਿਆ ਤਾਂ ਸਭ ਤੋਂ ਵਧ ਚਰਚਿਤ ਹੋਇਆ ਰੂਸੀ ਇਨਕਲਾਬ ਦੇ ਮੋਢੀ ਲੇਵ ਟ੍ਰਾਟਸਕੀ ਨਾਲ ਫਰੀਦਾ ਦਾ ਸਬੰਧ, ਜੋ ਕੁਝ ਮਹੀਨੇ ਹੀ ਚੱਲ ਸਕਿਆ। ਲੈਨਿਨ ਦੇ ਦਿਹਾਂਤ ਤੋਂ ਮਗਰੋਂ ਸਟਾਲਿਨ ਨੇ ਟ੍ਰਾਟਸਕੀ ਲਈ ਐਸੇ ਹਾਲਾਤ ਪੈਦਾ ਕਰ ਦਿੱਤੇ ਸਨ ਕਿ ਰੂਸ ਵਿਚ ਤਾਂ ਕੀ ਯੂਰਪ ਦੇ ਕਿਸੇ ਦੇਸ਼ ਵਿਚ ਵੀ ਉਸਦਾ ਰਹਿਣਾ ਮੁਹਾਲ ਹੋ ਗਿਆ। ਰਵੇਰਾ ਦੀ ਸਿਫਾਰਸ਼ 'ਤੇ ਮੈਕਸੀਕਨ ਸਰਕਾਰ ਨੇ ਉਸਨੂੰ ਦੇਸ਼ ਵਿਚ ਪਨਾਹ ਦੇ ਦਿੱਤੀ ਅਤੇ ਨੀਲੇ ਰੰਗ ਦਾ ਘਰ, ਜਿਸ ਨੂੰ ਇਸ ਚਿੱਤਰਕਾਰ ਨੇ ਬੜੀ ਲਗਨ ਨਾਲ ਬਣਾਇਆ, ਇਸ ਸੰਸਾਰ-ਪ੍ਰਸਿੱਧ ਇਨਕਲਾਬੀ ਨੂੰ ਰਹਿਣ ਲਈ ਸੌਂਪ ਦਿੱਤਾ। ਉਸ ਵਕਤ ਟ੍ਰਾਟਸਕੀ ਦੀ ਉਮਰ ਸਤਵੰਜਾ ਸਾਲ ਸੀ। ਫਰੀਦਾ ਦੀ ਉਸ ਨਾਲੋਂ ਅੱਧੀ ਉਮਰ ਸੀ, ਪਰ ਫੇਰ ਵੀ ਉਹ ਇਕ ਦੂਜੇ 'ਤੇ ਫਿਦਾ ਹੋਣੋਂ ਰਹਿ ਨਾ ਸਕੇ। ਜੇ ਇਸ ਸਬੰਧ ਦਾ ਭੇਦ ਖੁੱਲ੍ਹ ਜਾਂਦਾ ਤਾਂ ਇਹ ਸੰਸਾਰ ਦਾ ਸਭ ਤੋਂ ਚਰਚਿਤ ਕੁਕਰਮ ਗਰਦਾਨਿਆ ਜਾਣਾ ਸੀ। ਸੰਸਾਰ ਭਰ ਵਿਚ ਇਨਕਲਾਬੀ ਭਾਵਨਾ ਨਾਲ ਪਾਬੰਦ ਲੋਕਾਂ ਦੇ ਅਹਿਸਾਸ ਨੂੰ ਅਸਹਿ ਸੱਟ ਵੱਜਣੀ ਸੀ। ਇਸ ਸਬੰਧ ਤੋਂ ਕਿਨਾਰਾਕਸ਼ੀ ਕਰਨ ਲਈ ਸਹਿਮਤ ਹੋ ਕੇ, ਇਸ ਅਣਹੋਣੀ ਨੂੰ ਰੋਕਣ ਲਈ ਦੋਨੋ ਤਿਆਰ ਹੋ ਗਏ। ਰਵੇਰਾ ਨੂੰ ਇਹ ਧਰੋਹ ਤੋਂ ਘੱਟ ਨਾ ਲੱਗਾ, ਜਿਸ ਦਾ ਆਪਣੀ ਸਦਭਾਵਨਾ ਕਾਰਨ ਉਸਨੂੰ ਸ਼ਿਕਾਰ ਹੋਣਾ ਪਿਆ। ਫਰੀਦਾ ਨੂੰ ਵੀ ਇਸ ਵਿਚੋਂ ਬਜ਼ੁਰਗ ਇਨਕਲਾਬੀ ਦੀ ਨਿਰਬਲਤਾ ਹੀ ਨਜ਼ਰ ਆਈ। ਇਸ ਕਾਰਨ ਜਦੋਂ ਟ੍ਰਾਟਸਕੀ ਦੀ ਭੇਦਭਰੇ ਢੰਗ ਨਾਲ ਹੱਤਿਆ ਹੋ ਗਈ ਤਾਂ ਕਿਸੇ ਨੂੰ ਕੋਈ ਸਦਮਾ ਨਾ ਪਹੁੰਚਿਆ। ਰਵੇਰਾ ਅਤੇ ਫਰੀਦਾ ਨੇ ਤਾਂ ਕਤਲ ਵਿਚ ਸ਼ਾਮਲ ਹੋਣ ਦੀ ਅਫਵਾਹ ਦਾ ਖੰਡਨ ਵੀ ਨਾ ਕੀਤਾ।

ਇਸ ਕੁੱਲ ਵਰਤਾਰੇ ਨੂੰ ਸਹਿਣ, ਭੋਗਣ ਅਤੇ ਕਮਾਉਣ ਦੌਰਾਨ ਫਰੀਦਾ ਨੂੰ ਅਨੁਭਵ ਹੋਇਆ ਕਿ ਅਸੀਮ ਪੀੜਾ ਹੀ ਉਸਦੀ ਦੇਹ ਦੀ ਪੂੰਜੀ ਸੀ। ਜਿਸ ਕਿਸੇ ਵਕਤ ਦੀ ਵੀ ਇਸ ਨਾਲ ਪਛਾਣ ਬਣਦੀ ਸੀ, ਉਹ ਇਸ ਅਸੀਮ ਪੀੜਾ ਨੂੰ ਹੀ ਉਜਾਗਰ ਕਰਨ ਲੱਗ ਪੈਂਦੀ ਸੀ। ਉਸਦੇ ਸਵੈ-ਚਿੱਤਰਾਂ ਬਾਰੇ ਤਾਂ ਇਹ ਗੱਲ ਪੂਰੀ ਤਰ੍ਹਾਂ ਸੱਚ ਹੈ। ਜਿਵੇਂ ਜੋਨ ਬਰਜਰ ਦਾ ਕਹਿਣਾ ਹੈ, "ਜਦੋਂ ਉਹ ਆਪਣੇ ਚਿੱਤਰ ਬਣਾਉਂਦੀ ਸੀ ਇਉਂ ਲੱਗਦਾ ਸੀ ਜਿਵੇਂ ਕਿਤੇ ਆਪਣੀ ਚਮੜੀ 'ਤੇ ਹੀ ਖਾਕਾ ਵਾਹ ਰਹੀ ਹੋਵੇ। ਚਿੱਤਰਕਾਰੀ ਕਰ ਰਹੀ ਹੋਵੇ, ਲਫਜ਼ਾਂ ਨਾਲ ਕੁਝ ਲਿਖ ਰਹੀ ਹੋਵੇ। ਨਤੀਜੇ ਵਜੋਂ "ਉਸਦੇ ਚਿੱਤਰਾਂ ਵਿਚ ਕੋਈ ਭਵਿੱਖ ਨਹੀਂ ਸੀ, ਅੰਤਹੀਣ ਤਰ੍ਹਾਂ ਦਾ ਵਰਤਮਾਨ ਹੀ ਸੀ, ਜਿਹੜਾ ਹਰੇਕ ਵਸਤ 'ਤੇ ਆਪਣਾ ਅਧਿਕਾਰ ਜਮਾਉਂਦਾ ਸੀ ਅਤੇ ਜਿਸ ਨਾਲ ਚਿੱਤਰੀਆਂ ਵਸਤਾਂ ਪਲ ਭਰ ਲਈ ਲੌਟ ਜਾਂਦੀਆਂ ਹਨ, ਜਦ ਅਸੀਂ ਉਨ੍ਹਾਂ ਵਲ ਝਾਕ ਰਹੇ ਹੁੰਦੇ ਹਾਂ। ਵਸਤਾਂ ਜੋ ਚਿੱਤਰੀਆਂ ਜਾਣ ਤੋਂ ਪਹਿਲਾਂ ਹੀ ਯਾਦਾਂ, ਚਮੜੀ ਦੀਆਂ ਯਾਦਾਂ, ਬਣ ਚੁੱਕੀਆਂ ਹਨ।"

ਉਸਦੇ ਸਵੈ-ਚਿੱਤਰਾਂ ਤੋਂ ਇਹ ਤੱਥ ਸੱਚ ਭਲੀਭਾਂਤ ਹੀ ਉਜਾਗਰ ਹੋ ਜਾਂਦਾ ਹੈ। ਉਸ ਦਾ ਪਹਿਲਾ ਸਵੈ-ਚਿੱਤਰ 1926 ਦਾ ਹੈ, ਜਿਸ ਵਿਚ ਉਸਨੇ ਮਖ਼ਮਲ ਦਾ ਕੀਮਤੀ ਗਾਊਨ ਪਹਿਨਿਆ ਹੋਇਆ ਹੈ। ਉਸਦੇ ਹੱਥ ਦੀਆਂ ਉਂਗਲਾਂ ਲੰਮੀਆਂ ਹਨ ਅਤੇ ਕਲਾਮਈ ਹੋਣ ਦਾ ਪ੍ਰਮਾਣ ਦਿੰਦੀਆਂ ਹਨ। ਗਰਦਨ ਪਤਲੀ ਸੁਰਾਹੀ ਵਰਗੀ, ਚਿਹਰੇ 'ਤੇ ਸੰਜੀਦਗੀ ਹੈ ਅਤੇ ਨਿਗਾਹ ਉਸਦਾ ਆਪਣਾ ਬਿੰਬ ਹੀ ਸਿਰਜਦੀ ਲੱਗਦੀ ਹੈ। ਮੱਧਕਾਲੀ ਅਤਾਲਵੀ ਕਲਾ ਅਤੇ ਮੋਦਗਿਲਾਨੀ ਦੀ ਆਧੁਨਿਕ ਕਲਾ ਅਨੁਸਾਰ ਉਹ ਉਸਦਾ ਆਪਣੇ ਬਾਰੇ ਸੁਪਨਾ ਹੈ, ਜਿਹੜਾ ਪਹਿਲਾਂ ਦੁਰਘਟਨਾ ਨੇ ਭੰਨ ਦਿੱਤਾ ਸੀ ਅਤੇ ਬਾਅਦ ਵਿਚ ਡੀਗੋ ਰਵੇਰਾ ਨਾਲ ਹੋਈ ਸ਼ਾਦੀ ਨੇ ਚੂਰ ਚੂਰ ਕਰ ਦੇਣਾ ਸੀ। ਇਹ ਤਾਂ ਉਸਦਾ ਆਪਣਾ ਮੰਨਣਾ ਹੀ ਸੀ ਕਿ ਜ਼ਿੰਦਗੀ ਵਿਚ ਉਸ ਨਾਲ ਦੋ ਵਾਰ ਆਫਤ ਵਾਪਰੀ। ਪਹਿਲੀ ਜਦ ਦੁਰਘਟਨਾ ਹੋਈ ਅਤੇ ਫੇਰ ਜਦ ਰਵੇਰਾ ਨਾਲ ਸ਼ਾਦੀ ਹੋ ਗਈ। ਉਪਰੋਕਤ ਸਵੈ-ਚਿੱਤਰ ਵਿਚ ਜੋ ਸੁਪਨਾ ਉਸਦੇ ਅੰਗ ਅੰਗ ਤੋਂ ਝਲਕਦਾ ਹੈ, ਉਸਨੂੰ ਇਹ ਦੋਨੋਂ ਗੱਲਾਂ ਆਫਤ ਤੋਂ ਘੱਟ ਨਹੀਂ ਲੱਗ ਸਕਦੀਆਂ।



*ਫਰੀਦਾ ਕਹਿਲੋ ਅਤੇ ਡੀਗੋ ਰਵੇਰਾ ਦੀ 1930 ਦੀ ਇਕ ਤਸਵੀਰ*

ਪਹਿਲੀ ਆਫਤ ਤੋਂ ਕੁਝ ਦੇਰ ਲਈ ਨਿਰੋਗ ਹੋ ਕੇ ਅਤੇ ਦੂਜੀ ਆਫਤ ਨਾਲ ਸਿੱਝਣਾ ਸ਼ੁਰੂ ਕਰਕੇ, ਫਰੀਦਾ ਨੇ ਦੋ ਸਵੈ-ਚਿੱਤਰ ਬਣਾਏ। ਪਹਿਲੇ ਦਾ ਸਿਰਲੇਖ ਹੈ ਸਮਾਂ ਉੱਡਦਾ ਰਹਿੰਦਾ, ਜਿਸ ਵਿਚ ਕੀਮਤੀ ਮਖ਼ਮਲ ਦੇ ਗਾਊਨ ਦੀ ਥਾਂ ਉਸਨੇ ਸਾਦੀ ਅੱਧੀਆਂ ਬਾਹਾਂ ਦੀ ਪੋਸ਼ਾਕ ਪਹਿਨੀ ਹੋਈ ਹੈ। ਪਰ ਗਰਦਨ ਦੁਆਲੇ ਅਤੇ ਕੰਨਾਂ ਵਿਚ ਯੁਗਾਂ ਤੋਂ ਪ੍ਰਚਲਿਤ ਗਹਿਣੇ ਪਾਏ ਹੋਏ ਹਨ। ਮੰਤਵ ਉਸਦਾ ਇਹ ਦਰਸਾਉਣਾ ਹੈ ਕਿ ਆਪਣੇ ਸਭਿਆਚਾਰ ਨਾਲ ਓਤਪੋਤ ਹੋ ਕੇ, ਇਸਨੂੰ ਆਪਣੀ ਹਸਤੀ ਦੀ ਕੁੱਲ ਪਛਾਣ ਬਣਾ ਕੇ, ਹੀ ਉਹ ਦੁਸ਼ਵਾਰੀਆਂ ਦਾ ਟਾਕਰਾ ਕਰ ਸਕਦੀ ਹੈ। ਇਹ ਸ਼ਾਦੀ ਵਾਲੇ ਸਾਲ ਦਾ ਸਵੈ-ਚਿੱਤਰ ਹੈ ਅਤੇ ਅਗਲੇ ਸਾਲ ਦੇ ਸਵੈ-ਚਿੱਤਰ ਵਿਚ ਇਹ ਆਤਮ-ਵਿਸ਼ਵਾਸ ਹੋਰ ਵੀ ਨਿਖਰਿਆ ਪ੍ਰਤੀਤ ਹੁੰਦਾ ਹੈ। ਬਹੁਤੇ ਗਹਿਣਿਆਂ ਦੀ ਉਸਨੂੰ ਲੋੜ ਨਹੀਂ ਰਹਿੰਦੀ। ਕੰਨਾਂ ਵਿਚ ਪਾਏ ਕਾਂਟੇ ਹੀ ਇਸ ਮੰਤਵ ਲਈ ਕਾਫੀ ਹਨ। ਇਸ ਤੋਂ ਪਹਿਲਾਂ ਕਿ ਦੂਜੀ ਆਫਤ ਆਪਣਾ ਕਹਿਰ ਦਿਖਾਉਣਾ ਸ਼ੁਰੂ ਕਰਦੀ ਫਰੀਦਾ ਨੂੰ ਰਵੇਰਾ ਨਾਲ ਅਮਰੀਕਾ ਵਿਚ ਜਾ ਕੇ ਠਹਿਰਨਾ ਪਿਆ। ਆਪਣੇ ਦੇਸ਼ ਦੇ ਕੁਦਰਤੀ ਵਾਤਾਵਰਣ ਵਿਚ ਜੰਮੀ ਪਲੀ, ਇਸ ਦੇ ਸਭਿਆਚਾਰ ਨਾਲ ਓਤਪੋਤ ਹੋ ਕੇ ਆਪਣੀ ਪਛਾਣ ਬਣਾਉਣ ਦੀ ਇੱਛੁਕ ਫਰੀਦਾ ਨੂੰ ਕਿਸ ਤਰ੍ਹਾਂ ਦਾ ਸੰਕਟ ਝੱਲਣਾ ਪਿਆ, ਇਸ ਦਾ ਇਜ਼ਹਾਰ ਮੈਕਸੀਕੋ ਅਤੇ ਅਮਰੀਕਾ ਦੀ ਸਰਹੱਦ 'ਤੇ ਬਣਾਏ ਸਵੈ-ਚਿੱਤਰ, ਤੋਂ ਉਜਾਗਰ ਹੋ ਜਾਂਦਾ ਹੈ। ਆਪਣੇ ਦੇਸ਼ ਦੀ ਗੁਲਾਬੀ ਰੰਗ ਦੀ ਪੋਸ਼ਾਕ ਵਿਚ ਸਜੀ, ਦੇਸ਼ ਦਾ ਕੌਮੀ ਝੰਡਾ ਹੱਥ ਵਿਚ ਫੜੀ ਉਹ ਚੌਂਕੀ 'ਤੇ ਬੁੱਤ ਬਣੀ ਖੜੀ ਹੈ। ਇਕ ਪਾਸੇ ਦਾ ਦ੍ਰਿਸ਼ ਮੈਕਸੀਕੋ ਦੀਆਂ ਕੁਦਰਤੀ ਵਸਤਾਂ ਨਾਲ ਭਰਪੂਰ ਹੈ ਅਤੇ ਦੂਜੇ ਪਾਸੇ ਅਮਰੀਕਾ ਦੀਆਂ ਮਸ਼ੀਨਾਂ ਹਨ, ਜੋ ਸਭਿਆਚਾਰ ਦੇ ਟਾਕਰੇ ਵਿਚ ਸਭਿਅਤਾ ਦੀਆਂ ਜਾਮਨ ਹਨ। ਨਿਰਸੰਦੇਹ ਇਹ ਇਕ ਤਰ੍ਹਾਂ ਦਾ ਭਾਵੁਕ ਚਿੱਤਰ ਹੈ, ਜੋ ਆਪਣੇ ਲਈ ਉਦਰੇਵੇਂ ਅਤੇ ਉਪਰੇ ਤੋਂ ਭੈਅ ਦੀ ਭਾਵਨਾ ਜਗਾਉਂਦਾ ਲੱਗਦਾ ਹੈ।

ਪਰ ਜਿਸ ਅਨੁਭਵ ਦਾ ਦਰਦ ਦਰਸ਼ਕ ਦੇ ਆਪਣੇ ਵਜੂਦ ਵਿਚ ਲਹਿ ਜਾਵੇ, ਉਸਦੇ ਮਨ ਤਨ 'ਤੇ ਹਾਵੀ ਹੋ ਜਾਵੇ, ਉਹ ਤਾਂ ਅਗਲੇ ਦੋ ਸਵੈ-ਚਿੱਤਰਾਂ ਵਿਚ ਪੇਸ਼ ਹੈ। ਇਹ ਗਰਭ-ਪਾਤ ਨਾਲ ਸਬੰਧਤ ਹਨ, ਜੋ ਬੱਚਾ ਜੰਮਣ ਦੀ ਕੁੱਲ ਕਾਮਨਾ ਦੇ ਬਾਵਜੂਦ ਉਸਨੂੰ ਭੋਗਣਾ ਪਿਆ। ਪਹਿਲਾਂ ਹੈ ਉੱਡਦਾ ਹੋਇਆ ਬਿਸਤਰ, ਜਿਸ ਵਿਚ ਗਰਭਵਤੀ ਵਜੋਂ ਉਹ ਹਸਪਤਾਲ ਦੇ ਕਮਰੇ ਵਿਚ ਲੇਟੀ ਹੋਈ ਹੈ। ਬਿਸਤਰ ਅਤੇ ਕਮਰੇ ਦਾ ਫਰਸ਼ ਕੋਰੇ ਜਿਹੇ ਹਨ, ਜਿਨ੍ਹਾਂ ਨੂੰ ਦੇਖ ਕੇ ਮਨ ਤਨ ਨੂੰ ਡੋਬ ਜਿਹੀ ਪੈ ਸਕਦਾ ਹੈ। ਉਸਦੀ ਯੋਨੀ ਦੇ ਹੇਠ ਲਹੂ ਦਾ ਛੱਪੜ ਲੱਗਾ ਹੋਇਆ ਹੈ। ਰੱਸੀਆਂ ਨਾਲ ਨੂੜੀ ਉਸਦੀ ਦੇਹ ਇਕ ਪਾਸੇ ਗਰਭ ਵਿਚ ਪਏ ਭਰੂਣ ਨਾਲ ਅਤੇ ਦੂਜੇ ਪਾਸੇ ਗਰਭ-ਪਾਤ ਮਗਰੋਂ ਦੇ ਲੋਥੜੇ ਨਾਲ ਜੁੜੀ ਹੋਈ ਹੈ। ਫਰਸ਼ 'ਤੇ ਉਹ ਸੰਦ ਵੀ ਪਏ ਹਨ, ਜਿਨ੍ਹਾਂ ਦੀ ਮਦਦ ਨਾਲ ਇਹ ਕਹਿਰ ਨੇਪਰੇ ਚਾੜ੍ਹਿਆ ਗਿਆ ਹੈ।

ਦੂਜੇ ਸਵੈ-ਚਿੱਤਰ ਦਾ ਸਿਰਲੇਖ ਹੈ ਜਨਮ ਜਿਸ ਵਿਚ ਉਸ ਨੇ ਖ਼ੁਦ ਆਪਣੇ ਜਨਮ ਨੂੰ ਚਿੱਤਰਨ ਦਾ ਯਤਨ ਕੀਤਾ, ਪਰ ਜਿਸ ਵਿਚੋਂ ਉਸ ਗਰਭ-ਪਾਤ ਦੀਆਂ ਕਨਸੋਆਂ ਵੀ ਉੱਠਦੀਆਂ ਹਨ, ਜੋ ਉਸਨੂੰ ਆਪ ਭੋਗਣਾ ਪਿਆ। ਇਸ ਵਿਚ ਵੀ ਜਨਮ ਦੇਣ ਵਾਲੀ ਔਰਤ ਮੰਜੇ 'ਤੇ ਲੇਟੀ ਹੋਈ ਹੈ। ਜਿਸ ਸਮੇਂ ਫਰੀਦਾ ਇਹ ਚਿੱਤਰ ਬਣਾ ਰਹੀ ਸੀ ਤਾਂ ਉਸਨੂੰ ਆਪਣੀ ਮਾਂ ਦੇ ਦਿਹਾਂਤ ਦੀ ਖ਼ਬਰ ਪਹੁੰਚੀ। ਸੋ ਲੇਟੀ ਹੋਈ ਔਰਤ ਦਾ ਛਾਤੀਆਂ ਤੋਂ ਉਤਲਾ ਹਿੱਸਾ ਚਿੱਟੀ ਚਾਦਰ ਨਾਲ ਢਕਿਆ ਹੋਇਆ ਹੈ। ਹੇਠਲਾ ਹਿੱਸਾ ਬਿਲਕੁਲ ਨੰਗਾ ਹੈ ਅਤੇ ਯੋਨੀ ਵਿਚੋਂ ਬੱਚੇ ਦਾ ਸਿਰ ਬਾਹਰ ਆਇਆ ਹੋਇਆ ਹੈ। ਇਸਦੇ ਪੂਰੀ ਤਰ੍ਹਾਂ ਬਾਹਰ ਆਉਣ ਤੱਕ ਜਨਮਜਲੀ ਜਿਊਂਦੀ ਰਹੇਗੀ ਜਾਂ ਆਪਣੀ ਜਿੰਦ ਤੋਂ ਹੱਥ ਧੋ ਬੈਠੇਗੀ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਜੋ ਗਰਭਪਾਤ ਉਸਨੂੰ ਕਰਵਾਉਣਾ ਪਿਆ, ਉਸ ਨਾਲ ਜੋੜ ਕੇ ਜੇ ਇਸ ਗੱਲ ਨੂੰ ਸਮਝਣ ਦਾ ਯਤਨ ਕੀਤਾ ਜਾਵੇ ਤਾਂ ਪਰਤੱਖ ਹੋ ਜਾਂਦਾ ਹੈ ਕਿ ਉਸਨੇ ਫਰੀਦਾ ਨੂੰ ਕੇਵਲ ਸਾਹ ਲੈਣ ਜੋਗੀ ਹੀ ਛੱਡਿਆ ਸੀ।

ਇਸ ਤੋਂ ਬਾਅਦ ਦੇ ਚਿੱਤਰਾਂ ਵਿਚ ਉਸ ਬੇਅੰਤ ਪੀੜਾ ਦੇ ਦਿਲ-ਚੀਰਵੇਂ ਦੀਦਾਰ ਹੁੰਦੇ ਚਲੇ ਜਾਂਦੇ ਹਨ, ਜਿਹੜੀ ਇਨ੍ਹਾਂ ਆਫਤਾਂ ਕਾਰਨ ਫਰੀਦਾ ਦੇ ਤਨ-ਮਨ ਨੂੰ ਭੋਗਣੀ ਪਈ। ਵਿਚ ਵਿਚਾਲੇ ਖੁਸ਼ੀ ਦੇ ਮਰਹਲਿਆਂ ਨੂੰ ਦਰਸਾਉਣ ਵਾਲੇ ਸਵੈ-ਚਿੱਤਰ ਵੀ ਆ ਜਾਂਦੇ ਹਨ, ਜਿਹੜੇ ਪਹਿਲਿਆਂ ਦੀ ਗਿਣਤੀ ਵਿਚ ਕਿਤੇ ਘੱਟ ਹਨ। ਇਨ੍ਹਾਂ ਵਿਚ ਇਕ ਤਾਂ ਉਹੀ ਸੀ ਪਰਦਿਆਂ ਵਿਚਕਾਰ ਦੇ ਨਾਂ ਵਾਲਾ ਹੈ, ਜਿਹੜਾ ਉਸਨੇ ਟ੍ਰਾਟਸਕੀ ਨੂੰ ਉਸਦੇ ਜਨਮ ਦਿਨ 'ਤੇ ਭੇਟ ਕੀਤਾ ਸੀ।

ਜਿਨ੍ਹਾਂ ਦੋ ਪਰਦਿਆਂ ਵਿਚਕਾਰ ਉਹ ਖਲੋਤੀ ਹੋਈ ਹੈ, ਉਹ ਉਸਦੇ ਮਨ ਦੇ ਪਰਦੇ ਹਨ। ਉਨ੍ਹਾਂ ਨੂੰ ਦੋਨੋਂ ਪਾਸੇ ਇਕੱਠੇ ਕਰਕੇ ਉਹ ਆਪਣੇ ਆਪ ਦੇ ਦੀਦਾਰ ਕਰਵਾਉਣਾ ਲੋਚਦੀ ਹੈ। ਆਪ ਉਸਨੇ ਨਿਗਾਹ ਨੂੰ ਰੀਝਾਣ ਵਾਲੇ ਰੰਗਾਂ ਦੇ ਕੱਪੜੇ ਪਾਏ ਹੋਏ ਸਨ। ਬਦਾਮੀ ਚੋਲਾ, ਉੱਪਰ ਖਾਕੀ ਸ਼ਾਲ, ਗੂਹੜੇ ਰੰਗ ਦੀ ਅੰਗੀ, ਜਿਨ੍ਹਾਂ ਉੱਤੇ ਤਿੱਤਲੀਆਂ ਛਾਪੀਆਂ ਹੋਈਆਂ ਹਨ। ਗੁੰਦੇ ਹੋਏ ਵਾਲਾਂ ਵਿਚ ਵੀ ਉਸਨੇ ਡੋਡੀ ਸਮੇਤ ਗੁਲਾਬ ਦਾ ਫੁੱਲ ਟੁੰਗਿਆ ਹੋਇਆ ਹੈ। ਉਡੂੰ ਉਡੂੰ ਨਜ਼ਰ ਆਉਂਦੀ ਨੇ ਹੱਥ ਵਿਚ ਕੋਈ ਖ਼ਤ ਪਕੜਿਆ ਹੋਇਆ ਹੈ, ਜਿਸ ਵਿਚ ਉਸਦੇ ਕੁੱਲ ਅਰਮਾਨ ਦਰਜ ਹਨ। ਫਰਾਂਸ ਵਿਚ ਸੁਰਰੀਅਲਿਜ਼ਮ ਦਾ ਬਾਨੀ ਸਮਝੇ ਜਾਂਦੇ ਆਂਦਰਿ ਬਰੈਤਨ ਨੂੰ ਇਹ ਚਿੱਤਰ ਬੇਹੱਦ ਪਸੰਦ ਆਇਆ ਸੀ। ਜਿਥੇ ਇਸ ਧਾਰਾ ਦੇ ਆਮ ਚਿੱਤਰਾਂ ਵਿਚ ਟੁੱਟ ਭੱਜ, ਭੈਅ ਤੇ ਡਰਾਉਣੇ ਸੁਪਨੇ ਨੂੰ ਸਾਕਾਰ ਕਰਦੇ ਖੰਡਿਤ ਬਿੰਬ ਹੁੰਦੇ ਸਨ, ਉਥੇ ਇਸ ਸਵੈ-ਚਿੱਤਰ ਵਿਚ ਉਸਨੂੰ ਖੇੜਾ ਅਤੇ ਹੁਲਾਸ ਝਲਕਦਾ ਪ੍ਰਤੀਤ ਹੋਇਆ ਸੀ।

ਇਸ ਤੋਂ ਬਾਅਦ ਦੇ ਸਵੈ-ਚਿੱਤਰਾਂ ਵਿਚ ਤਨ ਮਨ ਨੂੰ ਪਹੁੰਚੀ ਬੇਅੰਤ ਪੀੜਾ ਦੇ ਹੀ ਹਿਰਦੇਵੇਦਕ ਦ੍ਰਿਸ਼ ਪੇਸ਼ ਹੋਣ ਲੱਗ ਪੈਂਦੇ ਹਨ। ਦਿਲ ਨਾਮੀ ਸਵੈ-ਚਿੱਤਰ ਵਿਚ ਉਹ ਪੀੜਾ ਅੰਕਿਤ ਹੈ ਜੋ ਰਵੇਰਾ ਅਤੇ ਉਸਦੀ ਭੈਣ ਵਿਚਾਲੇ ਚੱਲ ਰਹੇ ਕਾਮ ਸਬੰਧ ਬਾਰੇ ਜਾਣ ਕੇ ਫਰੀਦਾ ਨੂੰ ਦੁਫਾੜ ਕਰਕੇ ਰੱਖ ਗਈ ਸੀ। ਛੋਟੀ ਅਤੇ ਵੱਡੀ ਪੋਸ਼ਾਕ ਵਿਚਕਾਰ ਖੜੀ ਦਾ ਦਿਲ ਤੀਰ ਨੇ ਚੀਰ ਦਿੱਤਾ ਹੋਇਆ ਹੈ, ਜਿਸ ਦੇ ਨਿੱਕ ਕੋਨੇ 'ਤੇ ਖੰਭਾਂ ਵਾਲੀ ਪਰੀ ਨੰਗੀ ਬੈਠੀ ਹੈ। ਪਾਸ਼ ਪਾਸ਼ ਹੋ ਕੇ ਉਸਦਾ ਦਿਲ ਢੇਰ ਬਣਿਆ ਫਰਸ਼ 'ਤੇ ਪਿਆ ਹੈ, ਜਿਸ ਵਿਚੋਂ ਖ਼ੂਨ ਵਹਿ ਰਿਹਾ ਹੈ। ਉਸ ਦੀਆਂ ਬਾਹਾਂ ਨਾਲੋਂ ਹੱਥ ਜੁਦਾ ਕਰ ਦਿੱਤੇ ਗਏ ਹਨ, ਜਿਸ ਤੋਂ ਉਸ ਦੀ ਬੇਬਸੀ ਦਾ ਪਤਾ ਲੱਗਦਾ ਹੈ। ਇਕ ਹੋਰ ਸਵੈ-ਚਿੱਤਰ ਵਿਚ ਉਹ ਬੜੇ ਨਿਰਦਈ ਅੰਦਾਜ਼ ਨਾਲ ਆਪਣੇ ਵਾਲਾਂ ਨੂੰ ਕੱਟ ਕੱਟ ਕੇ ਫਰਸ਼ 'ਤੇ ਸੁੱਟ ਰਹੀ ਹੈ। ਇਸ ਵੇਲੇ ਤੱਕ ਫਰੀਦਾ ਦਾ ਰਵੇਰਾ ਨਾਲੋਂ ਤਲਾਕ ਹੋ ਚੁੱਕਾ ਸੀ। ਵਾਲਾਂ ਨੂੰ ਕੱਟ ਕੇ ਅਤੇ ਮਰਦਾਵੀਂ ਪੋਸ਼ਾਕ ਪਾ ਕੇ ਉਹ ਇਹ ਦਰਸਾਉਣ ਦਾ ਯਤਨ ਕਰ ਰਹੀ ਸੀ ਕਿ ਔਰਤ ਵਾਲੇ ਗੁਣ ਜਿਨ੍ਹਾਂ ਦੀ ਰਵੇਰਾ ਨੇ ਕਦਰ ਨਹੀਂ ਪਾਈ ਸਾਂਭ ਰੱਖਣੇ ਅਯੋਗ ਸਨ। ਜ਼ਿੰਦਗੀ ਬਸਰ ਕਰਨ ਲਈ ਮਰਦਾਵੇਂ ਗੁਣਾਂ ਨੂੰ ਅਪਨਾਉਣਾ ਜ਼ਰੂਰੀ ਸੀ।

ਕੁਝ ਐਸੇ ਵੀ ਸਵੈ-ਚਿੱਤਰ ਹਨ, ਜਿਨ੍ਹਾਂ ਵਿਚ ਫਰੀਦਾ ਨੂੰ ਜਾਨਵਰ ਹੀ ਅੰਤਿਮ ਸਹਾਰਾ ਦੇਣ ਦੇ ਸਮਰੱਥ ਜਾਪਦੇ ਹਨ। ਬਾਂਦਰ ਸੰਗ ਸਵੈ-ਚਿੱਤਰ ਇਸ ਪ੍ਰਕਾਰ ਦਾ ਹੈ। ਮਰਦਾਨਾ ਗੁਪਤ ਅੰਗ ਦਾ ਪ੍ਰਭਾਵ ਦੇਣ ਵਾਲੀ ਪਿੱਠ ਭੂਮੀ ਅੱਗੇ ਉਸਨੇ ਗੰਭੀਰ ਮੁਦਰਾ ਵਿਚ ਆਪਣਾ ਚਿਹਰਾ ਚਿੱਤਰਿਆ ਹੋਇਆ ਹੈ। ਕੋਲ ਬਾਂਦਰ ਬੈਠਾ ਹੈ, ਜਿਸ ਦੇ ਮੂੰਹ ਤੋਂ ਕੁੱਲ ਹਮਦਰਦੀ ਝਲਕਦੀ ਨਜ਼ਰ ਆਉਂਦੀ ਹੈ। ਇਕ ਹੋਰ ਜਿਸ ਦਾ ਨਾਂ ਦੁਵੱਲੀ ਫੇਰੀ ਹੈ, ਵਿਚ ਉਸਨੇ ਆਪਣੇ ਦੋ ਰੂਪ ਚਿੱਤਰੇ ਹਨ, ਇਕ ਦੇਸ਼ ਦੇ ਪੁਰਾਤਨ ਲਿਬਾਸ ਵਿਚ, ਦੂਜਾ ਪੱਛਮੀ ਪੋਸ਼ਾਕ ਵਿਚ ਅਤੇ ਦੋਨਾਂ ਨੇ ਇਕ ਦੂਜੇ ਦਾ ਹੱਥ ਪਕੜਿਆ ਹੋਇਆ ਹੈ। ਇਸ ਤੋਂ ਭਾਵ ਇਹ ਬਣਦਾ ਹੈ ਕਿ ਨਿਕਟ ਹੋ ਕੇ ਵੀ ਉਸਦੇ ਦੋਨੋਂ ਰੂਪ ਕਿੰਨੇ ਦੂਰ ਸਨ।

ਕੁਝ ਦੇਰ ਦੇ ਤਲਾਕ ਮਗਰੋਂ ਰਵੇਰਾ ਨੇ ਫਰੀਦਾ ਨਾਲ ਦੁਬਾਰਾ ਸ਼ਾਦੀ ਕਰ ਲਈ। ਵਡੇਰੀ ਉਮਰ ਅਤੇ ਲਗਾਤਾਰ ਦੇ ਭੁੱਖੜਪਣ ਆਦਿ ਕਾਰਨ ਰਵੇਰਾ ਵਿਚੋਂ ਪਹਿਲੀ ਕਠੋਰਤਾ ਜਾਂਦੀ ਰਹੀ ਸੀ। ਦੁਬਾਰਾ ਸ਼ਾਦੀ ਫਰੀਦਾ ਨੇ ਇਸ ਸ਼ਰਤ 'ਤੇ ਕੀਤੀ ਕਿ ਖਾਵੰਦ ਨਾਲ ਉਸਦਾ ਕੋਈ ਕਾਮ-ਸਬੰਧ ਨਹੀਂ ਹੋਵੇਗਾ। ਰਵੇਰਾ ਇਸ ਨਾਲ ਸਹਿਮਤ ਹੋ ਗਿਆ, ਭਾਵੇਂ ਦੋਨਾਂ ਵਿਚੋਂ ਕੋਈ ਇਸ ਸ਼ਰਤ 'ਤੇ ਪੂਰਾ ਨਾ ਉਤਰਿਆ। ਸ਼ਾਇਦ ਬੀਵੀ ਦੀ ਦਿਨੋ ਦਿਨ ਨਿੱਘਰਦੀ ਸਿਹਤ ਤੋਂ ਫਿਕਰਮੰਦ ਹੋ ਕੇ ਉਹ ਉਸਨੂੰ ਹੋਰ ਪੀੜਤ ਨਹੀਂ ਸੀ ਕਰਨਾ ਚਾਹੁੰਦਾ। ਇਸ ਅਵਸਰ ਦੀ ਖ਼ੁਸ਼ੀ ਵਿਚ ਫਰੀਦਾ ਨੇ ਨਵਾਂ ਸਵੈ-ਚਿੱਤਰ ਬਣਾਇਆ, ਜਿਸ ਵਿਚ ਆਪਣੀਆਂ ਕੱਟੀਆਂ ਹੋਈਆਂ ਜ਼ੁਲਫਾਂ ਨੂੰ ਦੁਬਾਰਾ ਲੰਮੇ ਵਾਲਾਂ ਵਿਚ ਤਬਦੀਲ ਕਰਨ ਦੀ ਕਾਮਨਾ ਹੈ। ਸਿਰ ਦੇ ਉੱਪਰ ਤਾਜ ਦੀ ਸ਼ਕਲ ਦਾ ਨਵੇਂ ਨਮੂਨੇ ਦਾ ਗਹਿਣਾ ਸਜਿਆ ਹੋਇਆ ਲਗਦਾ ਹੈ। ਤਦ ਵੀ ਉਸਦੀ ਖ਼ੁਸ਼ੀ ਇਸ ਤੋਂ ਇਕ ਸਾਲ ਪਹਿਲਾਂ ਦੇ ਜਸ਼ਨ ਦਾ ਮੁਕਾਬਲਾ ਨਹੀਂ ਸੀ ਕਰਦੀ, ਜਿਸ ਵਿਚ ਗੁੰਦੇ ਵਾਲਾਂ ਵਿਚ ਉਸਨੇ ਕਈ ਤਰ੍ਹਾਂ ਦੇ ਫੁੱਲ ਸਜਾਏ ਹੋਏ ਸਨ। ਛਾਤੀ 'ਤੇ ਲਟਕਦੇ ਪਟੇ 'ਤੇ ਲਿਖਿਆ ਹੋਇਆ ਸੀ ਕਿ ਇਹ ਸਵੈ-ਚਿੱਤਰ ਉਸਦੇ ਪਿਆਰੇ ਡਾਕਟਰ ਨੂੰ ਭੇਟ ਹੈ।

ਨਿਰਸੰਦੇਹ ਜਿਸ ਆਫਤ ਦਾ ਕਾਰਨ ਰਵੇਰਾ ਬਣਿਆ ਹੋਇਆ ਸੀ ਉਸਦੀ ਪੀੜਾ ਵਿਚ ਕਮੀ ਆ ਗਈ। ਪਰ ਦੁਰਘਟਨਾ ਦੇ ਪਾਸਿਉਂ ਦਰਪੇਸ਼ ਹੋ ਰਹੀਆਂ ਬਿਪਤਾਵਾਂ ਨੇ ਫਰੀਦਾ ਦੀ ਸਿਹਤ ਬਿਲਕੁਲ ਢਹਿ ਢੇਰੀ ਕਰ ਦਿੱਤੀ ਸੀ। ਗੈਂਗਰੀਨ ਕਾਰਨ ਉਸਦੇ ਇਕ ਪੈਰ ਦਾ ਪੋਟਾ ਕੱਟ ਦਿੱਤਾ ਗਿਆ ਸੀ। ਉਸਦੀ ਰੀੜ੍ਹ ਦੀ ਹੱਡੀ ਵਿਚ ਅਸਹਿ ਦਰਦ ਰਹਿਣ ਲੱਗਾ ਸੀ। ਗੁਰਦੇ ਵਿਚ ਨੁਕਸ ਪੈ ਗਿਆ ਸੀ। ਹਰ ਵਕਤ ਸਰੀਰ ਨੂੰ ਲੋਹੇ ਦੀਆਂ ਸਲਾਖਾਂ ਵਿਚ ਜਕੜੇ ਰੱਖਣਾ ਜ਼ਰੂਰੀ ਹੋ ਗਿਆ ਸੀ। ਵਧੇਰੇ ਸਮਾਂ ਉਸਦਾ ਬਿਸਤਰ ਵਿਚ ਹੀ ਗੁਜ਼ਰਨ ਲੱਗਾ, ਜਿਸ ਕਾਰਨ ਟੀਕਿਆਂ ਅਤੇ ਸ਼ਰਾਬ ਦੀਆਂ ਘੁੱਟਾਂ 'ਤੇ ਉਸਨੂੰ ਨਿਰਭਰ ਹੋਣਾ ਲਾਜ਼ਮੀ ਹੋ ਗਿਆ। ਇਸ ਹਾਲਤ ਨੂੰ ਦਰਸਾਉਣ ਲਈ ਫਰੀਦਾ ਨੇ ਕਈ ਸਵੈ-ਚਿੱਤਰ ਬਣਾਏ, ਜਿਨ੍ਹਾਂ ਵਿਚੋਂ ਦੋ ਦਾ ਜ਼ਿਕਰ ਕਰਨਾ ਜ਼ਰੂਰੀ ਹੈ।

ਪਹਿਲਾ ਸੀ ਜ਼ਖ਼ਮੀ ਹਿਰਨ। ਇਕ ਬਹੁਤ ਹੀ ਫੁਰਤੀਲੇ ਹਿਰਨ ਦੀ ਦੇਹ 'ਤੇ ਉਸਨੇ ਆਪਣਾ ਚਿਹਰਾ ਰੱਖਿਆ ਹੋਇਆ ਹੈ। ਸੰਘਣੇ ਦਰਖ਼ਤਾਂ ਵਿਚਕਾਰ ਘਿਰੇ ਹਿਰਨ ਤੋਂ ਕਿਸੇ ਪਾਸੇ ਨਹੀਂ ਜਾ ਹੁੰਦਾ। ਹਰਿਆਵਲ ਵਾਲੇ ਪਾਸੇ ਜਿਧਰ ਜਾਣਾ ਯੋਗ ਹੈ, ਉਧਰ ਉਸਦਾ ਧਿਆਨ ਹੀ ਨਹੀਂ ਮੁੜਦਾ। ਤੀਰਾਂ ਨੇ ਉਸਦੀ ਦੇਹ ਨੂੰ ਛਾਨਣੀ ਕੀਤਾ ਪਿਆ ਹੈ। ਜਿਥੇ ਤੀਰ ਵੱਜੇ ਹਨ, ਉਥੋਂ ਖ਼ੂਨ ਵਹਿ ਰਿਹਾ ਹੈ। ਸਭ ਤੋਂ ਵਧ ਗਰਦਨ ਵਿਚੋਂ, ਜਿਥੇ ਇਕੱਠੇ ਹੀ ਕਈ ਤੀਰ ਵੱਜੇ ਹੋਏ ਹਨ। ਤੀਰ ਕਿਧਰੋਂ ਆਏ ਹਨ, ਕਿਸਨੇ ਮਾਰੇ ਹਨ, ਇਸ ਦਾ ਕੋਈ ਪਤਾ ਨਹੀਂ। ਪਤਾ ਦੇਣ ਦੀ ਲੋੜ ਵੀ ਨਹੀਂ ਸੀ, ਕਿਉਂਕਿ ਇਹ ਤਾਂ ਉਨ੍ਹਾਂ ਅਨੇਕ ਬਿਮਾਰੀਆਂ ਦੇ ਪ੍ਰਤੀਕ ਹਨ, ਜਿਨ੍ਹਾਂ ਨੇ ਫਰੀਦਾ ਦੇ ਸਰੀਰ ਨੂੰ ਛਾਨਣੀ ਕਰ ਛੱਡਿਆ ਸੀ। ਸਭ ਕੁਝ ਦੇ ਬਾਵਜੂਦ ਉਸ ਦਾ ਬਾਰਾਂਸਿੰਗਾ ਸਿਰ ਆਪਣਾ ਗੌਰਵ ਬਣਾਏ ਹੋਏ ਹੈ। ਜੋ ਫਰੀਦਾ ਦੀ ਮਾਨਸਿਕ ਹਾਲਤ ਸੀ, ਇਸ ਦਾ ਸਿਰ ਨੂੰ ਅਡੋਲ ਰੱਖਣ ਤੋਂ ਸਹਿਜੇ ਹੀ ਪਤਾ ਚੱਲ ਜਾਂਦੀ ਹੈ।

ਦੂਜਾ ਸਵੈ-ਚਿੱਤਰ ਹੈ ਟੁਕੜੇ ਟੁਕੜੇ ਹੋਈ ਲੱਠ ਜਿਸ ਵਿਚ ਫਰੀਦਾ ਨੇ ਲੱਕ ਤੱਕ ਆਪਣੇ ਆਪ ਨੂੰ ਨੰਗਾ ਦਿਖਾਇਆ ਹੈ। ਉਹ ਸਿੱਧੀ ਸਤੋਰ ਬੈਠੀ ਹੋਈ ਹੈ ਅਤੇ ਸਫੈਦ ਕੱਪੜੇ ਨੇ ਨਿਚਲਾ ਹਿੱਸਾ ਢੱਕਿਆ ਹੋਇਆ ਹੈ। ਸੱਜੇ ਹੱਥ ਦੇ ਅੰਗੂਠੇ ਦਾ ਨਹੁੰ ਰੰਗਿਆ ਹੋਇਆ ਹੈ। ਸਰੀਰ ਵਿਚ ਮੇਖਾਂ ਗੱਡੀਆਂ ਹੋਈਆਂ ਹਨ, ਉਸ ਹਿੱਸੇ ਵਿਚ ਵੀ ਜਿਸ ਨੂੰ ਸਫੈਦ ਕੱਪੜੇ ਨੇ ਢਕ ਰੱਖਿਆ ਹੈ। ਦੋਨਾਂ ਖ਼ੂਬਸੂਰਤ ਛਾਤੀਆਂ ਦੇ ਵਿਚ-ਵਿਚਾਲਿਉਂ ਲੱਕ ਤੱਕ ਉਸਦੀ ਦੇਹ ਚੀਰੀ ਪਈ ਹੈ। ਇਸ ਵਿਚ ਲੋਹੇ ਦੀ ਲੱਠ ਪਾਈ ਹੋਈ ਹੈ। ਥਾਂ-ਥਾਂ ਤੋਂ ਇਹ ਲੱਠ ਟੁੱਟੀ ਹੋਈ ਹੈ, ਜੋ ਉਸਦੀ ਤਬਾਹ ਹੋ ਚੁੱਕੀ ਰੀੜ੍ਹ ਦੀ ਹੱਡੀ ਵਲ ਸੰਕੇਤ ਕਰਦੀ ਹੈ। ਅੱਖਾਂ ਗੇਰੂ ਰੰਗੀਆਂ ਹਨ, ਪਰ ਉਨ੍ਹਾਂ ਵਿਚ ਘੋਰ ਉਦਾਸੀ ਛਾਈ ਹੋਈ ਹੈ। ਭਾਵੇਂ ਅੱਖਾਂ ਵਿਚੋਂ ਹੰਝੂ ਵਹਿ ਰਹੇ ਹਨ, ਪਰ ਇਸ ਅਸੀਮ ਪੀੜਾ ਨੂੰ ਵੀ ਉਹ ਸਹਿ ਲੈਣ ਦੇ ਸਮਰੱਥ ਜਾਪਦੀ ਹੈ। ਪੀੜ ਸਹਿ ਲੈਣ ਦੀ ਜੋ ਕਨਸੋਅ ਇਸ ਚਿੱਤਰ ਤੋਂ ਉੱਠਦੀ ਹੈ, ਉਸਦਾ ਅਹਿਸਾਸ ਮੁਰਦਾ ਸਰੀਰ ਵਿਚ ਵੀ ਜਾਨ ਪਾ ਦੇਣ ਵਾਲਾ ਹੈ। ਤਰਸ ਦੀ ਕੋਈ ਭਾਵਨਾ ਇਸਨੂੰ ਭੰਗ ਨਹੀਂ ਕਰਦੀ।

ਇਨ੍ਹਾਂ ਸਵੈ-ਚਿੱਤਰਾਂ ਤੋਂ ਬਿਨਾ ਫਰੀਦਾ ਨੇ ਸਟਿੱਲ ਲਾਈਫ ਦੇ ਚਿੱਤਰ ਵੀ ਬਣਾਏ। ਟੇਢੇ ਢੰਗ ਨਾਲ ਉਹ ਸਵੈ-ਚਿੱਤਰਾਂ ਦੇ ਸਹਿਯੋਗੀ ਹੀ ਬਣ ਜਾਂਦੇ ਹਨ। ਜਿਵੇਂ ਉਨ੍ਹਾਂ ਵਿਚ ਫਲ ਕੱਟ ਕੇ ਰੱਖੇ ਹੋਏ ਹਨ, ਰੰਗਾਂ ਦਾ ਜੋ ਤਲਿਸਮ ਪ੍ਰਤੱਖ ਹੁੰਦਾ ਹੈ, ਉਹ ਸਭ ਉਸਦੀ ਅਨੰਤ ਪੀੜਾ ਅਤੇ ਇਸ ਤੋਂ ਪਲ ਭਰ ਲਈ ਪ੍ਰਾਪਤ ਹੋਣ ਵਾਲੇ ਚੈਨ ਨਾਲ ਜਾ ਮਿਲਦਾ ਹੈ। ਇਨ੍ਹਾਂ ਤੋਂ ਹਟ ਕੇ ਉਸਦੇ ਮਿਥਿਹਾਸਕ ਅਤੇ ਇਤਿਹਾਸਕ ਵਿਸ਼ਿਆਂ ਦੇ ਚਿੱਤਰ ਹਨ, ਜਿਨ੍ਹਾਂ ਵਿਚ ਮੂਸਾ, ਜੱਗ ਦਾ ਉਦਾਰ ਮਾਰਕਸਵਾਦ ਨੇ ਕਰਨਾ ਹੈ, ਸਤਾਲਿਨ ਦੇ ਸੰਗ, ਸ੍ਰਿਸ਼ਟੀ ਦੀ ਪਿਆਰ ਭਰੀ ਜੱਫੀ, ਸੂਰਜ ਅਤੇ ਜੀਵਨ ਧਰਤੀ ਦਾ ਦ੍ਰਿਸ਼ ਅਤੇ ਕੀ ਦਿਸਿਆ ਮੈਨੂੰ ਜਲ ਵਿਚ ਆਦਿ ਹਨ।

ਮੂਸਾ ਜਗਤ ਪ੍ਰਸਿੱਧ ਮਨੋਵਿਗਿਆਨੀ ਸਿਗਮੰਡ ਫਰਾਇਡ ਦੀ ਲਿਖਤ Moses and Monotheism (ਮੂਸਾ ਅਤੇ ਅਦਵੈਤਵਾਦ) ਤੋਂ ਪ੍ਰਭਾਵਿਤ ਹੈ। ਚਿੱਤਰ ਦੇ ਕੇਂਦਰ ਵਿਚ ਮੂਸਾ ਗਰਭ ਵਿਚ ਪੁੱਠਾ ਲਟਕ ਰਿਹਾ ਹੈ, ਜੋ ਜਨਮ ਉਪਰੰਤ ਰਵੇਰਾ ਵਾਂਗ ਦਿੱਸਦਾ ਹੈ। ਉਸਦੇ ਇਕ ਪਾਸੇ ਇਤਿਹਾਸਕ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਹਨ, ਮਾਰਕਸ, ਲੈਨਿਨ, ਟ੍ਰਾਟਸਕੀ, ਗਾਂਧੀ ਅਤੇ ਕਿੰਨੇ ਹੋਰਾਂ ਦੀਆਂ ਅਤੇ ਦੂਜੇ ਪਾਸੇ ਮਿਥਕ ਪ੍ਰਾਣੀਆਂ ਦੀਆਂ ਮੂਰਤਾਂ ਪੁਰਾਤਨ ਯੂਨਾਨ, ਮਿਸਰ ਆਦਿ ਨਾਲ ਜੋ ਸਬੰਧਤ ਹਨ। ਫਰੀਦਾ ਦਾ ਮੰਤਵ ਇਹ ਦਰਸਾਉਣਾ ਹੈ ਕਿ ਭੈਅ ਵਿਚ ਹੀ ਜਗਤ ਦਾ ਪਾਸਾਰ ਨਿਹਿਤ ਹੈ। ਜੱਗ ਦਾ ਉਦਾਰ ਮਾਰਕਸਵਾਦ ਨੇ ਕਰਨਾ ਹੈ, ਵਿਚ ਇਹ ਸਿਰਾ ਇਸ ਵਿਚਾਰਧਾਰਾ ਨੂੰ ਮਿਲ ਜਾਂਦਾ ਹੈ। ਇਸੇ ਕਾਰਨ ਮਾਰਕਸ ਦੀ ਤਸਵੀਰ ਕੋਲੋਂ ਆਉਂਦੇ ਵੱਡ ਆਕਾਰੀ ਹੱਥਾਂ ਨੇ ਫਰੀਦਾ ਨੂੰ ਇਉਂ ਸਹਾਰਾ ਦਿੱਤਾ ਹੋਇਆ ਹੈ ਕਿ ਆਪਣੀਆਂ ਵੈਸਾਖੀਆਂ ਦੀ ਉਸਨੂੰ ਲੋੜ ਨਹੀਂ ਜਾਪਦੀ।

ਫਰੀਦਾ ਦੀ ਦੇਹ ਦੀ ਅਨੰਤ ਪੀੜਾ ਅਤੇ ਉਸਦੀ ਅੰਤਰ-ਆਤਮਾ ਨਾਲ ਪਰ ਇਨ੍ਹਾਂ ਦਾ ਕੋਈ ਰਚਵਾਂ ਨਾਤਾ ਨਹੀਂ ਜੁੜਦਾ। ਜਾਨ ਬਰਜਰ ਨੇ ਚੁੱਪ ਧਾਰ ਕੇ ਇਹੋ ਸਿੱਧ ਕਰਨਾ ਚਾਹਿਆ ਹੈ। ਚੁੱਪ ਤੋੜਣ ਦਾ ਅਰਥ ਹੈ, ਫਰੀਦਾ ਦੇ ਸਵੈ-ਚਿੱਤਰਾਂ ਦੀ ਤੁਲਨਾ ਵਿਚ ਇਨ੍ਹਾਂ ਨੂੰ ਹੇਚ ਦਰਸਾਉਣਾ ਹੈ, ਜੋ ਕਿਸੇ ਪੱਖੋਂ ਅਯੋਗ ਗੱਲ ਨਹੀਂ। ਉਸਦੀ ਪ੍ਰਮਾਣਿਕ ਚਿੱਤਰਕਾਰੀ ਨੂੰ ਉਭਾਰਨ ਲਈ ਇਹ ਜ਼ਰੂਰੀ ਵੀ ਸੀ। ਜਾਨ ਬਰਜਰ ਦਾ ਅਜਿਹਾ ਕਰਨ ਤੋਂ ਖੁੰਝ ਜਾਣਾ ਕਿਸੇ ਦੁਖਾਂਤ ਤੋਂ ਘੱਟ ਨਹੀਂ।

ਅੰਮ੍ਰਿਤਾ ਸ਼ੇਰਗਿੱਲ ਦੀ ਚਿੱਤਰਕਾਰੀ ਦੀ ਵਿਕਾਸ-ਰੇਖਾ ਇਸ ਤੋਂ ਉਲਟ ਨਹੀਂ ਤਾਂ ਭਿੰਨ ਜ਼ਰੂਰ ਹੈ। ਪਥਰਾਏ ਲੋਕ-ਜੀਵਨ ਨੂੰ ਚਿੱਤਰਣਾ, ਇਸ 'ਤੇ ਛਾਈ ਉਦਾਸੀ ਵਿਚੋਂ ਖ਼ੁਸ਼ੀ ਦੀ ਕੰਪਨ

**(ਬਾਕੀ ਸਫਾ 35 ਉਤੇ)**

## ਕਹਾਣੀ

# ਮੋਮਬੱਤੀ ਦਾ ਚਾਨਣ

**ਸੁਰਨਜੀਤ ਕੌਰ**

ਪਹਿਲੀ ਵਾਰ ਮੈਂ ਉਸਨੂੰ ਮੋਮਬੱਤੀਆਂ ਜਗਾਉਂਦਿਆਂ ਦੇਖਿਆ। ਮੇਰੇ ਨਾਲ ਹੀ ਉਸ ਆਪਣੀ ਲਾਲ ਰੰਗੀ ਮੋਮਬੱਤੀ ਲਾਈ। ਮੋਮਬੱਤੀ ਦੇ ਚਾਨਣ ਵਿਚ ਮੈਂ ਉਸ ਦੇ ਮੂੰਹ ਵਲ ਝਾਕੀ ਨਾ, ਬਦੋ ਬਦੀ ਮੈਥੋਂ ਝਾਕਿਆ ਗਿਆ....ਬੰਕੇ ਨੈਣ, ਕਾਟਵੇਂ ਨਕਸ਼, ਸਾਂਵਲਾ ਰੰਗ, ਇਉਂ ਲੱਗਾ ਮੈਂ ਉਸਨੂੰ ਵਰ੍ਹਿਆਂ ਤੋਂ ਜਾਣਦੀ ਹੋਵਾਂ। ਦਿਲ ਵਿਚ ਇਕ ਲਕੀਰ ਜਿਹੀ ਖਿੱਚੀ ਗਈ। ਮੈਂ ਮੁੜ ਆਪਣੇ ਆਹਰੀਂ ਦੀਵੇ ਮੋਮਬੱਤੀਆਂ ਜਗਾਉਣ ਲਗ ਪਈ...

ਬੱਤੀਆਂ ਤਾਂ ਹਰ ਦੀਵਾਲੀ ਜਗਦੀਆਂ ਨੇ, ਤੇ ਨਾਲ ਭੁੱਲੀਆਂ ਵਿਸਰੀਆਂ ਆਉਂਦੀਆਂ ਨੇ ਯਾਦਾਂ ਵੀ...ਕੀਰਤਨ ਹੋ ਰਿਹਾ ਸੀ, ਦੀਵਾਲੀ ਦੀ ਰਾਤ ਦੀਵੇ ਬਾਲੀਅਨ 'ਤੇ ਮੈਂ,...ਤੇ ਮੈਂ ਆਪਣੀਆਂ ਲੰਘੀਆਂ ਪੈੜਾਂ ਵਿਚ ਮਗਨ ਦੀਵੇ ਬਾਲਣ ਲੱਗੀ ਹੋਈ ਸਾਂ। ਮੇਰੇ ਨੇੜੇ ਕੁਝ ਸਰਸਰਾਹਟ ਹੋਈ, ਭੀੜ ਜਿਹੀ, ਦੀਵੇ ਤੇ ਮੋਮਬੱਤੀਆਂ ਬਾਲਣ ਵਿਚ ਮਗਨ ਸਨ। ਮੈਂ ਦੀਵਾ ਬਾਲ ਧਰਿਆ, ਉਸ ਮੇਰੇ ਹੱਥ ਉਪਰ ਹੱਥ ਧਰ ਘੁੱਟਿਆ ਤੇ ਮੇਰਾ ਹੱਥ ਕੰਬ ਗਿਆ। ਜਗਮਗ ਜਗਮਗ ਰੋਸ਼ਨੀ ਵਿਚ ਉਹੀ ਚਿਹਰਾ ਜਾਣਿਆ ਪਹਿਚਾਣਿਆ, ਪੂਰਾ ਸਾਲ ਮੇਰੇ ਪੈਰਾਂ ਹੇਠੋਂ ਐਨੀ ਜਲਦੀ ਸਰਕ ਗਿਆ। ਹੈਂ! ਅਜੇ ਕਲ ਦੀ ਹੀ ਤਾਂ ਗੱਲ ਸੀ ਉਹ ਮੈਨੂੰ ਮਿਲਿਆ ਸੀ ਉਸ ਮੁੜ ਆਖਿਆ-

''ਮੈਂ ਤੈਨੂੰ ਜਾਣਦਾਂ''

''ਹਾਂ ਹਾਂ, ਮੈਂ ਵੀ''....ਅਸੀਂ ਦੋਵੇਂ ਹੱਸ ਪਏ ਸਾਂ। ਉਹ ਮੇਰੇ ਹੀ ਕਾਲਜ ਵਿਚ ਪੜ੍ਹਦਾ ਸੀ, ਪਰ ਉਸ ਦੇ ਸਬਜੈਕਟਸ ਸਨ ਸਾਇੰਸ ਦੇ ਤੇ ਮੇਰੇ ਸਨ ਆਰਟਸ ਦੇ, ਤਾਹੀਓਂ ਕਦੀ ਬਹੁਤਾ ਮਿਲਣਾ ਨਹੀਂ ਸੀ ਹੋ ਸਕਿਆ ਤੇ ਹੁਣ, ਹੁਣ ਅਸੀਂ ਤਕਰੀਬਨ ਰੋਜ਼ ਮਿਲਦੇ ਸਾਂ, ਕਿਉਂ ਜੁ ਉਹ ਸਾਡੇ ਹੀ ਪਿੰਡਾਂ ਵਲ ਦਾ ਸੀ। ਉਹ ਵੀ ਇਕ ਵਾਰੀ ਉਸ ਖੁਲਾਸਾ ਕੀਤਾ ਸੀ ਕਿ ਉਹ ਸਾਡੇ ਵੱਡੇ-ਵਡੇਰਿਆਂ ਬਾਰੇ ਵੀ ਜਾਣਦੈ ਤੇ ਇਕ ਦਿਨ ਜਦੋਂ ਮੈਂ ਆਪਣੀ ਮਾਂ ਨਾਲ ਪਿੰਡ ਦਾ ਨੇੜ ਤੇੜ ਦੱਸਦਿਆਂ ਗੱਲ ਤੋਰੀ ਸੀ ਤਾਂ ਮਾਂ ਨੇ ਵੀ ਹੁੰਗਾਰਾ ਭਰਿਆ ਸੀ...ਪਰ ਮੈਨੂੰ ਜਾਪਦਾ ਸੀ ਜੁ ਮਾਂ ਨੇ ਪੂਰੀ ਗੱਲ ਨਹੀਂ ਸੀ ਦੱਸੀ। ਭਲਾ ਐਡੀ ਵੀ ਕਿਹੜੀ ਗੱਲ ਸੀ ਜੁ...ਚਲੋ ਗੱਲ ਆਈ ਚਲਾਈ ਹੋ ਗਈ ਸੀ।

ਉਹ ਮੈਨੂੰ ਬੱਸ ਵਿਚ ਰੋਜ਼ ਮਿਲਦਾ। ਅਸੀਂ ਇਕੱਠੇ ਕਾਲਜ ਜਾਂਦੇ ਤੇ ਇਕੱਠੇ ਨਿਕਲਦੇ। ਉਸ ਦਾ ਜਦੋਂ ਪ੍ਰੈਕਟੀਕਲ ਹੁੰਦਾ ਉਸਦੀ ਦੇਰ ਹੋ ਜਾਂਦੀ, ਪਰ ਤਾਂ ਵੀ ਮੈਂ ਉਡੀਕਦੀ ਰਹਿੰਦੀ ਤੇ ਹੁਣ ਤੇ ਕਾਲਜ ਵਿਚ ਸਾਡੀਆਂ ਗੱਲਾਂ ਵੀ ਹੋਣ ਲੱਗ ਪਈਆਂ ਸਨ, ਪਰ ਤਾਂ ਵੀ ਅਸੀਂ ਚੁੱਪ ਸਾਂ। ਮੁਹੱਬਤ ਦੀਆਂ ਅੱਖਾਂ ਇਤਨੀਆਂ ਰੌਸ਼ਨ ਹੁੰਦੀਆਂ ਹਨ ਕਿ ਉਹ ਸਿਰਫ ਜਿਸਮ ਨੂੰ ਨਹੀਂ ਵੇਖਦੀਆਂ, ਜਿਸਮ ਦੇ ਅੰਦਰ ਕੱਜੀ ਵਲੇਟੀ ਹੋਈ ਆਤਮਾ ਨੂੰ ਵੀ ਵੇਖ ਲੈਂਦੀਆਂ ਹਨ। ਇਉਂ ਇੰਦਰ ਨਾਲ ਮੇਰੀ ਦੋਸਤੀ, ਦੋਸਤੀ ਦੇ ਰੀਤੀ ਰਿਵਾਜ ਤੋਂ ਬਿਲਕੁਲ ਇਨਕਾਰੀ ਹੋ ਕੇ ਫਕੀਰੀ ਤੇ ਹੁਸਨ ਦੇ ਨਕਸ਼ਾਂ ਨਾਲ ਸ਼ੁਰੂ ਹੋਈ ਸੀ। ਦੋਸਤੀ ਤਾਂ 'ਉੱਨ' ਦੇ ਇਕ ਇਕ ਘੁਰੇ ਦੇ ਬੁਣਨ ਵਾਂਗ ਹੁੰਦੀ ਏ, ਮੁਹੱਬਤ ਇਕ ਲੰਬੀ ਸੜਕ ਹੁੰਦੀ ਏ ਲਗਾਤਾਰ ਤੁਰਦੀ ਏ, ਤੇ ਇਕ ਦਿਨ ਇੰਦਰ ਨੂੰ ਮੈਂ ਮਾਂ ਨੂੰ ਮਿਲਾਉਣ ਨਾਲ ਲੈ ਤੁਰੀ ਸਾਂ। ਇੰਦਰ ਸਭ ਨੂੰ ਮੋਹ ਲੈਣ ਵਾਲਾ ਇਨਸਾਨ। ਮਾਂ, ਇੰਦਰ ਨੂੰ ਮਿਲ ਬੜੀ ਖੁਸ਼ੀ ਹੋਈ ਤੇ ਬਸ ਫਿਰ ਇਉਂ ਟੋਰਾ ਫੇਰੀ ਤੇ ਇੰਦਰ ਦੂਜੇ ਚੌਥੇ ਸਾਡੇ ਘਰ ਆਉਂਦਾ ਜਾਂਦਾ ਰਿਹਾ ਸੀ।

ਮਾਂ ਸਾਨੂੰ, ਜਾਣੀ ਮੇਰੀ ਭੈਣ ਦੀਪਾਂ ਤੇ ਮੈਨੂੰ ਗੱਲੀਂ ਬਾਤੀਂ ਬੁਝਾਵਨੀਆਂ ਦੇਂਦੀ ''ਅੱਜ ਤੱਕ ਤਾਂ ਮੈਂ ਔਖੀ-ਸੌਖੀ ਨੇ ਸਮਾਂ ਲੰਘਾ ਲਿਆ, ਪਰ ਹੁਣ ਜਦੋਂ ਤੁਸੀਂ ਬਾਹਰ ਜਾਂਦੀਆਂ ਹੋ ਤਾਂ ਮੇਰੀ ਜਾਨ ਸੁੱਕੀ ਰਹਿੰਦੀ ਏ, ਜਾਨ ਸੂਲੀ 'ਤੇ ਚੜ੍ਹੀ ਰਹਿੰਦੀ ਏ ਜਦ ਤਕ ਤੁਸੀਂ ਘਰੇ ਨਹੀਂ ਪਹੁੰਚਦੀਆਂ।''

''ਮਾਂ ਤੂੰ ਕਿਉਂ ਚਿੰਤਾ ਕਰਦੀ ਏਂ'' ਮੈਂ ਮਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ। ''ਚਿੰਤਾ ਤਾਂ ਕਰਨੀ ਹੋਈ ਜੇ ਕਿਤੇ ਤੁਹਾਡਾ ਕੋਈ ਭਰਾ ਹੁੰਦਾ ਤਾਂ ਮੈਂ, ਨਾ ਡਰਦੀ। ਹੁਣ ਜੇ ਕਿਤੇ ਕੋਈ ਅਣਭਾਵੀ ਵਾਪਰੇ ਤਾਂ ਮੈਂ ਕਿਸ ਦੀ ਮਾਂ ਨੂੰ ਮਾਸੀ ਆਖਾਂਗੀ। ਤੁਹਾਡਾ ਪਿਓ ਤਾਂ ਇਨ੍ਹਾਂ ਮੁਸੀਬਤਾਂ ਤੋਂ ਟਲ ਗਿਆ ਮੈਨੂੰ 'ਕੱਲੀ-ਕਾਰੀ ਨੂੰ ਝੋਕ ਗਿਆ। ਘਰ ਕੋਈ ਆਦਮੀ ਨੀ...ਮਾਂ ਦੀ ਗੱਲ ਟੁੱਟੀ ਜਦੋਂ ਇਸੇ ਵੇਲੇ ਇੰਦਰ ਨੇ ਡਿਉੜੀ ਦੀ ਦਹਿਲੀਜ਼ ਪਾਰ ਕੀਤੀ ਤੇ ਕਮਰੇ ਤਕ ਪਹੁੰਚਦਿਆਂ-ਪਹੁੰਚਦਿਆਂ ਉਸ ਗੱਲ ਅੱਗੇ ਤੋਰਦਿਆ ਆਖਿਆ, ''ਮਾਸੀ ਜੀ ਕੀ ਪਏ ਆਖਦੇ ਹੋ।''

''ਕੀ ਕਹਿਣੈ ਪੁੱਤ'' ਮੈਨੂੰ ਜ਼ਮਾਨੇ ਤੋਂ ਡਰ ਲਗਦੈ। ਔਹ ਦੇਖ! ਤੇਰੀ ਕੁਝ ਲਗਦੀ ਜ਼ਿੱਦ 'ਤੇ ਅੜੀ ਬੈਠੀ ਏ, ਪਈ ਐਮ.ਏ. ਕਰਨੀ ਏ। ਐਮ.ਏ. ਤਾਂ ਕਰਨੀ ਏ, ਪਰ ਕਾਲਜ ਐਡੇ ਦੂਰ, ਸੁੰਨ ਮਸਾਨ ਥਾਂ 'ਤੇ ਏ ਤੂੰ ਹੀ ਦੱਸ 'ਕੱਲੀ ਕਾਰੀ ਕੁੜੀ'...

ਵਿਚੋਂ ਹੀ ਗੱਲ ਕੱਟਦਿਆਂ ਜਲਦੀ ਜਲਦੀ ਇੰਦਰ ਬੋਲਿਆ ''ਮਾਸੀ ਜੀ! ਤੁਸੀਂ ਕਿਉਂ ਘਬਰਾਂਦੇ ਹੋ? ਮੈਂ ਜੁ ਹਾਂ-ਮੈਂ ਤੁਹਾਡੇ ਘਰ ਦਾ ਮਰਦ ਨਹੀਂ, ਮੇਰੇ 'ਤੇ ਭਰੋਸਾ ਕਰੋ। ਮੈਂ ਰੋਜ਼ ਰਾਣੀ ਨੂੰ ਲੈ ਜਾਇਆ ਕਰਾਂਗਾ ਤੇ ਛੱਡ ਵੀ ਜਾਇਆ ਕਰਾਂਗਾ। ਠੀਕ ਉਸ ਮਾਂ ਨੂੰ ਮੋਢਿਆਂ ਤੋਂ ਫੜਿਆ ਤੇ ਕਿਹਾ, ਖੁਸ਼ ਨਾ! ਹੁਣ ਤੇ ਖੁਸ਼ ਹੋ ਜਾਵੋ ਉਕਾ ਕੋਈ ਫਿਕਰ ਨੀ ਕਰਨੀ ਮੈਂ ਦਸ ਬੰਦਿਆਂ...''

ਗੱਲ ਦੇ ਵਿਚੋਂ ਹੀ ਮੈਂ ਇੰਦਰ ਨੂੰ ਥੱਪਾ ਮਾਰਿਆ ਤੇ ਕਿਹਾ ''ਚੱਲ ਪਰ੍ਹੇ! ਵੱਡਾ! ਤੂੰ ਤਾਂ ਮੈਥੋਂ ਛੋਟਾ ਏਂ ਕੀ ਕਰਨੀ ਏ ਤੈਂ ਮੇਰੀ ਰਖਵਾਲੀ ਇਹੀ ਤੇਰੇ ਚੋਚਲੇ ਮੋਚਲੇ ਮੋਹ ਲੈਂਦੇ ਨੇ...''

''ਓ ! ਰਾਣੀ ਜੀ! ਇਕ ਗੱਲ ਸੋਚ ਲੋ ਮੇਰੇ ਡੌਲੇ ਦੇਖ ਅੱਜ ਵੀ ਦਸ ਬੰਦਿਆਂ ਨਾਲ ਮੈਂ ਅਟੀ ਸਟੀ ਲਾ ਸਕਨੈ'' ਤੇ ਉਸ ਕਮੀਜ਼ ਦੀ ਬਾਂਹ ਡੂੰਗ ਆਪਣੇ ਡੌਲੇ ਦਿਖਾਏ...ਮੈਂ ਦੀਪਾ ਤੇ ਮਾਂ, ਅਸੀਂ ਹਸ ਪਈਆਂ। ਮੁੜ ਨਿੱਕੀਆਂ ਮੋਟੀਆਂ ਗੱਲਾਂ ਕਰਦਾ ਉਹ ਤੁਰ ਗਿਆ। ਉਹਦੇ ਜਾਣ ਮਗਰੋਂ ਮੈਂ ਮਾਂ ਦੇ ਨੇੜੇ ਹੁੰਦਿਆਂ ਕਿਹਾ ਮਾਂ ਤੂੰ ਇੰਦਰ ਬਾਰੇ ਕੁਝ ਕਹਿੰਦੀ ਸੀ ਕਿ ਮੈਂ ਇਹਦੇ ਵੱਡੇ ਵਡੇਰਿਆਂ ਨੂੰ...ਗੱਲ ਸੁਣੀ ਨੂੰ ਅਣਸੁਣੀ ਕਰਦਿਆਂ, ਮੇਰੇ ਤੋਂ ਪਰ੍ਹੇ ਹੁੰਦਿਆਂ ਮਾਂ ਉੱਠਣ ਨੂੰ ਹੋਈ ''ਨੀ ਕਵੇਲਾ ਹੋ ਗਿਐ ਕੁਝ ਦਾਲ ਭਾਜੀ ਵੀ ਧਰ ਲਈਏ।'' ਮੈਂ ਮਾਂ ਨੂੰ ਪਕੜ ਮੁੜ ਬਠਾ ਲਿਆ ਤੇ ਕਿਹਾ-''ਦੇਖ ਮਾਂ! ਚੁੱਪ ਕਰਕੇ ਇੰਦਰ ਦੀ ਕਹਾਣੀ ਸੁਣਾ ਦੇ ਨਹੀਂ ਤਾਂ ਅਸੀਂ ਵੀ ਇਉਂ ਤੇਰੇ ਕੋਲ ਬੈਠੀਆਂ ਰਹਾਂਗੀਆਂ ਕੁਝ ਕੰਮ ਨਹੀਂ ਕਰਨਾ।''

''ਓ ਹੋ! ਤੂੰ ਤਾਂ ਐਵੇਂ ਹੀ ਮਗਰ ਪੈ ਜਾਨੀ ਏਂ ਕੋਈ ਗਲ ਹੋਵੇ ਵੀ ਤਾਂ।'' ''ਨਾ ਦੱਸ! ਮੈਂ ਤਾਂ ਚਾਚੇ ਦੇ ਘਰ ਜਾ ਕੇ ਸਭ ਪੁੱਛ ਲੂੰਗੀ, ਉਹਨੂੰ ਵੀ ਤਾਂ ਸਭ ਪਤਾ ਹੋਣੈਂ।''

''ਨਾ! ਨਾ! ਝੱਲੀਏ! ਇਹ ਕਿਹੜੀ ਗੱਲ ਚਾਚੇ ਦੇ ਘਰ ਜਾ ਕੇ ਕਰਨ ਵਾਲੀ ਏ।''

''ਠੀਕ ਏ!'' ਮੈਂ ਗੱਲ ਮੁਕਾਈ।

ਪੁਰਾਣੀ ਗੱਲ ਐ, ਇੰਦਰ ਦੇ ਵੱਡੇ ਵਡੇਰੇ ਯਾਨਿ ਇਸ ਦਾ ਪਿਓ ਭਾਨਾ ਤੇ ਦਾਦਾ ਮੋਤੀ ਲੱਭੂ, ਸਾਡੇ ਨਾਲ ਸੀਰੀ ਰਲੇ ਹੋਏ ਸਨ। ਸਮੇਂ ਦਾ ਚੱਕਰ ਕੁਝ ਐਸਾ ਚੱਲਿਆ ਕਿ ਜਾਤ-ਕੁਜਾਤ ਵਾਲੀ ਗੱਲ, ਮਿਹਣੇ ਤਾਹਨੇ ਬਣ ਗਈ। ਅੰਦਰੋਂ ਅੰਦਰ ਜਲਦੀ ਰਹੀ। ਅਗਲੀ ਨਸਲ ਨੌਕਰੀਆਂ ਕਰਨ ਲੱਗੀ, ਕਹਿੰਦੇ ਨੇ ਭਾਨੇ ਦੀ ਘਰਵਾਲੀ ਧੰਤੋਂ ਬਹੁਤ ਹੀ ਚਲਾਕ ਛਟੀ ਹੋਈ ਔਰਤ ਸੀ। ''ਆਦਮੀਆਂ 'ਤੇ ਡੋਰੇ ਪਾਉਣ ਵਾਲੀ ਨਿਰੀ-ਇੰਦਰ ਦੀ ਮਾਂ।'' ਮੈਂ ਪੱਕ ਕਰਨ ਲਈ ਪੁੱਛਿਆ?

''ਆਹੋ! ਤੇ ਹੋਰ, ਲੁੱਟ-ਪੁੱਟ ਲਿਆ ਉਸ।''



''ਕਿਸ ਨੂੰ''?

''ਸਾਨੂੰ-ਚੋਰੀ ਛੁਪੀ ਉਸ ਤੇਰੇ ਪਿਓ ਤੋਂ ਖੇਤਾਂ ਦੇ ਕਾਗਜ਼ਾਂ ਦੇ ਦਸਤਖ਼ਤ ਕਰਵਾ ਲਏ। ਹੌਲੀ-ਹੌਲੀ ਖੇਤ ਵਿਕਣ ਲੱਗੇ। ਸਾਨੂੰ ਖਾਬ ਖਿਆਲ ਨਾ ਤੇ ਤੇਰਾ ਪਿਓ ਜਿਵੇਂ ਉਨ੍ਹਾਂ ਜੋਗਾ ਹੀ ਰਹਿ ਗਿਆ।'' ''ਤੇ ਤੁਹਾਨੂੰ ਸਮਝ ਨਾ ਆਈ?'' ਸਮਝ ਨੀਂ ਆਉਂਦੀ? ''ਤੇਰਾ ਪਿਓ ਤਾਂ ਅੰਨ੍ਹਾ ਹੋ ਗਿਆ ਸੀ, 'ਚਸਕਾ ਦੂਜੀ ਦਾ' ਹੈ ਵੀ ਤਾਂ ਅਨਪੜ੍ਹ ਬੁਗ ਸੀ। ਕੋਈ ਸੋਚ ਵਿਚਾਰ ਨਾ ਕੀਤੀ-ਬਸ ਖੇਤ ਵੇਚ, ਵਿਹਾ ਛੱਡੇ, ਖੂਆ ਪਿਆ ਛੱਡੇ।'' ਮਾਂ ਹੌਕੇ, ਹਿਚਕੀਆਂ ਲੈਣ ਲੱਗੀ। ਮੈਨੂੰ ਮਾਂ 'ਤੇ ਬੜਾ ਤਰਸ ਆਇਆ। ਮੁੜ ਅੱਗੋਂ ਮੈਂ ਹੋਰ ਘੋਖ ਕੱਢਣ ਦੀ ਕੋਸ਼ਿਸ਼ ਨਾ ਕੀਤੀ ਤੇ ਚੁੱਪ ਤਾਂ ਕਰ ਗਈ, ਪਰ ਮੇਰੇ ਮਨ ਅੰਦਰ ਇਕ ਪਾੜ ਜਿਹਾ ਜ਼ਰੂਰ ਪੈ ਗਿਆ।

ਮੈਂ ਐਮ.ਏ. ਵਿਚ ਦਾਖਲਾ ਲੈ ਲਿਆ ਸੀ ਇੰਦਰ ਨਿਤਨੇਮ ਵਾਂਗੂ ਆਉਂਦਾ, ਮੈਨੂੰ ਕਾਲਜ ਲੈ ਜਾਂਦਾ ਤੇ ਮੁੜ ਘਰੇ ਛੱਡ ਵੀ ਜਾਂਦਾ। ਰਸਤੇ ਵਿਚ ਖੇਤ ਆਉਂਦੇ, ਹਰਿਆਵਲ ਹੀ ਹਰਿਆਵਲ। ਰਸਤੇ ਵਿਚ ਸਰਪੰਚਾਂ ਦੇ ਵੀ ਖੇਤ ਆਉਂਦੇ, ਉਸ ਖੇਤਾਂ ਦੀਆਂ ਵੱਟਾਂ-ਵੱਟਾਂ 'ਤੇ ਸੌਂਫ ਦੇ ਪੌਦੇ ਵੀ ਲਗਾਏ ਹੋਏ ਸਨ। ਜਦੋਂ ਸੌਂਫ ਦੇ ਪੌਦਿਆਂ ਉਤੇ ਨਿੱਕੇ-ਨਿੱਕੇ ਫੁੱਲ ਪੈਂਦੇ ਤਾਂ ਉਨ੍ਹਾਂ ਦੀ ਬਹੁਤ ਹੀ ਪਿਆਰੀ ਖੁਸ਼ਬੋ ਮਨ ਨੂੰ ਮੋਹ ਲੈਂਦੀ, ਜਦੋਂ ਮੈਂ ਤੇ ਇੰਦਰ ਅੱਗਿਓਂ ਲੰਘਦੇ ਤਾਂ ਮੈਂ ਉੱਚੀ-ਉੱਚੀ ਬੋਲਦੀ-

''ਰੁਕ ਰੁਕ ਇੰਦਰ ! ਜ਼ਰਾ ਰੁਕ!''

''ਲੈ! ਤੂੰ ਹੁਣ ਦੇਰ ਕਰਾਉਣੀ ਹੈ।''

''ਨਹੀਂ ਬਾਬਾ! ਬਸ ਗਈ ਤੇ ਆਈ। ਭੱਜ ਕੇ ਬੋਹੜੇ ਸੌਂਫਾਂ ਦੇ ਫੁੱਲ ਲੈ ਆਵਾਂ। ਆਪਾਂ ਰਲ ਕੇ ਖਾਵਾਂਗੇ ਬਹੁਤ ਸਵਾਦੀ ਹੁੰਦੇ ਨੇ। ਮਿੱਠੀ ਮਿੱਠੀ ਮਹਿਕ ਵਾਲੇ ਤੇ ਕਾਲਜ ਪਹੁੰਚ ਉਤੋਂ ਠੰਢਾ-ਠੰਢਾ ਪਾਣੀ ਪੀਵਾਂਗੇ। ਪਾਣੀ ਵੀ ਮਿੱਠਾ ਲੱਗੇਗਾ।'' ਇੰਦਰ ਹੱਸ ਕੇ ਆਖਦਾ ''ਰਾਣੀ ਤੂੰ ਵੀ....ਬਸ....ਤੇਰੇ ਸ਼ੌਕ ਵੀ ਨਿਆਰੇ ਤੇ ਪਤਾ ਨੀ ਤੂੰ ਕੀ ਚੰਨ ਚਾੜ੍ਹਨੇ ਨੇ।''

ਤੇ ਉਸਤੋਂ ਦੂਜੇ ਤੀਜੇ, ਜਦੋਂ ਮੈਂ ਇੰਦਰ ਦੀ ਬਾਈਕ ਤੋਂ ਉਤਰੀ ਖੇਤਾਂ ਵਿਚੋਂ ਸੌਂਫ ਲੈਣ ਲਈ ਤਾਂ ਕਿਸੇ ਖੜਾਕ ਨਾਲ ਮੇਰਾ ਧਿਆਨ ਉਖੜਿਆ। ਮੈਂ ਸੋਚਿਆ, ਖਵਰੇ ਕੋਈ ਸੌਂਫ ਤੋੜਨ ਤੋਂ ਹੀ ਮਨ੍ਹਾ ਨਾ ਕਰਦਾ ਹੋਵੇ। ਮੈਂ ਤ੍ਰਬਕ ਕੇ ਅੱਗੇ ਪਿੱਛੇ ਦੂਰ ਤਾਈਂ ਦੇਖਿਆ ਦੂਰ ਸਰਪੰਚ ਦੀ ਮੋਟਰ ਵਾਲੀ ਕੋਠੜੀ 'ਚੋਂ ਨਿਕਲਦੀ ਇਕ ਸ਼ਕਲ ਦੇਖੀ। ਜਿਵੇਂ ਕੋਈ ਜਾਣੀ ਪਹਿਚਾਣੀ ਹੋਵੇ। ਮੈਂ ਆਪਣੇ ਦਿਮਾਗ 'ਤੇ ਬੋਝ ਪਾਇਆ, ਪਰ ਮੇਰੇ ਵਲ ਉਸਦੀ ਪਿੱਠ ਹੋਣ ਕਰਕੇ ਕੁਝ ਨਾ ਸਮਝੀ ਤੇ ਨਾਲ ਹੀ ਮੈਂ ਮਨ ਵਿਚ ਕਿਹਾ ਚੱਲ ਖਸਮਾਂ ਨੂੰ ਖਾਏ ਆਪਾਂ ਕੀ ਲੈਣਾ ਤੇ ਫਿਰ ਮੈਂ ਇਕ ਪਾਸੇ ਜਿਹੇ ਔਲੂ ਤੋਂ ਹੱਥ ਧੋਤੇ ਤੇ ਜਦੋਂ ਮੈਂ ਉੱਚੀ ਉੱਠੀ ਤਾਂ ਜਿਵੇਂ ਮੈਂ ਧਰਤੀ ਵਿਚ ਹੀ ਗੱਡੀ ਗਈ ਹੋਵਾਂ, ਮੇਰੀ ਜਾਨ ਨਿਕਲਣ ਵਾਲੀ ਹੋ ਗਈ, ਮੇਰੀਆਂ ਲੱਤਾਂ ਦੀ ਸਾਰੀ ਸਤਾ ਜਿਵੇਂ ਮੁੱਕ ਗਈ...

''ਹੈਂ! ਇਹ ਸਿੱਧੂ ਨੀਂ...'' ਮੈਂ ਆਪਣੇ ਆਪ ਤੇ ਪ੍ਰਸ਼ਨ ਕੀਤਾ।

ਮੈਂ ਇੰਦਰ ਵਲ ਵੇਖਿਆ ਉਹ ਉਵੇਂ ਜਿਵੇਂ ਸਿਧਾ ਤੀਰ ਬਾਈਕ ਉਤੇ ਹੀ ਬੈਠਾ ਸੀ।

''ਏ-ਸਾਧੂ ਮਾਰਾਜ-ਹੇਠਾਂ ਵੀ ਉਤਰੋ! ਤੁਸੀਂ ਵੀ ਮੂੰਹ ਮਿੱਠਾ ਕਰ ਲੋ, ਮੈਂ ਪਰਸ 'ਚੋਂ ਦੋ ਕੁ ਗੁੱਟੇ ਸੌਂਫ ਦੇ ਫੁੱਲਾਂ ਦੇ ਉਸ ਨੂੰ ਪਕੜਾਏ, ਪਰ ਫਿਰ ਵੀ ਮੇਰਾ ਧਿਆਨ ਮੁੜ ਦੂਸਰੇ ਪਾਸੇ ਚਲਾ ਗਿਆ। ਮੈਂ ਨੀਝ ਲਾ ਤੱਕਿਆ ''ਹਾਏ, ਮੈਂ ਮਰਗੀ'' ਅਚਨਚੇਤ ਮੇਰੇ ਮੂੰਹੋਂ ਨਿਕਲਿਆ। ਸਿੱਧੂ ਦੇ ਮਗਰ-ਮਗਰ ਦੀਪਾਂ! ਮੈਂ ਅੱਖਾਂ ਮਲੀਆਂ, ਆਪਣੇ ਆਪ ਨੂੰ ਹੋਸ਼ 'ਚ ਲਿਆਂਦਾ। ਉਹੀ ਸੂਟ, ਉਹੀ ਪਿੱਠ, ਉਹੀ ਤੋਰ, ਉਹੀ ਕੱਪੜੇ ਸੁਆਰਦੀ-ਸੁਆਰਦੀ ਸਿੱਧੂ ਦੇ ਮਗਰੇ ਮਗਰ ਤੁਰੀ ਹੋਈ ਸੀ। ਮੇਰਾ ਦਿਲ ਧਕ ਕਰਕੇ ਰਹਿ ਗਿਆ। ਇਹ ਨੀਂ ਹੋ ਸਕਦਾ? ਇਹ ਕਿਵੇਂ? ਮੈਂ ਮੁੜ ਪਰ੍ਹੇ, ਨਜ਼ਰ ਦੌੜਾਈ। ਪਰ੍ਹੇ ਜਿਹੇ ਕਾਰ ਵੀ ਖੜ੍ਹੀ ਸੀ। ਮੈਂ ਥਾਏਂ ਗੱਡੀ ਗਈ ਸਾਂ। ਮੈਂ ਅਜੇ ਵੀ ਨਹੀਂ ਸੀ ਹਿੱਲਣਾ, ਜੇ ਕਿਤੇ ਇੰਦਰ ਉੱਚੀ ਸਾਰੀ ਆਵਾਜ਼ ਮਾਰ ਕੇ ਨਾ ਆਖਦਾ, ''ਕੀ ਗੱਲ ਭਾਈ? ਤੂੰ ਤਾਂ ਹੈਥੇ ਹੀ ਡੇਰੇ ਲਾ ਲਏ, ਕਾਲਜ ਨੀਂ ਜਾਣਾ, ਜਲਦੀ ਤੁਰ ਹੁਣ ਦੇਰੀ ਹੋ ਰਹੀ ਏ।''

ਮੈਂ ਪੂਰੀ ਤਰ੍ਹਾਂ ਘਬਰਾਈ ਹੋਈ ਇੰਦਰ ਦੇ ਨੇੜੇ ਪਹੁੰਚੀ। ਉਸਨੂੰ ਕੀ ਦੱਸਦੀ? ਕੀ ਕਹਿੰਦੀ? ਕੁਝ ਵੀ ਤੇ ਨਹੀਂ ਸਾਂ ਦੱਸ ਸਕਦੀ। ਉਸ ਮੇਰੇ ਲੱਥੇ ਹੋਏ ਮੂੰਹ ਵਲ ਵੇਖਿਆ ਤੇ ਬੋਲਿਆ ''ਕੀ ਹੋਇਐ? ਤਬੀਅਤ ਤਾਂ....''

ਵਿਚੋਂ ਹੀ ਮੈਂ ਗੱਲ ਤੋੜਦੀ ਜਲਦੀ ਜਲਦੀ ਬੋਲੀ, ''ਮੇਰਾ ਜੀ ਘਬਰਾ ਰਿਹੈ ਇੰਦਰ!

''ਚੱਲ ਪਹਿਲਾਂ ਡਾਕਟਰ ਦੇ ਚੱਲੀਏ ਤੇ ਫਿਰ ਕਾਲਜ...''

''ਨਹੀਂ ਨਹੀਂ ! ਬਸ ਤੂੰ ਮੈਨੂੰ ਘਰੇ ਬਾਰ ਮੂਹਰੇ ਲਾ ਦੇਈਂ।''

''ਓ ਹੋ! ਜੇ ਤਬੀਅਤ ਠੀਕ ਨਹੀਂ ਤਾਂ ਦੁਆਈ ਲੈ ਲੈਨੇ ਆਂ''

''ਬਸ! ਤੂੰ ਮੈਨੂੰ ਘਰੇ ਹੀ ਛੱਡ ਦੇ, ਤੇ ਤੂੰ ਕਾਲਜ ਜਾਣੈ ਤਾਂ ਜਾਹ,'' ਮੈਂ ਥੋਹੜੀ ਕੁਰੱਖ਼ਤ ਆਵਾਜ਼ ਵਿਚ ਬੋਲੀ।

''ਮੈਂ ਕੀ ਕਰਨੈ ਕਾਲਜ ਜਾ ਕੇ ਜੇ ਤੂੰ ਨਹੀਂ ਜਾਣਾ ਤਾਂ। ਮੈਂ ਵੀ ਘਰੇ ਹੀ ਜਾਊਂ ਤੈਨੂੰ ਛੱਡ ਕੇ।'' ਆਪਣੇ ਘਰ ਤੋਂ ਥੋੜ੍ਹਾ ਪਿੱਛੇ ਮੋੜ 'ਤੇ ਹੀ ਮੈਂ ਉਹਨੂੰ ਉਤਰਨ ਵਾਸਤੇ ਕਹਿ ਦਿੱਤਾ। ਵੈਸੇ ਉਹ ਹੈਰਾਨ ਹੋਇਆ। ਉਹ ਮੇਰੇ ਮੂੰਹ ਵਲ ਝਾਕਿਆ ਪਰ ਬੋਲਿਆ ਕੁਝ ਨਾ...।

ਦੂਰੋਂ ਹੀ ਘਰੋਂ ਕੋਈ ਆਵਾਜ਼ਾਂ ਆਉਂਦੀਆਂ ਮੈਨੂੰ ਸੁਣੀਆਂ। ਜਿਉਂ ਹੀ ਮੈਂ ਅੰਦਰ ਵੜੀ ਮਾਂ ਤਾਂ ਦੁਹੱਥੜ ਪਿੱਟ ਰਹੀ ਸੀ। ਮੈਨੂੰ ਦੇਖਦਿਆਂ ਹੀ ਉਹ ਹੋਰ ਉੱਚੀ ਬੋਲੀ, ''ਦੇਖ ! ਆਹ ਇਸ ਦੇ ਕਾਰੇ! ਨੀਂ ਮੈਂ ਤਾਂ ਲੁੱਟੀ ਗਈ।'' ਮੇਰੀ ਮਾਂ ਮੇਰੀ ਭੈਣ ਨੂੰ ਮੁੱਕਿਆਂ, ਥੱਫਿਆਂ, ਚਪੇੜਾਂ ਨਾਲ ਕੁੱਟੀ ਜਾ ਰਹੀ ਸੀ, 'ਕੁਲਹਿਣੀ, ਕੁਲੱਖਣੀ, ਕਮੀਨੀ, ਕੁੱਤੀ, ਕੰਜਰੀ ਕਮਜ਼ਾਤ' ਤੇ ਹੋਰ ਪਤਾ ਨੀਂ ਕੀ ਕੀ ਗਾਲ੍ਹਾਂ ਕੱਢੀ ਜਾ ਰਹੀ ਸੀ।

ਮੇਰੀ ਭੈਣ ਰੋਈ ਜਾ ਰਹੀ ਸੀ, ਬਸ ਰੋਈ ਜਾ ਰਹੀ ਸੀ। ਉਸਦੀ ਕਮੀਜ਼ ਪਾਟੀ ਪਈ ਸੀ। ਉਸਦੇ ਮੂੰਹ 'ਤੇ ਨਹੁੰਦਰਾਂ ਦੇ ਨਿਸ਼ਾਨ ਸਨ। ਮੈਂ ਉਸਨੂੰ ਮਾਂ ਤੋਂ ਪਰ੍ਹਾਂ ਕੀਤਾ ਤੇ ਚੁੱਪ ਰਹਿਣ ਤੋਂ ਗੁੱਸਾ ਕੀਤਾ ਕਿ ਜੋ ਮਾਂ ਪੁੱਛ ਰਹੀ ਏ ਤਾਂ ਦੱਸੇ। ਹੁਣ ਤੱਕ ਆਂਢ-ਗੁਆਂਢ ਇਕੱਠਾ ਹੋ ਚੁੱਕਾ ਸੀ।

ਮੈਂ ਦੀਪਾਂ ਨੂੰ ਫੜ ਅੰਦਰ ਲੈ ਗਈ-''ਦੀਪਾਂ! ਦੀਪਾਂ ਮੇਰੇ ਵਲ ਦੇਖ, ਮੂੰਹ ਉੱਚਾ ਕਰ।'' ਮੈਂ ਜ਼ਰਾ ਗੁੱਸੇ ਜਿਹੇ ਵਿਚ ਉੱਚੀ ਬੋਲਦਿਆਂ ਕਿਹਾ, ''ਦੱਸ ਮੈਨੂੰ! ਤੇਰੇ ਨਾਲ ਉਹ ਕੌਣ ਸੀ?''

''ਕੌਣ! ਕਿਹੜਾ? ਤੂੰ ਕਿਸ ਦੀ ਗੱਲ ਕਰਦੀ ਏਂ? ਮੈਨੂੰ ਨੀਂ ਕੁਛ ਪਤਾ।''

''ਤੇਰੇ ਨਾਲ ਆਹ ਐਨਾ ਕੁਝ ਹੋ ਗਿਆ ਤੇ ਤੈਨੂੰ ਨਹੀਂ ਪਤਾ''....ਮੈਂ ਅਜੇ ਅਗਲੀ ਗੱਲ ਕਰਨ ਹੀ ਲੱਗੀ ਸਾਂ ਕਿ ਬਾਹਰ ਮੈਨੂੰ ਕਿਸੇ ਆਦਮੀ ਦੀ ਗੱਲ ਕਰਦਿਆਂ ਦੀ ਆਵਾਜ਼ ਸੁਣਾਈ ਦਿੱਤੀ-ਇਹ ਸਿੱਧੂ ਸੀ। ਬਠਿੰਡੇ ਵਾਲੇ ਮਾਮੇ ਦਾ ਸਾਲਾ...ਉਹ ਭੈਣ ਦੇ ਨਾਲ ਹੀ ਬੈਂਕ ਵਿਚ ਲੱਗਾ ਹੋਇਆ ਸੀ ਐਥੇ ਹੀ ਰਹਿੰਦਾ ਸੀ ਤੇ ਸਾਡੇ ਘਰੇ ਵੀ ਆਉਂਦਾ ਜਾਂਦਾ ਸੀ ਤੇ ਉਧਰ ਸਰਪੰਚ ਦੇ ਘਰੇ ਵੀ ਕਾਫੀ ਆਉਂਦਾ ਜਾਂਦਾ ਸੀ, ਕਿਉਂ ਜੋ ਉਸਦਾ ਲਫੰਡਰ ਮੁੰਡਾ ਇਸਦਾ ਦੋਸਤ ਸੀ ਤੇ ਮੇਰੀ ਮਾਂ ਉਸ ਦੇ ਬਹੁਤ ਵਾਰੇ ਵਾਰੇ ਜਾਂਦੀ ਸੀ ਕਿਉਂ ਜੁ ਉਹ ਉਸਦੇ ਭਰਾ ਦਾ ਸਾਲਾ ਸੀ। ਮੈਂ ਭੈਣ ਨੂੰ ਉਥੇ ਹੀ ਛੱਡ ਬਾਹਰ ਆਈ। ਮਾਂ ਨੂੰ ਛੱਡ ਉਹ ਮੇਰੇ ਨੇੜੇ ਹੁੰਦਿਆਂ ਕਹਿਣ ਲੱਗਾ, ''ਰਾਣੋ! ਆਹ ਮਾਸੀ ਕੀ ਕਹਿ ਰਹੀ ਏ? ਮੈਂ ਤਾਂ ਬਾਹਰੋਂ ਲੰਘ ਰਿਹਾ ਸੀ ਆਹ ਸ਼ੋਰ ਸ਼ਰਾਬਾ ਸੁਣ ਮਾਸੀ ਦੀ ਹਾਲ ਪਾਹਰਿਆ ਸੁਣ, ਅੰਦਰ ਵੜ ਆਇਆਂ। ਕੀ ਹੋਇਐ?'' ਉਸ ਮਸੋਸੇ ਜਿਹੇ ਮੂੰਹ ਨਾਲ ਪੁੱਛਿਆ।

''ਜੋ ਤੂੰ ਮਾਂ ਤੋਂ ਸੁਣਿਐ ਉਹੀ ਹੋਇਐ, ਹੋਰ ਕੀ? ਮੇਰਾ ਜੀ ਕਰੇ ਜੁੱਤੀ ਲਾਹ ਉਹਦੇ ਸਿਰ ਵਿਚ ਮਾਰ-ਮਾਰ ਪੁੱਛਾਂ ਭਈ ਕੰਜਰਾ ਹੁਣ ਡਰਾਮਾ ਕਰਨ ਆਇਐਂ। ਉਸ ਲਗਦੀ ਨੂੰ ਡਰਾਇਆ ਧਮਕਾਇਐ ਕਿ ਤੇਰਾ ਨਾਂ ਲੈਣ ਨੂੰ ਤਿਆਰ ਨੀਂ, ਕੁੱਤੇ ਦੇ ਪੁੱਤਰਾ। ਪਰ ਮੇਰੇ ਵੱਸ ਕੁਝ ਨਹੀਂ ਸੀ। ਮੈਂ ਕਚੀਚੀਆਂ ਵੱਟਦੀ ਰਹਿ ਗਈ ਸਾਂ।

''ਬੜੀ ਮਾੜੀ ਹੋਈ! ਕੀ ਦੀਪਾਂ ਨੇ ਕੁਝ ਦੱਸਿਐ ਭਾਈ ਕੌਣ ਸੀ?''

''ਵੈਸੇ ਉਹ ਜਾ ਕਿਥੇ ਰਹੀ ਸੀ?'' ਉਹ ਕੋਈ ਵੀ ਉਤਰ ਸੁਣਨ ਤੋਂ ਬਿਨਾਂ ਅਗਲਾ ਪ੍ਰਸ਼ਨ ਕਰੀ ਜਾ ਰਹੀ ਸੀ।

''ਨਾ! ਤਾਂ! ਫਿਰ ਹੁਣ ਕੀ ਕਰਨੈ? ਭਾਈ ਕੀ ਸੋਚਿਆ?''

''ਤੂੰ ਹੀ ਦੱਸ ਹੁਣ ਕੀ ਕਰਨੈ? ਮੇਰੀ ਜਾਚੇ ਤਾਂ ਪੁਲਿਸ ਕੋਲ ਰਿਪੋਰਟ ਕਰਨੀ ਚਾਹੀਦੀ ਏ ਤੇ ਬਸ ਹੁਣੇ ਮੈਂ ਚੱਲੀ ਆਂ ਰਿਪੋਰਟ ਲਿਖਵਾਣ।'' ਮੈਂ ਇਹ ਗੱਲ ਉੱਚੀ ਸਾਰੀ ਕਹੀ ਤਾਂ ਜੋ ਸਾਰੇ ਲੋਕ ਸੁਣ ਲੈਣ। ਲੋਕਾਂ ਵਲੋਂ ਯਾਨਿ ਜੋ ਆਂਢ-ਗੁਆਂਢ ਜਾਂ ਗਲੀ ਵਿਚਲੇ ਲਾਂਘੇ ਸਨ ਆਵਾਜ਼ ਆਈ...''ਹਾਂ! ਹਾਂ! ਠੀਕ ਹੈ। ਅਸੀਂ ਵੀ ਨਾਲ ਚਲਾਂਗੇ। ਪਹਿਲੇ ਸਰਪੰਚ ਨੂੰ ਬੁਲਾਈਏ ਭਈ ਦੱਸ ਤੂੰ ਸਾਡੀ ਕੀ ਮਦਦ ਕਰਨੀ ਏ। ਦਿਨ-ਦਿਹਾੜੇ ਇਉਂ ਧੀ ਧਿਆਣੀ ਦੀ ਕੋਈ ਪਤ ਲੁਟੇ...ਸਰਪੰਚ ਚੁਪ ਚੁਪੀਤਾ ਘਰੇ ਬੈਠਾ ਰਹੇ ਇਹ ਕਿਵੇਂ ਹੋ ਸਕਦੈ।''

''ਮੈਂ ਲਿਆਉਨਾ ਬੁਲਾ ਕੇ ਸਰਪੰਚ ਨੂੰ।'' ਸਾਡਾ ਚਾਚਾ ਬੋਲਿਆ।

ਮੇਰੀ ਮਾਂ ਦੇ ਮੂੰਹੋਂ ਤਾਂ ਕੋਈ ਗੱਲ ਹੀ ਨਹੀਂ ਸੀ ਨਿਕਲ ਰਹੀ। ਡੈਬਰੀ ਜਿਹੀ ਬਸ ਰੋਈ ਜਾ ਰਹੀ ਸੀ। ਮੁੜ ਮੁੜ ਛਾਤੀ ਪਿੱਟਦੀ ਵੈਣ ਪਾਉਂਦੀ ਮੁੜ ਮੁੜ ਮੇਰੇ ਪਿਓ ਨੂੰ ਯਾਦ ਕਰਦੀ ਆਖੀ ਜਾ ਰਹੀ ਸੀ-''ਵੇ ਮੈਂ ਹੈਹੋ! ਜਿਹੋ ਜ਼ੁਲਮਾਂ ਜੋਗੀ ਨਾ ਸੀ ਵੇ, ਕਿਥੇ ਗਿਓਂ ਮੇਰਾ ਮੂੰਹ ਕਾਲਾ ਕਰ ਕੇ ਵੇ...ਬਹੁੜੀ ਵੇ ਰਾਜਿਆ!! ਤੂੰ ਕਿਉਂ ਤੁਰ ਗਿਓਂ ਵੇ''...ਆਂਢਣਾ ਗੁਆਂਢਣਾਂ ਮਾਂ ਨੂੰ ਹੌਸਲਾ ਦੇ ਰਹੀਆਂ ਸਨ। ਜਿਉਂ ਹੀ ਮੇਰਾ ਚਾਚਾ ਸਰਪੰਚ ਨੂੰ ਬੁਲਾਉਣ ਤੁਰਿਆ ਤਾਂ ਸਿੱਧੂ ਅਗੇ ਹੋਇਆ, ''ਠਹਿਰ

ਯਾਰ! ਠਹਿਰ, ਪਹਿਲਾਂ ਸਭ ਸੋਚ ਲੋ, ਕਾਹਲੀ ਨਹੀਂ ਕਰਨੀ। ਪਹਿਲਾਂ ਅਸੀਂ ਆਪਣੀ ਧੀ ਧਿਆਣੀ ਦੀ ਇੱਜ਼ਤ ਵਲ ਦੇਖਣੈ ਫਿਰ ਕੋਈ ਕਦਮ ਚੁਕਣੈ।''

''ਨਾ ਹੁਣ ਕਾਹਦੀ ਇੱਜ਼ਤ ਰਹਿ ਗੀ ਵੀਰਨਾ...ਜੇ...'' ਮੇਰੀ ਸਹੇਲੀ ਬੋਲੀ...ਗੱਲ ਤਾਂ ਦੀਆਂ ਦੀ ਸੀ ਹੀ ਕਿ ਕੁਝ ਤਾਂ ਫੁੱਟੇ ਮੂੰਹੋਂ! ਉਹ ਤਾਂ ਧੋਖਾ ਦੇ ਰਹੀ ਸੀ, ਮੈਨੂੰ, ਮਾਂ ਨੂੰ ਤੇ ਆਪਣੇ ਆਪ ਨੂੰ ਪਰ ਮੈਂ ਵੀ ਪਿੱਛੇ ਹਟਣ ਵਾਲੀ ਨਹੀਂ ਸੀ...ਮੈਨੂੰ ਛੱਡ ਉਹ ਮੇਰੀ ਮਾਂ ਵਲ ਨੂੰ ਹੋਇਆ...ਉਸਨੂੰ ਮਾਂ ਦੀ ਕਮਜ਼ੋਰੀ ਦਾ ਪੂਰਾ ਪੂਰਾ ਅੰਦਾਜ਼ਾ ਸੀ ਤੇ ਉਹ ਉਸਦਾ ਪੂਰਾ ਪੂਰਾ ਫਾਇਦਾ ਲੈ ਰਿਹਾ ਸੀ ਮੈਂ ਸਭ ਜਾਣਦੀ ਸੀ, ਪਰ ਮਾਂ ਨੂੰ ਵੀ ਸਮਝ ਆਵੇ ਤਾਂ ਨਾ...ਤੇ ਹੋਰਨਾਂ ਨੂੰ ਵੀ ਮੈਂ ਸਾਰੀ ਗੱਲ ਦਸ ਸਕਦੀ ਸਾਂ ਪਰ...

ਸਿੱਧੂ ਆਪਣਾ ਹੱਥ ਮਾਂ ਦੇ ਮੋਢੇ 'ਤੇ ਰੱਖ ਕਹਿ ਰਿਹਾ ਸੀ, ''ਮਾਸੀ ਜੀ! ਮੇਰੀ ਤਾਂ ਰਾਏ ਵੇ ਕਿ ਚੁੱਪ ਕਰ ਜਾਈਏ ਤੁਸੀਂ ਦੱਸੋ ਕੀ ਆਖਦੇ ਹੋ?''

''ਮੈਂ ਕੀ ਆਖਣੈ ਪੁੱਤ! ਤੂੰ ਸਿਆਣਾ ਏਂ ਜਿਵੇਂ ਰਾਏ ਦੇਵੇਂਗਾ ਮੈਂ...''

''ਰਾਏ ਦੀ ਤਾਂ ਇਹ ਗੱਲ ਵੇ ਕਿ ਇਸ ਗਲ 'ਚੋਂ ਨਿਕਲਣਾ ਕੁਝ ਨੀ...ਨਿਕਲੂ ਤਾਂ ਗੰਦ ਈ। ਪੁਲਿਸ ਵਾਲੇ ਸੌ ਸੌ ਗੱਲਾਂ ਪੁੱਛਣਗੇ...ਅਖੇ ਉਸਨੇ ਤੇਰੇ ਕਿੱਥੇ ਹੱਥ ਲਾਇਆ? ਤੂੰ ਬੋਲੀ ਕਿਉਂ ਨਾ? ਤੇਰਾ ਕਮੀਜ਼ ਕਿਵੇਂ ਫਟਿਆ? ਉਸਨੇ ਹੋਰ ਕੀ-ਕੀ ਕੀਤਾ? ਤੇਰਾ ਨਾਲਾ...'' ''ਬਸ ਕਰੋ! ਬੰਦ ਕਰੋ ਇਹ ਬਕਵਾਸ! ਮੈਂ ਉੱਚੀ ਸਾਰੀ ਬੋਲ ਪਈ।

ਮਾਂ ਤਾਂ ਮੂੰਹ ਨੀਵਾਂ ਕਰੀ ਚੁੱਪ ਚਾਪ ਧਰਤੀ 'ਤੇ ਅੱਥਰੂ ਸੁੱਟ ਰਹੀ ਸੀ ਤੇ ਮੈਨੂੰ ਸਿੱਧੂ ਦੀਆਂ ਗੱਲਾਂ ਸੁਣ ਸੁਣ ਅੱਗ ਲਗੀ ਪਈ ਸੀ, ਨਾਲੇ ਚੋਰ ਨਾਲੇ...ਮੇਰਾ ਜੀ ਕਰ ਰਿਹਾ ਸੀ ਵੱਢ ਸੁੱਟਾ ਇਸ ਨੂੰ ਤੇ ਨਾਲ ਆਪਣੀ ਭੈਣ ਨੂੰ, ਜੋ ਚੁੱਪ-ਚੁਪੀਤੀ ਸਭ ਕੁਝ ਸੁਣ ਰਹੀ ਸੀ। ''ਦੇਖੋ ਮਾਸੀ ਜੀ! ਉਹ ਫਿਰ ਬੋਲਿਆ....ਤੂੰ ਮੈਂ ਅੰਦਰਖਾਤੇ ਪੁਲਿਸ ਨੂੰ ਵੀ ਮਿਲਾਂਗੇ ਭਈ ਵਾਰਦਾਤ ਤੇ ਪਹੁੰਚ ਕੇ ਦੇਖੋ ਤੇ ਬੰਦਾ ਲੱਭੋ ਕੌਣ ਏ? ਪਰ ਪੁਲਿਸ ਤਾਂ ਆਖੂਗੀ ਹੀ ਨਾ ਕਿ ਆਪਣੀ ਕੁੜੀ ਨੂੰ ਵੀ ਕੁਝ ਪੁੱਛੋ? ਕੋਈ ਨਾ ਮੈਂ ਸਰਪੰਚ ਦੇ ਵੀ ਜਾਨਾਂ''- ਇਉਂ ਕਹਿ...ਆਪਣੀ ਪੂਰੀ-ਪੂਰੀ ਤਸੱਲੀ ਕਰ ਉਹ ਬੂਹਿਓਂ ਬਾਹਰ ਹੋ ਗਿਆ।

''ਮਾਂ! ਤੂੰ ਤਾਂ ਅੰਨ੍ਹੀ ਹੋਈ ਵੀ ਐਂ ਉਹਦੀਆਂ ਬਥੇਰੀਆਂ ਸੁਣੀ ਜਾ ਰਹੀ ਏਂ ਮੈਨੂੰ ਤਾਂ ਪੂਰਾ ਸ਼ੱਕ ਐ।''

''ਸ਼ੱਕ!! ਕਿਹਾ ਸ਼ੱਕ!''

''ਇਹੀ ਬਈ ਜਿਹੜਾ ਬੰਦਾ ਮੈਂ ਦੇਖਿਐ ਉਹ, ਇਹੀ ਸੀ...ਇਹੀ ਸਿੱਧੂ। ਇਸੇ ਹੀ ਸਭ-ਤੇ ਉਹ ਡੈਣ ਇਸੇ ਝੂਠੇ ਲਈ ਚੁੱਪ ਸਾਧੀ ਬੈਠੀ ਏ...ਮੈਂ ਕਈ ਵੇਰਾਂ ਦੋਹਾਂ ਨੂੰ ਹੌਰੂੰ ਹੌਰੂੰ ਨਜ਼ਰ ਮਿਲਾਂਦਿਆਂ ਵੀ ਦੇਖਿਐ।''

''ਖਸਮਾਂ ਖਾਣੀ, ਢਕੀ ਰਹੁ, ਕਿਤੇ ਤੇਰਾ ਡਮਾਕ ਤਾਂ ਨੀ ਹਿੱਲ ਗਿਆ...ਉਹੀ ਵਿਚਾਰਾ ਤਾਂ ਸਾਡੀ ਹਮਦਰਦੀ ਕਰਦੈ ਤੇ ਤੂੰ ਉਸੇ 'ਤੇ ਦੋਸ਼ ਥੋਪੀ ਜਾਨੀ ਏਂ, ਜੇ ਕਿਤੇ ਹੋਰ ਕੋਈ ਕਹਿੰਦਾ ਤਾਂ ਮੈਂ ਮੰਨ ਵੀ ਲਵਾਂ, ਪਰ ਤੂੰ...ਪਰ੍ਹੇ, ਕਲਮੂਹੀ।''

ਮੈਂ ਚੁੱਪ ਕਰ ਮਸਾਂ ਮਾਂ ਤੋਂ ਖਹਿੜਾ ਛੁਡਵਾਇਆ ਤੇ ਚੁਪ ਚੁਪੀਤੀ ਧੁਖਦੀ ਧੁਖਾਂਦੀ ਅੰਦਰ ਕੋਠੜੀ ਵਿਚ ਜਾ ਬੈਠੀ। ਆਪਣੇ ਦਿਮਾਗ 'ਤੇ ਬੋਝ ਪਾ ਸਿੱਟੇ ਕੱਢਦੀ ਰਹੀ। ਦੋ ਚਾਰ ਹੁੰਦੀ ਰਹੀ ਆਪਣੇ ਆਪ ਨਾਲ। ਮੇਰੀ ਮਾਂ ਤਾਂ ਪੂਰੀ ਇਸ ਦੇ ਹੱਥਾਂ 'ਤੇ ਸੀ ਮੈਂ ਹੁਣ ਕੀ ਕਰਾਂ? ਕੁਝ ਵੀ ਸਮਝ ਨਹੀਂ ਸੀ ਆ ਰਹੀ...

ਤੇ ਸਿੱਧੂ ਇਵੇਂ ਜਿਵੇਂ ਰੋਜ਼ ਆਉਂਦਾ ਰਿਹਾ ਰੋਜ਼ ਹੀ ਕਦੀ ਪੁਲਸੀਆਂ ਦੀ ਕਹਾਣੀ ਉੱਤੇ ਕਹਾਣੀ ਪਾਉਂਦਾ, ਕਦੀ ਸਰਪੰਚ ਦੀ ਕਹਾਣੀ ਲੈ ਬੈਠਦਾ ਤੇ ਕਦੀ ਕਿਸੇ ਹੋਰ ਦੀ। ਫਿਰ ਮੇਰੇ ਵਲ ਮੁੜ ਮੁੜ ਝਾਕਦਾ ਰਹਿੰਦਾ।

''ਕਿਉਂ ਰਾਣੀ? ਤੂੰ ਅਜੇ ਤੱਕ ਕਿਹੜੀ ਸੋਚਣੀ 'ਤੇ ਪਹੁੰਚੀ ਏਂ?''

ਮੈਂ ਉਸਨੂੰ ਕੋਈ ਜੁਆਬ ਨਾ ਦਿੰਦੀ। ਉਹ ਮੇਰੇ ਵਲ ਇਉਂ ਝਾਕਦਾ, ਜਿਵੇਂ ਕਹਿ ਰਿਹਾ ਹੋਵੇ ਕੋਈ ਨਾ ਬੱਚੂ ਤੈਨੂੰ ਵੀ ਦੱਸੂੰਗਾ ਕਦੀ ਨਾ ਕਦੀ, ਮੈਂ ਜਾਣਦਾ ਤੈਨੂੰ ਸਭ ਪਤੈ। ਹੁਣ ਤੱਕ ਸਭ ਕੁਝ ਇੰਦਰ ਨੂੰ ਵੀ ਪਤਾ ਲੱਗ ਚੁੱਕਾ ਸੀ। ਇੰਦਰ ਤੇ ਮੈਂ ਇਸ ਮਸਲੇ ਉੱਤੇ ਮੁੜ ਮੁੜ ਸੋਚਦੇ, ਬਹਿਸ ਕਰਦੇ ਕਿ ਇਹ ਕੀ ਵਾਪਰਿਆ ਸਾਡੇ ਨਾਲ? ਗੱਲ ਮੁੜ ਘਿੜ ਕੇ ਸਿੱਧੂ 'ਤੇ ਆਉਂਦੀ ਜਿਸ ਸਾਰਿਆਂ ਨੂੰ ਬੁੱਧੂ ਬਣਾਇਐ। ਮੈਂ ਦੀਆਂ ਨੂੰ ਕਈ ਵਾਰ ਟੋਹਣ ਦੀ ਕੋਸ਼ਿਸ਼ ਕੀਤੀ, ਗੁੱਸਾ ਕੀਤਾ, ਪਰ ਉਹ ਤਾਂ ਪਿਆਰ ਵਿਚ ਮੋਮ ਹੋਈ ਬੈਠੀ ਸੀ। ਕਈ ਵਾਰ ਮੈਨੂੰ ਉਸ 'ਤੇ ਡਾਢਾ ਤਰਸ ਵੀ ਆਉਂਦਾ-ਇਹ ਔਰਤ ਵੀ ਕੀ ਅਜੂਬਾ ਏ ਪਿਆਰ ਵਿਚ ਅੰਨ੍ਹੀ ਤੇ ਪਾਗਲ ਹੋ ਜਾਂਦੀ ਏ।

ਉਸਨੂੰ ਚੰਗੇ ਮਾੜੇ ਦੀ ਪਰਖ ਹੀ ਨਹੀਂ ਰਹਿੰਦੀ ਆਪਣੇ ਆਪ ਨੂੰ ਬਰਬਾਦ ਕਰ ਦਿੰਦੀ ਐ। ਅੱਜ, ਕੱਲ, ਪਰਸੋਂ ਤੇ ਮੁੜ ਮਹੀਨੇ ਬੀਤ ਗਏ ਗਲ ਜਿਵੇਂ ਭੁੱਲ-ਭੁਲਾ ਅੱਗੇ ਤੁਰ ਪਈ ਸੀ। ਹੁਣ ਮੇਰਾ ਮਾਮਾ ਕਈ ਵਾਰ ਮੇਰੀ ਭੈਣ ਦੇ ਵਿਆਹ ਦੀ ਗੱਲ ਕਰ ਚੁੱਕਾ ਸੀ, ਪਰ ਨਾਲ ਹੀ ਆਖਦਾ ਸੀ ''ਭੈਣੇ! ਤੈਨੂੰ ਪਤੈ ਬਰਾਦਰੀ ਵਿਚ ਕਿੰਨੀ ਬੇਇੱਜ਼ਤੀ ਹੋ ਚੁੱਕੀ ਏ ਹੁਣ ਕੋਈ ਰਿਸ਼ਤਾ ਵੀ ਨਹੀਂ ਥਿਆਉਂਦਾ।''

(ਬਾਕੀ ਅਗਲੇ ਅੰਕ 'ਚ)

# ਗਾਈਡ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਮੇਰਾ ਸਰੀਰ ਤਪਣ ਲੱਗ ਪਿਆ ਸੀ। ਦਿਲ ਦੀ ਧੜਕਨ ਤੇਜ਼ ਹੋ ਗਈ ਸੀ।

''ਮੈਂ ਤੈਨੂੰ ਛੇਤੀ ਮਿਲਾਂਗਾ।'' ਇਹ ਕਹਿੰਦਿਆਂ ਮੈਂ ਉਸਦੀਆਂ ਲਾਲ ਗੱਲ੍ਹਾਂ ਨੂੰ ਯਾਦ ਕੀਤਾ ਸੀ।

ਫਿਰ ਚੀਨਾ ਦਾ ਮੈਨੂੰ ਹਰ ਰੋਜ਼ ਫੋਨ ਆਉਣ ਲੱਗ ਪਿਆ ਸੀ।

ਇਕ ਦਿਨ ਮੈਨੂੰ ਮਣੀ ਨੇ ਦੱਸਿਆ ਕਿ ਉਹ ਹਫਤੇ ਕੁ ਲਈ ਘਰ ਜਾ ਰਹੀ ਏ। ਮੈਨੂੰ ਉਸੀ ਸ਼ਾਮ ਉਸਦੇ ਕਲਾਸਮੇਟ ਕੋਲੋਂ ਪਤਾ ਲੱਗ ਗਿਆ ਕਿ ਉਹ ਜੋਤ ਨਾਲ ਸ਼ਿਮਲੇ ਗਈ ਏ। ਮੈਂ ਬੇਚੈਨ ਹੋ ਗਿਆ। ਮੈਨੂੰ ਇਉਂ ਮਹਿਸੂਸ ਹੋਇਆ ਸੀ ਜਿਉਂ ਮੈਂ ਭਰੇ ਮੇਲੇ 'ਚ ਇਕੱਲਾ ਰਹਿ ਗਿਆ ਹੋਵਾਂ...ਤੇ ਬੈਠ ਕੇ ਰੋਣ ਤੋਂ ਸਿਵਾ ਮੇਰੇ ਕੋਲ ਹੋਰ ਕੋਈ ਚਾਰਾ ਨਾ ਰਹਿ ਗਿਆ ਹੋਵੇ।

ਉਸ ਰਾਤ ਮੈਂ ਪਹਿਲੀ ਵਾਰ ਚੀਨਾ ਨੂੰ ਆਪ ਫੋਨ ਕੀਤਾ ਸੀ। ਉਹ ਹੈਰਾਨੀ-ਭਰੀ ਖੁਸ਼ੀ 'ਚ ਬੋਲੀ ਸੀ, ''ਸਰ ਜੀ ਅੱਜ ਮੈਨੂੰ ਯਕੀਨ ਹੋ ਗਿਆ ਕਿ ਤੁਸੀਂ ਵੀ ਮੈਨੂੰ ਯਾਦ ਕਰਦੇ ਹੋ।''

ਮੈਂ ਉਸਨੂੰ ਆਪਣਾ ਦੁੱਖ ਤਾਂ ਨਾ ਸੁਣਾ ਸਕਿਆ। ਕੁਝ ਦੇਰ ਆਸੇ-ਪਾਸੇ ਦੀਆਂ ਗੱਲਾਂ ਕਰਨ ਤੋਂ ਬਾਅਦ ਮੈਂ ਕਿਹਾ, ''ਮੈਂ ਤੈਨੂੰ ਮਿਲਣਾ ਚਾਹੁੰਨਾਂ।''

''ਸਰ ਜੀ ਥੈਂਕਸ। ਮੈਂ ਤਾਂ ਆਪ ਤੁਹਾਨੂੰ ਇਹੋ ਗੱਲ ਕਹਿਣਾ ਚਾਹੁੰਦੀ ਸੀ। ਮੇਰਾ ਸਹੁਰਾ ਆ ਰਿਹਾ ਅਗਲੇ ਮਹੀਨੇ। ਫਿਰ ਮੈਨੂੰ ਲੱਗਦਾ ਸ਼ਾਇਦ ਘਰੋਂ ਨਿਕਲਣਾ ਔਖਾ ਹੋ ਜਾਏ।''

ਇਸ ਗੱਲਬਾਤ ਤੋਂ ਬਾਅਦ ਮੇਰਾ ਗ਼ਮ ਰਤਾ ਘਟ ਗਿਆ ਸੀ।

ਇਕ ਦਿਨ ਮੈਂ ਗਾਈਡ ਦੇ ਘਰ ਗਿਆ ਤਾਂ ਸਵੀ ਇਕੱਲੀ ਘਰ ਸੀ। ਉਸਨੇ ਮੈਨੂੰ ਮੱਲੋ-ਮੱਲੀ ਆਪਣੇ ਕੋਲ ਬਿਠਾਲ ਲਿਆ ਸੀ। ਰਿਸਰਚ ਬਾਰੇ ਪੁੱਛਦੀ ਰਹੀ। ਮੈਂ ਚੁੱਪ ਰਿਹਾ। ਮੈਨੂੰ ਨਿਰਾਸ਼ ਦੇਖ ਕੇ ਬੋਲੀ, ''ਉਦਾਸ ਨਾ ਹੋ ਦੋਸਤ। ਇਹ ਇਸ ਤਰ੍ਹਾਂ ਹੀ ਹੋਣਾ ਸੀ। ਇਨ੍ਹਾਂ ਦੀ ਔਕਾਤ ਹੀ ਇਹੋ ਆ। ਇਹ ਸਹੀ ਰਾਹ ਦੱਸਣ ਵਾਲੇ ਗਾਈਡ ਨਹੀਂ, ਭਟਕਾਉਣੇ ਜਾਂ ਕੁਰਾਹੇ ਪਾਉਣ ਵਾਲੇ ਗਾਈਡ ਆ। ਪਿਛਲੇ ਵੀਕ ਮੈਂ ਤੇ ਮੌਮ ਡਾਕਟਰ ਦੇ ਗਏ ਹੋਏ ਸੀ। ਤੁਹਾਡੇ ਗਾਈਡ ਨੇ ਪਿੱਛੋਂ ਆਪਣੀ ਸਟੂਡੈਂਟ ਘਰ ਸੱਦ ਲਈ....ਤੇ ਉਸ ਨੂੰ ਵਰਗਲੌਣ ਦੀ ਕੋਸ਼ਿਸ਼ ਕਰਨ ਲੱਗ ਪਏ....ਤੇ...ਤੇ...!''

ਸਵੀ ਦੀਆਂ ਅੱਖਾਂ ਅੱਥਰੂਆਂ ਨਾਲ ਭਰ ਗਈਆਂ, ਉਸਦੇ ਚਿਹਰੇ ਦਾ ਮਾਸ ਅਜੀਬ ਢੰਗ ਨਾਲ ਸੁੰਗੜ ਗਿਆ।

''ਮੈਂ ਠੀਕ ਹੋ ਰਹੀ ਸਾਂ।'' ਉਹ ਹੌਲੀ ਜਿਹੀ ਬੋਲੀ ਸੀ। ''ਉਸ ਦਿਨ ਤੋਂ ਫਿਰ ਪ੍ਰੇਸ਼ਾਨ ਹੋ ਗਈ ਹਾਂ। ਬੜੀ ਟੈਨਸ਼ਨ 'ਚ ਆਂ। ਮੁੜ ਨਸ਼ੇ ਲੈਣ ਨੂੰ ਜੀ ਕਰਦਾ। ਸਮਝ ਨਹੀਂ ਆਉਂਦੀ ਕੀ ਕਰਾਂ?'' ਉਸਨੇ ਕੰਬਦਾ ਚਿਹਰਾ ਸੁੱਕੇ-ਸੁੱਕੇ ਹੱਥਾਂ 'ਚ ਲੁਕੋ ਲਿਆ ਸੀ।

''ਸਵੀ ਦੇਖ, ਜ਼ਿੰਦਗੀ ਬਹੁਤ ਛੋਟੀ ਆ। ਇਸ ਨੂੰ ਇੰਜ ਨਹੀਂ ਗੁਆਇਆ ਜਾ ਸਕਦਾ। ਤੂੰ ਮੁੜ ਨਸ਼ਿਆਂ ਬਾਰੇ ਨਾ ਸੋਚੀਂ ਡਰੱਗ ਨਾ ਤਾਂ ਸਮੱਸਿਆ ਦਾ ਹੱਲ ਕਰ ਸਕਦੀ ਆ ਤੇ ਨਾ ਹੀ ਸਾਨੂੰ ਹਮੇਸ਼ਾ ਲਈ ਚਿੰਤਾ-ਮੁਕਤ ਕਰ ਸਕਦੀ ਏ।'' ਮੈਂ ਉਸਦੇ ਥੋੜਾ ਕੋਲ ਹੁੰਦਿਆਂ ਕਿਹਾ ਸੀ।

''ਮੈਂ ਸਭ ਕੁਝ ਸਮਝਦੀ ਆਂ। ਚਲੋ ਮੈਂ ਡਰੱਗ ਨਹੀਂ ਲੈਂਦੀ। ਪਰ ਇਕ ਸ਼ਰਤ ਏ।'' ਉਸਦੀਆਂ ਉਦਾਸ ਅੱਖਾਂ ਮੇਰੇ ਚਿਹਰੇ 'ਤੇ ਟਿਕ ਗਈਆਂ ਸਨ।

''ਦੱਸੋ?'' ਮੈਂ ਡਰਦੇ ਮਨ ਨਾਲ ਪੁੱਛਿਆ ਸੀ।

''ਤੁਸੀਂ ਮੈਨੂੰ ਹਰ ਸ਼ਾਮ ਮਿਲਣ ਆਓਗੇ।'' ਉਸਦੀ ਆਵਾਜ਼ 'ਚ ਤਰਲਾ ਸੀ।

''ਕੋਸ਼ਿਸ਼ ਕਰਾਂਗਾ।''

''ਕੋਸ਼ਿਸ਼ ਨਹੀਂ ਪਰੌਮਿਸ ਕਰੋ।'' ਉਸ ਨੇ ਸੱਜਾ ਹੱਥ ਮੇਰੇ ਸਾਹਵੇਂ ਕਰ ਦਿੱਤਾ ਸੀ। ਮੈਂ ਹੱਥ ਉਸਦੇ ਹੱਥਾਂ ਵਿਚ ਦੇ ਦਿੱਤਾ। ਉਸਨੇ ਕੁਝ ਦੇਰ ਮੇਰਾ ਹੱਥ ਆਪਣੇ ਹੱਥਾਂ 'ਚ ਘੁੱਟੀ ਰੱਖਿਆ ਸੀ।

ਉਸ ਦਿਨ ਤੋਂ ਮੈਂ ਤਕਰੀਬਨ ਹਰ ਰੋਜ਼ ਗਾਈਡ ਦੇ ਘਰ ਜਾਣਾ ਸ਼ੁਰੂ ਕਰ ਦਿੱਤਾ ਸੀ। ਮੈਂ ਤੇ ਸਵੀ ਦੇਰ ਰਾਤ ਤੱਕ ਗੱਲਾਂ ਕਰਦੇ ਰਹਿੰਦੇ। ਗਾਈਡ ਤੇ ਉਸਦੀ ਪਤਨੀ ਸਾਡੀ ਨੇੜਤਾ ਤੋਂ ਬਹੁਤ ਖੁਸ਼ ਸਨ।

ਮਣੀ ਹਫਤੇ ਕੁ ਬਾਅਦ ਮਿਲੀ ਤਾਂ ਉਸਦੇ ਚਿਹਰੇ 'ਤੇ ਇਕ ਮੁਰਝਾਈ ਜਿਹੀ ਸ਼ਾਂਤੀ ਸੀ।

''ਜ਼ਿੰਦਗੀ ਇਨਜਾਇਮੈਂਟ ਦਾ ਨਾਮ ਏ। ਤੁਸੀਂ ਬੁਝੇ-ਬੁਝੇ ਕਿਉਂ ਬੈਠੇ ਹੋ?'' ਮੈਂ ਕੁਝ ਨਾ ਬੋਲ ਸਕਿਆ। ਮੇਰੀਆਂ ਅੱਖਾਂ 'ਚ ਅੱਥਰੂ ਛਲਕ ਆਏ ਸਨ।

''ਤੁਸੀਂ ਮੈਨੂੰ ਸਮਝਿਆ ਈ ਨਈਂ। ਮੈਂ ਕਦ ਤੱਕ ਤੁਹਾਨੂੰ ਉਡੀਕਦੀ ਰਹਿੰਦੀ। ਫਿਰ ਵੀ ਜੇ ਤੁਹਾਡਾ ਦਿਲ ਦੁਖਾਇਆ ਹੋਵੇ ਤਾਂ ਮਾਫ ਕਰਨਾ। ਮੈਨੂੰ ਗਲਤ ਨਾ ਸਮਝਣਾ। ਮੈਂ ਜੋਤ ਨਾਲ ਵਿਆਹ ਕਰਵੌਣਾ।'' ਇਸ ਤਰ੍ਹਾਂ ਦੀਆਂ ਸਫਾਈਆਂ ਦੇ ਕੇ ਉਹ ਤੁਰ ਗਈ ਸੀ।

ਚੀਨਾ ਦੇ ਹੁਣ ਦਿਨ 'ਚ ਕਈ-ਕਈ ਫੋਨ ਆਉਣ ਲੱਗ ਪਏ ਸਨ।

''ਸਰ ਜੀ ਕਦੋਂ ਦੇਣੇ ਆਂ ਤੁਸੀਂ ਦਰਸ਼ਣ? ਕਿਤੇ ਉਡੀਕਦੇ ਈ ਨਾ ਮਰ ਜਾਈਏ। ਅਗਲੇ ਹਫਤੇ ਸਹੁਰੇ ਨੇ ਆ ਜਾਣਾ।''

ਮੇਰੇ ਅੰਦਰ ਵੀ ਚੀਨਾ ਨੂੰ ਮਿਲਣ ਦੀ ਤਾਂਘ ਦਿਨੋਂ-ਦਿਨ ਵਧ ਰਹੀ ਸੀ, ਪਰ ਇਸ ਤਾਂਘ ਨੂੰ ਸਵੀ ਨਾਲ ਰੋਜ਼ਾਨਾ ਹੁੰਦੀ ਮੁਲਾਕਾਤ ਨੇ ਕਦੇ ਭਾਂਬੜ ਨਹੀਂ ਸੀ ਬਣਨਾ ਦਿੱਤਾ। ਹੁਣ ਮੈਂ ਤੇ ਸਵੀ ਕਿਸੇ-ਕਿਸੇ ਸ਼ਾਮ ਦੂਰ ਤੱਕ ਘੁੰਮ ਆਉਂਦੇ। ਗਾਈਡ ਨੇ ਮੇਰੇ ਸਨਾਪਸਿਸ ਫਾਈਨਲ ਕਰਕੇ ਸਬਮਿਟ ਕਰਵਾ ਦਿੱਤੇ ਸਨ।

ਆਖਰ ਇਕ ਦਿਨ ਮੈਂ ਚੀਨਾ ਨੂੰ ਮਿਲਣ ਦਾ ਫੈਸਲਾ ਕਰ ਲਿਆ ਸੀ।

ਮੈਂ ਸ਼ਹਿਰ ਗਿਆ। ਇਕ ਹੋਟਲ 'ਚ ਕਮਰਾ ਲੈ ਕੇ ਚੀਨਾ ਨੂੰ ਫੋਨ ਕੀਤਾ। ਉਹ ਘੰਟੇ ਕੁ 'ਚ ਪਹੁੰਚ ਗਈ। ਕਮਰੇ ਅੰਦਰ ਆ ਕੇ ਉਹ ਪਲ ਲਈ ਮੈਨੂੰ ਡੌਰ-ਭੌਰ ਹੋਈ ਵੇਖੀ ਗਈ। ਉਹ ਥੋੜੀ ਮੋਟੀ ਹੋ ਗਈ ਸੀ। ਪਰ ਉਸਦੀਆਂ ਗੱਲ੍ਹਾਂ ਦੀ ਲਾਲੀ ਕਾਇਮ ਸੀ। ਅਚਾਨਕ ਉਸਦੇ ਚਿਹਰੇ ਦਾ ਮਾਸ ਕੰਬਣ ਲੱਗ ਪਿਆ ਸੀ। ਉਸਦੀਆਂ ਮੋਟੀਆਂ ਤੇ ਭੂਰੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ ਸਨ।

''ਤੁਸੀਂ ਤਾਂ ਮੇਰੇ ਦੇਵਤਾ ਹੋ।'' ਉਹ ਹੱਥ ਜੋੜ ਕੇ ਮੇਰੇ ਪੈਰਾਂ ਵਲ ਥੋੜਾ ਜਿਹਾ ਹੀ ਝੁਕੀ ਸੀ ਕਿ ਮੈਂ ਉਸਦੇ ਹੱਥ ਫੜ ਲਏ ਸਨ। ਸਰੀਰ ਨੂੰ ਸਿੱਧਾ ਕਰਦਿਆਂ ਉਹ ਨਿਢਾਲ ਜਿਹੀ ਹੋ ਗਈ ਸੀ ਤੇ ਆਪਣਾ ਸਿਰ ਮੇਰੇ ਮੋਢੇ 'ਤੇ ਟਿਕਾ ਕੇ ਡੁਸਕਣ ਲੱਗ ਪਈ ਸੀ।

''ਹੋਸ਼ ਕਰ ਚੀਨਾ।'' ਮੈਂ ਉਸਦਾ ਸਿਰ ਰਤਾ ਪਿਛਾਂਹ ਕਰਦਿਆਂ ਇਹ ਕਿਹਾ ਤਾਂ ਉਸਨੇ ਮੇਰੇ ਸਰੀਰ ਦੁਆਲੇ ਬਾਹਵਾਂ ਵਗਲ ਲਈਆਂ ਸਨ।

''ਜੇ ਪਹਿਲਾਂ ਮਿਲੇ ਹੁੰਦੇ ਤਾਂ ਮੈਂ ਥਾਂ-ਕੁਥਾਂ ਕਿਉਂ ਭਟਕਦੀ? ਅੱਜ ਮੈਨੂੰ ਮੇਰੀ ਮੰਜ਼ਲ ਮਿਲ ਗਈ ਏ ਬੱਸ। ਪਤਾ ਨਈਂ ਮੈਂ ਸਾਰਿਆਂ 'ਚੋਂ ਤੁਹਾਨੂੰ ਈ ਲੱਭਦੀ ਰਹੀ ਆਂ। ਏਦਾਂ ਦੀ ਸ਼ਾਂਤੀ ਤਾਂ ਪਹਿਲਾਂ ਕਦੇ ਵੀ ਨਈਂ ਮਿਲੀ। ਚੰਗਾ ਮੈਂ ਘਰ ਪਹੁੰਚ ਕੇ ਫੋਨ ਕਰੂੰਗੀ।'' ਉਹ ਦੋ ਕੁ ਘੰਟਿਆਂ ਦੇ ਬਾਅਦ ਵਿਛੜਨ ਲੱਗੀ ਬੋਲੀ ਸੀ।

ਉਹ ਚਲੀ ਗਈ, ਪਰ ਉਸਦਾ ਫੋਨ ਨਾ ਆਇਆ। ਤੀਸਰੇ ਦਿਨ ਮੈਂ ਫੋਨ ਕੀਤਾ ਤਾਂ ਕਿਸੇ ਆਦਮੀ ਨੇ ਉਠਾਇਆ ਸੀ। ਮੈਂ ਰੌਂਗ ਨੰਬਰ ਆਖ ਕੱਟ ਦਿੱਤਾ ਸੀ। ਕੁਝ ਦਿਨ ਤਾਂ ਮੈਂ ਫਿਕਰ ਕੀਤਾ ਤੇ ਫਿਰ ਮੈਂ ਉਸ ਬਾਰੇ ਤਰ੍ਹਾਂ-ਤਰ੍ਹਾਂ ਦੀਆਂ ਕਿਆਸਅਰਾਈਆਂ ਲਾਉਣ ਲੱਗਾ। ਪਰ ਮੈਂ ਉਸਨੂੰ ਫੋਨ ਨਾ ਕੀਤਾ। ਮਹੀਨੇ ਕੁ ਬਾਅਦ ਮਣੀ ਮਿਲੀ ਤਾਂ ਮੈਂ ਉਸ ਤੋਂ ਚੀਨਾ ਬਾਰੇ ਪੁੱਛਿਆ ਸੀ।

ਉਹ ਹੱਸ ਕੇ ਬੋਲੀ, ''ਉਹਦਾ ਫੋਨ ਨਾ ਉਡੀਕਿਓ ਹੁਣ।''

''ਕਿਉਂ?'' ਮੈਂ ਹੈਰਾਨੀ ਨਾਲ ਪੁੱਛਿਆ ਸੀ।

''ਉਹ ਹੁਣ ਆਪਣੇ ਘਰ ਖੁਸ਼ ਆ। ਉਹਦਾ ਸਹੁਰਾ ਪੱਕੇ ਤੌਰ 'ਤੇ ਇੱਥੇ ਸ਼ਿਫਟ ਕਰ ਗਿਆ ਏ ਤੇ ਉਹੀ ਉਸਦੀਆਂ ਸਾਰੀਆਂ ਜ਼ਰੂਰਤਾਂ ਦਾ ਖਿਆਲ ਰੱਖਦਾ ਏ।'' ਉਹ ਹਲਕਾ ਹੱਸ ਪਈ ਸੀ।

''ਸਾਰੀਆਂ ਦਾ!'' ਮੈਂ ਸ਼ੰਕਾ ਨਵਿਰਤੀ ਲਈ ਪੁੱਛਿਆ ਸੀ।

''ਆਹੋ ਬਾਬਾ ਸਾਰੀਆਂ ਦਾ।'' ਮਣੀ ਨੇ ਨਖਰੇ ਨਾਲ ਜਵਾਬ ਦਿੱਤਾ ਸੀ।

ਕੁਝ ਦੇਰ ਲਈ ਮੇਰੀਆਂ ਅੱਖਾਂ ਅੱਗੇ ਧੁੰਦਲਕਾ ਛਾ ਗਿਆ ਸੀ। ਹੋਸ਼ ਆਈ ਤਾਂ ਮਣੀ ਹੋਸਟਲ ਵਲ ਤੁਰੀ ਜਾ ਰਹੀ ਸੀ।

ਹੋਸਟਲ, ਲਾਇਬ੍ਰੇਰੀ ਤੇ ਸਵੀ! ਮੈਂ ਆਪਣੇ ਆਪ ਨੂੰ ਜਿਉਂ ਇਸ ਤਿਕੋਣ ਜਿਹੀ ਵਿਚ ਕੈਦ ਕਰ ਲਿਆ ਸੀ। ਸਵੀ ਅਕਸਰ ਆਖਦੀ, ''ਮੇਰੇ ਕੋਲ ਤਿੰਨ ਕੁ ਸਾਲ ਮਸਾਂ ਨੇ, ਤੁਸੀਂ ਰਿਸਰਚ ਦਾ ਕੰਮ ਛੇਤੀ-ਛੇਤੀ ਮੁਕਾ ਲਓ।'' ਮੈਂ ਥੋੜਾ ਨਾਰਾਜ਼ ਜਿਹਾ ਹੋ ਕੇ ਉਸ ਨੂੰ ਅਜਿਹੀ ਗੱਲ ਮੁੜ ਤੋਂ ਨਾ ਕਰਨ ਲਈ ਆਖ ਦਿੰਦਾ ਸਾਂ।

ਇਹ ਸਵੀ ਦੇ ਚੰਗੇ ਸਾਥ ਤੇ ਹੱਲਾਸ਼ੇਰੀ ਦਾ ਨਤੀਜਾ ਸੀ ਕਿ ਰਜਿਸਟ੍ਰੇਸ਼ਨ ਤੋਂ ਢਾਈ ਸਾਲਾਂ ਦੇ ਅੰਦਰ ਮੈਂ ਥੀਸਿਸ ਸਬਮਿਟ ਕਰਵਾ ਦਿੱਤਾ ਸੀ। ਵਾਈਵੇ ਵਾਲੀ ਸ਼ਾਮ ਜਦੋਂ ਮੈਂ ਮਠਿਆਈ ਦਾ ਡੱਬਾ ਲੈ ਕੇ ਗਾਈਡ ਦੇ ਘਰ ਗਿਆ ਤਾਂ ਸਵੀ ਮੈਨੂੰ ਲਾਅਨ 'ਚ ਲਿਜਾ ਕੇ ਕਹਿਣ ਲੱਗੀ, ''ਤੁਹਾਡਾ ਮਕਸਦ ਪੂਰਾ ਹੋ ਗਿਆ। ਕੌਂਗਰੇਟਸ। ਜਾਓ ਇਸ ਮੱਕੜੀ-ਜਾਲ ਤੋਂ ਮੁਕਤ ਹੋ ਜਾਓ। ਕੱਲ੍ਹ ਤੋਂ ਤੁਹਾਡੀ ਮਰਜ਼ੀ ਏ ਜੇ ਮਿਲਣ ਆਉਣਾ ਚਾਹੋ ਤਾਂ ਆ ਵੀ ਸਕਦੇ ਹੋ।'' ਉਸ ਦੀ ਗੱਲ ਸੁਣ ਮੈਂ ਸੱਚਮੁੱਚ ਤੜਫ ਕੇ ਰਹਿ ਗਿਆ ਸਾਂ।

''ਤੇ ਗਾਈਡ ਜੀ ਦਾ ਸੁਪਨਾ?'' ਮੈਂ ਇਹ ਜਾਣ ਗਿਆ ਸਾਂ ਕਿ ਸਵੀ ਦਿਲ ਦੀ ਸੱਚੀ-ਸੁੱਚੀ ਕੁੜੀ ਏ ਤੇ ਮੈਂ ਮਨੋ-ਮਨੀ ਇਹ ਫੈਸਲਾ ਕਰ ਲਿਆ ਸੀ ਕਿ ਜੇ ਇਸ ਨਾਲ ਵਿਆਹ ਹੋ ਗਿਆ ਤਾਂ ਮੈਂ ਇਸ ਨੂੰ ਪਿਆਰ ਨਾਲ ਸੰਭਾਲ ਲਵਾਂਗਾ।

''ਮੈਂ ਤਾਂ ਬੱਸ ਕੁਝ ਦੇਰ ਦੀ ਮਹਿਮਾਨ ਆਂ!'' ਉਹ ਸਿਰ ਝੁਕਾਈ ਬੋਲੀ ਸੀ।

''ਕਿਉਂ?'' ਮੈਂ ਦਿਲ 'ਚੋਂ ਉੱਠਦੀ ਚੀਸ ਨੂੰ ਦਬਾ ਕੇ ਪੁੱਛਿਆ ਸੀ।

''ਮੈਂ ਏਡਜ਼!'' ਉਹ ਅਗਾਂਹ ਨਾ ਬੋਲ ਸਕੀ।

ਮੇਰੀਆਂ ਅੱਖਾਂ ਛਲਕ ਪਈਆਂ। ਇਸ ਤੋਂ ਬਾਅਦ ਅਸੀਂ ਕੋਈ ਗੱਲ ਨਾ ਕੀਤੀ।

ਅਗਲੇ ਦਿਨ ਮੈਂ ਚੰਡੀਗੜ੍ਹ ਛੱਡ ਕੇ ਪਿੰਡ ਆ ਗਿਆ ਸਾਂ।

ਛੇ ਕੁ ਮਹੀਨਿਆਂ ਪਿੱਛੋਂ ਕਾਨਵੋਕੇਸ਼ਨ ਹੋਈ ਤਾਂ ਮੈਂ ਸਵੀ ਨੂੰ ਮਿਲਣ ਗਿਆ ਸਾਂ। ਉਹ ਮੈਥੋਂ ਪਛਾਣੀ ਨਹੀਂ ਸੀ ਗਈ। ਬੈੱਡ 'ਤੇ ਪਈ ਉਹ ਪਤਲੇ ਤੇ ਮੈਲੇ ਜਿਹੇ ਸਿਰਾਹਣੇ ਦਾ ਭੁਲੇਖਾ ਪਾ ਰਹੀ ਸੀ। ਮੈਂ ਉਸ ਨੂੰ ਬੁਲਾਇਆ ਤਾਂ ਉਸਨੇ ਮੂੰਹ ਘੁਮਾ ਕੇ ਹੌਲੀ-ਹੌਲੀ ਅੱਖਾਂ ਖੋਲ੍ਹੀਆਂ ਸਨ। ਉਸਦਾ ਚਿਹਰਾ ਧੁਆਂਖਿਆ ਪਿਆ ਸੀ।

''ਕੱਲ੍ਹ ਕਨਵੋਕੇਸ਼ਨ ਆ। ਮੈਂ ਡਿਗਰੀ ਲੈਣ ਆਇਆਂ।'' ਮੈਂ ਉਸਦੇ ਸਿਰ 'ਤੇ ਝੁਕ ਕੇ ਕਿਹਾ।

ਉਹ ਮੁਸਕਰਾ ਪਈ ਸੀ ਤੇ ਮੈਨੂੰ ਇਸ਼ਾਰੇ ਨਾਲ ਆਪਣੇ ਮੂੰਹ ਕੋਲ ਬੁਲਾ ਕੇ ਬੋਲੀ, ''ਵਿਆਹ?''

''ਨਹੀਂ ਹਾਲੇ ਨਹੀਂ। ਹਾਂ ਰਿਸ਼ਤਾ ਹੋ ਗਿਆ ਏ।'' ਇਹ ਦੱਸਦਿਆਂ ਮੈਂ ਉਦਾਸ ਹੋ ਗਿਆ ਸਾਂ।

''ਜੇ ਧੀ ਹੋਈ ਤਾਂ!'' ਉਸਦੀ ਆਵਾਜ਼ ਖੁਸ਼ਕ ਹੋ ਗਈ ਸੀ। ਉਸਦੀ ਮਾਂ ਨੇ ਉਸਦੇ ਮੂੰਹ 'ਚ ਪਾਣੀ ਦਾ ਚਮਚਾ ਪਾਇਆ।

''ਉਹਨੂੰ ਪਿਆਰ ਕਰਿਓ। ਨਹੀਂ ਤਾਂ...!'' ਉਸਦਾ ਗੱਚ ਭਰ ਆਇਆ। ਉਹ ਅਗਾਂਹ ਕੁਝ ਬੋਲ ਨਾ ਸਕੀ। ਹੰਝੂਆਂ ਭਰੀਆਂ ਅੱਖਾਂ ਨਾਲ ਮੈਨੂੰ ਬੜੀ ਮੁਸ਼ਕਲ ਨਾਲ ਵੇਖਦੀ ਰਹੀ ਸੀ। ਫਿਰ ਉਸਨੇ ਅੱਖਾਂ ਮੀਟ ਲਈਆਂ। ਮੈਂ ਅੱਥਰੂ ਪੂੰਝਦਾ 'ਗਾਈਡ' ਦੀ ਕਰੋੜਾਂ ਦੀ ਕੋਠੀ 'ਚੋਂ ਬਾਹਰ ਨਿਕਲ ਆਇਆ ਸਾਂ।

ਪਿਛਲੇ ਸਾਲ ਸਵੀ ਦੀ ਮੌਤ ਹੋ ਗਈ ਏ।

ਅੱਜ ਸਵੀ ਦੀ ਮੌਤ ਨੂੰ ਪੰਜ ਸਾਲ ਬੀਤ ਗਏ ਨੇ। ਅੱਜਕੱਲ੍ਹ ਮੈਂ ਇਕ ਪ੍ਰਾਈਵੇਟ ਕਾਲਜ 'ਚ ਪੜ੍ਹਾ ਰਿਹਾ ਹਾਂ। ਘਰ 'ਚ ਪਤਨੀ ਤੇ ਇਕ ਪਿਆਰੀ ਜਿਹੀ ਧੀ ਏ। ਉਸਦਾ ਨਾਂ ਅਸੀਂ ਸਵੀ ਰੱਖਿਆ ਏ। ਮੈਨੂੰ ਇਸ ਸਵੀ ਦੀਆਂ ਅੱਖਾਂ 'ਚੋਂ ਉਹ 'ਸਵੀ' ਵੇਖ ਰਹੀ ਮਹਿਸੂਸ ਹੁੰਦੀ ਏ। ਬਾਪੂ ਮੇਰੇ ਵਿਆਹ 'ਤੇ ਕੈਨੇਡਾ ਤੋਂ ਆਇਆ ਸੀ....ਤੇ ਜਾਣ ਤੋਂ ਹਫਤਾ ਕੁ ਪਹਿਲਾਂ ਉਸ ਦੀ ਹਾਰਟ-ਅਟੈਕ ਨਾਲ ਮੌਤ ਹੋ ਗਈ।

'ਤੂੰ ਤਾਂ ਬੇਸਮੈਂਟ ਵਾਲੀ ਕੈਦ ਤੋਂ ਬਚ ਗਿਐਂ।' ਉਸਦੀ ਚਿਤਾ ਨੂੰ ਲਾਂਬੂ ਲਾਉਂਦਿਆਂ ਮੈਂ ਸੋਚਿਆ ਸੀ।

ਮਣੀ ਅੱਜ ਵੀ ਕਦੇ ਕਿਸੇ ਦੇ ਕਦੇ ਕਿਸੇ ਨਾਲ ਸ਼ਿਮਲੇ ਦੀ ਸੈਰ ਲਈ ਤੁਰੀ ਰਹਿੰਦੀ ਏ। ਉਸਦਾ ਜੋਤ ਤਾਂ ਕਦੋਂ ਦਾ ਵਿਆਹ ਕਰਵਾ ਕੇ ਕੈਨੇਡਾ ਜਾ ਚੁੱਕਾ ਏ।

'ਸ਼ਾਇਦ ਚੀਨਾ ਨੂੰ ਕਦੇ ਮੇਰੀ ਰਾਹਨੁਮਾਈ ਦੀ ਲੋੜ ਪਵੇ।' ਇਹ ਸੋਚ ਕੇ ਮੈਂ ਪਿਛਲੇ ਸੱਤ ਸਾਲਾਂ ਤੋਂ ਆਪਣਾ ਫੋਨ ਨੰਬਰ ਨਹੀਂ ਬਦਲਿਆ। ਪਰ ਉਸਦਾ ਮੁੜ ਕਦੇ ਫੋਨ ਨਹੀਂ ਆਇਆ।

ਪਿਛਲੇ ਮਹੀਨੇ ਮੈਂ ਰਿਫਰੈਸ਼ਰ ਕੋਰਸ ਦੇ ਸਬੰਧ 'ਚ ਯੂਨੀਵਰਸਿਟੀ ਗਿਆ ਸਾਂ। ਅਚਾਨਕ ਮਣੀ ਮਿਲ ਪਈ। ਉਸ ਨੂੰ ਮੈਂ ਚਾਰ ਸਾਲਾਂ ਦੇ ਬਾਅਦ ਵੇਖਿਆ ਸੀ। ਕਿੰਨਾ ਬਦਲ ਗਈ ਸੀ ਉਹ! ਨਾ ਜਿਸਮ 'ਚ ਮੜਕ ਸੀ ਨਾ ਚਿਹਰੇ 'ਤੇ ਪਹਿਲਾਂ ਜਿਹਾ ਨੂਰ ਤੇ ਕਸ਼ਿਸ਼। ਅਸੀਂ ਸਟੂਡੈਂਟਸ ਸੈਂਟਰ 'ਚ ਬੈਠ ਕੇ

**ਸਾਂਵਲ ਧਾਮੀ**

ਕਈ ਦੇਰ ਗੱਲਾਂ ਕਰਦੇ ਰਹੇ ਸਾਂ। ਅਚਾਨਕ ਮੈਨੂੰ ਚੀਨਾ ਦਾ ਖ਼ਿਆਲ ਆ ਗਿਆ ਸੀ।

''ਚੀਨਾ ਨਈਂ ਮਿਲੀ ਕਦੇ?'' ਮੈਂ ਇਕ ਝਿਜਕ ਨਾਲ ਪੁੱਛਿਆ ਸੀ।

''ਤੁਸੀਂ ਉਹਦੀ ਕੋਈ ਖਬਰ ਨਈਂ ਸੁਣੀ?'' ਉਹ ਮੈਨੂੰ ਹੈਰਾਨੀ ਨਾਲ ਵੇਖਦਿਆਂ ਬੋਲੀ ਸੀ।

''ਕ੍ਹਾਦੀ ਖਬਰ?'' ਇਕ ਪਲ ਲਈ ਮੈਂ ਡਰ ਕੇ ਸੋਚਿਆ ਸੀ ਕਿ ਉਸ ਨੇ ਖੁਦਕਸ਼ੀ ਕਰ ਲਈ ਹੋਣੀ ਏ।

''ਉਹਨੇ ਆਪਣੇ ਸਹੁਰੇ ਦਾ ਕਤਲ ਕਰ ਦਿੱਤਾ ਸੀ।''

''ਹੈਂ! ਉਹ ਕਿਉਂ?''

''ਪਹਿਲਾਂ ਤਾਂ ਉਹਦੀ ਸਹੁਰੇ ਨਾਲ ਅਟੈਚਮੈਂਟ ਸੀ। ਫਿਰ ਇਕ ਗੁਆਂਢੀ ਨਾਲ ਹੋ ਗਈ, ਸਹੁਰਾ ਰੋਕਦਾ ਸੀ। ਬਸ ਕਤਲ ਕਰ ਦਿੱਤਾ। ਉਹ ਤਾਂ ਡੇਢ ਸਾਲ ਕੈਦ ਕੱਟ ਕੇ ਆਈ ਆ। ਹੁਣ ਉਹਦਾ ਪਤੀ ਨਾਲ ਤਲਾਕ ਦਾ ਕੇਸ ਚੱਲਦੈ। ਪਿਛਲੇ ਹਫਤੇ ਈ ਉਹ ਘਰ ਆਈ ਸੀ।''

ਮਣੀ ਨੇ ਹੱਸ ਕੇ ਗੱਲ ਮੁਕਾਈ ਤਾਂ ਮੈਂ ਹੈਰਾਨ ਹੋ ਗਿਆ ਸਾਂ।

''ਕੀ ਗੱਲਾਂ ਹੋਈਆਂ ਫਿਰ?'' ਮੈਂ ਤਾਂ ਅੰਤਾਂ ਦੀ ਜਗਿਆਸਾ ਨਾਲ ਪੁੱਛਿਆ ਸੀ।

''ਉਹਨੇ ਕਮਰੇ ਨੂੰ ਅੰਦਰੋਂ ਕੁੰਡੀ ਮਾਰ ਲਈ। ਮੈਂ ਡਰ ਗਈ। ਮੈਨੂੰ ਬਾਹਵਾਂ ਵਿਚ ਲੈ ਕੇ ਕਈ ਦੇਰ ਰੋਂਦੀ ਰਹੀ। ਫਿਰ ਕਹਿਣ ਲੱਗੀ-ਚੱਲ ਮਣੀ ਆਪਾਂ ਵਿਆਹ ਕਰਵਾ ਲਈਏ। ਮੈਨੂੰ ਮਰਦਾਂ ਤੇ ਕੋਈ ਭਰੋਸਾ ਨਈਂ ਰਿਹਾ। ਹੁਣ ਤਾਂ ਔਰਤਾਂ ਦੇ ਆਪਸ ਵਿਚ ਬਥੇਰੇ ਵਿਆਹ ਹੁੰਦੇ ਆ। ਮੇਰਾ ਦਿਲ ਨਾ ਤੋੜੀਂ। ਉਹ ਰੋਂਦੀ-ਰੋਂਦੀ ਮੇਰੇ ਪੈਰ ਫੜਕੇ ਮਿੰਨਤਾਂ-ਤਰਲੇ ਕਰਨ ਲੱਗ ਪਈ। ਮੈਨੂੰ ਤਾਂ ਉਹ ਪਾਗਲ ਜਿਹੀ ਹੋ ਗਈ ਲੱਗਦੀ ਏ। ਮੈਂ ਤਾਂ ਉਹਨੂੰ ਹੁਣ ਕਦੇ ਨਈਂ ਮਿਲਣਾ। ਵੈਸੇ ਡਿਸਟਰਬ ਬ੍ਹੌਤ ਆ ਉਹ।''

ਹੁਣ ਮਣੀ ਸੱਚਮੁੱਚ ਚਿੰਤਤ ਸੀ।

''ਮੇਰੇ ਬਾਰੇ ਨਈਂ ਕੋਈ ਗੱਲ ਕੀਤੀ ਉਹਨੇ?'' ਮੈਂ ਥੋੜਾ ਉਦਾਸ ਹੁੰਦਿਆਂ ਪੁੱਛਿਆ ਸੀ।

''ਨਹੀਂ। ਮੈਂ ਹੀ ਕਿਹਾ ਸੀ ਕਿ ਤੂੰ ਏਨੀ ਡਿਸਟਰਬ ਏਂ, ਸਰ ਹੁਰਾਂ ਨੂੰ ਈ ਫੋਨ ਕਰ ਲੈ। ਤੈਨੂੰ ਉਹੀ ਸਹੀ ਗਾਈਡ ਕਰ ਸਕਦੇ ਨੇ। ਉਹ ਅੱਗੋਂ ਪਤਾ ਕੀ ਕਹਿਣ ਲੱਗੀ?''

''ਕੀ?'' ਮੈਂ ਥੋੜਾ ਡਰ ਕੇ ਪੁੱਛਿਆ ਸੀ।

''ਕਹਿਣ ਲੱਗੀ ਉਹ ਹੁਣ ਮੇਰੇ ਗਾਈਡ ਨਹੀਂ ਰਹੇ।'' ਮਣੀ ਥੋੜਾ ਗੰਭੀਰ ਹੁੰਦਿਆਂ ਬੋਲੀ ਸੀ।

ਮੇਰਾ ਸਿਰ ਆਪ-ਮੁਹਾਰੇ ਝੁਕ ਗਿਆ ਸੀ।

ਇਸ ਗੱਲ ਤੋਂ ਬਾਅਦ ਮੈਂ ਕੋਈ ਗੱਲ ਨਹੀਂ ਸਾਂ ਕਰ ਸਕਿਆ। *(ਸਮਾਪਤ)*

**'ਪੰਜਾਬ ਟਾਈਮਜ਼' ਵਿਚ ਆਲੋਚਕ ਅਤੇ ਵਿਦਵਾਨ ਗੁਰਬਚਨ ਦਾ ਜਸਵੰਤ ਸਿੰਘ ਕੰਵਲ ਦੀ ਕਿਤਾਬ "ਪੰਜਾਬੀਓ ਜੀਣਾ ਹੈ ਕਿ ਮਰਨਾ" ਸਬੰਧੀ ਲਿਖਿਆ ਇਕ ਲੰਮਾ ਲੇਖ ਛਪਿਆ ਸੀ। ਇਸ ਲੇਖ ਵਿਚ ਉਨ੍ਹਾਂ ਨੇ ਜਸਵੰਤ ਕੰਵਲ ਦੀ ਪੰਜਾਬੀ ਸਭਿਆਚਾਰ ਅਤੇ ਪੰਜਾਬੀ ਕੌਮੀਅਤ ਸਬੰਧੀ ਧਾਰਨਾ ਅਤੇ ਪੰਜਾਬ ਮਸਲੇ ਪ੍ਰਤੀ ਉਨ੍ਹਾਂ ਦੀ ਪਹੁੰਚ ਵਿਚ ਕਈ ਸਾਰੇ ਨੁਕਸ ਗਿਣਾਏ ਸਨ। ਉਂਝ ਵੀ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਹੋਂਦ ਅਤੇ ਹਸਤੀ ਨੂੰ ਬਰਕਰਾਰ ਰੱਖਣ ਦੇ ਮਸਲੇ ਨੇ ਅੱਜ-ਕੱਲ੍ਹ ਕਾਫੀ ਗੰਭੀਰਤਾ ਅਖਤਿਆਰ ਕੀਤੀ ਹੋਈ ਹੈ ਅਤੇ ਇਸ ਉਪਰ ਕੁਝ ਪੰਜਾਬੀ ਚਿੰਤਕ ਅਤੇ ਬੁੱਧੀਜੀਵੀ ਫਿਕਰਮੰਦ ਵਿਖਾਈ ਦਿੰਦੇ ਹਨ। ਪਿੱਛੇ ਜਿਹੇ ਉਘੇ ਪੰਜਾਬੀ ਕਵੀ ਸੁਰਜੀਤ ਪਾਤਰ ਨੇ ਵੀ ਪੰਜਾਬੀ ਵਿਦਵਾਨਾਂ ਨੂੰ ਪੰਜਾਬੀ ਭਾਸ਼ਾ ਦੇ ਬਚਾਅ ਲਈ ਨਿੱਤਰਨ ਦਾ ਸੱਦਾ ਦਿੱਤਾ ਹੈ। ਗੁਰਬਚਨ ਦੇ ਲੇਖ ਦੇ ਪ੍ਰਤੀਕਰਮ ਵਿਚ ਰਾਜਿੰਦਰ ਰਾਹੀ ਨੇ ਲੇਖ ਲਿਖਿਆ। ਰਾਹੀ ਦੇ ਲੇਖ ਪ੍ਰਤੀਕਰਮ ਵਿਚ ਹਥਲਾ ਲੇਖ ਹੈ। ਰਾਹੀ ਨੇ ਜਸਵੰਤ ਕੰਵਲ ਨੂੰ ਦਰੁਸਤ ਠਹਿਰਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਜਸਵੰਤ ਕੰਵਲ ਦਾ ਸਿੱਖਾਂ ਨੂੰ ਪੰਜਾਬੀ ਕੌਮੀਅਤ ਦੇ ਬਦਲ ਵਜੋਂ ਪੇਸ਼ ਕਰਨਾ ਦਰੁਸਤ ਹੈ। ਭੀਮ ਇੰਦਰ ਸਿੰਘ ਨੇ ਇਸ ਲੇਖ ਵਿਚ ਰਾਹੀ ਦੀ ਪਹੁੰਚ ਨੂੰ ਇਕਪਾਸੜ ਦੱਸਿਆ ਹੈ। ਇਸ ਮੁੱਦੇ ਨੂੰ ਲੈ ਕੇ ਆਉਣ ਵਾਲੇ ਵਿਚਾਰਾਂ ਨੂੰ ਅਸੀਂ ਅਗਾਂਹ ਵੀ ਜੀ ਆਇਆਂ ਕਹਾਂਗੇ। -ਸੰਪਾਦਕ**

# ਰਾਜਿੰਦਰ ਰਾਹੀ ਨੂੰ ਹੇਜ ਪੰਜਾਬ ਦਾ ਹੈ ਜਾਂ ਸਿੱਖ ਮੂਲਵਾਦੀਆਂ ਦਾ

**ਭੀਮ ਇੰਦਰ ਸਿੰਘ**

ਰਾਜਿੰਦਰ ਰਾਹੀ ਦੁਆਰਾ ਲਿਖੇ ਜਸਵੰਤ ਸਿੰਘ ਕੰਵਲ ਦੀ ਪੁਸਤਕ ਪੰਜਾਬੀਓ-ਜੀਣਾ ਹੈ ਕਿ ਮਰਨਾ ਦੇ ਪੱਖ ਵਿਚ ਅਤੇ ਗੁਰਬਚਨ ਦੇ ਵਿਪੱਖ ਵਿਚ ਛਪੇ ਵਿਚਾਰ ਪੜ੍ਹਨ ਨੂੰ ਮਿਲੇ। ਇਨ੍ਹਾਂ ਵਿਚਾਰਾਂ ਨੂੰ ਪੜ੍ਹਨ ਤੋਂ ਬਾਅਦ ਪਤਾ ਚਲਦਾ ਹੈ ਕਿ ਰਾਜਿੰਦਰ ਰਾਹੀਂ ਕੋਲ ਇਤਿਹਾਸ ਨੂੰ ਸਮਝਣ ਦਾ ਨਾ ਤਾਂ ਸਹੀ ਨਜ਼ਰੀਆ ਹੈ ਅਤੇ ਨਾ ਹੀ ਤਰਕ। ਉਸਦੀ ਤਰਕਹੀਣਤਾ ਦਾ ਸਿੱਟਾ ਇਹ ਨਿਕਲਦਾ ਹੈ ਕਿ ਉਹ ਪੰਜਾਬ ਦੇ ਇਤਿਹਾਸ ਨੂੰ ਕੇਵਲ ਹਿੰਦੂ 'ਵਰਗ' ਅਤੇ ਸਿੱਖ 'ਵਰਗ' ਦੇ ਅੰਤਰ-ਸੰਵਾਦ ਤੱਕ ਮਹਿਦੂਦ ਕਰ ਦਿੰਦਾ ਹੈ।

(ਧਰਮ ਆਪਣੇ ਆਪ ਵਿਚ ਵਰਗ ਨਹੀਂ ਹੁੰਦਾ, ਵਰਗ ਮਨੁੱਖ ਦੀ ਆਰਥਿਕਤਾ ਨਾਲ ਜੁੜਿਆ ਹੁੰਦਾ ਹੈ।) ਉਸ ਦੀ ਸੋਚ ਦਾ ਇਹੋ ਕਾਰਣ ਉਸਨੂੰ ਅਖੀਰ ਵਿਚ ਪੰਜਾਬ ਦੇ ਅਸਲ ਦੁਸ਼ਮਣ ਭਾਵ ਕਾਂਗਰਸ, ਅਕਾਲੀ ਦਲ, ਬੀ.ਜੇ.ਪੀ. ਅਤੇ ਕੱਟੜਪੰਥੀਆਂ ਦੇ ਪੱਖ ਵਿਚ ਅਤੇ ਗਰੀਬ ਪੰਜਾਬੀਆਂ (ਜਿਨ੍ਹਾਂ ਵਿਚ ਵੱਡਾ ਤਬਕਾ ਸਿੱਖ ਧਰਮ ਨਾਲ ਸੰਬੰਧਿਤ ਹੈ) ਦੇ ਵਿਰੋਧ

## ਵਿਚਾਰ ਚਰਚਾ

ਵਿਚ ਭੁਗਤਣ ਲਈ ਸਹਾਈ ਹੁੰਦਾ ਹੈ। ਹਿੰਦੂ ਬਨਾਮ ਸਿੱਖਾਂ ਦੀਆਂ ਜਿਹੜੀਆਂ ਘਟਨਾਵਾਂ ਉਹ ਇਤਿਹਾਸ ਵਿਚੋਂ ਚੁਣਦਾ ਹੈ ਉਹ ਨਾ ਤਾਂ ਸਿੱਖ ਇਨਕਲਾਬ ਦੇ ਅਸਲੀ ਸਾਰ-ਤੱਤ ਨਾਲ ਮੇਲ ਖਾਂਦੀਆਂ ਹਨ ਅਤੇ ਨਾ ਹੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਹੀ ਮਾਅਨਿਆਂ ਵਿਚ ਸਮਝਣ ਲਈ ਸਹਾਈ ਹੁੰਦੀਆਂ ਹਨ।

ਰਾਹੀ ਦੇ ਨਜ਼ਰੀਏ ਦੇ ਕਾਣ ਨੂੰ ਸਮਝਣ ਲਈ ਸਿੱਖ-ਇਨਕਲਾਬ ਅਤੇ ਉਸਤੋਂ ਬਾਅਦ ਪੈਦਾ ਹੋਈਆਂ ਪੰਜਾਬ ਦੀਆਂ ਪ੍ਰਸਥਿਤੀਆਂ ਨੂੰ ਪਰਖਣਾ ਲਾਜ਼ਮੀ ਹੈ। ਪੰਜਾਬ ਦਾ 'ਸਿੱਖ ਇਨਕਲਾਬ' ਭਾਰਤ ਦੇ ਇਤਿਹਾਸ ਵਿਚ ਇਕ ਅਜਿਹਾ ਵਰਤਾਰਾ ਸੀ ਜਿਸ ਨੇ ਸਦੀਆਂ ਤੋਂ ਜੜ੍ਹ ਹੋ ਚੁੱਕੀ ਬ੍ਰਾਹਮਣਵਾਦੀ ਪਰੰਪਰਾ ਅਤੇ ਮੁਗਲ ਸਾਮਰਾਜ ਨੂੰ ਵਿਚਾਰ ਅਤੇ ਵਿਹਾਰ ਦੀ ਧੱਧਰ 'ਤੇ ਚੁਣੌਤੀ ਪੇਸ਼ ਕੀਤੀ ਸੀ। ਇਹ ਕੇਵਲ ਚੁਣੌਤੀ ਹੀ ਨਹੀਂ ਸੀ ਸਗੋਂ ਇਕ ਵੱਖਰਾ ਰਾਜ ਸਥਾਪਤ ਕਰਨ ਵੱਲ ਉਠਾਏ ਕਦਮ ਸਨ ਜਿੱਥੇ ਮਨੁੱਖ ਨੂੰ ਜਾਤ-ਪਾਤ, ਉਚ-ਨੀਚ, ਅਮੀਰ-ਗਰੀਬ, ਰਾਜਾ-ਰੰਕ ਆਦਿ ਵਲਗਣਾ ਤੇ ਵਿਤਕਰਿਆਂ ਤੋਂ ਨਿਜਾਤ ਦਵਾ ਕੇ ਮਨੁੱਖ ਅਤੇ ਮਨੁੱਖੀ ਕਿਰਤ ਨੂੰ ਮਾਨਤਾ ਮਿਲ ਸਕੇ। ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੁਆਰਾ ਹਰਿਮੰਦਰ ਸਾਹਿਬ ਦੇ ਸਾਹਮਣੇ ਰਾਜ ਸਿੰਘਾਸਨ (ਅਕਾਲ ਤਖਤ) ਉਸਾਰਣ ਦਾ ਮਕਸਦ ਇਹੋ ਸੀ। ਇਸ ਆਦਰਸ਼ ਦੀ ਪੂਰਤੀ ਲਈ ਜਿਥੇ ਸਦੀਆਂ ਲੱਗ ਗਈਆਂ ਉਥੇ ਅਨੇਕਾਂ ਕੁਰਬਾਨੀਆਂ ਨੇ ਇਸ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਦਾ ਯਤਨ ਕੀਤਾ।

ਸਿੱਖ ਇਨਕਲਾਬ ਦਾ ਵਿਚਾਰਧਾਰਕ ਪੈਰਾਡਾਈਮ ਉਸਾਰਨ ਲਈ ਸਿੱਖ ਗੁਰੂਆਂ ਤੋਂ ਇਲਾਵਾ ਭਾਰਤ ਦੇ ਵੱਖ-ਵੱਖ ਧਰਮਾਂ, ਵਰਗਾਂ, ਜਾਤਾਂ, ਖੇਤਰਾਂ, ਆਦਿ ਦੇ ਕਵੀਆਂ, ਸਮਾਜ ਸੁਧਾਰਕਾਂ ਅਤੇ ਵਿਚਾਰਕਾਂ ਨੇ ਮਹਤਵਪੂਰਨ ਯੋਗਦਾਨ ਪਾਇਆ। ਇਹੋ ਕਾਰਨ ਸੀ ਕਿ ਬੰਦਾ ਬਹਾਦਰ ਤੱਕ ਪਹੁੰਚਦਿਆਂ ਪੰਜਾਬ ਦੇ ਗਰੀਬ ਮੁਜ਼ਾਰੇ, ਕਿਸਾਨ ਤੇ ਅਖੌਤੀ ਛੋਟੀਆਂ ਜਾਤਾਂ ਦੇ ਕਾਰੀਗਰ ਲੋਕ ਵੱਡੀ ਗਿਣਤੀ ਵਿਚ ਸਿੱਖ ਧਰਮ ਵੱਲ ਖਿੱਚੇ ਗਏ ਸਨ। ਇਹ ਉਹੀ ਲੋਕ ਸਨ ਜਿਨ੍ਹਾਂ ਨੂੰ ਤਤਕਾਲੀਨ ਬ੍ਰਾਹਮਣਵਾਦ ਨੇ ਸਦੀਆਂ ਤੋਂ ਤ੍ਰਿਸਕਾਰ ਦੀ ਨਜ਼ਰ ਨਾਲ ਵੇਖਦਿਆਂ ਹਾਸ਼ੀਏ 'ਤੇ ਰੱਖਿਆ ਹੋਇਆ ਸੀ। ਜਿਉਂ-ਜਿਉਂ ਇਹ ਲੋਕ ਤਾਕਤ ਗ੍ਰਹਿਣ ਕਰਦੇ ਗਏ ਤਿਉਂ-ਤਿਉਂ ਇਹ ਬ੍ਰਾਹਮਣਵਾਦ ਅਤੇ ਮੁਗਲ ਸਾਮਰਾਜ ਲਈ ਸਿਰਦਰਦੀ ਦਾ ਕਾਰਨ ਬਣਦੇ ਗਏ। (ਅੱਜ ਜੇਕਰ ਪੰਜਾਬ ਵਿਚ ਜਾਤ-ਪਾਤੀ ਜਕੜ ਭਾਰਤ ਦੇ ਬਾਕੀ ਸੂਬਿਆਂ ਨਾਲੋਂ ਘੱਟ ਹੈ ਤਾਂ ਇਸ ਵਿਚ ਵੱਡਾ ਰੋਲ ਸਿੱਖ ਇਨਕਲਾਬ ਦਾ ਹੈ।) ਆਪਣੀ ਇਸ ਤਾਕਤ ਸਦਕਾ ਹੀ ਅਠਾਰਵੀਂ ਸਦੀ ਤਕ ਇਨ੍ਹਾਂ ਨੇ ਜਿਥੇ ਅਫਗਾਨੀ ਹਮਲਾਵਰਾਂ ਨਾਲ ਟੱਕਰ ਲਈ ਉਥੇ ਇਹ ਮੁਗਲ ਸਾਮਰਾਜ ਦੀਆਂ ਢਹਿੰਦੀਆਂ ਕਲਾਵਾਂ ਨੂੰ ਢਾਹੁਣ ਵਿਚ ਵੀ ਕਾਮਯਾਬ ਹੋ ਗਏ।

ਮਿਸਲਾਂ ਦੇ ਸਮੇਂ ਤੱਕ ਪਹੁੰਚਦਿਆਂ ਇਨ੍ਹਾਂ ਨੇ ਆਪਣੇ ਛੋਟੇ-ਛੋਟੇ ਰਾਜ ਵੀ ਸਥਾਪਤ ਕਰ ਲਏ। ਇਸ ਸਮੇਂ ਦੌਰਾਨ ਜੱਟਾਂ ਤੋਂ ਇਲਾਵਾ ਤਰਖਾਣ, ਲੁਹਾਰ, ਕਲਾਲ, ਚਮਾਰ ਆਦਿ ਜਾਤਾਂ ਦੇ ਲੋਕਾਂ ਨੇ ਵੀ ਸਿੱਖੀ ਧਾਰਨ ਕਰਕੇ ਹਥਿਆਰਬੰਦ ਯੁੱਧ ਲੜੇ। ਭਾਵੇਂ ਇਨ੍ਹਾਂ ਨੇ ਜਥੇਦਾਰੀਆਂ ਵੀ ਪ੍ਰਾਪਤ ਕੀਤੀਆਂ ਪਰ ਜ਼ਮੀਨ ਦੀ ਮਾਲਕੀ ਨਾ ਹੋਣ ਕਰਕੇ ਇਹ ਸਿੱਖੀ ਵਿਚ ਜ਼ਮੀਨ ਪ੍ਰਾਪਤੀ ਵਾਲੀਆਂ ਜਾਤਾਂ ਵਾਲਾ ਸਮਾਜਿਕ ਦਰਜਾ ਪ੍ਰਾਪਤ ਨਾ ਕਰ ਸਕੇ। ਮਿਸਲਾਂ ਦੇ ਬਹੁਤੇ ਸਰਦਾਰ ਉਹ ਸਨ ਜੋ ਹਿੰਦੂ-ਰਾਜਪੂਤਾਂ ਵਿਚੋਂ ਸਿੱਖ ਧਰਮ ਗ੍ਰਹਿਣ ਕਰਕੇ ਸ਼ਾਮਲ ਹੋਏ ਸਨ।

ਜਿਥੇ ਇਨ੍ਹਾਂ ਨੂੰ ਮੁਗਲ ਸਾਮਰਾਜ ਅਤੇ ਅਫਗਾਨ ਹਮਲਾਵਰਾਂ ਨਾਲ ਜੂਝਣਾ ਪੈਂਦਾ ਸੀ ਉਥੇ ਇਹ ਇਕ-ਦੂਸਰੇ ਦੇ ਇਲਾਕੇ 'ਤੇ ਕਾਬਜ਼ ਹੋਣ ਲਈ ਵੀ ਲੜਦੇ ਰਹਿੰਦੇ ਸਨ। ਇਹੋ ਕਾਰਨ ਸੀ ਕਿ ਸ਼ੁਰੂ ਵਿਚ 65 ਜਥਿਆਂ ਵਿਚ ਵੰਡੇ ਸਿੱਖਾਂ ਦੇ ਅਖੀਰ ਬਾਰਾਂ ਤਾਕਤਵਰ ਜਥੇ ਹੀ ਰਹਿ ਗਏ। ਇਨ੍ਹਾਂ ਤਾਕਤਵਰ ਜਥਿਆਂ (ਮਿਸਲਾਂ) ਨੂੰ ਰਣਜੀਤ ਸਿੰਘ ਨੇ ਇਕੱਤਰ ਕਰਕੇ ਇਕ ਵਿਸ਼ਾਲ 'ਸਿੱਖ ਰਾਜ' ਸਥਾਪਤ ਕਰਨ ਵੱਲ ਕਦਮ ਪੁੱਟੇ। ਭਾਵੇਂ ਅਠਾਰਵੀਂ ਸਦੀ ਦੇ ਅੰਤ ਤੀਕ ਰਣਜੀਤ ਸਿੰਘ ਨੇ ਸਿੱਖਰਾਜ ਸਥਾਪਤ ਕਰ ਲਿਆ ਪਰ ਇਸ ਵੇਲੇ ਤਕ 'ਸਿੱਖ ਇਨਕਲਾਬ' ਵਿਚ ਹੇਠ ਲਿਖੀਆਂ ਬੁਨਿਆਦੀ ਤਬਦੀਲੀਆਂ ਵਾਪਰੀਆਂ-

1. ਬੰਦਾ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਉਸ ਕਿਸਮ ਦਾ ਵੱਡਾ ਲੀਡਰ ਸਿੱਖਾਂ ਨੂੰ ਨਾ ਮਿਲ ਸਕਿਆ ਜੋ ਸਿੱਖ-ਇਨਕਲਾਬ ਦੀ ਬੁਨਿਆਦੀ ਭਾਵਨਾ ਨੂੰ ਸਮਝਦਾ ਹੋਇਆ ਹੋਰ ਬੁਲੰਦੀਆਂ ਛੂਹਣ ਦਾ ਯਤਨ ਕਰਦਾ। ਬੇਸ਼ੱਕ ਨਵਾਬ ਕਪੂਰ ਸਿੰਘ ਅਤੇ ਜੱਸਾ ਸਿੰਘ ਆਹਲੂਵਾਲੀਆ ਅਤੇ ਹੋਰ ਜਥੇਦਾਰਾਂ ਨੇ ਵਿੱਤ ਮੁਤਾਬਿਕ ਭਰਪੂਰ ਯਤਨ ਕੀਤੇ।

2. ਸਿੱਖ ਧਰਮ ਇਥੋਂ ਦੀਆਂ ਖੱਤਰੀ ਜਾਤਾਂ ਦੀ ਲੀਡਰਸ਼ਿਪ ਵਿਚੋਂ ਨਿਕਲ ਕੇ ਜੱਟ ਸਿੱਖ ਜਾਤਾਂ ਦੀ ਲੀਡਰਸ਼ਿਪ ਵਿਚ ਆ ਗਿਆ।

3. ਜਿਸ ਬ੍ਰਾਹਮਣਵਾਦੀ ਜਾਤ-ਪ੍ਰਣਾਲੀ ਨੂੰ ਤੋੜਨ ਲਈ ਸਿੱਖ-ਇਨਕਲਾਬ ਹੋਂਦ ਵਿਚ ਆਇਆ ਸੀ ਉਹੀ ਇਥੇ ਨਵੇਂ ਰੂਪ ਵਿਚ ਦੁਬਾਰਾ ਸਿਰ ਚੁੱਕਣ ਲੱਗੀ।

4. ਸਿੱਖੀ ਨੂੰ ਵੀ ਬਾਕੀ ਧਰਮਾਂ ਵਾਂਗ ਸੰਸਥਾਗਤ (Institutwinalised) ਰੂਪ ਦੇ ਦਿੱਤਾ ਗਿਆ, ਭਾਵ ਸਿੱਖ ਇਨਕਲਾਬ ਨੂੰ ਪੁੱਠਾ ਗੇੜਾ ਦੇ ਦਿੱਤਾ ਗਿਆ।

ਉਪਰੋਕਤ ਗੱਲਾਂ ਦਾ ਪੰਜਾਬ ਦੇ ਇਤਿਹਾਸ, ਸਭਿਆਚਾਰ, ਆਰਥਿਕਤਾ, ਸਿਆਸਤ ਆਦਿ ਉਪਰ ਗਹਿਰਾ ਪ੍ਰਭਾਵ ਪਿਆ। ਇਥੇ ਜੱਟਵਾਦ ਨਵੇਂ ਬ੍ਰਾਹਮਣਵਾਦ ਦੇ ਰੂਪ ਵਿਚ ਪਨਪਣ ਲੱਗਾ। ਰਣਜੀਤ ਸਿੰਘ ਦੇ ਰਾਜ ਕਾਲ ਤੱਕ ਅਨੇਕ ਗੁਰਦੁਆਰਿਆਂ ਨੂੰ ਜ਼ਮੀਨਾਂ, ਜਾਗੀਰਾਂ, ਸੋਨਾ, ਚਾਂਦੀ ਆਦਿ ਭੇਟ ਕੀਤਾ ਗਿਆ। ਬੇਦੀਆਂ, ਸੋਢੀਆਂ, ਭੱਲਿਆਂ ਆਦਿ ਨੂੰ ਗੁਰੂਡੰਮ ਫੈਲਾਉਣ ਦੇ ਪੂਰੇ ਮੌਕੇ ਮਿਲਦੇ ਰਹੇ। ਗੁਰਦੁਆਰਿਆਂ 'ਤੇ ਪੁਜਾਰੀਆਂ, ਪਾਖੰਡੀ ਸਾਧਾਂ, ਸੰਤਾਂ ਅਤੇ ਮਹੰਤਾਂ ਨੇ ਕਬਜ਼ਾ ਕਰ ਲਿਆ। ਅਖੌਤੀ ਨੀਵੀਆਂ ਜਾਤਾਂ ਨੂੰ ਇਕ ਵਾਰ ਫੇਰ ਹਾਸ਼ੀਏ ਵਲ ਧੱਕਣ ਦੇ ਯਤਨ ਹੋਣ ਲੱਗੇ।

ਰਣਜੀਤ ਸਿੰਘ ਦੀਆਂ ਆਰਥਿਕ ਨੀਤੀਆਂ ਕਾਰਨ ਜੱਟ ਸਿੱਖਾਂ ਦੀ ਧਨਾਢ ਜਾਗੀਰੂ ਜਮਾਤ ਉਭਰਨ ਲੱਗੀ। ਇਸਦੇ ਬਾਵਜੂਦ ਰਣਜੀਤ ਸਿੰਘ ਕਾਲ ਮੁਗਲ ਰਾਜ ਦੇ ਮੁਕਾਬਲੇ ਸ਼ਾਂਤਮਈ, ਧਰਮ-ਨਿਰਪੇਖ ਅਤੇ ਉਦਾਰਵਾਦੀ ਸਿੱਧ ਹੋਇਆ ਪਰ, ਇਸ ਤਰ੍ਹਾਂ ਦਾ ਮਾਹੌਲ ਪੰਜਾਬੀਆਂ ਨੂੰ ਬਹੁਤਾ ਚਿਰ ਨਸੀਬ ਨਾ ਹੋਇਆ। ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਸਰਦਾਰਾਂ ਦੀ ਬੁਰਛਾਗਰਦੀ ਸ਼ੁਰੂ ਹੋ ਗਈ ਜਿਸ ਦਾ ਲਾਭ ਉਠਾ ਕੇ ਅੰਗਰੇਜ਼ੀ ਸਾਮਰਾਜ ਨੇ ਪੰਜਾਬ ਨੂੰ ਆਪਣੇ ਕਬਜ਼ੇ ਹੇਠ ਲੈ ਲਿਆ।ਪੰਜਾਬ ਇਕ ਵਾਰ ਫੇਰ ਗੁਲਾਮੀ ਦੀਆਂ ਜੰਜ਼ੀਰਾਂ ਵਿਚ ਜਕੜਿਆ ਗਿਆ। ਅੰਗਰੇਜ਼ ਸਾਮਰਾਜ ਨੇ ਪੰਜਾਬ ਨੂੰ ਆਪਣੇ ਸਾਮਰਾਜੀ ਹਿੱਤਾਂ ਮੁਤਾਬਿਕ ਆਰਥਿਕ, ਸਮਾਜਿਕ, ਸਿਆਸੀ, ਸਭਿਆਚਾਰਕ ਅਤੇ ਪ੍ਰਬੰਧਕੀ ਤੌਰ 'ਤੇ ਬਦਲਣ ਦੇ ਯਤਨ ਕੀਤੇ।

ਉਸਨੇ ਆਪਣੀ ਨੀਤੀ 'ਪਾੜੋ ਅਤੇ ਰਾਜ ਕਰੋ' ਅਨੁਸਾਰ ਪੰਜਾਬ ਵਿਚ ਵਸਦੇ ਵਖ-ਵਖ ਧਰਮਾਂ, ਜਾਤਾਂ ਦੇ ਲੋਕਾਂ ਦੀਆਂ ਧਾਰਮਿਕ ਅਤੇ ਜਾਤੀ ਭਾਵਨਾਵਾਂ ਗੁੰਮਰਾਹ ਕਰਕੇ ਆਪਣਾ ਉੱਲੂ ਸਿੱਧਾ ਕੀਤਾ। ਉਨੀਵੀਂ ਸਦੀ ਦੇ ਅੰਤ ਤਕ ਅੰਗਰੇਜ਼ੀ ਸਾਮਰਾਜ ਦੀਆਂ ਨੀਤੀਆਂ ਦਾ ਸਿੱਟਾ ਇਹ ਨਿਕਲਿਆ ਕਿ ਇਥੇ ਜਿਹੜੀ ਬੁਰਜੂਆ ਜਮਾਤ ਹੋਂਦ ਵਿਚ ਆਈ ਉਸਦਾ ਵਿਚਾਰਧਾਰਕ ਪਰਿਪੇਖ ਧਾਰਮਿਕ ਸੀ। ਪੰਜਾਬ ਦੀ ਹਿੰਦੂ, ਸਿੱਖ ਅਤੇ ਮੁਸਲਮਾਨਾ ਧਰਮਾਂ ਵਿਚ ਵੰਡੀ ਬੁਰਜੁਆਜ਼ੀ ਨੇ ਇਸਾਈ ਮਿਸ਼ਨਰੀਆਂ ਅਤੇ ਅੰਗਰੇਜ਼ੀ ਸਾਮਰਾਜ ਵਿਰੁੱਧ ਜਿਹੜੀਆਂ ਲਹਿਰਾਂ ਦੀ ਅਗਵਾਈ ਕੀਤੀ ਉਨ੍ਹਾਂ ਦਾ ਵਿਚਾਰਧਾਰਕ ਪਹਿਲੂ ਵੀ ਧਾਰਮਿਕ ਹੀ ਰਿਹਾ। ਇਹੋ ਕਾਰਨ ਸੀ ਕਿ ਅਜਿਹੀਆਂ ਲਹਿਰਾਂ ਅਖੀਰ ਵਿਚ ਜਾਂ ਤਾਂ ਅੰਗਰੇਜ਼ੀ ਸਾਮਰਾਜ ਦੇ ਹੱਕ ਵਿਚ ਅਤੇ ਜਾਂ ਰਾਸ਼ਟਰੀ ਬੁਰਜੁਆਜ਼ੀ ਭਾਵ ਕਾਂਗਰਸ ਅਤੇ ਮੁਸਲਿਮ ਲੀਗ ਜਾਂ ਅਕਾਲੀ ਦਲ ਦੇ ਪੱਖ ਵਿਚ ਭੁਗਤ ਗਈਆਂ। ਰਾਜਿੰਦਰ ਰਾਹੀ ਅੰਗਰੇਜ਼ੀ ਸਾਮਰਾਜ ਦੀਆਂ ਇਨ੍ਹਾਂ ਕੂਟਨੀਤੀਆਂ ਨੂੰ ਨਾ-ਸਮਝਦਾ ਹੋਇਆ ਆਪਣੀ ਲਿਖਤ ਦਾ ਸਾਰਾ ਜ਼ੋਰ ਅਖੌਤੀ ਹਿੰਦੂ ਵਰਗ ਅਤੇ ਸਿੱਖ ਵਰਗ ਦੀ ਆਪਸੀ ਖਿਚੋਤਾਣ 'ਤੇ ਲੱਗਾ ਦਿੰਦਾ ਹੈ। ਇਥੇ ਰਾਹੀ ਉਸ ਮਜ਼ਬੀ ਤੇ ਫਿਰਕੂ ਚੇਤਨਾ ਦਾ ਹੀ ਸ਼ਿਕਾਰ ਹੋ ਜਾਂਦਾ ਹੈ ਜੋ ਅੰਗਰੇਜ਼ ਹਾਕਮਾਂ, ਕਾਂਗਰਸ ਮੁਸਲਿਮ ਲੀਗ, ਅਕਾਲੀ ਦਲ ਅਤੇ ਜਨ ਸੰਘ ਨੇ ਆਪਣੇ ਹਿਤਾਂ ਲਈ ਪੰਜਾਬ ਵਿਚ ਪੈਦਾ ਕਰਨ ਦਾ ਯਤਨ ਕੀਤਾ ਸੀ।

ਅੰਗਰੇਜ਼ੀ ਸਾਮਰਾਜ ਦੀ ਕੂਟਨੀਤੀ ਦਾ ਹੀ ਹਿੱਸਾ ਸੀ ਕਿ ਤਤਕਾਲੀਨ ਸਰਕਾਰ ਨੇ ਦਰਬਾਰ ਸਾਹਿਬ, ਅਕਾਲ ਤਖਤ, ਬਾਬਾ ਅਟੱਲ ਅੰਮ੍ਰਿਤਸਰ ਅਤੇ ਤਰਨਤਾਰਨ ਨੂੰ ਸਿੱਧੇ ਤੌਰ 'ਤੇ ਆਪਣੇ ਕਬਜ਼ੇ ਹੇਠ ਲੈ ਲਿਆ ਅਤੇ 260 ਗੁਰਦੁਆਰਿਆਂ ਨੂੰ ਅਸਿੱਧੇ ਤੌਰ 'ਤੇ ਮਹੰਤਾਂ ਦੁਆਰਾ ਕਬਜ਼ਾ ਕਾਇਮ ਰੱਖਣ ਵਿਚ ਮਦਦ ਕੀਤੀ। ਇਸ ਪਿੱਛੇ ਅੰਗਰੇਜ਼ ਹਾਕਮਾਂ ਦਾ ਮਕਸਦ ਉਨ੍ਹਾਂ ਦੀਆਂ ਆਰਥਿਕ ਨੀਤੀਆਂ ਕਾਰਨ ਪੈਦਾ ਹੋਈਆਂ ਕਰੂਰ ਪ੍ਰਸਥਿਤੀਆਂ ਤੋਂ ਲੋਕਾਂ ਦਾ ਧਿਆਨ ਹਟਾਉਣਾ ਸੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਇਹ ਲਹਿਰਾਂ ਕੇਵਲ ਧਾਰਮਿਕ ਪੁਨਰ-ਜਾਗਰਣ ਦੀਆਂ ਲਹਿਰਾਂ ਬਣ ਕੇ ਰਹਿ ਗਈਆਂ।

ਪੰਜਾਬ ਦੀ ਹਿੰਦੂ, ਸਿੱਖ ਤੇ ਮੁਸਲਮਾਨ ਬੁਰਜੁਆਜ਼ੀ ਆਪਣੀ ਆਪਣੀ ਸੁਤੰਤਰ ਜਮਾਤੀ ਹੋਂਦ ਨੂੰ ਸੁਰੱਖਿਅਤ ਰੱਖਣ ਲਈ ਪੰਜਾਬੀਆਂ ਦੇ ਧਾਰਮਿਕ ਜਜ਼ਬੇ ਨੂੰ ਵਿਚਾਰਧਾਰਕ ਹਥਿਆਰ ਵਜੋਂ ਵਰਤਦੀ ਰਹੀ। ਰਾਜਿੰਦਰ ਰਾਹੀ ਸਿੱਖ ਬੁਰਜੁਆਜ਼ੀ ਦੇ ਇਸ ਏਜੰਡੇ ਨੂੰ ਹੀ ਪੱਠੇ ਪਾਉਂਦਾ ਨਜ਼ਰ ਆਉਂਦਾ ਹੈ।

ਨਵੀਂ ਉਭਰੀ ਹਿੰਦੂ, ਮੁਸਲਮਾਨ ਅਤੇ ਸਿੱਖ ਬੁਰਜੁਆਜ਼ੀ ਨੇ ਕੇਵਲ ਧਾਰਮਿਕ ਵੱਖਰਤਾ ਹੀ ਕਾਇਮ ਨਹੀਂ ਰੱਖੀ ਸਗੋਂ ਭਾਸ਼ਾਵਾਂ ਨੂੰ ਵੀ ਆਪੋ ਆਪਣੇ ਧਰਮਾਂ ਨਾਲ ਜੋੜਨ ਦਾ ਅਮਲ ਜਾਰੀ ਰੱਖਿਆ। ਸਿੱਟੇ ਵਜੋਂ ਤਤਕਾਲੀਨ ਪੰਜਾਬੀ ਸਮਾਜ ਕੱਟੜਪੁਣੇ ਅਤੇ ਫਿਰਕੂ ਜ਼ਹਿਨੀਅਤ ਦਾ ਸ਼ਿਕਾਰ ਹੋ ਕੇ ਰਹਿ ਗਿਆ। ਪੰਜਾਬ ਦੇ ਇਤਿਹਾਸ ਵਿਚ ਪਹਿਲੀ ਵਾਰ ਲੱਖਾਂ ਲੋਕ ਧਾਰਮਿਕ ਦੰਗਿਆਂ ਦਾ ਸ਼ਿਕਾਰ ਹੋਏ ਅਤੇ 1947 ਵਿਚ ਪੰਜਾਬ ਨੂੰ ਧਰਮ ਦੇ ਆਧਾਰ 'ਤੇ ਦੋ ਟੁਕੜਿਆਂ ਵਿਚ ਵੰਡ ਦਿੱਤਾ ਗਿਆ। ਭਗਤ ਸਿੰਘ ਅੰਗਰੇਜ਼ੀ ਸਾਮਰਾਜ ਅਤੇ ਪੰਜਾਬ ਦੀ ਧਾਰਮਿਕ ਧੜਿਆਂ ਵਿਚ ਉਭਰ ਰਹੀ ਬੁਰਜੁਆਜ਼ੀ ਦੇ ਕਿਰਦਾਰ ਨੂੰ ਭਲੀ ਪ੍ਰਕਾਰ ਸਮਝਦਾ ਸੀ। ਉਸਦੇ ਫਾਂਸੀ ਦਾ ਰੱਸਾ ਚੁੰਮਣ ਦਾ ਮਤਲਬ ਕੇਵਲ ਸਾਂਡਰਸ ਨੂੰ ਮਾਰ ਕੇ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣਾ ਹੀ ਨਹੀਂ ਸੀ ਬਲਕਿ ਭਾਰਤ ਅਤੇ ਪੰਜਾਬ ਦੇ ਲੋਕਾਂ ਲਈ ਬਰਾਬਰੀ ਵਾਲੇ ਸਮਾਜ ਦੀ ਸਥਾਪਨਾ ਕਰਨਾ ਸੀ ਜੋ ਉਸ ਸਮੇਂ ਹਿੰਦੂ, ਸਿੱਖ ਅਤੇ ਮੁਸਲਮਾਨ ਧਾਰਮਿਕ ਧੜਿਆਂ ਵਿਚ ਵੰਡੀ ਬੁਰਜੁਆਜ਼ੀ ਦੇ ਵੱਸ ਦੀ ਗੱਲ ਨਹੀਂ ਸੀ। ਇਸ ਕਰਕੇ ਭਗਤ ਸਿੰਘ ਦੀ ਸ਼ਹਾਦਤ ਨੂੰ ਕੇਵਲ ਲਾਲਾ ਲਾਜਪਤ ਰਾਏ ਦੀ ਸ਼ਹੀਦੀ ਤਕ ਮਹਿਦੂਦ ਕਰਨਾ ਰਾਜਿੰਦਰ ਰਾਹੀ ਦੀ ਸੌੜੀ ਅਤੇ ਫਿਰਕੂ ਸੋਚ ਦੀ ਨਿਸ਼ਾਨੀ ਹੀ ਕਿਹਾ ਜਾ ਸਕਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਅੰਗਰੇਜ਼ ਸਾਮਰਾਜੀਆਂ ਦੀ ਦੇਖ-ਰੇਖ ਵਿਚ ਆਰੰਭੀ ਈਸਾਈ ਮਿਸ਼ਨਰੀਆ ਦੀ ਲਹਿਰ ਗੁਰਦੁਆਰਿਆਂ 'ਤੇ ਪੁਜਾਰੀਆਂ ਦੀ ਪਕੜ, ਪੰਜਾਬ ਦੀ ਹਿੰਦੂ ਬੁਰਜੁਆਜ਼ੀ ਦੁਆਰਾ ਚਲਾਈ ਗਈ ਆਰੀਆ ਸਮਾਜ ਤੇ ਮਿਸ਼ਨਰੀ ਲਹਿਰ ਨੇ ਸਿੱਖਾਂ ਦੀ ਵੱਖਰੀ ਤੇ ਵਿਸ਼ੇਸ਼ ਹਸਤੀ ਅਤੇ ਪਛਾਣ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ।

ਇਸਦੇ ਵਿਰੋਧ ਵਿਚ ਉੱਭਰੀ ਸਿੱਖ ਬੁਰਜੁਆਜ਼ੀ ਦੀ ਰਹਿਨੁਮਾਈ ਹੇਠ ਸਿੰਘ ਸਭਾ ਲਹਿਰ ਨੇ ਸਿੱਖ ਮੱਤ, ਸਿੱਖ ਵਿਦਿਆ ਅਤੇ ਸਿੱਖ ਸਾਹਿਤ ਨੂੰ ਬੜੇ ਜ਼ੋਰ ਨਾਲ ਉਭਾਰਿਆ ਅਤੇ ਇਸਨੇ ਸਿੱਖ ਪਛਾਣ ਅਤੇ ਹੋਂਦ ਨੂੰ ਮੁੜ ਧੁੰਦਲਾ ਹੋਣ ਤੋਂ ਬਚਾ ਲਿਆ। ਪਰ ਸਿੰਘ ਸਭਾ ਲਹਿਰ ਦੀ ਇਕ ਵੱਡੀ ਕਮਜ਼ੋਰੀ ਇਹ ਰਹੀ ਕਿ ਇਹ ਪੰਜਾਬੀਆਂ ਦੀਆਂ ਆਰਥਿਕ, ਸਮਾਜਿਕ, ਸਿਆਸੀ ਅਤੇ ਸਭਿਆਚਾਰਕ ਸਮੱਸਿਆਵਾਂ ਤੋਂ ਦੂਰ ਕੇਵਲ ਧਾਰਮਿਕ ਪੁਨਰ-ਜਾਗਰਣ ਦੀ ਲਹਿਰ ਬਣ ਕੇ ਰਹਿ ਗਈ ਜਦੋਂਕਿ ਇਸਦੇ ਸਮਾਨਾਂਤਰ ਪੰਜਾਬ ਵਿਚ ਵੱਖ-ਵੱਖ ਲਹਿਰਾਂ ਜਿਵੇਂ ਪਗੜੀ ਸੰਭਾਲ ਜੱਟਾ, ਗਦਰ ਲਹਿਰ, ਪੈਪਸੂ ਦੀ ਮੁਜ਼ਾਰਾ ਲਹਿਰ, ਬੱਬਰ ਅਕਾਲੀ ਲਹਿਰ, ਨੌਜਵਾਨ ਭਾਰਤ ਸਭਾ, ਕੌਮੀ ਆਜ਼ਾਦੀ ਦੀਆਂ ਲਹਿਰਾਂ ਆਦਿ ਆਪਣਾ ਸ਼ਾਨਾਂਮੱਤਾ ਇਤਿਹਾਸ ਸਿਰਜ ਕੇ ਖਤਮ ਹੋ ਗਈਆਂ। ਸੋ, ਰਾਜਿੰਦਰ ਰਾਹੀ ਦੁਆਰਾ ਪੰਜਾਬ ਦੇ ਇਸ ਦੌਰ ਦੇ ਇਤਿਹਾਸ ਨੂੰ ਕੇਵਲ 'ਸਿੰਘ ਸਭਾ' ਲਹਿਰ ਤੀਕ ਸਮੇਟ ਦੇਣਾ ਉਸ ਦੀ ਇਤਿਹਾਸ ਪ੍ਰਤੀ ਨਾਸਮਝੀ ਹੈ।

ਰਾਹੀ ਸਫਾਈ ਦਿੰਦਾ ਹੋਇਆ ਲਿਖਦਾ ਹੈ ਕਿ ਮਾਸਟਰ ਤਾਰਾ ਸਿੰਘ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਸਥਾਪਨਾ ਕਰ ਰਿਹਾ ਸੀ ਪਰ ਸਵਾਲ ਪੈਦਾ ਹੁੰਦਾ ਹੈ ਕਿ ਆਜ਼ਾਦੀ ਤੋਂ ਪਹਿਲਾਂ 'ਸਿੱਖ ਸੂਬਾ' ਆਜ਼ਾਦੀ ਤੋਂ ਬਾਅਦ 'ਪੰਜਾਬੀ ਸੂਬੇ' ਵਿਚ ਕਿਵੇਂ ਤਬਦੀਲ ਹੋ ਗਿਆ?

ਜੇਕਰ ਅਕਾਲੀ ਲੀਡਰਸ਼ਿਪ ਨੂੰ ਪੰਜਾਬੀ ਨਾਲ ਏਨਾ ਹੇਜ ਸੀ ਤਾਂ ਪੰਜਾਬੀ ਬੋਲਦੇ ਮੁਸਲਮਾਨ ਭਾਈਚਾਰੇ ਨਾਲ ਧਾਰਮਿਕ ਅਤੇ ਫਿਰਕੂ ਨਫਰਤ ਕਿਉਂ ਸਿਰਜੀ ਗਈ? ਪੰਜਾਬੀ ਕੌਮ ਨੂੰ ਦੋਫਾੜ ਕਰਨ ਵਿਚ ਅਕਾਲੀਆਂ, ਕਾਂਗਰਸੀਆਂ, ਆਰੀਆ ਸਮਾਜ ਅਤੇ ਅੰਗਰੇਜ਼ ਸਾਮਰਾਜ ਦਾ ਬੁਨਿਆਦੀ ਰੋਲ ਹੈ ਜਿਸ ਦਾ ਨਾਸੂਰ ਦੋਵੇਂ ਮੁਲਕਾਂ ਦੇ ਪੰਜਾਬੀਆਂ ਦੇ ਦਿਲਾਂ ਵਿਚ ਸਦੀਆਂ ਤੱਕ ਰਿਸਦਾ ਰਹੇਗਾ।

ਇਹ ਵੀ ਰਾਹੀ ਦੀ ਸੋਚ ਦਾ ਕੱਚਾਪਣ ਹੈ ਕਿ ਉਹ ਲਿਖਦਾ ਹੈ ਕਿ ਪੰਜਾਬ ਨੂੰ ਜਦ ਵੀ ਮਜ਼ਬੂਤ ਕੀਤਾ ਸਿੱਖ ਅਸੂਲਾਂ ਅਨੁਸਾਰ ਕੀਤਾ ਗਿਆ। ਹਕੀਕਤ ਇਹ ਹੈ ਕਿ ਪੰਜਾਬ ਦੀ ਅਖੌਤੀ 'ਮਜ਼ਬੂਤੀ' ਪੂੰਜੀਵਾਦੀ ਅਸੂਲਾਂ ਅਨੁਸਾਰ ਹੋਈ ਹੈ। ਪੂੰਜੀਵਾਦੀ ਦੇ ਇਨ੍ਹਾਂ ਅਸੂਲਾਂ ਦਾ ਹੀ ਸਿੱਟਾ ਹੈ ਕਿ ਅੱਜ ਹਜ਼ਾਰਾਂ ਦੀ ਗਿਣਤੀ ਵਿਚ ਗਰੀਬ ਸਿੱਖ ਕਿਸਾਨੀ ਖੁਦਕੁਸ਼ੀਆਂ ਦੇ ਰਾਹ ਪੈ ਚੁੱਕੀ ਹੈ ਅਤੇ ਪੰਜਾਬ ਦੀ ਜਲਵਾਯੂ, ਜਵਾਨੀ, ਆਦਿ ਤਬਾਹੀ ਦੇ ਰਾਹ 'ਤੇ ਹਨ ਅਤੇ ਪੰਜਾਬ ਦੀ ਹਾਕਮ ਜਮਾਤ (ਜਿਨ੍ਹਾਂ ਵਿਚ ਬਹੁਤੇ ਸਿੱਖ ਹਨ) ਹੋਰ ਅਮੀਰ ਹੋਣ ਦੇ ਚੱਕਰਾਂ ਵਿਚ ਵਿਸ਼ਵੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰਨ ਦੀ ਭਰਪੂਰ ਕੋਸ਼ਿਸ਼ ਵਿਚ ਹੈ। ਕੀ ਇਹ ਲੋਕ (ਸਿੱਖ) ਪੰਜਾਬ ਲਈ ਫਿਕਰਮੰਦ ਹਨ? ਜੇ ਇਹ ਨਹੀਂ ਤਾਂ ਰਾਹੀ ਹੋਰ ਕਿਹੜੇ ਸਿੱਖਾਂ ਦੀ ਗੱਲ ਕਰ ਰਿਹਾ ਹੈ?

ਅੰਗਰੇਜ਼ ਸਾਮਰਾਜ ਦੀਆਂ ਆਰਥਿਕ ਨੀਤੀਆਂ ਸਦਕਾ ਏਥੋਂ ਦੀ ਸ਼ਾਹੂਕਾਰ ਸ਼੍ਰੇਣੀ ਸ਼ਹਿਰਾਂ ਵਿਚ ਆ ਕੇ ਪੂੰਜੀਵਾਦੀ ਮੱਧ-ਸ਼੍ਰੇਣੀ ਵਿਚ ਤਬਦੀਲ ਹੋਣ ਲੱਗੀ। ਬੇਸ਼ੱਕ ਇਸ ਸ਼੍ਰੇਣੀ ਨੇ ਹੀ ਆਰੀਆ ਸਮਾਜ ਅਤੇ ਕਾਂਗਰਸ ਲਈ ਆਧਾਰ ਤਿਆਰ ਕੀਤਾ। ਲਾਲਾ ਲਾਜਪਤਰਾਏ ਇਸੇ ਸ਼੍ਰੇਣੀ ਦੀ ਉਪਜ ਸੀ ਜੋ ਆਰੀਆ ਸਮਾਜ ਅਤੇ ਕਾਂਗਰਸ ਦਾ ਪ੍ਰਮੁੱਖ ਨੇਤਾ ਬਣਿਆ। ਹਿੰਦੂ ਮਿਸ਼ਨਰੀ ਲਹਿਰਾਂ, ਜਨਸੰਘ ਅਤੇ ਕਾਂਗਰਸ ਪਾਰਟੀ ਦੇ ਰੂਪ ਵਿਚ ਇਹ ਵਰਗ ਧਰਮ ਅਤੇ ਭਾਸ਼ਾ ਦੇ ਨਾਂ 'ਤੇ ਪੰਜਾਬ ਦੇ ਹਿੰਦੀ ਬੋਲਦੇ ਇਲਾਕਿਆਂ ਵਿਚ ਆਪਣੀ ਸਿਆਸੀ ਸਥਿਤੀ ਮਜ਼ਬੂਤ ਕਰਦਾ ਰਿਹਾ। ਇਸ ਵਰਗ ਦੀਆਂ ਕੂਟਨੀਤੀਆਂ ਦਾ ਹੀ ਸਿੱਟਾ ਸੀ ਕਿ ਪੰਜਾਬ ਦਾ ਸਾਧਾਰਣ ਹਿੰਦੂ ਭਾਈਚਾਰਾ ਵੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਤੋਂ ਮੂੰਹ ਮੋੜਦਾ ਰਿਹਾ। ਪਰ ਦੇਖਣ ਵਾਲੀ ਗੱਲ ਇਹ ਵੀ ਹੈ ਕਿ 1966 ਤੋਂ ਬਾਅਦ ਜਦੋਂ ਪੰਜਾਬੀ ਸੂਬਾ ਬਣਿਆ ਤਾਂ ਜਨਸੰਘ ਦੀ ਅਕਾਲੀ ਦਲ ਨਾਲ ਨੇੜਤਾ ਵਧਦੀ ਗਈ। ਦੂਜੇ ਪਾਸੇ ਜਿਉਂ-ਜਿਉਂ 'ਪੰਜਾਬ ਦੀ ਅਮੀਰ ਸਿੱਖ ਕਿਸਾਨੀ ਅਤੇ ਖਾਂਦੀ ਪੀਂਦੀ ਮੱਧ-ਵਰਗੀ ਜਮਾਤ ਵਿਸ਼ਵ ਮੰਡੀ ਨਾਲ ਜੁੜਦੀ ਗਈ ਤਿਉਂ ਤਿਉਂ ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਤੋਂ ਵੀ ਦੂਰ ਹੁੰਦੀ ਗਈ। ਅੰਤ ਅਕਾਲੀ ਪਾਰਟੀ ਦੇ ਜਥੇਦਾਰ ਤੋਤਾ ਸਿੰਘ ਨੇ ਪੰਜਾਬ ਵਿਚ ਪਹਿਲੀ ਤੋਂ ਅੰਗਰੇਜ਼ੀ ਪੜ੍ਹਾਉਣ ਦੇ ਫੁਰਮਾਨ ਜਾਰੀ ਕਰ ਦਿੱਤੇ।

ਜ਼ਾਹਿਰ ਹੈ ਕਿ ਪੰਜਾਬ ਦਾ ਇਤਿਹਾਸ ਲੁਟੇਰੇ ਅਤੇ ਲੁੱਟੇ ਜਾਣ ਵਾਲਿਆਂ ਦੇ ਦਵੰਦਾ ਦਾ ਇਤਿਹਾਸ ਰਿਹਾ ਹੈ, ਅਤੇ ਰਾਜਿੰਦਰ ਰਾਹੀ ਇਹਨੂੰ ਹਿੰਦੂ ਅਤੇ ਸਿੱਖਾਂ ਦੇ ਦਵੰਦ ਤੱਕ ਸੀਮਤ ਕਰ ਦਿੰਦਾ ਹੈ। ਹੋਰ ਦੇਖੋ, ਪੰਜਾਬ ਦੀ ਸਿੱਖ ਬੁਰਜੁਆਜ਼ੀ ਭਾਵ ਅਕਾਲੀ ਦਲ ਅਤੇ ਕਾਂਗਰਸ ਦਾ ਆਪਸੀ ਰਿਸ਼ਤਾ ਕਦੇ ਵਿਰੋਧ ਅਤੇ ਕਦੇ ਸਹਿਯੋਗ ਵਾਲਾ ਬਣਿਆ ਰਿਹਾ ਹੈ। ਏਦਾਂ ਦੇ ਨੇੜ ਅਨੇੜ ਦਾ ਲੰਮਾ ਇਤਿਹਾਸ ਹੈ ਜਿਸਨੂੰ ਤਫਸੀਲ ਵਿਚ ਫਰੋਲਣਾ ਏਥੇ ਕੁਥਾਵੇਂ ਹੋਵੇਗਾ।

ਪੰਜਾਬ ਦੀ ਆਰਥਿਕਤਾ ਨੂੰ ਧਿਆਨ 'ਚ ਰੱਖਦਿਆਂ ਖਾੜਕੂ ਰਾਜਨੀਤੀ ਨੂੰ ਵੀ ਸਮਝਣ ਦੀ ਲੋੜ ਹੈ।

1966 ਵਿਚ ਪੰਜਾਬੀ ਸੂਬਾ ਹੋਂਦ ਵਿਚ ਆਉਣ ਬਾਅਦ ਇਥੇ ਖੇਤੀ ਦੇ ਸਾਮਰਾਜੀ ਮਾਡਲ ਨੇ 'ਹਰੇ ਇਨਕਲਾਬ' ਨੂੰ ਜਨਮ ਦਿੱਤਾ। ਇਸਨੇ ਇਕ ਪਾਸੇ ਧਨੀ ਕਿਸਾਨੀ ਦੀ ਆਰਥਿਕ ਤਾਕਤ ਵਿਚ ਬੇਅੰਤ ਵਾਧਾ ਕੀਤਾ ਅਤੇ ਦੂਸਰੇ ਪਾਸੇ ਗਰੀਬ ਅਤਿ ਦਰਮਿਆਨੀ ਕਿਸਾਨੀ ਦਾ ਆਰਥਿਕ ਅਤੇ ਸਭਿਆਚਾਰਕ ਸੰਕਟ ਹੋਰ ਡੂੰਘਾ ਹੁੰਦਾ ਗਿਆ। ਪੰਜਾਬ ਵਿਚ ਖੇਤੀ ਦੇ ਸਮਾਨਾਂਤਰ ਸਨਅਤੀ ਵਿਕਾਸ ਦੀ ਘਾਟ ਕਾਰਨ

(ਬਾਕੀ ਸਫਾ 35 ਉਤੇ)

# ਜ਼ਖ਼ਮੀ ਦਰਿਆ

## ਲੜੀਵਾਰ ਨਾਵਲ

ਕਰਮਜੀਤ ਸਿੰਘ ਕੁੱਸਾ

ਭਾਗ – 1

ਹਰਪਾਲ ਉਸ ਦੀਆਂ ਗੱਲਾਂ ਸਿਰ ਸੁੱਟ ਕੇ ਸੁਣਦਾ ਰਹਿੰਦਾ, ਅਮੋਲਕ ਆਪਣਾ ਪ੍ਰਭਾਵ ਜੰਮਿਆ ਹੋਣ ਕਰਕੇ ਹੋਰ ਜੋਸ਼ ਨਾਲ ਬੋਲਣਾ ਸ਼ੁਰੂ ਕਰਦਾ, ਕਈ ਵਾਰ ਏਨੇ ਉਮਾਹ ਵਿਚ ਆ ਜਾਂਦਾ, ਉਹ ਆਪਣਾ ਆਪ ਭੁਲਾ ਬੈਠਦਾ। ਵਿਹਲਾ ਹੋਣ ਕਰਕੇ ਕਦੇ ਕਦਾਈਂ ਹਰਪਾਲ ਉਸ ਨਾਲ ਕਿਸੇ ਜਲਸੇ-ਮੁਜਾਹਰੇ ਵਿਚ ਚਲਾ ਜਾਂਦਾ। ਬਹੁਤੀ ਵਾਰ ਉਹਦਾ ਮਨ ਜਾਣੋਂ ਹਿਚਕਚਾਉਂਦਾ, ਪਰ ਅਮੋਲਕ ਦਾ ਪ੍ਰਭਾਵ ਹੀ ਕੁਝ ਅਜਿਹਾ ਸੀ, ਉਹ ਅੰਦਰੋਂ ਚਾਹਨਾ ਨਾ ਹੋਣ 'ਤੇ ਵੀ ਤੁਰ ਪੈਂਦਾ। ਕਈ ਵਾਰ, ਕਈ ਕਈ ਦਿਨ ਫੁੱਟ ਜਾਂਦੇ, ਗੁਰਬਖਸ਼ ਕੁੜ੍ਹਦਾ, "ਜੇ ਬਾਹਰ ਕੰਮ ਅਜੇ ਨਹੀਂ ਬਣਦਾ, ਘਰ ਕੰਮ ਕਰਾਵੇ!"

ਇਸ ਵਾਰ ਜਦੋਂ ਉਹ ਕਈ ਦਿਨਾਂ ਪਿੱਛੋਂ ਘਰ ਮੁੜਿਆ ਤਾਂ ਸਾਰਿਆਂ ਨੇ ਉਸਨੂੰ ਤਾੜ ਕੇ ਪੁੱਛਿਆ, "ਤੂੰ ਐਨੇ ਐਨੇ ਦਿਨ ਕਿੱਥੇ ਫਿਰਦਾ ਰਹਿੰਦੈਂ?"

"ਬੱਸ ਊਈਂ!" ਆਖਦਾ ਉਹ ਸਬਾਤ ਵਿਚ ਵੜ ਗਿਆ, ਅੰਦਰ ਜਾ ਕੇ ਉਹ ਐਵੇਂ ਇਧਰ ਉਧਰ ਹੱਥ ਪੱਲਾ ਜਿਹਾ ਮਾਰਦਾ ਰਿਹਾ, ਬਾਹਰ ਵਿਹੜੇ ਵਿਚੋਂ ਗੁਰਬਖਸ਼ ਦੀ 'ਘੁਰ ਘੁਰ' ਸਾਫ ਸੁਣਾਈ ਦੇ ਰਹੀ ਸੀ। ਹਰਪਾਲ ਨੇ ਘੇਸਲ ਵੱਟ ਲੈਣੀ ਹੀ ਚੰਗੀ ਸਮਝੀ। ਅਗਲੇ ਦਿਨ ਗੁਰਬਖਸ਼ ਨੇ ਉਹਨੂੰ ਮੌਕਾ ਪਾ ਕੇ ਆਖਿਆ, "ਜੇ ਮਾਸਟਰੀ ਅਜੇ ਨਹੀਂ ਮਿਲਦੀ, ਕੋਈ ਹੋਰ ਕੰਮ ਕਰ ਲੈ!"

"ਹੋਰ ਕੰਮ ਕੀ ਕਰਾਂ? ਕੰਮ ਕੋਈ ਮਿਲਦਾ ਨਹੀਂ, ਇਸ ਭੈੜੇ ਢਾਂਚੇ ਵਿਚ ਇਮਾਨਦਾਰ ਨੂੰ ਬਾਪੂ ਜੀ ਕੰਮ ਨਹੀਂ ਮਿਲਦਾ, ਇਸ ਗੰਦੇ ਸਮਾਜ ਦਾ ਤਾਂ ਫਸਤਾ ਵੱਢਣਾ ਈ ਪੈਣੈ!"

ਗੁਰਬਖਸ਼ ਉਸਦਾ ਨਿੱਕਾ ਜਿਹਾ ਭਾਸ਼ਣ ਸੁਣ ਕੇ ਹੈਰਾਨ ਰਹਿ ਗਿਆ, ਪਲ ਕੁ ਠਹਿਰ ਕੇ ਹਰਪਾਲ ਦੇ ਜਲਾਲ ਵਿਚ ਦਮਕਦੇ ਚਿਹਰੇ ਵਲ ਝਾਕ ਕੇ ਬੋਲਿਆ, "ਪਰਸੋਂ ਮੈਨੂੰ ਬਲਬੀਰ ਸਿਹੁੰ, ਕਾਂਗਰਸੀ ਮਿਲਿਆ ਸੀ, ਕਹਿੰਦਾ ਬੈਂਕ ਬੇਰੁਜ਼ਗਾਰ ਨੌਜਵਾਨਾਂ ਨੂੰ ਕੰਮ ਚਲਾਉਣ ਵਾਸਤੇ ਕਰਜ਼ੇ ਦਿੰਦੇ ਐ! ਹੋਰ ਨਹੀਂ ਤਾਂ ਓਨਾ ਚਿਰ ਇਹ ਕੰਮ ਕਰਕੇ ਈ ਵੇਖ ਲੈ।"

ਹਰਪਾਲ ਪਲ ਝੱਟ ਚੁਪ-ਚਾਪ ਮੰਜੇ ਉੱਤੇ ਬੈਠਾ ਸਿੱਧਾ ਜਿਹਾ ਝਾਕਦਾ ਰਿਹਾ। ਗੁਰਬਖਸ਼ ਫੇਰ ਨਿਮਕੀ ਵਿਚ ਬੋਲਿਆ, "ਜਦੋਂ ਸਰਕਾਰੀ ਨੌਕਰੀ ਮਿਲ ਗਈ ਛੱਡ ਦੇਈਂ। ਆਪਾਂ ਕੋਈ ਬੰਨ੍ਹੇ ਤਾਂ ਨਹੀਂ।"

"ਕਿਹੜੇ ਕੰਮ ਲਈ ਦਿੰਦੀ ਐ ਬੈਂਕ ਕਰਜ਼ਾ?"

"ਉਹ ਆਖਦਾ ਸੀ, ਸਿੱਧਵੀਂ ਨੈਸ਼ਨਲ ਬੈਂਕ ਦੇ ਮਨੇਜਰ ਨੂੰ ਮੇਰਾ ਨਾਂ ਲੈ ਕੇ ਮਿਲ ਲਵੇ, ਉਹ ਆਪ ਈ ਦੱਸ ਦੂਗਾ!...ਬਲਬੀਰ ਦੱਸਦਾ ਸੀ, ਉਹਨੇ ਤਾਂ ਅਨੇਕਾਂ ਲਾਹੇ ਖੱਟੇ ਐ, ਬੈਂਕ ਤੋਂ! ਗੋਬਰ ਗੈਸ ਦੀ ਸਬਸਿਡੀ ਮਨਜ਼ੂਰ ਕਰਵਾ ਲਈ। ਟਰੈਕਟਰ-ਟਰਾਲੀ, ਜਿਸ ਕਾਸੇ ਦੀ ਸਲਾਹ ਐ, ਕਹਿੰਦਾ ਅਸੀਂ ਤਾਂ ਲੋਨ ਝੱਟ ਮਨਜ਼ੂਰ ਕਰਵਾ ਲੈਂਦੇ ਆਂ! ਮਨੇਜਰ ਆਪਣਾ ਘਰ ਦਾ ਬੰਦਾ ਐ।"

ਹਰਪਾਲ ਦਾ ਮਨ ਖਿੜ੍ਹ ਗਿਆ, ਉਸ ਛੇਤੀ ਦੇ ਕੇ ਗੁਰਬਖਸ਼ ਵਲ ਦੇਖਿਆ, ਉਸ ਦੇ ਜ਼ਿਹਨ ਵਿਚ ਝੱਟ ਪੱਟ ਸਕੀਮਾਂ ਘੁੰਮਣ ਲੱਗੀਆਂ, ਚਲੋ, ਜਿੰਨਾ ਚਿਰ ਸਰਵਿਸ ਨਹੀਂ ਮਿਲਦੀ, ਉਦੋਂ ਤੱਕ ਕੋਈ ਨਿੱਕਾ ਮੋਟਾ ਕੰਮ ਤੋਰ ਲੈਂਦੇ ਆਂ! ਉਸ ਨੂੰ ਇਲਮ ਸੀ ਕਿ ਲੁਧਿਆਣੇ ਦੇ ਲਾਗੇ ਲੋਕਾਂ ਨੇ ਬੇਸ਼ੁਮਾਰ ਪੋਲਟਰੀ ਫਾਰਮ ਖੋਲ੍ਹ ਲਏ ਸਨ, ਹੋਰ ਬਹੁਤ ਸਾਰੇ ਕਿਸਾਨਾਂ ਨੇ ਡੇਅਰੀ ਫਾਰਮ ਚਲਾ ਲਏ। ਇਹ ਸਕੀਮ ਫੁਰਨ ਨਾਲ ਉਸ ਨੂੰ ਚਾਅ ਜਿਹਾ ਚੜ੍ਹ ਗਿਆ।

ਦੂਸਰੇ ਦਿਨ ਉਹ ਸਾਈਕਲ 'ਤੇ ਸਿੱਧਵੀਂ ਜਾ ਵੜਿਆ। ਨੈਸ਼ਨਲ ਬੈਂਕ ਦੇ ਅੰਦਰ ਪੈਰ ਪਾਉਂਦਿਆਂ, ਜਦੋਂ ਉਸ ਨਜ਼ਰ ਮਾਰੀ, ਇਕ ਸੁਹਣੀ ਜਿਹੀ ਮੇਜ ਦੇ ਪਿਛਲੇ ਪਾਸੇ ਚਮਕਦੇ ਗੰਜੇ ਸਿਰ ਵਾਲਾ ਆਦਮੀ ਬੈਠਾ ਕੁਝ ਲਿਖ ਰਿਹਾ ਸੀ, ਮੇਜ਼ ਉੱਤੇ ਇਕ ਨਿੱਕੀ ਜਿਹੀ ਤਿਕੋਣੀ ਫੱਟੀ ਉਪਰ 'ਮੈਨੇਜਰ' ਲਿਖਿਆ ਹੋਇਆ ਸੀ। ਪੈਰਾਂ ਦੀ ਚਾਪ ਨੇੜੇ ਸਰਕੀ ਸੁਣ ਕੇ ਮੈਨੇਜਰ ਨੇ ਗੰਜਾ ਸਿਰ ਚੁੱਕ ਕੇ ਵੇਖਿਆ, ਹਰਪਾਲ ਨੇ ਸਤਿ ਸ੍ਰੀ ਅਕਾਲ ਬੁਲਾਈ ਉਸਨੇ ਅੱਖਾਂ ਦੀਆਂ ਪਲਕਾਂ ਨਾਲ ਮੰਨੀ ਅਤੇ ਮੂਹਰੇ ਪਈਆਂ ਕੁਰਸੀਆਂ 'ਚ ਬੈਠਣ ਲਈ ਇਸ਼ਾਰਾ ਕੀਤਾ। ਬਲਬੀਰ ਦਾ ਨਾਂ ਦੱਸ ਕੇ ਹਰਪਾਲ ਨੇ ਆਪਣਾ ਆਉਣ ਦਾ ਮਕਸਦ ਦੱਸਿਆ। ਮੈਨੇਜਰ ਦਾ ਗੰਜਾ ਸਿਰ ਸ਼ਾਇਦ ਬਿਜਲੀ ਦੀ ਜਗਦੀ ਟਿਊਬ ਜਾਂ ਉਂਜ ਹੀ ਪਹਿਲਾਂ ਨਾਲੋਂ ਬਹੁਤਾ ਚਮਕਣ ਲੱਗ ਪਿਆ, ਉਹਨੇ ਐਨਕ ਸੂਤ ਕਰਦਿਆਂ ਕਿਹਾ, "ਲੋਨ ਮਿਲ ਜਾਵੇਗਾ, ਦੱਸੋ, ਕਿਹੜੇ ਕੰਮ ਲਈ ਲੈਣਾ ਚਾਹੁੰਦੇ ਓ।"

"ਤੁਸੀਂ ਈ ਦੱਸ ਦਿਉ।" ਹਰਪਾਲ ਦਾ ਅੰਦਰ ਖਿੜ੍ਹਿਆ ਹੋਇਆ ਸੀ। ਮੈਨੇਜਰ ਦੇ ਟਮਾਟਰ ਵਰਗੇ ਚਿਹਰੇ ਉੱਤੇ ਭਿੱਜੀ ਜਿਹੀ ਮੁਸ਼ਕਣੀ ਛਾ ਗਈ। ਉਹਨੇ ਦੋਵੇਂ ਹੱਥ ਮੇਜ਼ ਉੱਤੇ ਖੜ੍ਹੇ ਕਰਦਿਆਂ, ਉੱਤੋਂ ਉਂਗਲਾਂ ਜੋੜ ਲਈਆਂ।

"ਲੋਨ ਤਾਂ ਪੋਲਟਰੀ ਪਿੱਗਰੀ, ਡੇਅਰੀ ਫਾਰਮ ਵਗੈਰਾ ਲਈ ਮਿਲ ਸਕਦਾ ਐ! ਜਿਵੇਂ ਤੁਹਾਡੀ ਸਲਾਹ ਐ, ਕਰ ਲਵੋ।"

ਹਰਪਾਲ ਨੂੰ ਉਸਦਾ ਇਸ ਤਰ੍ਹਾਂ ਸਭਿਅਕ ਮਨੁੱਖ ਵਾਂਗ ਗੱਲਾਂ ਕਰਨਾ ਬਹੁਤ ਹੀ ਚੰਗਾ ਲੱਗਿਆ, ਉਹ ਖੁਸ਼ੀ ਵਿਚ ਏਨਾ ਫੁੱਲਿਆ ਬੈਠਾ ਸੀ, ਆਪਣਾ ਸਰੀਰ ਉਡਦਾ ਪ੍ਰਤੀਤ ਹੋਇਆ। ਮੈਨੇਜਰ ਬੋਲਿਆ, "ਤੁਹਾਨੂੰ ਮੇਰਾ ਖਿਆਲ ਹੈ, ਪੋਲਟਰੀ ਹੀ ਠੀਕ ਰਹੇਗਾ!"

"ਚੱਲੋ ਠੀਕ ਐ ਜੀ।" ਪਾਲ ਨੇ ਗੱਦੇ ਵਾਲੀ ਕੁਰਸੀ ਵਿਚ ਨਿੱਕਾ ਜਿਹਾ ਪਾਸਾ ਮਾਰਦਿਆਂ ਚਾਰੇ ਪਾਸੀਂ ਨਿਗਾਹ ਫੈਲਾਈ, ਬਾਕੀ ਸਟਾਫ ਨਿੱਕੀਆਂ ਗੱਲਾਂ ਦੀ ਟੁਣਕਾਰ ਵਿਚ ਰੁਝਿਆ ਹੋਇਆ ਸੀ, ਮੈਨੇਜਰ ਨੇ ਫਿਰ ਸਿਰ ਚੁੱਕਿਆ, "ਤੁਸੀਂ ਕਿਸੇ ਦਿਨ ਆ ਕੇ ਕੇਸ ਭਰਵਾ ਲਿਉ।"

"ਹੱਛਾ ਜੀ!"

"ਪਰ ਤੁਹਾਨੂੰ ਗਰੰਟਰ ਦੇਣਾ ਪਵੇਗਾ!"

"ਗਰੰਟਰ!" ਪਾਲ ਚੁੱਪ ਕਰ ਗਿਆ। ਮੈਨੇਜਰ ਉਸਦੇ ਚਿਹਰੇ ਦੀ ਬਦਲਦੀ ਨੁਹਾਰ ਵੇਖਦਿਆਂ ਬੋਲਿਆ, "ਇਉਂ ਕਰਿਉ, ਸ.ਬਲਬੀਰ ਸਿੰਘ ਹੋਰਾਂ ਨੂੰ ਨਾਲ ਈ ਲਈ ਆਇਓ!" ਹਰਪਾਲ ਦੇ ਚਿਹਰੇ ਦੀ ਨੁਹਾਰ ਮੁੜ ਪਹਿਲਾਂ ਵਰਗੀ ਹੋ ਗਈ ਵੇਖ ਕੇ ਮੈਨੇਜਰ ਨੇ ਮਿੱਠੀ ਆਵਾਜ਼ ਵਿਚ ਪੁੱਛਿਆ, "ਹੋਰ ਦੱਸੋ?"

"ਬੱਸ ਜੀ, ਥੈਂਕ-ਯੂ!" ਉੱਠਣ ਲੱਗੇ ਹਰਪਾਲ ਖੁਸ਼ੀ ਵਿਚ ਝਰ-ਝਰ ਕਰਦਾ ਆਪਣੇ ਆਪ ਵਿਚ ਨਹੀਂ ਸੀ, ਝੂਮ ਜਿਹੀ ਖਾਂਦਿਆਂ ਉਸਦਾ ਪੈਰ ਕੁਰਸੀ ਦੀ ਲੱਤ ਵਿਚ ਅੜ ਚੱਲਿਆ ਸੀ। ਇਕ ਵਾਰ ਮੁੜ ਕੇ ਉਸਨੇ ਫੇਰ ਮੈਨੇਜਰ ਨੂੰ ਸਿਰ ਝੁਕਾ ਕੇ 'ਸਤਿ ਸ੍ਰੀ ਅਕਾਲ' ਬੁਲਾਈ ਅਤੇ ਬੈਂਕ ਵਿਚੋਂ ਬਾਹਰ ਆ ਗਿਆ। ਸਿਆਲ ਦੀ ਧੁੱਪ ਪੂਰੇ ਜੋਬਨ ਵਿਚ ਸੁਰਮੇ ਰੰਗੀ ਸੜਕ ਉੱਤੇ ਮਚਲ ਰਹੀ ਸੀ, ਜਦੋਂ ਉਸ ਦਾ ਧਿਆਨ ਕੋਠੇ, ਦੁਕਾਨਾਂ ਅਤੇ ਬਾਜ਼ਾਰ ਵਿਚ ਲੋਕਾਂ ਵਲ ਮੁੜਿਆ, ਉਹ ਸਾਰੇ ਹਸੂੰ-ਹਸੂੰ ਕਰਦੇ ਜਾਪ ਰਹੇ ਸਨ। ਪਿੰਡ ਆ ਕੇ ਉਸ ਬਲਬੀਰ ਬਾਰੇ ਪਤਾ ਕੀਤਾ, ਉਸਦਾ ਘਰ ਵੇਖ ਕੇ ਉਸਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਸਾਰਾ ਘਰ ਸੀਸ-ਮਹਿਲ ਵਾਂਗ ਚਮਕ ਰਿਹਾ ਸੀ। ਬਲਬੀਰ ਘਰ ਨਹੀਂ ਸੀ। ਅਗਲੀ ਆਥਣੇ ਉਹ ਡੂੰਘੇ ਪਏ ਹਨੇਰੇ ਗਿਆ, ਬਾਰ ਮੂਹਰੇ ਜੀਪ ਖੜੀ ਦੇਖ ਕੇ ਉਸਦਾ ਮਨ ਟਹਿਕ ਉੱਠਿਆ, ਨੇੜੇ ਜਾ ਕੇ ਉਸਨੂੰ ਮਹਿਸੂਸ ਹੋਇਆ, ਬਾਹਰਲੀ ਵੱਡੀ ਸਾਰੀ ਬੈਠਕ ਵਿਚ ਹਾਸੜ ਮੱਚ ਰਹੀ ਸੀ। ਪਲ ਕੁ ਖਲੋਤਾ ਰਿਹਾ, ਫੇਰ ਜੇਰਾ ਕਰਕੇ ਅੰਦਰ ਵਲ ਅਹੁਲਿਆ, ਬਲਬੀਰ ਕਿੰਨੇ ਸਾਰੇ ਮੋਟੇ-ਭਾਰੇ, ਲੰਬੇ ਚੌੜੇ ਸਰਦਾਰ ਟਾਈਪ ਜਾਪਦੇ ਆਦਮੀਆਂ ਵਿਚ ਬੈਠਾ ਸ਼ਰਾਬ ਪੀ ਰਿਹਾ ਸੀ। ਪਾਲ ਬਿੰਦ-ਝੱਟ ਘਬਰਾਇਆ ਜਿਹਾ ਖਲੋਤਾ ਰਿਹਾ। ਬਲਬੀਰ ਕੋਈ ਗੱਲ ਸੁਣਾ ਰਿਹਾ ਸੀ, ਜਦੋਂ ਹਾਸੜ ਮੱਠੀ ਪਈ ਬਲਬੀਰ ਨੇ ਸਿਰ ਉਤਾਂਹ ਚੁੱਕਿਆ, ਹਰਪਾਲ ਨੇ ਹੱਥ ਜੋੜਦਿਆਂ ਸਿਰ ਝੁਕਾ ਕੇ ਸਤਿ ਸ੍ਰੀ ਅਕਾਲ ਬੁਲਾਈ।

"ਆ ਬਈ ਪਾਲ ਆ-ਜਾ ਬਹਿ ਜਾ।"

ਏਨਾ ਆਖ ਕੇ ਉਹ ਮੁੜ ਉਨ੍ਹਾਂ ਸਰਦਾਰ ਜਿਹੇ ਜਾਪਦੇ ਬੰਦਿਆਂ ਨਾਲ ਗੱਲੀਂ ਪੈ ਗਿਆ। ਐਵੇਂ ਹੀ ਉਂਗਲਾਂ ਦੇ ਜੋੜ ਮਟਕਾਉਂਦਿਆਂ ਪਾਲ ਨੇ ਬੈਠਕ ਵਿਚ ਨਜ਼ਰ ਮਾਰੀ, ਬੈਠਕ ਨਵੀਨ ਫਰਨੀਚਰ ਨਾਲ ਸਜਾਈ ਹੋਈ ਸੀ, ਅੰਦਰ ਬੈਠਿਆਂ ਸ਼ਹਿਰੀ ਮਹੌਲ ਦਾ ਭੁਲੇਖਾ ਪੈਂਦਾ ਸੀ। ਕਿੰਨਾ ਚਿਰ ਬਲਬੀਰ ਉਨ੍ਹਾਂ ਨਾਲ ਗੱਲੀਂ ਪਿਆ ਰਿਹਾ, ਜਦੋਂ ਉਸ ਪਾਲ ਨੂੰ ਕਸਮੇੜੇ ਜਿਹੇ ਲੈਂਦਾ ਵੇਖਿਆ, ਉਸ ਬੈਠਿਆਂ ਹੀ ਆਖਿਆ, "ਤੂੰ ਪਾਲ ਇਉਂ ਕਰ, ਕੱਲ੍ਹ ਤਾਂ ਮੈਂ ਤੇਰੇ ਨਾਲ ਜਾ ਨਹੀਂ ਸਕਦਾ! ਤੂੰ 'ਕੱਲਾ ਈ ਜਾ ਆ।"

"ਮੈਨੇਜਰ ਆਖਦਾ ਆ ਜੀ, ਥੋਨੂੰ ਨਾਲ ਲਿਆਵਾਂ ਗਰੰਟੀ ਲਈ।"


ਬਲਬੀਰ ਆਪਣੀ ਭਾਰੀ ਦਾਹੜੀ-ਮੁੱਛਾਂ ਵਿਚ ਹੱਸ ਪਿਆ, "ਤੂੰ ਆਖੀਂ, ਜੀ ਗਰੰਟੀ ਦੇ ਦਸਖ਼ਤ ਮਗਰੋਂ ਜਿੱਥੇ ਮਰਜ਼ੀ ਕਰਵਾ ਲਿਉ, ਤੁਸੀਂ ਕੰਮ ਕਰਨ ਵਾਲੇ ਬਣੋ।"

"ਹੱਛਿਆ ਜੀ।" ਪਾਲ ਪੰਘਰਿਆ ਹੋਇਆ, ਉਸਦੇ ਮਗਰੇ ਬੋਲਿਆ ਬਲਬੀਰ ਨੇ ਉਸੇ ਤਰ੍ਹਾਂ ਹੈਰਾਨੀ ਜਿਹੀ ਵਿਚ ਪਿਆਂ ਉਸੇ ਟੋਨ ਵਿਚ ਆਖਿਆ, "ਤੂੰ ਸਵੇਰੇ ਈ ਫੇਰ ਉਹਦੇ ਕੋਲ ਜਾ ਕੇ ਆ, ਆ ਕੇ ਮੈਨੂੰ ਦੱਸੀਂ।" ਪਾਲ ਇਸ ਤਰ੍ਹਾਂ ਬੈਠਕ ਦੇ ਬਾਰ ਵਿਚ ਖਲੋਤਾ ਸੀ, ਜਿਵੇਂ ਉਸ ਜਾਣਾ ਵੀ ਸੀ ਤੇ ਨਹੀਂ ਵੀ। ਤੁਰਨ ਲੱਗੇ ਪਾਲ ਨੂੰ ਉਸ ਹੋਕਰਾ ਮਾਰ ਕੇ ਆਖਿਆ, "ਓ ਗੱਲ ਸੁਣ, ਆਖੀਂ ਬਾਕੀ ਗੱਲਾਂ ਬਲਬੀਰ ਸਿਹੁੰ ਆਪੇ ਕਰਨਗੇ।"

"ਹੱਛਾ ਜੀ!"

ਘਰ ਤੱਕ ਉਹ ਚੱਕਵੇਂ ਪੈਰੀਂ ਵਗਿਆ ਆਇਆ। ਉਸਦੇ ਅੰਦਰ ਅਨੇਕਾਂ ਸਵਾਲ ਉਲਝੇ ਪਏ ਸਨ। "ਕਰਜ਼ਾ ਵੀ ਆਂਹਦੇ ਪੱਚੀ-ਤੀਹ ਹਜ਼ਾਰ ਮਿਲ ਜਾਂਦੈ! ਪੋਲਟਰੀ ਫਾਰਮ ਈ ਠੀਕ ਰਹੂਗਾ! ਜੇ ਨੌਕਰੀ ਦਾ ਕੋਈ ਸਬੱਬ ਬਣ ਗਿਆ, ਆਪੇ ਧੀਰਾ ਕਰਦਾ ਰਹੂ!"

ਅਗਲੇ ਦਿਨ ਉਸ ਫਿਰ ਸਿੱਧਵਾਂ ਨੂੰ ਸਾਈਕਲ ਕੱਢ ਲਿਆ, ਸਾਰੇ ਰਾਹ ਸਾਈਕਲ ਉਹ ਇਸ ਤਰ੍ਹਾਂ ਭਜਾਈ ਗਿਆ, ਜਿਵੇਂ ਉਸਦੇ ਅੰਦਰ ਕੋਈ ਅਗੰਮੀ ਸ਼ਕਤੀ ਇਕੱਠੀ ਹੋ ਗਈ ਹੋਵੇ। ਸਿਆਲ ਦੀ ਰੁੱਤ ਵਿਚ ਵੀ ਸਿੱਲੇ ਹੋ ਗਏ ਸਰੀਰ ਦਾ ਉਸ ਨੂੰ ਚਿੱਤ ਚੇਤਾ ਨਹੀਂ ਸੀ। ਉਸ ਜਾਂਦਿਆਂ ਹੀ ਸਾਰੀ ਗੱਲ ਮੈਨੇਜਰ ਨੂੰ ਸਮਝਾ ਦਿੱਤੀ, ਉਹਨੇ ਆਪਣਾ ਚਮਕਦਾ ਗੰਜਾ ਸਿਰ ਝੁਕਾਉਂਦਿਆਂ ਮੁਸਕਰਾ ਕੇ ਪਾਲ ਵਲ ਵੇਖਿਆ, ਵਾਹਵਾ ਚਿਰ ਉਹ ਇਧਰ ਉਧਰ ਕਾਗਜ਼ ਪੱਤਰ ਫਰੋਲਦਾ ਰਿਹਾ, ਫੇਰ ਸਿਰ ਚੁੱਕ ਕੇ ਉਸ ਪਾਲ ਵਲ ਵੇਖਿਆ, "ਏਸ ਤਰ੍ਹਾਂ ਕਰਦੇ ਆਂ, ਕਾਗਜ਼ ਪੂਰੇ ਕਰ ਲੈਂਦੇ ਆਂ। ਕਿਸੇ ਦਿਨ ਬਲਬੀਰ ਸਿਹੁੰ ਨੂੰ ਨਾਲ ਲਿਆਇਓ, ਪੈਸੇ ਤੁਹਾਡਾ ਖਾਤਾ ਖੋਲ੍ਹ ਕੇ ਤੁਹਾਡੇ ਨਾਂ ਚੜ੍ਹਾ ਦਿੱਤੇ ਜਾਣਗੇ।"



ਪਾਲ ਬੜਾ ਖੁਸ਼ ਸੀ, ਜਿਸ ਦਾ ਕੰਮ ਚੌਲਾਂ ਦੇ ਭਾਅ ਹੋ ਰਿਹਾ ਸੀ। ਉਸ ਦਿਨ ਉਸ ਨੂੰ ਸਾਰਾ ਦਿਨ ਟੇਕ ਨਾ ਆਈ, ਖੁਸ਼ੀ ਨਾਲ ਆਫਰਿਆ ਐਵੇਂ ਬੇਮਤਲਬ ਦੇ ਗੇੜੇ ਦਿੰਦਾ ਰਿਹਾ। ਇਕ ਜੀਅ ਕਰਦਾ ਸੀ, ਅੱਜ ਉਹ ਗਿੱਦੜ ਪਿੰਡੀ ਨੂੰ ਜਾਵੇ। ਨਹਾਉਣ ਵਾਸਤੇ ਜਦੋਂ ਉਹ ਵਿਹੜੇ ਵਿਚ ਆਇਆ, ਤਾਂ ਖਿਆਲ ਬਦਲ ਗਿਆ, "ਉਹਨੂੰ ਕੰਮ ਸਿਰੇ ਚਾੜ੍ਹ ਕੇ ਹੀ ਮਿਲਾਂਗੇ, ਆਖਣ ਜੋਗੇ ਤਾਂ ਹੋ ਜਾਂਗੇ, ਤੂੰ ਹੁਣ 'ਕੱਲਾ ਈ ਲੈਂਡਲਾਰਡ ਬੰਦਾ ਨਹੀਂ, ਅਸੀਂ ਵੀ ਪੋਲਟਰੀ ਫਾਰਮ ਦੇ ਮਾਲਕ ਹੋ ਗਏ ਆਂ।" ਦਿਨ ਉਸ ਆਪਣੇ ਮਨ ਨਾਲ ਗੱਲਾਂ ਕਰਦਿਆਂ ਲੰਘਾਇਆ, ਉਸ ਦੇ ਚਿੱਤ ਵਿਚ ਲੱਡੂ ਭੁਰ ਰਹੇ ਸਨ, "...ਪਹਿਲਾਂ ਮੋਟਰ ਸੈਕਲ ਲੈ ਲਵਾਂਗੇ, ਜਦੋਂ ਕੰਮ ਵਧ ਗਿਆ, ਫੇਰ ਕੋਈ ਵੱਡੇ ਵਹੀਕਲ ਦਾ ਪ੍ਰਬੰਧ ਕਰਨਾ ਪਊਗਾ।" ਇਕ ਵਾਰੀ ਉਸ ਆਪਣੇ ਆਪ ਨੂੰ ਡਾਟੀ-ਫਾਟੀ ਸਮਝਦਿਆਂ ਮੋਟਰ ਸਾਈਕਲ 'ਤੇ ਉੱਡਦਾ ਮਹਿਸੂਸ ਕੀਤਾ।

ਦੋ ਤਿੰਨ ਦਿਨ ਬਲਬੀਰ ਨਾ ਮੁੜਿਆ, ਹਰਪਾਲ ਆਥਣ ਸਵੇਰ ਉਸਦੀ ਬਿੜਕ ਰੱਖਦਾ। ਜਿਸ ਦਿਨ ਆਇਆ, ਉਸ ਦਿਨ ਵੀ ਰੁਝਿਆ ਹੋਇਆ ਸੀ, ਪਿੰਡ ਵਿਚ ਹੀ ਕਿਸੇ ਜੱਟ ਦੇ ਘਰੋਂ ਲਾਹਣ ਦੀ ਡਰੰਮੀ ਫੜੀ ਗਈ ਸੀ, ਜੱਟਾਂ ਨੇ ਬਲਬੀਰ ਦਾ ਵਿਹੜਾ ਨੀਵਾਂ ਕਰ ਰੱਖਿਆ ਸੀ। ਅਗਲੇ ਦਿਨ ਬਲਬੀਰ ਨੇ ਪਾਲ ਨੂੰ ਵੇਖਦਿਆਂ ਹੀ ਕਹਿ ਦਿੱਤਾ, "ਪਾੜ੍ਹਿਆ, ਆ ਜਾ, ਅੱਜ ਤੇਰਾ ਕੰਮ ਕਰਦੇ ਆਂ, ਯਾਰ ਕਰੀਏ ਕੀ? ਜੇ ਨਹੀਂ ਜਾਂਦੇ, ਲੋਕ ਸੋਚਦੇ ਐ ਬਈ ਐਵੇਂ ਭਾਰਾ ਹੋ ਹੋ ਕੇ ਵਿਖਾਉਂਦਾ ਐ! ਥਾਣੇ ਵਾਲਿਆਂ ਦਾ ਹੁਣ ਆਪਾਂ ਨੂੰ ਪਤਾ ਈ ਐ ਬਈ ਕੁੱਤੇ ਦੇ ਹੱਡ ਹੁੰਦੇ ਐ! ਲਿਹਾਜ ਤਾਂ ਇਹ ਸਕੇ ਪਿਉ ਦਾ ਨ੍ਹੀ ਕਰਦੇ। ਪੈਸਿਆਂ ਤੋਂ ਬਿਨਾ ਗੱਲ ਨ੍ਹੀ ਕਰਦੇ!"

ਹਰਪਾਲ ਨੂੰ ਝੱਟ ਅਮੋਲਕ ਦੀਆਂ ਗੱਲਾਂ ਯਾਦ ਆ ਗਈਆਂ, ਇਹ ਕਿਹੋ ਜਿਹਾ ਰਾਜ ਪ੍ਰਬੰਧ ਐ! ਜਿਥੇ ਪੈਸੇ ਵੀ ਦੇਣੇ ਪੈਂਦੇ ਆ! ਕਿਸੇ ਮੰਨੇ ਦੰਨੇ ਆਦਮੀ ਦੀ ਸਿਫਾਰਸ਼ ਵੀ ਪੁਆਉਣੀ ਪੈਂਦੀ ਐ। ਉਸੇ ਪਲ ਅਮੋਲਕ ਦੀ ਆਵਾਜ਼ ਉਹਦੇ ਜਿਹਨ ਵਿਚ ਉਤਰੀ, ਸਾਥੀ ਜੀ, ਏਹੀ ਤਾਂ ਸਮਝਣ ਵਾਲੀ ਗੱਲ ਐ, ਇਹ ਪ੍ਰਬੰਧ ਪੈਰ ਪੈਰ 'ਤੇ ਧੋਖਾ, ਠੱਗੀ, ਬੇਈਮਾਨੀ ਤੇ ਹੋਰ ਅਲਾਮਤਾਂ ਨਾਲ ਭਰਿਆ ਹੋਇਐ।

ਪੈੜ-ਚਾਲ ਸੁਣ ਕੇ ਹਰਪਾਲ ਆਪਣੇ ਖਿਆਲਾਂ ਵਿਚੋਂ ਬਾਹਰ ਨਿਕਲਿਆ, ਬਲਬੀਰ ਸਾਫ ਕਮੀਜ਼-ਪਜਾਮੇ ਵਿਚ ਸਜਿਆ ਆਉਂਦਾ ਸੀ ਅਤੇ ਦੋਵਾਂ ਹੱਥਾਂ ਨਾਲ ਬੱਝੀ ਪੱਗ ਪਲੋਸ ਕੇ ਘਰਦਿਆਂ ਨੂੰ ਕੁਝ ਆਖ ਰਿਹਾ ਸੀ। ਬੱਸ ਚੜ੍ਹ ਕੇ ਉਹ ਬੈਂਕ ਆ ਗਏ। ਬੈਂਕ ਹਾਲੇ ਖੁਲ੍ਹਿਆ ਹੀ ਸੀ, ਟਾਂਵਾਂ ਟਾਂਵਾਂ ਸਟਾਫ ਦਾ ਬੰਦਾ ਆ ਰਿਹਾ ਸੀ, ਅੰਦਰੋਂ ਸਫਾਈ ਸੇਵਕ ਦੀ ਉਡਾਈ ਗਰਦ ਅਜੇ ਬੈਠੀ ਨਹੀਂ ਸੀ। ਪੰਦਰ੍ਹਾਂ-ਵੀਹ ਮਿੰਟ ਮਗਰੋਂ ਮੈਨੇਜਰ ਆ ਗਿਆ, ਬਲਬੀਰ ਨਾਲ ਉਸ ਬੜੇ ਤਪਾਕ ਨਾਲ ਹੱਥ ਮਿਲਾਇਆ, ਹਰਪਾਲ ਨੇ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ। ਮੈਨੇਜਰ ਕੁਝ ਸਮਾਂ ਕਾਗਜ਼ ਪੱਤਰ ਫਰੋਲਦਾ ਰਿਹਾ, ਬਲਬੀਰ ਨਾਲ ਦੀ ਨਾਲ ਉਸਦੇ ਪਰਿਵਾਰ ਦਾ ਹਾਲ ਚਾਲ ਪੁੱਛਦਾ ਰਿਹਾ। ਅਖ਼ੀਰ ਬਲਬੀਰ ਨੇ ਹਰਪਾਲ ਵਲ ਝਾਕ ਕੇ ਮੈਨੇਜਰ ਨੂੰ ਆਪਣੇ ਕੁਦਰਤੀ ਹਸਮੁੱਖ ਸੁਭਾਅ ਮੂਜਬ ਆਖਿਆ, "ਮਨੇਜਰ ਸਾਹਬ, ਸਾਡਾ ਵੀ ਕੰਮ ਕਰ ਦਿਉ ਫੇਰ?"

"ਦੱਸੋ।" ਮੈਨੇਜਰ ਨੇ ਸਿਰ ਉਤਾਂਹ ਚੁੱਕਿਆ, "ਤੁਹਾਡਾ ਕੰਮ ਨਹੀਂ ਕਰਨਾ, ਜਨਾਬ ਫੇਰ ਕਰਨਾ ਕਿਸਦਾ ਏ?"

"ਆਹ ਮੁੰਡੇ ਦਾ ਕੰਮ ਐ ਜੀ!"

ਜਦੋਂ ਬਲਬੀਰ ਨੇ ਹੱਥ ਦਾ ਇਸ਼ਾਰਾ ਹਰਪਾਲ ਵਲ ਕੀਤਾ, ਮੈਨੇਜਰ ਨੇ ਕਲਮ ਰੋਕ ਕੇ ਮੁੰਡੇ ਵਲ ਨੀਝ ਲਾ ਕੇ ਦੇਖਿਆ, ਪਲ ਕੁ ਉਹ ਵੇਖਦਾ ਰਿਹਾ, ਫੇਰ ਉਸ ਦੇ ਚਿਹਰੇ ਉੱਤੇ ਮੁਸ਼ਕਣੀ ਉੱਤਰ ਆਈ, "ਹੱਛਿਆ ਹੱਛਿਆ! ਇਹ ਤਾਂ ਉਹੀ ਕਾਕਾ ਨਹੀਂ, ਜਿਹੜਾ ਉਸ ਦਿਨ ਤੁਹਾਡਾ ਰੁੱਕਾ ਲੈ ਕੇ ਆਇਆ ਸੀ।"

"ਉਹੀ ਐ ਜੀ! ਤੁਸੀਂ ਕਿਵੇਂ ਭੁੱਲ ਜਾਵੋਗੇ! ਨੋਟਾਂ ਦੇ ਨੰਬਰ ਤੱਕ ਯਾਦ ਰੱਖ ਲੈਂਦੇ ਓ।"

ਮੈਨੇਜਰ ਦੇ ਚਿਹਰੇ ਉਤੇ ਆਪਣੀ ਸਿਫਤ ਸੁਣ ਕੇ ਖਸਿਆਨੀ ਜਿਹੀ ਮੁਸਕਾਣ ਨਿੱਤਰ ਆਈ, ਫਿਰ ਹੌਲੀ ਹੌਲੀ ਧੀਮੀ ਆਵਾਜ਼ ਵਿਚ ਬੋਲਿਆ, "ਸਰਦਾਰ ਬਲਬੀਰ ਸਿੰਘ, ਇਹ ਤਾਂ ਸਾਡੀ ਡਿਊਟੀ ਐ। ਨਾਲੇ ਤੁਹਾਡੇ ਵਰਗੇ ਭਲੇ ਪੁਰਸ਼ਾਂ ਦੇ ਕੰਮ ਅਸੀਂ ਕਿਵੇਂ ਭੁੱਲ ਸਕਦੇ ਆਂ! ਤੁਹਾਡੇ ਤਾਂ ਸਵੇਰੇ ਉੱਠ ਕੇ ਦਰਸ਼ਨ ਕਰਨੇ ਚਾਹੀਦੇ ਐ ਜੀ!"

"ਛੱਡੋ ਮਨੇਜਰ ਸਾਹਬ, ਕਿਉਂ ਛਿੱਥੇ ਕਰਦੇ ਓ! ਕੰਮ ਤਾਂ ਲੋਕਾਂ ਦੇ ਤੁਸੀਂ ਸੰਵਾਰੋ ਤੇ ਦਰਸ਼ਨ ਲੋਕ ਸਾਡੇ ਕਰਨ!"

ਮੈਨੇਜਰ ਨੇ ਬਲਬੀਰ ਵਲ ਐਨਕਾਂ ਵਿਚ ਦੀ ਮੁਸਕਰਾ ਕੇ ਦੇਖਿਆ। ਫਿਰ ਉਸ ਪਰ੍ਹਾਂ ਮੇਜ ਕੋਲ ਬੈਠੇ ਇਕ ਡਾਟੀ-ਫਾਟੀ ਮੁੰਡੇ ਨੂੰ ਪੁੱਛਿਆ, "ਹਰਜਿੰਦਰ ਸਿੰਘ, ਜਿਹੜੇ ਉਸ ਦਿਨ ਆਪਾਂ ਇਸ ਮੁੰਡੇ ਦੇ ਲੋਨ ਲੈਣ ਲਈ ਕਾਗਜ਼ ਭਰੇ ਸਨ।"

ਹਰਜਿੰਦਰ ਨੇ ਆਪਣੀਆਂ ਫਾਈਲਾਂ ਵਿਚੋਂ ਸਿਰ ਉਤਾਂਹ ਕੀਤਾ, "ਜੀ ਕਾਗਜ਼ ਭਰੇ ਤਾਂ ਨਹੀਂ ਸਨ, ਊਂ ਕੱਢ ਕੇ ਰੱਖ ਲਏ ਸੀ!"

"ਊਂ ਤੁਹਾਡੇ ਕੋਲ ਹੈਣ?"

ਹਰਜਿੰਦਰ ਨੇ ਦਰਾਜ ਖੋਲ੍ਹ ਕੇ ਥੱਬਾ ਸਾਰੀਆਂ ਫਾਈਲਾਂ ਦੀ ਕਾਫੀ ਫਰੋਲਾ-ਫਰਾਲੀ ਪਿੱਛੋਂ ਚਾਰ-ਪੰਜ ਛਪੇ ਹੋਏ ਫਾਰਮ ਕੱਢੇ, ਹਰਪਾਲ ਨੇ ਉਹ ਫਾਰਮ ਪਛਾਣ ਲਏ।

"ਲਿਆਉ, ਹੁਣ ਭਰ ਦਿੰਦੇ ਆਂ!"

ਹਰਜਿੰਦਰ ਨੇ ਬੈਠਿਆਂ ਹੀ ਬਾਂਹ ਵਧਾ ਕੇ ਫਾਰਮ ਮੈਨੇਜਰ ਨੂੰ ਫੜਾ ਦਿੱਤੇ, ਉਸ ਕਾਗਜ਼ ਫੜ੍ਹ ਕੇ ਆਪਣੇ ਮੂਹਰੇ ਮੇਜ਼ ਉਤੇ ਰੱਖ ਕੇ, ਘੁੰਮਣ ਵਾਲੀ ਕੁਰਸੀ ਵਿਚ ਢੋਹ ਲਾਉਂਦਿਆਂ, ਇਕ ਬਾਂਹ ਅਰਾਮ ਨਾਲ ਕੁਰਸੀ ਦੀ ਬੈਕ ਉਤੇ ਟਿਕਾਉਂਦਿਆਂ ਆਖਣਾ ਸ਼ੁਰੂ ਕੀਤਾ, "ਲਉ ਬਲਬੀਰ ਸਿੰਘ ਜੀ, ਤੁਹਾਡਾ ਕੰਮ ਵੀ ਕਰ ਈ ਦੇਈਏ।"

"ਜਨਾਬ ਕੰਮ ਵਾਸਤੇ ਤਾਂ ਆਏ ਆਂ!"

"ਉਹ ਤਾਂ ਸਾਨੂੰ ਪਤਾ, ਊਂ ਤੁਸੀਂ ਇਧਰ ਮੂੰਹ ਵੀ ਨਹੀਂ ਕਰਦੇ!"

ਇਸ ਵਾਰ ਬਲਬੀਰ ਕਚੀ ਜਿਹੀ ਹਾਸੀ ਹੱਸਿਆ, ਮੈਨੇਜਰ ਨੇ ਕਾਗਜ਼ਾਂ ਵਿਚ ਹੱਥ ਮਾਰਿਆ, ਅਚਾਨਕ ਝੁਕ ਕੇ ਬੋਲਿਆ, "ਓ ਬਈ ਸੌਰੀ, ਚਾਹ...?"

"ਚਾਹ ਨੂੰ ਛੱਡੋ ਜੀ, ਤੁਸੀਂ ਆਹ...।"

"ਕੋਈ ਗੱਲ ਨਹੀਂ, ਇਹ ਕੰਮ ਤਾਂ ਹੋ ਗਿਆ, ਸਮਝੋ!" ਮੈਨੇਜਰ ਨੇ ਗੰਨਮੈਨ ਨੂੰ ਕਿਹਾ, "ਇਉਂ ਕਰ ਬਹਾਦਰ ਸਿੰਘ, ਚਾਹ ਦੇ ਚਾਰ-ਪੰਜ ਕੱਪ ਲੈ ਆ!"

"ਚਾਹ ਵਾਲੀ ਦੁਕਾਨ ਤਾਂ ਬੰਦ ਐ ਜੀ, ਅੱਡੇ ਤੋਂ ਲੈ ਆਉਨੇ ਆਂ!"

ਮੈਨੇਜਰ ਨੇ ਪਲ ਕੁ ਸੋਚਿਆ, "ਅੱਡਾ! ਅੱਡਾ ਤਾਂ ਕਾਫੀ ਦੂਰ ਐ।" ਫੇਰ ਕੁਰਸੀ ਵਿਚੋਂ ਉੱਠਦਾ ਹੋਇਆ ਬੋਲਿਆ, "ਆਉ ਆਪਾਂ ਘਰ ਈ ਪੀ ਲੈਂਦੇ ਆਂ।"

ਕੁਰਸੀ ਵਿਚੋਂ ਨਿਕਲ ਤੁਰੇ ਮੈਨੇਜਰ ਦੇ ਨਾਲ ਉਹ ਵੀ ਉੱਠ ਖਲੋਤੇ। ਪੌੜੀਆਂ ਚੜ੍ਹ ਕੇ ਉਹ ਸਾਰੇ ਜਣੇ ਬੈਂਕ ਦੇ ਉਪਰ ਬਣੇ ਫਲੈਟ ਵਿਚ ਆ ਗਏ। ਬਾਹਰ ਧੁੱਪ ਵਿਚ ਪਈਆਂ ਕੁਰਸੀਆਂ ਵਿਚ ਬੈਠਦਿਆਂ ਮੈਨੇਜਰ ਨੇ ਸਿਰ ਉੱਪਰ ਦੀ ਪੋਲਾ ਜਿਹਾ ਹੱਥ ਮਾਰਦਿਆਂ, ਕਿਚਨ ਵਲ ਵੇਖਿਆ। ਅੰਦਰ ਬਰਤਨ ਸਾਫ ਕਰਨ ਦਾ ਖੜਾਕ ਹੋ ਰਿਹਾ ਸੀ। ਖੜਕਾ ਬੰਦ ਹੋਣ 'ਤੇ ਮੈਨੇਜਰ ਨੇ ਆਵਾਜ਼ ਦਿੱਤੀ, "ਐਥੋਂ ਤਿੰਨ ਕੁ ਕੱਪ ਚਾਹ ਦੇ ਬਣਾਇਓ!"

"ਹਾਂ ਬਈ ਕਾਕਾ!" ਆਖਦਿਆਂ ਮੈਨੇਜਰ ਕੁਰਸੀ ਵਿਚ ਢਿੱਲਾ ਹੋ ਕੇ ਬਹਿ ਗਿਆ, "ਕਿਹੜੇ ਕੰਮ ਵਾਸਤੇ ਲੋਨ ਲੈਣਾ?"

"ਉਸ ਦਿਨ ਤੁਹਾਨੂੰ ਦੱਸਿਆ ਸੀ!"

ਮੈਨੇਜਰ ਦੇ ਨਾਲ ਬਲਬੀਰ ਨੇ ਹੱਸਦਿਆਂ ਆਖਿਆ, "ਹੁਣ ਫੇਰ ਦੱਸ ਦੇ!"

ਹਰਪਾਲ ਨੇ ਢੋਹ ਨਾਲ ਢੂਹੀ ਛੱਡਦਿਆਂ ਦੋਵਾਂ ਦੇ ਚਿਹਰਿਆਂ ਵਲ ਵੇਖਿਆ, ਦੋਵੇਂ ਉਸ ਨੂੰ ਬੇਹੱਦ ਖੁਸ਼ ਜਾਪੇ।

"ਪੋਲਟਰੀ ਬਾਰੇ...ਉਦੋਂ ਗੱਲ ਹੋਈ ਸੀ ਜੀ। ਫੇਰ ਜਿਵੇਂ ਤੁਹਾਨੂੰ ਠੀਕ ਲੱਗਦੈ, ਤੁਸੀਂ ਉਵੇਂ ਕਰ ਦਿਉ!"

"ਠੀਕ ਐ।" ਮੈਨੇਜਰ ਨੇ ਸਿਰ ਮਾਰ ਕੇ ਬਲਬੀਰ ਵਲ ਵੇਖਿਆ, "ਲੋਨ ਤੈਨੂੰ ਕਾਕਾ, ਅਸੀਂ ਜ਼ਰੂਰ ਦੇਵਾਂਗੇ! ਪਰ...।" ਉਹ ਰੁਕਦਿਆਂ ਬਲਬੀਰ ਵਲ ਝਾਕਿਆ, ਝੱਟ ਹੀ ਬਲਬੀਰ ਬੋਲ ਉੱਠਿਆ, "ਉਹਦਾ ਤੁਸੀਂ ਕੋਈ ਫ਼ਿਕਰ ਨਾ ਕਰੋ ਜੀ!"

"ਇਹ ਨੂੰ ਸਮਝਾ ਦਿੱਤਾ ਐ।"

"ਮਖ ਤੁਸੀਂ ਕੋਈ ਫਿਕਰ ਨਾ ਕਰੋ ਜੀ, ਮੁੰਡਾ ਆਪਣਾ ਖਾਸ ਬੇਲੀ ਐ!"

ਮੈਨੇਜਰ ਲੇਟਵੀਂ ਜਿਹੀ ਕੁਰਸੀ ਵਿਚੋਂ ਉੱਠ ਖਲੋਤਾ, ਅੱਖ ਦੇ ਇਸ਼ਾਰੇ ਨਾਲ ਬਲਬੀਰ ਨੂੰ ਵੀ ਉਠਾ ਲਿਆ, ਉਹ ਦੋਵੇਂ ਕਿਚਨ ਦੇ ਪਿਛਲੇ ਪਾਸੇ ਚਲੇ ਗਏ। ਹਰਪਾਲ ਦੇ ਚਿੱਤ ਵਿਚ ਆਇਆ, ਇਹ ਸਾਲਾ, ਗੰਜਾ ਜਿਆ ਕਹਾਣੇ-ਜੇ ਕਿਉਂ ਪਾਈ ਜਾਂਦੈ।...ਕਰਜ਼ਾ ਮਨਜ਼ੂਰ ਕਰਨਾ ਕਰ, ਨਹੀਂ ਜਵਾਬ ਦੇ, ਜਾਈਏ! ਕੋਈ ਹੋਰ ਕੰਮ ਕਰੀਏ!"

(ਬਾਕੀ ਅਗਲੇ ਅੰਕ 'ਚ)

# ਮੈਂ ਅੱਜ ਵੀ ਰੂੜੀਵਾਦੀ ਹਾਂ, ਪਰ ਵਿਆਹ 'ਤੇ ਮੇਰਾ ਪੂਰਾ ਵਿਸ਼ਵਾਸ


ਕੈਰੀਅਰ ਦੀ ਉੱਚੀ ਛਾਲ ਤੋਂ ਬਾਅਦ ਹੁਣ ਦੀਪਿਕਾ ਪਾਦੂਕੋਣ ਸੈਫ ਅਲੀ ਖ਼ਾਨ ਦੀ ਹੀਰੋਇਨ ਬਣ ਕੇ ਫਿਲਮ 'ਲਵ ਆਜ ਕਲ' ਵਿਚ ਦਿਖਾਈ ਦੇਣ ਵਾਲੀ ਹੈ। ਉਵੇਂ ਇਸ ਫਿਲਮ ਲਈ ਉਨ੍ਹਾਂ ਨੂੰ ਉਹ ਖਾਸ ਪ੍ਰਚਾਰ ਨਹੀਂ ਮਿਲ ਰਿਹਾ ਹੈ, ਜਿਹੜਾ ਫਿਲਮ ਵਿਚ ਸ਼ੁਰੂ ਹੋਣ ਤੋਂ ਪਹਿਲਾਂ ਹੀਰੋ-ਹੀਰੋਇਨ ਦੇ ਕਿੱਸੇ ਉੱਡ ਕੇ ਕੀਤਾ ਜਾਂਦਾ ਹੈ। ਵਜ੍ਹਾ ਸਾਫ ਹੈ। ਸੈਫ ਕੋਲ ਕਰੀਨਾ ਦੀ ਨੇੜਤਾ ਹੈ ਅਤੇ ਦੀਪਿਕਾ ਫਿਲਹਾਲ ਇਕੱਲੀ ਜਿਹੀ ਦਿੱਸ ਰਹੀ ਹੈ।

ਇਸ ਦਾ ਇਕ ਉਦਾਹਰਣ ਹੁਣ ਦੇਖਣ ਨੂੰ ਮਿਲਿਆ, ਜਦੋਂ ਸਲਮਾਨ ਦੇ ਸ਼ੋਅ 'ਦਸ ਕਾ ਦਮ' ਵਿਚ ਆਪਣੀ ਫਿਲਮ ਦੇ ਪ੍ਰਚਾਰ ਲਈ ਵੀ ਸੈਫ ਨੇ ਦੀਪਿਕਾ ਨਾਲ ਮੌਜੂਦ ਰਹਿਣ ਦੀ ਹਿੰਮਤ ਨਹੀਂ ਕੀਤੀ। ਜਦੋਂ ਉਸ ਨੂੰ ਉਸ ਦੇ ਬਣਦੇ ਵਿਗੜਦੇ ਰਿਸ਼ਤਿਆਂ ਅਤੇ ਆਉਣ ਵਾਲੀ ਫਿਲਮ 'ਲਵ ਆਜ ਕਲ' ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਇਹ ਫਿਲਮ ਇਕ ਰੀਅਲ ਲਵ ਸਟੋਰੀ ਵਾਂਗ ਹੈ।

ਸਾਡੀ ਸੋਸਾਇਟੀ ਵਿਚ ਜਿਸ ਤਰ੍ਹਾਂ ਦੇ ਰਿਸ਼ਤੇ ਹੁੰਦੇ ਹਨ, ਜਿਸ ਤਰ੍ਹਾਂ ਨਾਲ ਪਿਆਰ ਦੇ ਚੱਕਰ ਹੁੰਦੇ ਹਨ, ਉਸ ਨੂੰ ਇਸ ਫਿਲਮ ਜ਼ਰੀਏ ਬੜੀ ਬਰੀਕੀ ਅਤੇ ਮਨੋਰੰਜਕ ਢੰਗ ਨਾਲ ਦਿਖਾਇਆ ਗਿਆ ਹੈ।

ਪਹਿਲਾਂ ਵੀ ਲੋਕ ਅੱਜ ਵਾਂਗ ਹੀ ਪਿਆਰ ਵਿਚ ਪੈਂਦੇ ਸਨ, ਪਰ ਉਨ੍ਹਾਂ ਦਾ ਤਰੀਕਾ ਅਤੇ ਸੋਚ ਵੱਖ ਸੀ। ਸੋਚ ਦੇ ਇਸੇ ਫਰਕ ਨੂੰ ਫਿਲਮ ਦਾ ਵਿਸ਼ਾ ਬਣਾਇਆ ਗਿਆ ਹੈ। ਸਾਡੇ ਤੋਂ ਪਹਿਲਾਂ ਦੀਆਂ ਪੀੜ੍ਹੀਆਂ ਦੱਸਦੀਆਂ ਹਨ ਕਿ ਉਨ੍ਹਾਂ ਸਮੇਂ ਅਜਿਹਾ ਹੁੰਦਾ ਸੀ, ਪਰ ਅੱਜ ਸਾਰਾ ਕੁਝ ਵੱਖਰਾ ਹੈ। ਅੱਜ ਦੀ ਪੀੜ੍ਹੀ ਨੂੰ ਲੱਗਦਾ ਹੈ ਕਿ ਪਹਿਲਾਂ ਲੋਕ ਜ਼ਿਆਦਾ ਝਿਜਕਦੇ ਸਨ। ਕਈ ਸਾਲ ਤਾਂ ਕੀ, ਕਦੀ-ਕਦੀ ਪੂਰੀ ਜ਼ਿੰਦਗੀ ਵੀ 'ਆਈ ਲਵ ਯੂ' ਨਹੀਂ ਬੋਲ ਸਕਦੇ ਸਨ। ਅਸੀਂ ਸੋਚ ਦੇ ਇਸੇ ਬਦਲਾਅ ਨੂੰ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ।

ਆਪਣੇ ਨਵੇਂ ਜਾਂ ਪੁਰਾਣੇ ਖਿਆਲਾਂ ਦੀ ਹੋਣ ਬਾਰੇ ਉਸ ਨੇ ਕਿਹਾ ਕਿ ਮੈਂ ਅੱਜ ਦੀ ਕੁੜੀ ਹਾਂ, ਪਰ ਮੈਂ ਵਿਆਹ 'ਤੇ ਪੂਰੀ ਤਰ੍ਹਾਂ ਵਿਸ਼ਵਾਸ ਕਰਦੀ ਹਾਂ। ਮੈਨੂੰ ਲੱਗਦਾ ਹੈ ਕਿ ਵਿਆਹ ਦਾ ਫੈਸਲਾ ਕਿਸੇ ਦੀ ਵੀ ਜ਼ਿੰਦਗੀ ਦਾ ਬਹੁਤ ਮਹੱਤਵਪੂਰਨ ਫੈਸਲਾ ਹੁੰਦਾ ਹੈ। ਮੇਰੇ ਅੰਦਰ ਹਿੰਦੁਸਤਾਨੀ ਮਾਨਤਾਵਾਂ ਪੂਰੀ ਤਰ੍ਹਾਂ ਹਨ। ਮੈਂ ਗੱਲ ਨੂੰ ਸਾਫ-ਸਾਫ ਕਹਿਣ ਵਿਚ ਯਕੀਨ ਰੱਖਦੀ ਹਾਂ।


ਪਹਿਲਾਂ ਵੀ ਲੋਕ ਅੱਜ ਵਾਂਗ ਹੀ ਪਿਆਰ ਵਿਚ ਪੈਂਦੇ ਸਨ, ਪਰ ਉਨ੍ਹਾਂ ਦਾ ਤਰੀਕਾ ਅਤੇ ਸੋਚ ਵੱਖ ਸੀ। ਸੋਚ ਦੇ ਇਸੇ ਫਰਕ ਨੂੰ ਫਿਲਮ ਦਾ ਵਿਸ਼ਾ ਬਣਾਇਆ ਗਿਆ ਹੈ। ਸਾਡੇ ਤੋਂ ਪਹਿਲਾਂ ਦੀਆਂ ਪੀੜ੍ਹੀਆਂ ਦੱਸਦੀਆਂ ਹਨ ਕਿ ਉਨ੍ਹਾਂ ਦੇ ਸਮੇਂ ਅਜਿਹਾ ਹੁੰਦਾ ਸੀ, ਪਰ ਅੱਜ ਸਾਰਾ ਕੁਝ ਵੱਖਰਾ ਹੈ। ਅੱਜ ਦੀ ਪੀੜ੍ਹੀ ਨੂੰ ਲੱਗਦਾ ਹੈ ਕਿ ਪਹਿਲਾਂ ਲੋਕ ਜ਼ਿਆਦਾ ਝਿਜਕਦੇ ਸਨ। ਕਈ ਸਾਲ ਤਾਂ ਕੀ, ਕਦੀ-ਕਦੀ ਪੂਰੀ ਜ਼ਿੰਦਗੀ ਵੀ 'ਆਈ ਲਵ ਯੂ' ਨਹੀਂ ਬੋਲ ਸਕਦੇ ਸਨ। ਅਸੀਂ ਸੋਚ ਦੇ ਇਸੇ ਬਦਲਾਅ ਨੂੰ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ। ਆਪਣੇ ਨਵੇਂ ਜਾਂ ਪੁਰਾਣੇ ਖਿਆਲਾਂ ਦੀ ਹੋਣ ਬਾਰੇ ਉਸ ਨੇ ਕਿਹਾ ਕਿ ਮੈਂ ਅੱਜ ਦੀ ਕੁੜੀ ਹਾਂ, ਪਰ ਮੈਂ ਵਿਆਹ 'ਤੇ ਪੂਰੀ ਤਰ੍ਹਾਂ ਵਿਸ਼ਵਾਸ ਕਰਦੀ ਹਾਂ।

'ਲਵ ਆਜ ਕਲ' ਵਿਚ ਆਪਣੇ ਕਿਰਦਾਰ ਬਾਰੇ ਦੱਸਦਿਆਂ ਦੀਪਿਕਾ ਨੇ ਕਿਹਾ ਕਿ ਇਹ ਮੇਰੀਆਂ ਪਹਿਲੀਆਂ ਸਾਰੀਆਂ ਫਿਲਮਾਂ ਤੋਂ ਵੱਖ ਹੈ। ਇਸ ਵਿਚ ਮੈਂ ਮੀਰਾ ਦਾ ਕਿਰਦਾਰ ਨਿਭਾਇਆ ਹੈ। ਮੀਰਾ ਅੱਜ ਦੇ ਦੌਰ ਦੀ ਕੁੜੀ ਹੈ। ਉਹ ਕਾਫੀ ਸੰਵੇਦਨਸ਼ੀਲ, ਜ਼ਮੀਨ ਨਾਲ ਜੁੜੀ ਅਤੇ ਵਿਵਹਾਰਕ ਹੈ। ਜਦੋਂ ਨਿਰਦੇਸ਼ਕ ਇਮਤਿਆਜ਼ ਨੇ ਮੈਨੂੰ ਇਹ ਰੋਲ ਸੁਣਾਇਆ, ਤਾਂ ਮੈਂ ਉਨ੍ਹਾਂ ਨੂੰ ਇਹੀ ਕਿਹਾ ਕਿ ਇਹ ਰੋਲ ਮੇਰੇ ਨਾਲ ਕਾਫੀ ਮਿਲਦਾ ਜੁਲਦਾ ਹੈ।

ਸੈਫ ਨਾਲ ਕੰਮ ਕਰਨ ਦੇ ਆਪਣੇ ਤਜ਼ਰਬੇ ਬਾਰੇ ਉਸ ਨੇ ਕਿਹਾ ਕਿ ਸੈਫ ਨਾਲ ਕੰਮ ਕਰਨਾ ਦਾ ਤਜ਼ਰਬ ਕਾਫੀ ਚੰਗਾ ਰਿਹਾ। ਸੈਫ ਇਸ ਫਿਲਮ ਦੇ ਪ੍ਰੋਡਿਊਸਰ ਵੀ ਹਨ। ਉਨ੍ਹਾਂ ਨੇ ਮੇਰੇ ਆਰਾਮ ਅਤੇ ਸਹੂਲਤਾਂ ਦੀ ਕਾਫੀ ਪ੍ਰਵਾਹ ਕੀਤੀ। ਹਾਂ, ਤੁਹਾਨੂੰ ਇਕ ਗੱਲ ਦੱਸਾਂ, ਮੈਂ ਹੁਣ ਤੱਕ ਜਿੰਨੀਆਂ ਵੀ ਫਿਲਮਾਂ ਕੀਤੀਆਂ ਹਨ, ਉਨ੍ਹਾਂ ਵਿਚੋਂ ਮੇਰੇ ਜ਼ਿਆਦਾਤਰ ਕੋ-ਸਟਾਰ ਉਨ੍ਹਾਂ ਫਿਲਮਾਂ ਦੇ ਪ੍ਰੋਡਿਊਸਰ ਵੀ ਰਹੇ ਹਨ, ਇਸ ਲਈ ਮੈਨੂੰ ਕਾਫੀ ਚੰਗੇ ਢੰਗ ਨਾਲ ਰੱਖਿਆ ਗਿਆ।

ਜਦੋਂ ਉਸ ਨੂੰ ਪੁੱਛਿਆ ਗਿਆ ਕਿ ਤੁਹਾਨੂੰ ਰਣਬੀਰ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਸੈਫ ਅਤੇ ਕਰੀਨਾ ਦੇ ਸਬੰਧ ਵੀ ਜਗ-ਜ਼ਾਹਿਰ ਹਨ। ਅਜਿਹੇ ਵਿਚ 'ਲਵ ਆਜ ਕਲ' ਵਰਗੀ ਰੋਮਾਂਟਿਕ ਫਿਲਮ ਕਰਨਾ ਕਿੰਨਾ ਔਖਾ ਰਿਹਾ ਤਾਂ ਉਸ ਨੇ ਕਿਹਾ ਕਿ ਅਸੀਂ ਦੋਵੇਂ ਪ੍ਰੋਫੈਸ਼ਨਲ ਐਕਟਰ ਹਾਂ। ਮੈਂ ਕਦੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਕਿ ਮੈਂ ਇਕੱਲੀ ਹਾਂ ਜਾਂ ਕਿਸੇ ਨਾਲ ਸਬੰਧ ਵਿਚ ਨਹੀਂ ਹਾਂ। ਪਰ ਹਾਂ, ਮੈਂ ਹੁਣ ਵੀ ਕਾਫੀ ਰੂੜੀਵਾਦੀ ਹਾਂ।

ਮੈਂ ਬਹੁਤ ਜ਼ਿਆਦਾ ਫ੍ਰੈਂਕ ਨਹੀਂ ਹਾਂ। ਮੈਂ ਸਿਰਫ ਉਨ੍ਹਾਂ ਨਾਲ ਖੁੱਲ੍ਹ ਸਕਦੀ ਹਾਂ, ਜਿਨ੍ਹਾਂ ਨਾਲ ਮੇਰੀ ਦੋਸਤੀ ਹੈ। ਮੇਰਾ ਮੰਨਣਾ ਹੈ ਕਿ ਪ੍ਰੋਫੈਸ਼ਨਲ ਤੌਰ 'ਤੇ ਜਿਹੜੀਆਂ ਚੀਜ਼ਾਂ ਸਹੀ ਹਨ, ਉਨ੍ਹਾਂ ਨੂੰ ਕਰਨ ਵਿਚ ਕੋਈ ਬੁਰਾਈ ਨਹੀਂ ਹੈ। ਇਸ ਫਿਲਮ ਵਿਚ ਕਰੀਨਾ ਨੂੰ ਲੈਣ ਬਾਰੇ ਉਸ ਨੇ ਕਿਹਾ ਕਿ ਮੈਂ ਇਸ ਬਾਰੇ ਨਹੀਂ ਸੁਣਿਆ, ਬਲਕਿ ਮੈਂ ਤਾਂ ਇਮਤਿਆਜ਼ ਜੀ ਤੋਂ ਇਹੀ ਸੁਣਿਆ ਹੈ ਕਿ ਉਹ ਇਸ ਫਿਲਮ ਲਈ ਮੈਨੂੰ ਹੀ ਲੈਣਾ ਚਾਹੁੰਦੇ ਸਨ।

ਆਪਣੀਆਂ ਆਉਣ ਵਾਲੀਆਂ ਫਿਲਮਾਂ ਬਾਰੇ ਦੱਸਦਿਆਂ ਦੀਪਿਕਾ ਨੇ ਕਿਹਾ, ਫਿਲਹਾਲ ਮੈਂ ਨਿਰਮਾਤਾ-ਅਭਿਨੇਤਾ ਫਰਹਾਨ ਅਖ਼ਤਰ ਦੀ ਵਿਜੇ ਲਾਲਵਾਨੀ ਨਿਰਦੇਸ਼ਿਤ 'ਕਾਰਤਿਕ ਕਾਲਿੰਗ ਕਾਰਤਿਕ' ਅਤੇ ਸਾਜ਼ਿਦ ਨਾਡਿਆਡਵਾਲਾ ਦੀ ਸਾਜਿਦ ਖ਼ਾਨ ਨਿਰਦੇਸ਼ਿਤ 'ਹਾਊਸ ਫੁੱਲ' ਕਰ ਰਹੀ ਹਾਂ। ਇਸ ਤੋਂ ਇਲਾਵਾ ਕਈ ਫਿਲਮਾਂ ਦੀ ਸਕ੍ਰਿਪਟ 'ਤੇ ਵੀ ਗੱਲ ਚੱਲ ਰਹੀ ਹੈ।

## ਚੰਗਾ ਖਾਓ ਅਤੇ ਤੰਦਰੁਸਤ ਰਹੋ

ਬਿਪਾਸ਼ਾ ਬਸੂ ਨੂੰ ਲੋਕ ਇਸ ਲਈ ਖ਼ੂਬਸੂਰਤ ਮੰਨਦੇ ਹਨ ਕਿਉਂਕਿ ਉਸ ਦਾ ਮੰਨਣਾ ਹੈ ਕਿ ਐਕਸਰਸਾਈਜ਼ ਅਤੇ ਫਿੱਟਨੈੱਸ ਦਾ ਸਬੰਧ ਸਿਰਫ ਚੰਗਾ ਨਜ਼ਰ ਆਉਣ ਨਾਲ ਨਹੀਂ ਹੈ। ਬਿਪਾਸ਼ਾ ਦਾ ਇਹ ਵੀ ਮੰਨਣਾ ਹੈ ਕਿ ਤੰਦਰੁਸਤ ਜਿਊਣ ਦਾ ਅਰਥ ਸਿਰਫ ਪਤਲਾ ਹੋਣਾ ਹੀ ਨਹੀਂ ਹੈ। ਇਸ ਦਾ ਅਸਲ ਅਰਥ ਹੈ ਚੰਗਾ ਖਾਣਾ ਅਤੇ ਚੰਗਾ ਸੌਣਾ। ਉਹ 'ਕ੍ਰੈਸ਼ ਐਂਡ ਫੈਡ' ਡਾਈਟਸ 'ਚ ਵੀ ਯਕੀਨ ਨਹੀਂ ਰੱਖਦੀ।



ਜਦੋਂ ਕਦੇ ਵੀ ਬਿਪਾਸ਼ਾ ਬਿਨਾ ਮੇਕਅੱਪ ਦੇ ਬਾਹਰ ਨਿਕਲਦੀ ਹੈ ਤਾਂ ਲੋਕ ਅਕਸਰ ਉਸ ਨੂੰ ਕੰਪਲੀਮੈਂਟ ਦਿੰਦੇ ਹਨ ਕਿ ਉਹ ਬਹੁਤ ਸਿਹਤਮੰਦ ਨਜ਼ਰ ਆਉਂਦੀ ਹੈ। ਉਹ ਕਹਿੰਦੀ ਹੈ ਕਿ ਡਾਈਟ ਦਾ ਅਰਥ ਇਹ ਨਹੀਂ ਹੈ ਕਿ ਤੁਸੀਂ ਖਾਓ ਹੀ ਨਾ, ਸਗੋਂ ਇਸ ਦਾ ਅਰਥ ਹੈ ਹੈਲਦੀ ਖਾਓ। ਉਸ ਦਾ ਮੰਨਣੈ ਕਿ ਤੰਦਰੁਸਤ ਰਹਿਣ ਦੇ ਕੋਈ ਸ਼ਾਰਟ ਕੱਟਸ ਨਹੀਂ ਹੁੰਦੇ। ਉਸ ਨੇ ਦੱਸਿਆ ਕਿ ਸਾਡਾ ਸਰੀਰ ਇਕ ਗੁੰਝਲਦਾਰ ਮਸ਼ੀਨ ਵਾਂਗ ਹੈ, ਜਿਸ ਨੂੰ ਜੇਕਰ ਤੁਸੀਂ ਜ਼ਰੂਰੀ ਪੋਸ਼ਣ ਨਾ ਦਿਓ ਤਾਂ ਇਹ ਮਸ਼ੀਨ ਫੇਲ੍ਹ ਹੋ ਜਾਵੇਗੀ।

## ਪੈਰਿਸ ਵਿਚ ਜੇਨੇਲੀਆ ਡਿਸੂਜ਼ਾ

ਨਿਰਦੇਸ਼ਕ ਸੰਜੇ ਗਵੜੀ ਨੇ ਫਿਲਮ '7 ਡੇਜ਼ ਇਨ ਪੈਰਿਸ' ਵਿਚ ਬਤੌਰ ਅਭਿਨੇਤਰੀ ਜੇਨੇਲੀਆ ਡਿਸੂਜ਼ਾ ਨੂੰ ਫਾਈਨਲ ਕਰ ਲਿਆ ਹੈ। ਫਿਲਮ ਵਿਚ ਇਮਰਾਨ ਖ਼ਾਨ ਅਭਿਨੇਤਾ ਹਨ ਅਤੇ ਨਾਇਕਾ ਲਈ ਸੰਜੇ ਨੂੰ ਸਖ਼ਤ ਮੁਸ਼ਕਲ ਵਿਚੋਂ ਲੰਘਣਾ ਪਿਆ ਹੈ। ਕੈਟਰੀਨਾ ਕੈਫ ਤੋਂ ਲੈ ਕੇ ਪ੍ਰਿਯੰਕਾ ਚੋਪੜਾ ਅਤੇ ਕਰੀਨਾ ਤਕ ਦੇ ਨਾਵਾਂ ਦੀ ਚਰਚਾ ਤੋਂ ਬਾਅਦ ਜੇਨੇਲੀਆ ਦੇ ਚੁਣੇ ਜਾਣ ਤੋਂ ਬਾਅਦ ਨਿਸ਼ਚਿਤ ਤੌਰ 'ਤੇ ਨਿਰਮਾਤਾ-ਨਿਰਦੇਸ਼ਕ ਨੇ ਸੁੱਖ ਦਾ ਸਾਹ ਲਿਆ ਹੋਵੇਗਾ।

ਗੌਰਤਲਬ ਹੈ ਕਿ ਫਿਲਮ '7 ਡੇਜ਼ ਇਨ ਪੈਰਿਸ' ਆਪਣੀ ਅਭਿਨੇਤਰੀ ਨੂੰ ਲੈ ਕੇ ਸ਼ੁਰੂਆਤ ਤੋਂ ਹੀ ਚਰਚਾ ਵਿਚ ਰਹੀ। ਸਾਰਿਆਂ ਤੋਂ ਪਹਿਲਾਂ ਕੈਟਰੀਨਾ ਕੈਫ ਨੂੰ ਲੈਣ ਦੀ ਚਰਚਾ ਸੀ, ਪਰ ਉਨ੍ਹਾਂ ਨੇ ਸਕ੍ਰਿਪਟ ਵਿਚ ਫੇਰਬਦਲ ਤੋਂ ਬਾਅਦ ਫਿਲਮ ਨੂੰ ਛੱਡਣਾ ਹੀ ਉਚਿਤ ਸਮਝਿਆ। ਕੈਟੀ ਬੇਬੀ ਦੇ ਜਾਣ ਤੋਂ ਬਾਅਦ ਨਿਰਮਾਤਾ ਨੇ ਕਰੀਨਾ ਕਪੂਰ ਨੂੰ ਲੈ ਕੇ ਅਸਿਨ ਤੱਕ ਨਾਲ ਗੱਲ ਚਲਾਈ, ਪਰ ਦੋਵਾਂ ਨੇ ਹੋਰ ਫਿਲਮਾਂ ਦੇ ਰੁਝੇਵਿਆਂ ਦੇ ਚੱਲਦੇ ਪਿਆਰ ਨਾਲ ਨਾਂਹ ਕਰ ਦਿੱਤੀ।



## ਹੁਣ ਲਾਰਾ ਦੇਣ ਲੱਗੀ ਸਫਾਈ

ਅਜਿਹਾ ਲੱਗਦਾ ਹੈ ਕਿ ਲਾਰਾ ਦੱਤਾ ਹੁਣ ਆਪਣੇ ਨਾਲ ਜੁੜੀਆਂ ਚਰਚਾਵਾਂ 'ਤੇ ਸਫਾਈ ਦੇਣ ਦੇ ਮੂਡ ਵਿਚ ਆਈ ਹੈ। ਅਜਿਹਾ ਉਹ ਉਦੋਂ ਕਰ ਰਹੀ ਹੈ, ਜਦੋਂ ਡੀਨੋ ਮੋਰਿਆ ਨਾਲ ਉਸ ਦੇ ਸਬੰਧ ਅਤੇ ਫਿਰ ਤੋੜ ਵਿਛੋੜੇ ਦੀ ਚਰਚਾ ਜ਼ੋਰਾਂ 'ਤੇ ਹੈ।



ਇਥੇ ਭੁੱਲਣਾ ਨਹੀਂ ਚਾਹੀਦਾ ਕਿ ਡੀਨੋ ਇਸ ਬਾਰੇ ਸਾਰੀਆਂ ਅਫਵਾਹਾਂ ਨੂੰ ਪਹਿਲਾਂ ਹੀ ਖਾਰਜ ਕਰ ਚੁੱਕੇ ਹਨ। ਲਾਰਾ ਦਾ ਕਹਿਣਾ ਹੈ ਕਿ ਕੈਲੀ ਦਰੋਜੀ ਤੋਂ ਬਾਅਦ ਉਨ੍ਹਾਂ ਦੀ ਜ਼ਿੰਦਗੀ ਵਿਚ ਕੋਈ ਦੂਜਾ ਮਰਦ ਨਹੀਂ ਆਇਆ। ਇਹੀ ਨਹੀਂ, ਉਨ੍ਹਾਂ ਦਾ ਮੰਨਣਾ ਹੈ ਕਿ ਡੀਨੋ ਉਨ੍ਹਾਂ ਦੇ ਸਿਰਫ ਚੰਗੇ ਦੋਸਤ ਹਨ।

ਕੈਲੀ ਤੋਂ ਤੋੜ ਵਿਛੋੜੇ ਤੋਂ ਬਾਅਦ ਉਹ ਕਹਿੰਦੀ ਹੈ, '9 ਸਾਲ ਤੱਕ ਅਸੀਂ ਇਕੱਠੇ ਰਹੇ। ਕੈਲੀ ਨਾਲ ਆਪਣੇ ਸਬੰਧਾਂ ਨੂੰ ਹੋਰ ਅੱਗੇ ਵਧਾਉਂਦੀ, ਅਜਿਹਾ ਕੁਝ ਨਹੀਂ ਬਚਿਆ ਸੀ। ਇਹ ਵੀ ਸੱਚ ਹੈ ਕਿ ਕੈਲੀ ਤੋਂ ਬਾਅਦ ਮੇਰੀ ਜ਼ਿੰਦਗੀ ਵਿਚ ਕੋਈ ਦੂਜਾ ਮਰਦ ਨਹੀਂ ਆਇਆ। ਹਾਲਾਂਕਿ ਡੀਨੋ ਨਾਲ ਮੇਰੇ ਸਬੰਧਾਂ 'ਤੇ ਮੀਡੀਆ ਵਿਚ ਕਾਫੀ ਕੁਝ ਲਿਖਿਆ ਗਿਆ।'

## ਸਲਮਾਨ ਖਾਨ ਨੂੰ ਆਖਰੀ ਉਮੀਦ

ਇਕ ਸਮਾਂ ਸੀ ਜਦੋਂ ਸਲਮਾਨ ਸੰਗੀਤਾ ਬਿਜਲਾਨੀ, ਸੋਮੀ ਅਲੀ, ਐਸ਼ਵਰਿਆ ਅਤੇ ਕੈਟਰੀਨਾ ਕੈਫ ਦਾ ਗੌਡ ਫਾਦਰ ਬਣਿਆ ਹੋਇਆ ਸੀ ਅਤੇ ਅਜਿਹੀਆਂ ਖ਼ਬਰਾਂ ਆ ਰਹੀਆਂ ਸਨ ਕਿ ਉਹ ਇਨ੍ਹਾਂ ਅਭਿਨੇਤਰੀਆਂ ਦੇ ਕੈਰੀਅਰ ਨੂੰ ਪੁਸ਼ ਕਰ ਰਿਹਾ ਹੈ, ਪਰ ਅੱਜ ਸਲਮਾਨ ਇਕ ਬੁਰੇ ਦੌਰ 'ਚੋਂ ਲੰਘ ਰਿਹਾ ਹੈ।

ਪਿਛਲੇ ਕੁਝ ਸਮੇਂ ਤੋਂ ਸਲਮਾਨ ਨੂੰ ਲਗਾਤਾਰ ਅਸਫਲਤਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੁਣ ਉਸ ਦੀ ਆਖਰੀ ਆਸ ਅਸਿਨ ਨਾਲ ਉਸ ਦੀ ਆਉਣ ਵਾਲੀ ਫਿਲਮ 'ਲੰਡਨ ਡ੍ਰੀਮਜ਼' 'ਤੇ ਟਿਕੀ ਹੋਈ ਹੈ।

ਜਿਵੇਂ ਕਿ ਪਾਠਕ ਜਾਣਦੇ ਹਨ, ਅਸਿਨ ਉਹ ਅਭਿਨੇਤਰੀ ਹੈ, ਜਿਸ ਨੇ ਫਿਲਮ 'ਗਜਨੀ' 'ਚ ਆਮਿਰ ਖ਼ਾਨ ਨਾਲ ਜ਼ਬਰਦਸਤ ਅਭਿਨੈ ਕਰਕੇ ਆਪਣੀ ਪ੍ਰਤਿਭਾ ਦਾ ਸਬੂਤ ਦਿੱਤਾ ਸੀ। ਜਦੋਂ 'ਗਜਨੀ' ਨਿਰਮਾਣ ਅਧੀਨ ਸੀ ਤਾਂ ਉਦੋਂ ਹੀ ਵਿਪੁਲ ਸ਼ਾਹ ਨੇ ਸਲਮਾਨ ਦੇ ਆਯੋਜਿਤ 'ਲੰਡਨ ਡ੍ਰੀਮਜ਼' ਲਈ ਅਸਿਨ ਨੂੰ ਸਾਈਨ ਕੀਤਾ ਸੀ।



# ਡੁੱਬ ਰਹੇ ਬਾਲੀਵੁੱਡ ਨੂੰ ਫਿਲਮ 'ਨਿਊਯਾਰਕ' ਨੇ ਦਿੱਤਾ ਸਹਾਰਾ

'ਨਿਊਯਾਰਕ' ਨੇ ਇੰਡਸਟਰੀ ਦੀ ਹਾਲਤ ਸੁਧਾਰ ਦਿੱਤੀ ਹੈ। ਯਸ਼ ਚੋਪੜਾ ਦੀ ਇਸ ਫਿਲਮ ਨੇ ਅਜਿਹੀ ਸ਼ੁਰੂਆਤ ਕੀਤੀ ਕਿ ਇੰਡਸਟਰੀ ਦੇਖਦੀ ਰਹਿ ਗਈ। ਸ਼ਾਇਦ ਆਦਿਤਿਆ ਚੋਪੜਾ ਨੇ ਵੀ ਨਹੀਂ ਸੋਚਿਆ ਹੋਵੇਗਾ ਕਿ ਉਨ੍ਹਾਂ ਦੀ ਫਿਲਮ ਨੂੰ ਅਜਿਹੀ ਵਧੀਆ ਸ਼ੁਰੂਆਤ ਮਿਲੇਗੀ। ਨੌਂ ਹਫਤਿਆਂ ਦੀ ਹੜਤਾਲ ਤੋਂ ਬਾਅਦ 'ਕਲ ਕਿਸਨੇ ਦੇਖਾ' ਅਤੇ 'ਪੇਇੰਗ ਗੈਸਟ' ਰਿਲੀਜ਼ ਹੋਈਆਂ, ਪਰ ਦੋਵੇਂ ਫਿਲਮਾਂ ਬਾਕਸ ਆਫਿਸ 'ਤੇ ਪਿਟ ਗਈਆਂ। 'ਨਿਊਯਾਰਕ' ਵਿਚ ਜਾਨ, ਕੈਟਰੀਨਾ ਅਤੇ ਨੀਲ ਵਰਗੇ ਖ਼ੂਬਸੂਰਤ ਕਲਾਕਾਰ ਹਨ। ਇਹ ਯਸ਼ ਚੋਪੜਾ ਦੇ ਬੈਨਰ ਹੇਠ ਬਣੀ ਫਿਲਮ ਹੈ, ਜਿਸ ਦਾ ਪ੍ਰਮੋਸ਼ਨ ਜੰਮ ਕੇ ਕੀਤਾ ਗਿਆ ਹੈ। ਇਸ ਕਾਰਨ ਫਿਲਮ ਨੂੰ ਸ਼ੁਰੂਆਤ ਚੰਗੀ ਮਿਲਣੀ ਸੀ ਅਤੇ ਮਿਲੀ।

ਚੋਪੜਾ ਪਰਿਵਾਰ ਨੇ ਫਿਲਮ ਨੂੰ ਬਣਾਉਣ ਲਈ ਕਰੀਬ 20 ਕਰੋੜ ਰੁਪਏ ਖਰਚ ਕੀਤੇ ਹਨ। ਕਰੀਬ ਪੰਜ ਕਰੋੜ ਰੁਪਏ ਫਿਲਮ ਦੀ ਮਾਰਕਟਿੰਗ ਅਤੇ ਪ੍ਰਿੰਟਾਂ ਲਈ ਖਰਚ ਕੀਤੇ ਗਏ। 25 ਕਰੋੜ ਦੀ ਲਾਗਤ ਦੇ ਬਦਲੇ ਫਿਲਮ ਨੂੰ ਕਰੀਬ 30-32 ਕਰੋੜ ਰੁਪਏ ਮਿਲਣਗੇ। ਫਿਲਮ ਦੀ ਸ਼ੁਰੂਆਤ ਹੀ ਇੰਨੀ ਵਧੀਆ ਹੋਈ ਕਿ ਪਹਿਲੇ ਦਿਨ ਹੀ ਸਮਝ ਆ ਗਈ ਕਿ ਫਿਲਮ ਨੂੰ ਕਮਾਈ ਜ਼ਰੂਰ ਹੋਵੇਗੀ। ਹਾਂ, ਇਹ ਜ਼ਰੂਰ ਹੈ ਕਿ ਮਲਟੀਪਲੈਕਸਾਂ ਅਤੇ ਵੱਡੇ ਸ਼ਹਿਰਾਂ ਵਿਚ ਇਸ ਦੇ ਅੰਕੜੇ ਚੰਗੇ ਹਨ, ਜਦੋਂਕਿ ਛੋਟੇ ਸ਼ਹਿਰਾਂ ਅਤੇ ਸਿੰਗਲ ਸਕ੍ਰੀਨ ਸਿਨੇਮਾਘਰਾਂ ਵਿਚ ਇੰਨੇ ਰੋਮਾਂਚਕ ਨਹੀਂ ਹਨ। ਜਿਥੇ ਇਸ ਫਿਲਮ ਦਾ ਚੰਗਾ ਕਾਰੋਬਾਰ ਕਰਨਾ ਬਾਲੀਵੁੱਡ ਲਈ ਰਾਹਤ ਦੀ ਗੱਲ ਸਾਬਤ ਹੋਇਆ ਹੈ, ਉਥੇ ਯਸ਼ ਚੋਪੜਾ ਨੇ ਇਕ ਵਾਰ ਫਿਰ ਆਪਣਾ ਲੋਹਾ ਮਨਵਾਇਆ ਹੈ। ਇਸ ਦੀ ਇਕ ਮਿਸਾਲ ਹਾਲ ਹੀ ਵਿਚ ਰਿਲੀਜ਼ ਹੋਈ ਯਸ਼ ਰਾਜ ਬੈਨਰ ਦੀ ਫਿਲਮ 'ਰਬ ਨੇ ਬਨਾ ਦੀ ਜੋੜੀ' ਤੋਂ ਬਾਖ਼ੂਬੀ ਮਿਲਦੀ ਹੈ।



ਮਜ਼ੇਦਾਰ ਗੱਲ ਇਹ ਹੈ ਕਿ ਇਕ ਮਹੀਨੇ ਤੋਂ ਜਾਨ ਬਸਾਖੀਆਂ ਦੇ ਸਹਾਰੇ ਚੱਲ ਰਹੇ ਸਨ। ਉਨ੍ਹਾਂ ਨੂੰ 'ਹੁਕ ਜਾਂ ਕਰੁਕ' ਦੀ ਸ਼ੂਟਿੰਗ ਦੌਰਾਨ ਸੱਟ ਲੱਗ ਗਈ ਸੀ। ਇਸ ਕਾਰਨ ਉਨ੍ਹਾਂ ਦੇ ਪੈਰ ਵਿਚ ਫ੍ਰੈਕਚਰ ਹੋ ਗਿਆ। ਬਸਾਖੀ ਸਹਾਰੇ ਚੱਲਣ ਵਾਲੇ ਸਟਾਰ ਨੇ ਇੰਡਸਟਰੀ ਦੀ ਹਾਲਤ ਸੁਧਾਰ ਦਿੱਤੀ, ਜਦੋਂਕਿ ਫਿਲਮ ਇੰਡਸਟਰੀ ਖ਼ੁਦ ਤਿੰਨ ਮਹੀਨਿਆਂ ਤੋਂ ਬਸਾਖੀਆਂ 'ਤੇ ਹੀ ਚੱਲ ਰਹੀ ਹੈ।

# ਦੇਹ ਦਾ ਦਰਦ ਹੀ ਰਾਹ ਦਸੇਰਾ ਸੀ ਫਰੀਦਾ ਲਈ

ਭਾਲਣਾ, ਇਸ ਕੰਪਨ ਨੂੰ ਮਰਦਾਂ, ਔਰਤਾਂ, ਮੁਟਿਆਰਾਂ, ਬਾਲਕਾਂ ਅਤੇ ਬਾਲਕਾਵਾਂ ਦੀਆਂ ਉਮੰਗਾਂ ਅਨੁਸਾਰ ਪਰਖਣਾ, ਇਸ ਪਰਖ ਦੇ ਆਧਾਰ 'ਤੇ ਨਵੀਨ ਪਸਮੰਜ਼ਰ ਦੀ ਆਸ ਪੁਗਾਉਣਾ ਆਦਿ, ਉਸ ਦੀ ਚਿੱਤਰਕਾਰੀ ਦੇ ਮੁੱਖ ਉਦੇਸ਼ ਸਨ। ਇਨ੍ਹਾਂ ਉਦੇਸ਼ਾਂ ਨਾਲ ਵਫ਼ਾ ਨਿਭਾਉਣ ਖਾਤਰ ਉਸਨੂੰ ਲੱਗਣ ਲੱਗਾ ਕਿ ਇਸਨੂੰ ਆਧਾਰ ਬਣਾਉਣ ਤੋਂ ਬਿਨਾ ਕੋਈ ਕਲਾ, ਚਿੱਤਰਕਾਰੀ ਤਾਂ ਖਾਸ ਕਰ, ਪ੍ਰਫੁਲਿਤ ਹੀ ਨਹੀਂ ਹੋ ਸਕਦੀ। ਇਥੋਂ ਤੱਕ ਕਿ ਧਾਰਮਿਕ ਕਲਾ ਦਾ ਵੀ ਇਸ ਤੋਂ ਬਿਨਾ ਗੁਜ਼ਾਰਾ ਨਹੀਂ।

ਅੰਮ੍ਰਿਤਾ ਦੀ ਜ਼ਾਤੀ ਜ਼ਿੰਦਗੀ ਲਈ ਇਸਦੇ ਜੋ ਪਰਿਣਾਮ ਬਣੇ ਉਨ੍ਹਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਪਹਿਲਾ ਤਾਂ ਇਹ ਕਿ ਚਿੱਤਰਕਾਰੀ ਕਰਨਾ ਸ਼ੌਕ ਤੋਂ ਅਗਾਂਹ, ਪੇਸ਼ੇ ਤੋਂ ਵੀ ਉਪਰ, ਉਸ ਲਈ ਕਸਬ ਬਣ ਗਿਆ। ਪੂਰੀ ਲਗਨ ਅਤੇ ਤਨਦੇਹੀ ਨਾਲ ਇਸਨੂੰ ਅਰਪਿਤ ਹੋਣਾ ਉਸਦਾ ਨਸੀਬ ਹੋ ਨਿਬੜਿਆ। ਸੁਭਾਵਕ ਹੀ ਕਾਮ-ਸਬੰਧ ਉਸ ਲਈ ਥਕਾਵਟ ਅਤੇ ਤਣਾਉ ਤੋਂ ਰਾਹਤ ਭਾਲਣ ਦਾ ਸਾਧਨ ਬਣ ਕੇ ਰਹਿ ਗਏ। ਹੋਰਾਂ ਇੰਦਰੀਆਂ, ਅੱਖ, ਕੰਨ, ਨੱਕ, ਚਮੜੀ ਰਾਹੀਂ ਪਥਰਾਏ ਜੀਵਨ ਦੇ ਮੂਲਾਂ ਤੱਕ ਉਤਰਨ ਤੋਂ ਜੋ ਉਸਨੂੰ ਸਰੀਰਕ ਨਿਢਾਲਤਾ ਦਾ ਸਾਹਮਣਾ ਕਰਨਾ ਪੈਂਦਾ ਸੀ, ਤੋਂ ਨਵਿਰਤੀ ਦਾ ਸ੍ਰੋਤ ਕਾਮ ਹੀ ਬਣ ਗਿਆ। ਸਦਾਚਾਰ ਨਾਲ ਜੋ ਇਸਦਾ ਵਾਸਤਾ ਦਰਸਾਇਆ ਗਿਆ ਸੀ, ਇਸ਼ਕ ਰਾਹੀਂ ਇਕ ਮਰਦ ਨਾਲ ਉਮਰ ਭਰ ਵਫਾ ਨਿਭਾਉਣ, ਸ਼ਾਦੀ ਰਾਹੀਂ ਪਰਿਵਾਰਕ ਜੀਵਨ ਦਾ ਵਾਹਨ ਬਣਨ, ਉਲਾਦ ਪੈਦਾ ਕਰਕੇ ਖਾਵੰਦ ਦੀ ਕਹਿਣੀ ਨੂੰ ਕਰਨੀ ਵਿਚ ਬਦਲਣ, ਆਦਿ ਸਰੋਕਾਰਾਂ ਨਾਲ ਅੰਮ੍ਰਿਤਾ ਦੀ ਕੋਈ ਭਾਵੁਕ ਸਾਂਝ ਨਾ ਰਹੀ।

ਉਸਦੀ ਆਪਣੀ ਦੇਹ ਲਈ ਇਸ ਤਰਜ਼ ਦੀ ਜ਼ਿੰਦਗੀ ਨਾਲ ਜੋ ਖਤਰਾ ਖੜਾ ਹੋ ਸਕਦਾ ਸੀ, ਉਸ ਬਾਰੇ ਪੂਰੀ ਤਰ੍ਹਾਂ ਬਾਖਬਰ ਹੋਣਾ ਵੀ ਅੰਮ੍ਰਿਤਾ ਨੂੰ ਅਟੱਲ ਨਾ ਲੱਗਾ। ਕੱਚੀ ਉਮਰ ਵਿਚ ਹੀ ਉਸਨੂੰ ਗਰਭਪਾਤ ਕਰਵਾਉਣਾ ਪਿਆ, ਜਿਸ ਖਾਤਰ ਉਸ ਪੜਾਅ 'ਤੇ ਸਾਧਨ ਜੁਟਾਉਣੇ ਆਸਾਨ ਨਹੀਂ ਸਨ। ਇਹ ਤਾਂ ਉਸਦੇ ਵਡੇਰੀ ਉਮਰ ਦੇ ਸ਼ੁਭ-ਚਿੰਤਕ ਭਾਵ ਉਸਦੇ ਮਾਮੇ ਇਰਵਿਨ ਬਕਤਿ ਨੇ ਉਸਨੂੰ ਮਰਦ ਨਾਲ ਸੰਭੋਗ ਕਰਨ ਦੇ ਖਤਰੇ ਤੋਂ ਸੁਚੇਤ ਕੀਤਾ ਕਿ ਉਸ ਲਈ ਸਮਲਿੰਗੀ ਸਬੰਧ ਕਬੂਲ ਕਰਨ ਤੋਂ ਕੋਈ ਸੰਕੋਚ ਨਾ ਰਿਹਾ। ਉਸਨੂੰ ਲੱਗਾ ਕਿ ਗਰਭਵਤੀ ਹੋ ਜਾਣ ਦੇ ਖਤਰੇ ਤੋਂ ਤਾਂ ਇਹ ਮੁਕਤ ਕਰਦਾ ਸੀ। ਕਿਉਂਕਿ ਔਰਤ-ਮਰਦ ਦੇ ਕਾਮ-ਸਬੰਧ ਦਾ ਇਹ ਦਰਪਨੀ ਦੁਹਰਾਉ ਹੀ ਸੀ, ਇਸ ਲਈ ਸਮਲਿੰਗੀ ਸਬੰਧ ਦਾ ਉਸ ਲਈ ਪ੍ਰਥਮ ਮਹੱਤਵ ਨਾ ਬਣ ਸਕਿਆ। ਪ੍ਰਥਮ ਮਹੱਤਵ ਉਸ ਲਈ ਮਰਦ ਨਾਲ ਕਾਮ-ਸਬੰਧ ਦਾ ਹੀ ਰਿਹਾ, ਜਿਸਨੂੰ ਦੋ ਮਿਆਰਾਂ ਤੋਂ ਅਗਾਂਹ ਪਰਖਣਾ ਪਰ ਉਸਦੇ ਨਸੀਬ ਵਿਚ ਨਾ ਆਇਆ।

ਪਹਿਲਾ ਮਿਆਰ ਸੀ ਮੌਜ ਦੇ ਅਹਿਸਾਸ ਨਾਲ ਬੱਝਾ ਹੋਇਆ, ਜਿਸ ਦਾ ਅੰਮ੍ਰਿਤਾ ਨੇ ਇਹ ਕਹਿਕੇ ਸਮਰਥਨ ਕੀਤਾ, ''ਮੈਂ ਆਪਣੇ ਹੁਸਨ ਦਾ ਆਨੰਦ ਮਾਣਾਂਗੀ ਕਿਉਂਕਿ ਇਸ ਦੀ ਮਿਆਦ ਛੋਟੀ ਹੈ। ਆਨੰਦ ਵੀ ਥੋੜੇ ਵਕਤ ਲਈ ਹੁੰਦਾ ਹੈ।'' ਨਾਲ ਹੀ ਜਦ ਉਹ ਕਹਿ ਦਿੰਦੀ ਸੀ, ''ਰੱਬ ਦਾ ਸ਼ੁਕਰ ਐ ਮੇਰੇ ਕੋਲ ਹੁਸਨ ਬਿਨਾ ਹੋਰ ਵੀ ਗੁਣ ਹਨ,'' ਤਾਂ ਇਸ ਮਿਆਰ ਵਿਚ ਜੋ ਕੁਦਰਤ ਤੋਂ ਪ੍ਰੇਰਿਤ ਖਾਸੀਅਤ ਸੀ, ਉਹ ਕਲਾ ਨੂੰ ਰਚਣ ਵਾਲੀ ਕੈਫੀਅਤ ਵਿਚ ਬਦਲ ਜਾਣ ਦਾ ਇਕਰਾਰ ਹੋਣ ਲੱਗ ਪੈਂਦੀ ਸੀ। ਦੂਜਾ ਮਿਆਰ ਇਸ ਕਥਨ ਵਿਚ ਦਰਜ ਹੈ ਕਿ, ''ਪਿਆਰ ਤਾਂ ਮੈਨੂੰ ਹੋਇਆ ਹੀ ਰਹਿੰਦਾ ਹੈ। ਮੇਰੇ ਲਈ ਵਡਭਾਗੀ ਅਤੇ ਦੂਜੇ ਲਈ ਮੰਦਭਾਗੀ ਗੱਲ ਪਰ ਇਹ ਹੈ ਕਿ ਕਿਸੇ ਸਿਤਮ ਦੇ ਵਾਪਰ ਜਾਣ ਤੋਂ ਪਹਿਲਾਂ ਮੈਂ ਪਿਆਰ ਵਿਚੋਂ ਬਾਹਰ ਆ ਜਾਂਦੀ ਹਾਂ ਜਾਂ ਕਿਸੇ ਹੋਰ ਨੂੰ ਪਿਆਰ ਕਰਨ ਲੱਗ ਪੈਂਦੀ ਹਾਂ।'' ਵਾਸਤਵ ਵਿਚ ਪਹਿਲੀ ਅਵਸਥਾ ਦੇ ਅੰਤ ਨੂੰ ਪਹੁੰਚਣ ਅਤੇ ਦੂਜੀ ਅਵਸਥਾ ਦੇ ਆਰੰਭ ਹੋਣ ਲਈ ਸਮੇਂ ਦੀ ਲੋੜ ਹੁੰਦੀ ਸੀ। ਲੋੜੀਂਦੇ ਸਮੇਂ ਨੂੰ ਪੂਰੀ ਮਿਆਦ ਬਖਸ਼ ਕੇ ਅੰਮ੍ਰਿਤਾ ਆਪਣਾ ਸਹਿਜ ਕਾਇਮ ਰੱਖਣ ਵਿਚ ਸਫਲ ਹੋ ਜਾਂਦੀ ਸੀ। ਇਥੇ ਵੀ ਜਿੰਨਾ ਮਰਜ਼ੀ ਬੰਧਨ-ਮੁਕਤ ਹੋਣ ਦੀ ਉਹ ਕਾਮਨਾ ਕਰਦੀ ਸੀ, ਕੁਝ ਨਾ ਕੁਝ ਬੰਧਨ-ਯੁਕਤ ਤਾਂ ਉਸਨੂੰ ਫੇਰ ਵੀ ਹੋਣਾ ਪੈਂਦਾ ਸੀ।

ਉਸਦੀ ਆਪਣੀ ਦੇਹ ਲਈ ਗੁਪਤ ਅੰਗ ਦੇ ਰੋਗ ਦਾ ਖਤਰਾ ਤਾਂ ਹੈ ਹੀ ਸੀ ਜਿਸ ਦਾ ਅੰਮ੍ਰਿਤਾ ਨੂੰ ਸਾਹਮਣਾ ਕਰਨਾ ਪਿਆ, ਪਰ ਇਸ ਤੱਥ ਨੂੰ ਉਸਨੇ ਚਿੰਤਨ, ਚਿੰਤਾ ਅਤੇ ਚੇਤਨਾ ਨਾਲ ਓਤ ਪੋਤ ਸੱਚ ਦੇ ਨੇੜੇ ਨਾ ਆਉਣ ਦਿੱਤਾ। ਜੇ ਆਉਣ ਦਿੰਦੀ ਤਾਂ ਉਸਦੇ ਸਵੈ-ਚਿੱਤਰਾਂ ਦੀ ਗਿਣਤੀ ਵਿਚ ਵੀ ਵਾਧਾ ਨਹੀਂ ਸੀ ਹੋਣਾ, ਸਗੋਂ ਹੋਰ ਸਰੋਕਾਰਾਂ ਨੂੰ ਵੀ ਚਿੱਤਰੇ ਜਾਣ ਦਾ ਅਵਸਰ ਮਿਲ ਜਾਣਾ ਸੀ। ਪਥਰਾਇਆ ਜੀਵਨ ਜੋ ਉਸਦੀ ਚਿੱਤਰਕਾਰੀ ਦਾ ਪ੍ਰਥਮ ਲਗਾਅ ਬਣਿਆ ਰਿਹਾ, ਇਸਦੀ ਦਿਸ਼ਾ ਅਤੇ ਦਸ਼ਾ ਨੂੰ ਵੀ ਨਵੀਂ ਸੇਧ ਮਿਲ ਜਾਣੀ ਸੀ। ਪਰ ਐਨਾ ਕੁਝ ਨਜਿੱਠਣ ਲਈ ਉਮਰ ਭਰ ਦੀ ਘਾਲਣਾ ਚਾਹੀਦੀ ਹੈ। ਅੰਮ੍ਰਿਤਾ ਨੂੰ ਪੰਜ ਛੇ ਸਾਲ ਹੀ ਨਸੀਬ ਹੋਏ, ਜਿਨ੍ਹਾਂ ਦੌਰਾਨ ਉਹ ਅਦਭੁੱਤ ਪ੍ਰਾਪਤੀ ਦੀ ਭਾਗੀ ਬਣ ਗਈ। ਜੇ ਇਸ ਵਿਚ ਘਾਟ ਰਹਿ ਗਈ ਤਾਂ ਦੋਸ਼ ਕੁਦਰਤ ਦਾ ਹੈ, ਜਿਸਨੇ ਮੁਹਤ ਨੂੰ ਅਟੱਲ ਬਣਾ ਕੇ ਉਸਨੂੰ ਮੁਹੱਲਤ ਤੋਂ ਮਹਿਰੂਮ ਕਰ ਦਿੱਤਾ।

ਵੱਖਰੀ ਤਰ੍ਹਾਂ ਦੀ ਹੋਣ ਦੇ ਬਾਵਜੂਦ ਚਿੱਤਰਕਾਰੀ ਨੂੰ ਅੰਮ੍ਰਿਤਾ ਦੀ ਦੇਣ ਫਰੀਦਾ ਕੱਹਲੋ ਨਾਲੋਂ ਘੱਟ ਨਹੀਂ। ਬਹੁਤ ਹੀ ਦੁਖਦਾਈ ਹਾਲਾਤ ਵਿਚ ਫਰੀਦਾ ਨੂੰ ਤਾਂ ਫੇਰ ਵੀ ਪੱਚੀ ਸਾਲ ਨਸੀਬ ਹੋਏ ਸਨ। ਦਿਲਚਸਪ ਗੱਲ ਇਹ ਹੈ ਕਿ ਦੋਨਾਂ ਵਲੋਂ ਬਣਾਏ ਚਿੱਤਰਾਂ ਦੀ ਗਿਣਤੀ ਡੇਢ ਸੌ ਦੇ ਕਰੀਬ ਲਗਭਗ ਇਕੋ ਜਿੰਨੀ ਹੈ। ਜੇ ਇਕ ਪਾਸੇ ਦੋਨਾਂ ਦੇ ਚਿੱਤਰ ਬੰਜਰ ਧਰਤੀ ਨੂੰ ਹਰੀ ਭਰੀ ਬਣਾਉਣ ਲਈ ਉਸ ਉੱਤੇ ਵਾਹੇ ਸਿਆੜਾਂ ਵਾਂਗ ਹਨ ਤਾਂ ਦੂਜੇ ਪਾਸੇ ਸਾਗਰ 'ਤੇ ਰੰਗੀਨ ਲੀਹਾਂ ਪਾਉਣ ਤੋਂ ਵੀ ਕਿਸੇ ਗੱਲੋਂ ਘੱਟ ਨਹੀਂ, ਜਿਸ ਵਿਚ ਰਲ ਕੇ ਸੱਭੇ ਰੰਗ ਬੇਰੰਗ ਹੋ ਜਾਂਦੇ ਹਨ। ਅੰਤਿਮ ਸੱਚ ਦੇ ਸਹਿਜ ਤੋਂ ਮਿਲਣ ਵਾਲਾ ਚੈਨ ਫਰੀਦਾ ਅਤੇ ਨਾ ਅੰਮ੍ਰਿਤਾ ਦੀ ਚਿੱਤਰਕਾਰੀ ਦਾ ਲਖਸ਼ ਸੀ। ਜੋ ਲਖਸ਼ ਸੀ ਤਾਂ ਅੰਤਹੀਣ ਬੇਚੈਨੀ ਦੀ ਪੇਸ਼ਕਾਰੀ, ਜਿਸ ਖਾਤਰ ਜੇ ਇਕ ਨੇ ਪਾਸ਼ ਪਾਸ਼ ਹੋਏ ਅੰਗਾਂ ਨੂੰ ਕਾਰਗਰ ਕਰੀ ਰੱਖਿਆ ਤਾਂ ਦੂਜੀ ਨੇ ਦਹਿਕਦੀ ਦੇਹ ਨੂੰ ਲਾਹੇ ਲਾ ਦਿੱਤਾ। ਦੋਨਾਂ ਵਿਚਲਾ ਇਹ ਨਾਤਾ ਤੁਲਨਾ ਨਾਲੋਂ ਵੀ ਅਗਾਂਹ ਸੰਵਾਦ ਦਾ ਭਾਗੀ ਹੈ ਜਿਸਦੀਆਂ ਪਰਤਾਂ ਨੂੰ ਵਿਵੇਕ ਤੱਕ ਸੀਮਤ ਕਰ ਲੈਣਾ ਕਾਫੀ ਨਹੀਂ। ਤਸੱਵਰ ਅਤੇ ਯਾਦ ਦਾ ਵੀ ਨਾਲ ਹੀ ਸੰਜੋਗ ਵਿਚ ਆਉਣਾ ਜ਼ਰੂਰੀ ਹੈ। **(ਸਮਾਪਤ)**

# ਰਾਜਿੰਦਰ ਰਾਹੀ ਨੂੰ ਹੇਜ ਪੰਜਾਬ ਦਾ ਜਾਂ...

ਧਨੀ ਕਿਸਾਨੀ ਦੇ ਪੂੰਜੀ ਨਿਵੇਸ਼ ਵਿਚ ਖੜੋਤ ਆ ਗਈ। ਪੰਜਾਬ ਦੇ ਆਰਥਿਕ ਸੰਕਟ ਨੂੰ ਧਾਰਮਿਕ ਰੰਗਣ ਦੇ ਕੇ ਅਕਾਲੀਆਂ ਨੇ ਇਹਨੂੰ ਸਿੱਖ ਕੌਮ ਦਾ ਸੰਕਟ ਬਣਾ ਕੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਜਿਸਨੇ ਆਨੰਦਪੁਰ ਸਾਹਿਬ ਦੇ ਮਤੇ ਦਾ ਰੂਪ ਧਾਰ ਲਿਆ। ਪੰਜਾਬ ਲਈ ਲੜਾਈ 'ਧਰਮ ਯੁੱਧ ਮੋਰਚੇ' 'ਚ ਤਬਦੀਲ ਹੋ ਗਈ। ਜਦ ਆਰਥਿਕ ਲੜਾਈ ਸਿਰਫ ਸਿੱਖਾਂ ਦੀ ਲੜਾਈ ਬਣ ਗਈ ਤਾਂ ਕੇਂਦਰ ਦੀ ਬੁਰਜੁਆਜ਼ੀ ਨੂੰ ਦਮਨਕਾਰੀ ਹੋਣ ਦਾ ਹੋਰ ਮੌਕਾ ਮਿਲ ਗਿਆ। ਧਿਆਨ 'ਚ ਰੱਖਣਾ ਚਾਹੀਦਾ ਹੈ ਕਿ ਜਿਸਨੂੰ ਅਕਾਲੀ ਦਲ 'ਸਿੱਖਾਂ ਦੀ ਲੜਾਈ' ਕਹਿੰਦੇ ਸਨ ਉਹ ਜ਼ਿਆਦਾ ਕਰਕੇ ਜੱਟ ਸਿੱਖਾਂ ਤੱਕ ਸੀਮਤ ਸੀ।

ਇਸ ਅੰਤਰ-ਵਿਰੋਧ ਨੇ 'ਧਰਮ ਯੁੱਧ ਮੋਰਚੇ' ਦੀ ਬੁਨਿਆਦ ਨੂੰ ਹੀ ਕਮਜ਼ੋਰ ਕੀਤਾ ਹੋਇਆ ਸੀ। ਸਮੁੱਚੀ ਸਥਿਤੀ ਦੇ ਅੰਤਰ-ਵਿਰੋਧ ਵਿਚੋਂ ਹੀ ਨਵਾਂ ਵਰਤਾਰਾ ਸਾਹਮਣੇ ਆਉਂਦਾ ਹੈ ਅਤੇ ਪੰਜਾਬ ਵਿਚ ਖਾੜਕੂਵਾਦ ਦਾ ਬੋਲਬਾਲਾ ਹੋਣ ਲਗਦਾ ਹੈ। ਜਦੋਂ 'ਧਰਮ ਯੁੱਧ ਮੋਰਚੇ' ਦੀ ਵਾਗਡੋਰ ਗਰਮਦਲੀਏ ਸਿੱਖਾਂ ਦੇ ਹੱਥ ਆ ਗਈ ਤਾਂ ਧਨੀ ਸਿੱਖ ਕਿਸਾਨੀ ਭਾਵ ਅਕਾਲੀ ਲੀਡਰਸ਼ਿਪ ਦੇ ਮੌਕਾਪ੍ਰਸਤ ਕਿਰਦਾਰ ਦਾ ਪਰਦਾਫਾਸ਼ ਹੋਣ ਲੱਗਾ।

ਇਹਨੇ ਗਰਮਦਲੀਏ ਅਨਸਰਾਂ ਅੱਗੇ ਇਸ ਤਰ੍ਹਾਂ ਗੋਡੇ ਟੇਕੇ ਜਿਵੇਂ ਆਪਣੇ ਖੜਨ ਲਈ ਇਨ੍ਹਾਂ ਕੋਲ ਕੋਈ ਥਾਂ ਨਾ ਹੋਵੇ। ਨਤੀਜਾ ਇਹ ਨਿਕਲਿਆ ਕਿ ਗਰਮ ਫਿਰਕੂ ਸਿਆਸਤ ਨੇ ਪੰਜਾਬ ਦੇ ਸਮੁੱਚੇ ਤਾਣੇ ਬਾਣੇ ਨੂੰ ਬਲਦੀ ਦੇ ਬੂਥੇ 'ਤੇ ਪਾ ਦਿੱਤਾ। ਬੁਨਿਆਦੀ ਮਸਲੇ ਅੱਖੋਂ ਉਹਲੇ ਹੋ ਗਏ ਤੇ ਪੰਜਾਬ 'ਚ ਸਿਰਫ ਇਕੋ ਮਸਲਾ ਦਹਿਸ਼ਤਵਾਦ ਦਾ ਰਹਿ ਗਿਆ। ਕੇਂਦਰੀ ਬੁਰਜੂਆਜ਼ੀ ਨੂੰ ਹੋਰ ਕੀ ਚਾਹੀਦਾ ਸੀ? ਸੰਕਟਾਂ ਵਿਚ ਘਿਰੇ ਪੰਜਾਬ ਦਾ ਪੇਂਡੂ ਨੌਜਵਾਨ ਵਿਹਲਾ ਅਤੇ ਬੇਰੁਜ਼ਗਾਰ ਹੋ ਕੇ ਖਾੜਕੂ ਸਿਆਸਤ ਦਾ ਸ਼ਿਕਾਰ ਹੋ ਗਿਆ। ਇਹੋ ਕਾਰਨ ਹੈ ਕਿ ਗੁਰਬਚਨ ਵੀ ਖਾੜਕੂ ਸਿਆਸਤ ਬਾਰੇ ਆਪਣੀ ਫ਼ਿਕਰਮੰਦੀ ਜ਼ਾਹਿਰ ਕਰਦਾ ਹੈ।

ਸੱਚ ਤਾਂ ਇਹ ਹੈ ਕਿ ਵਿਚਾਰਧਾਰਕ ਕਮਜ਼ੋਰੀ ਕਾਰਨ ਖਾੜਕੂ ਸਿਆਸਤ ਸਿੱਧੇ ਜਾਂ ਅਸਿੱਧੇ ਤੌਰ 'ਤੇ ਹਾਕਮਾਂ ਦੇ ਹੱਕ ਵਿਚ ਹੀ ਭੁਗਤਦੀ ਹੈ।

ਪੰਜਾਬ ਦੇ ਪ੍ਰਸੰਗ 'ਚ ਵੱਡੇ ਫ਼ਿਕਰ ਵਾਲੀ ਗਲ ਵਿਸ਼ਵੀਕਰਨ ਹੈ। ਇਹ ਵਿਸ਼ਵੀਕਰਨ ਇਕ ਤਰ੍ਹਾਂ ਨਾਲ ਪੁਨਰ-ਬਸਤੀਵਾਦ ਹੈ। ਵਿਸ਼ਵੀਕਰਨ ਦਾ ਹੀ ਨਤੀਜਾ ਸਮਝੋ ਕਿ ਪੰਜਾਬ ਅੱਜ ਅੱਤ ਗਰੀਬ ਅਤੇ ਅੱਤ ਅਮੀਰ ਵਰਗਾਂ ਵਿਚ ਵੰਡਿਆ ਜਾ ਚੁੱਕਾ ਹੈ ਅਤੇ ਨੌਜਵਾਨ ਭਵਿੱਖ ਤੋਂ ਟੁੱਟੇ ਹੋਏ ਦਿਖਾਈ ਦੇ ਰਹੇ ਹਨ। ਉਨ੍ਹਾਂ ਦੀ ਸ਼ਕਤੀ ਅਜਾਈਂ ਜਾ ਰਹੀ ਹੈ।

ਕਮਿਊਨਿਸਟ ਲਹਿਰ ਦੀ ਕਮਜ਼ੋਰੀ ਕਾਰਨ ਪੰਜਾਬ ਦਾ ਇਹ ਦਿਸ਼ਾਹੀਣ ਨੌਜਵਾਨ ਵਿਦੇਸ਼ਾਂ ਵਿਚ ਮਜ਼ਦੂਰੀ ਕਰਨ ਪੱਬਾਂ ਭਾਰ ਹੋਇਆ ਬੈਠਾ ਹੈ ਤੇ ਬਿਹਾਰ ਯੂ. ਪੀ. ਦੇ ਮਜ਼ਦੂਰ ਧੜਾਧੜ ਪੰਜਾਬ ਵਲ ਆ ਰਹੇ ਹਨ, ਜਿਸ ਨਾਲ ਕਈ ਤਰ੍ਹਾਂ ਦੇ ਸਭਿਆਚਾਰਕ ਸੰਕਟ ਪੈਦਾ ਹੋ ਰਹੇ ਹਨ। ਵਿਸ਼ਵੀਕਰਨ ਦੇ ਮਾੜੇ ਅਸਰਾਂ ਦਾ ਮੁਕਾਬਲਾ ਕਰਨ ਲਈ ਹਾਕਮਾਂ ਵਿਰੁਧ ਜਦੋ-ਜਹਿਦ ਅਤੇ ਵਰਗ ਸੰਘਰਸ਼ ਰਾਹੀਂ ਹੀ ਸੰਭਵ ਹੈ ਨਾ ਕਿ ਧਾਰਮਿਕ ਮੂਲਵਾਦ ਰਾਹੀਂ।


**Real Estate and Loans Under One Roof**

**Call: Sam Chahal Tel: 916-612-5773**

**Multi-Million Dollars Producer-2007-08**

**Reo-Bankowned Properties**

**Serving from Bay Area to Sacramento**



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

We Help You Buy/Sell Business & Homes

***For Buying and Selling Residential, Commercial property and for Loans in Sacramento area***

**It's a Great time for Investors and first time buyers to buy their dream home.**

**ਪਹਿਲੀ ਵਾਰ ਘਰ ਖਰੀਦਣ ਅਤੇ ਇਨਵੈਸਟਮੈਂਟ ਲਈ ਸੁਨਹਿਰੀ ਮੌਕਾ**

**ਘਰਾਂ ਦੀਆਂ ਕੀਮਤਾਂ ਵਧਣ ਲੱਗ ਪਈਆਂ ਹਨ, ਆਪਣੇ ਸੁਪਨਿਆਂ ਦਾ ਘਰ ਖਰੀਦਣ ਦਾ ਇਹੋ ਸਹੀ ਮੌਕਾ ਹੈ।**

**We can help you get a loan with as little as 3.5% down.**

**Interest rates are historic low and to get your dream home or investment property.**

**Call Master of Winners in Multiple Offers**

**ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਕਾਲ ਕਰੋ।**

**Golden State Realty**

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

## Real Estate and Loans Under One Roof

ਦੇ ਮਾਲਕ ਜੱਸੀ ਗਿੱਲ, ਸੁਖਵੀਰ ਕੌਰ ਗਿੱਲ ਅਤੇ ਟੀਮ ਵਲੋਂ ਪਿਛਲੇ 22 ਸਾਲਾਂ ਤੋਂ ਬਿਜਨਸ ਵਿਚ ਦਿਤੇ ਭਰਪੂਰ ਸਹਿਯੋਗ ਲਈ ਸਮੁਚੇ ਭਾਈਚਾਰੇ ਦਾ ਬਹੁਤ ਬਹੁਤ ਧੰਨਵਾਦ

**Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

| | | | | |
|---|---|---|---|---|
| 442 General Ln,<br>Tracy CA 95377 | 767 Clifford Dr.,<br>Lathrop CA 95330 | **Just Sold!** | 4900 Rochelle Comm<br>Fremont CA 94536 | 321 Stone Bridge Dr.,<br>Fremont CA 94536 |
| 1715 Reyes Ln<br>Tracy CA 95376 | 27106 Saint Francis Ave<br>Hayward CA 94544 | 164 Harvard Dr<br>Vallejo CA 94589 | 3155 Antonio Loop<br>Tracy CA 95377 | 2434 Elkins Way<br>San Jose CA 95121 |
| 940 Silver Court,<br>Lathrop CA 95330 | 4604 Rochelle Dr.<br>Union City CA 94587 | 1939 Navy Pl<br>San Jose CA 95133 | 4561 Niland St.<br>Union City CA 94587 | 4663 Mildred Dr<br>Fremont CA 94536 |
| 4169 Colby St.<br>Fremont CA 94538 | 27476 Coronado Way<br>Hayward CA 94545 | 1430 Chilco St.<br>Menlo Park CA 94025 | 1222 Montgomery ln<br>Tracy CA 95377 | 2174 Decoto Dr<br>Union City CA 94587 |

## Refinance Now

30 Yr Fixed Rates Are Getting Better!!!
Refinance Now At Low Cost
**Call Sukhi Gill @ 510-207-9067**

*Mortgage credit certificate funds are available in Alameda county for first time buyers for detail call Sukhi Gill @510-207-9067*

*Golden Star Realty and Loans is participating lender for MCC Program for Alameda and Santa Clara county*

ਤੁਹਾਡੀ ਸੇਵਾ ਲਈ ਹਮੇਸ਼ਾ ਤਤਪਰ
ਸੁਖਵੀਰ ਅਤੇ ਜੱਸੀ ਗਿੱਲ

Selling new and old Homes from San Jose to Sacramento

Fremont Office:
86 Pilgrim Loop
Fremont CA 94539
510-440-9292

**Cell: 510-304-9292**
**Cell:408-666-8279**



**Jaswinder Gill** M.Sc(PAU)
CA DRE# 00966763
Broker/Owner/Notary

*We can also sell your house in short sale.*

*2004 to 2006 Award Winner Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:- 916-612-5773
Fax:- 916-393-2586

E-mail: jassi@jassigill.com or
Visit us @ www.jassigill.com
for hot listings



Sam Chahal
916-612-5773



Jaspreet Kaur
408-832-5759



Kamaljit Sidhu
510-541-2253



Rakesh Pabla
408-531-5464